NIT NEM

ਨਿਤਨੇਮ

DAILY PRAYER

(Updated 2003)

Go To Contents/Links Page

AN EASY TRANSLATION
English, Gurmukhi
And
Roman in English Characters

Dr. Kulwant Singh Khokhar

Sikh Scriptures to uplift the humanity

NIT-NEM

DAILY PRAYER

AN EASY TRANSLATION

English, Gurmukhi
And
Roman in English Characters.

By
Dr. KULWANT SINGH KHOKHAR

First Edition, June 2001
Second, Updated Electronic Version, April 03

Published by
Dr. Baljit Singh Sidhu-Dr. Jatindar Kaur Sidhu
13801 Allied Road, Chester, Virginia 23836, USA.

Printed by
Punjab Today, 21 Dukhnivaran Sahib Market
Patiala 147001, Punjab, India.

Grace of God and the Guru
Blessings of Dr. M.S. Nirankari, and Dr. P.S. Khokhar

DEDICATION

THIS BOOK IS DEDICATED TO S. POORAN SINGH AND SARDARNI BASANT KAUR WHO WERE DEEPLY GOD-ORIENTED, AND HELPED THE PEOPLE OF THE VILLAGE MADHIR AND THE AREA OF MUKATSAR, PUNJAB, INDIA AT THE RELIGIOUS, SOCIAL, CULTUAL AND POLITICAL LEVELS.

S. Pooran Singh Sidhu was born at the village Fattanwala (Mukatsar), in the late 1800s. He was the only son of his parents and had one sister who was the mother of late S. Teja Singh Badal. Soon after his eldest son was born, he moved to the village Madhir near Gidderbaha in the same district. His younger two sons and daughter were born at Madhir.

He studied up to the fifth-grade, but managed a very good education for his children and grand children, in the reputed institutions like Sikh National College, Lahore; F.C. College, Lahore; Yadavindra Public School, Patiala; Sherwood College, Nainital; and Punjab Public School, Nabha.

He did a lot during the freedom struggle of India. After partition of this country in 1947, he helped in the settlement of refugees in the Punjab. He did tremendous work for the education of the rural children in the backward areas of District Ferozepur. He went from door to door to send children to schools. It was through his efforts that this area prospered. He enjoyed great respect in the area. Through his dedication and sincerity to the people, he became the first M.L.A. (Member of the Legislative Assembly) from Gidderbaha Constituency.

I owe my success to the guidance I received from him - my grandfather, who was a great visionary.

Sardarni Basant Kaur, my Grandmother, was a kind hearted lady, devoted to her family, and she worked hard. No visitor ever left her house without sharing food even at the odd hours. Ten to fifteen guests daily was nothing unusual.

She urged and helped my Grandfather to expand and modernize his farms. I was very fortunate to have spent a lot of my early childhood with both of them.

B. S. Sidhu, MD,
13801 Allied Road,
Chester, Virginia 23836, USA.
May 30, 2001.

THANKS

My sincere thanks are due to –

Dr. Baljit Singh Sidhu-Dr. Jatindar Kaur Sidhu – 13801 Allied Road, Chester, Virginia 23836, USA. They, very liberally took up the total financial responsibility for getting this book printed.

Mrs, & Dr. Kulbir Singh Thind, 3724 Hascienda Street, San Mateo, California 94403, USA. He copied most of the basic files with Gurbani and its roman, from his Gurbani-C.D. The format setting of this book is to his credit.

Dr. Gurpal Singh Bhuller – 402 River's Bend Circle**,** Virginia, 23836, USA. Exhaustive editing of the manuscript.

Balwant Singh Sekhon Ph.D, 8500 Hazen Street, Richmond, Virginia 23235, USA. Correction of the selected portions of the manuscript.

Mr. Shamsher Singh Puri, 5235 Sterling Trace Court – N.W., Lilburn, Georgia 30047, USA. Help in finalizing the printing-house.

Miss. Jaskaran Kaur Grewal – Harvard University, New York, USA. Careful editing of Jappu ji Sahib (The Morning Prayer).

Mr. Jaspal S. Khokhar – C 1/ 9 Rajauri Garden, Ring Road, New Delhi, India. Final touches to the book.

Mr. H.S. Nagi – Street No, 1, Cinema Road, Batala 143505, Dist: Gurdaspur, Punjab, India. General checking of the total script.

Bhai Sahib Sant Kuljit Singh – He greatly helped to update Gurbani and its roman in the electronic version of this file.

Gratitude to the Lord

My most valuable asset is my very loving, caring, understanding, and helping family. All my writing projects have been possible due to its very liberal support. I hold it in my high esteem and am in deep appreciation of it. The Lord may bless every one with all the best in life!

BOOKS BY THE AUTHOR

Published by Atam Parkash Sangat, Cinema Road, Batala -

1. Hemkunt Darshan. 1981. Punjabi in Gurmukhi, Pages 28. A guide for the pilgrimage to 15,200' high Sri Hem-Kunt Sahib, in U.P., India.

Published by Ravi Parkashan, Hall Bazar, Amritsar -

2. Wahu Wahu. 1991. Punjabi in Gurmukhi. Pages 252. A spiritual treatise on the Naam-Jaap (Technique of reciting the Name of God).

Published by the Academy of Guru Granth Studies –

6415 Amicable Drive, Arlington, Texas 76016, USA -

3. Parjat. 1993. Punjabi in Gurmukhi. Pages 103. Very selected quotations from Sri Guru Granth Sahib (The Holy Book of Sikhs).

4. Sagar-Nad. 1993. Punjabi in Gurmukhi. Pages 148. Selected quotations from the commonly recited Gurbani (Scriptures of the Sikhs) including Nitnem (Their routine Prayers) with meanings of the difficult words.

5. Jiwan Marag. 1995. Punjabi in Gurmukhi. Pages 128. Saintly life of S. Mela Singh Khokhar.

6. Mansrovar. 1995. Punjabi in Gurmukhi. Pages 385. About 8,000 quotations from Sri Guru Granth Sahib – Holy Book of the Sikhs, grouped under appropriate headings.

7. Anhad Ki Dhun. 1995. Punjabi in Gurmukhi. Pages 80. A practical book for practicing the Naam-Jaap (Recitation of the Lord's Name).

8. The Morning Prayer. 2000. Gurmukhi-English, Transliteration of "Jappu ji Sahib."

Published by the Punjabi University, Patiala, Punjab, India -

9. Sobha Singh Artist. 1995, English, Pages 91. Biography of the eminent artist S.Sobha Singh.

Published by Gurbani Iss Jagg Meh Chanan Parchar A-te Parsar Sanstha, Mohali – 254 Phase II, Sahibzada Ajit Singh Nagar, District Ropar, Punjab, India.

Second Edition, **Anhad Ki Dhun.** Punjabi in Gurmukhi, 1997, Pages 88, updated.

10. Way of the Saffron Cloud. English. First edition 1998, and 2nd edition June 2001. Quotations in Gurmukhi and roman. A practical book on the recitation of the Name of God.

Published by Dr. B.S. Sidhu and Dr. J.K. Sidhu –

13801, Allied Road, Chester, Virginia 23836, USA.

11. Nit-Nem – Daily Prayer: An Easy Translation. English, Gurmukhi, Roman, June 2001.

Published by Mrs. Gurcharan Kaur and Mr. Hirdaypal Singh -

S. Sobha Singh Art Gallery, Andretta, via Palampur, Himachal Pradesh, India.

12. **Divine Painter Sobha Singh** - Biography, English, Pages 104, October 2001.

Published by Mr. Gurinder Singh Khokhar -

15703, Roland View Drive, Chester, Virginia 23831, USA.

13. **Soul and Principles -** Philosophy of the renowned artist Sobha Singh. English, Pages 120, February 2002.

DAILY PRAYER

The Sikh Scripture is in verse. It was first compiled by the Fifth Guru Arjun Dev and scribed by the great Sikh scholar Bhai Gurdas, at Amritsar. It was installed in the sanctum sanctorum of Harimandir Sahib (Golden Temple), Amritsar, Punjab, India, and was highly revered. In its second version, Guru Gobind Singh added the Hymns of his father Guru Tegh Bahadur after he was martyred, and it was scribed by Bhai Mani Singh at Damdama Sahib near Bathinda. The routine prayer of Sikhs includes three scriptures for the morning, one for the evening, and one for the night. Their authors are different Sikh Gurus. The originality is the great beauty of these Scriptures; these are first hand, direct from the Gurus, and absolutely free from any additions. Even the spellings are original.

Nit-Nem purifies the mind, leads to the ethical living, and makes the person an instrument of good deeds. It uplifts the soul through understanding of the Truth, that the Lord is Omnipresent, Omniscient, Omnipotent, Creator, Doer, Supporter – Provider, and there is none else equal to Him, everything is under His Will, He has made all equal, and we should always keep Him In our minds to do the right things for our evolution. This liberates the Man while still living, and enables him to enjoy the heaven on earth.

GURDWARA SAHIB

A Collective Achievement of Sangat

Construction of the Gurudwara Sahib SACVI - Sikh Association of Central Virginia Inc., 4500 Marty Boulevard, Chesterfield, Virginia 23234, USA. is a remarkable achievement of the local Sangat and of the philanthropists from all over the United States and other countries. It was an essential need to have a center to spread the light of Gurbani: Scriptures. There is no Gurudwara: the Sikh temple, within about one hundred miles all around the town of Richmond, Virginia, USA. In gratitude to the Gurus – the Sikh Prophets, and God, and dedicated efforts of the Sangat – congregation, to have this center of the Sikh faith, I avail of this occasion to record the brief history of the Gurudwara Sahib, as a memoir to the Guru's another home in the area deprived of Gurbani: the Guru's Word.

HISTORY OF THE GURDWARA SAHIB

In early seventies there were only a handful of Sikh families in the Greater Richmond area. S. Manmohan Singh Chawla started having a religious get-together off and on at the homes of the local Sikhs.

In 1975, Col. Surjit Singh Bawa started regular monthly Divans (Congregations) at the West End Community Center. Local Sikhs as well as Hindus and Christians of Indian Origin attended these.

In 1984, the local Sikh Sangat was officially registered as Sikh Association of Central Virginia Inc (SACVI), a non-profit religious organization. It began with two trustees, and now we have eight of them. Trustees were added from time to time to raise funds and to share the responsibilities of this organization.

We started working towards building a Gurudwara Sahib in Richmond in 1984. A parcel of 12 Acres of wooded land was bought by SACVI in Chesterfield County, in the Bermuda District. The plans were ready to begin construction, but the Sangat decided to scrap those plans and begin construction at a more central place.

Fortunately, we came across a parcel of land at Chippenham Parkway, and it was bought by SACVI. All the civil-engineering work including water and sewer facilities, was completed in the due time. With the Grace of Akal Purakh Waheguru (God), the foundation-stone laying ceremony was performed on the 2 April 2000, Sunday, and the construction of the Gurudwara Sahib (Sikh Temple) was started.

Office Bearers of the Gurudwara Sahib; 1999-2001

Office Bearers – S. Harpal Singh Malik - President and Treasurer; Dr. Baljit Singh Sidhu - Secretary; Mrs. Jagmohan Kaur Tiwari – Langar Sewa (service common kitchen), S. Nirmal Singh – Dewan Setting (setting the temple), S. Gurdeep Singh – Dewan Setting.

Building and Finance Committee – S. Harmohindar Singh Bawa; Dr. Gurpal Singh Bhuller; S. Manmohan Singh Grewal; S. Manbhupindar Singh Khera; Dr. Kanwalcharan Singh Sahni; Dr. Baljit Singh Sidhu.

Youth Representatives – Miss. Sweetie Kaur Kang; Miss. Puneet Kaur Khokhar; Miss. Aveena Kaur Kochhar.

Gurmatt School – Dr. Balwant Singh Sekhon, S. Gurvindarpal Singh Kochhar.

Interior Decoration – Mrs. Manjit Kaur Grewal; Mrs. Harleen Kaur Sodhi.

Social Activities – Mrs. Barindra Kaur Kochhar; S. HarmohIndar Singh Bawa; S. Manjit Singh Kahlon; Dr. Manmohan Singh Khokhar.

Panj-Piarae selected by the Sangat to perform the Foundation Laying Ceremony of the Gurudwara Sahib Building on the 2 April 2000 - Sunday -- Mrs. Jaswant Kaur Kochar.

1. Col. Surjit Singh Bawa.
2. S. Satwant Singh Jhaj.
3. S. Balwant Singh Sekhon.
4. Dr. Kulwant Singh Khokhar.

Office Bearers of the Gurdwara Sahib 2001-2002

Office Bearer – Dr. RavIndar Singh Kohli - President; Dr. Baljit Singh Sidhu – Secretary; Mrs. Barindra Kaur Kochhar – Treasurer and Langar-Sewa; S. Manjit Singh Kahlon - Dewan-Setting; S. Reetpal Singh Jhaj – Dewan-Setting.

Building and Finance Committee – S. Harmohindar Singh Bawa; Dr. Gurpal Singh Bhuller; S. Manmohan Singh Grewal; S. Manbhupindar Singh Khera; Dr. Kanwalcharan Singh Sahni; Dr. Baljit Singh Sidhu; S. Sohan Singh Sandhu.

Youth Representatives – Miss. Rana Kaur Sodhi; Miss. Harneet Kaur Kalra; Miss. Mini Kaur Kapoor.

Gurmatt School – Dr. Balwant Singh Sekhon; S. Gurvindarpal Singh Kochhar;

Interior Decoration – Mrs. Manjit Kaur Grewal; Mrs. Harleen Kaur Sodhi.

Baljit Singh Sidhu MD,
Secretary, Gurudwara Sahib Sacvi,
I3801 Allied Road,

Chester, Virginia 23836, USA.

ABOUT THE BOOK

The Sikh faith worships only God, and believes that He is Never Born and is Self-Created; Not Bound by the Birth, Death, and Time; Present All Over, in everything living or nonliving; All Powerful, Doer - Creator and Destroyer as well; Benevolent and Provider – God is everything. With this philosophy, only God remains for worship and nothing else.

The ancient, religious Hindu Holy Books are rich with the heritage of historical events, mythical stories, and other episodes. The Sikh Gurus have liberally drawn on them to make their own views easily understandable by the masses oriented to these. They tried to offer these as the popular examples for an easy understanding. Animal or any other sacrifices is not the Sikh-Way, and the word “sacrifice” in the Scriptures, mostly means a deep loving appreciation.

The script of the Sikh Scripture is Gurmukhi, which is commonly used in the state of the Punjab, India - the home of Sikhs. Tremendous amount of literature is being produced in this popular language, and this includes the books on the Sikh faith, which is the fifth largest faith among the religions of the world.

The language of the Scriptures is mixed, uses the words from different languages e.g. Punjabi, Hindi, Bihari, Sanskrit, Persian, Arabic etc. It appears like Hindi, and this keeps it easy to understand at least to some extent, by the masses in India. It is called “Sant Bolee” - the language of saints. The Gurus were very well educated, the masters of more than one language, and were distinguished poets.

In this book, the attributes of God have been given with capital letters. This is my choice. Most of the bridging-elements, meanings, explanations etc. have been put up within parentheses (round brackets) to distinguish the self-added material, and as an effort to keep it running smooth in the script.

This work is more of an easy transliteration. Special care has been taken to use the simple words. The spellings of a few non English words both in roman and English, may have some variation in their spellings. These should be ignored. Mainly, the roman is by Dr. K.S. Thind. Another version is by the author, and in this the punctuation marks have been attached to the characters to modify their phonation.

Dr. Kulwant Singh Khokhar,
12502 Nightingale Drive,
Chester, Virginia 23836, USA.

FOREWORD

The current Nit-Nem (the Scriptures for routine recitation) approved by the Panth (The Sikh-World) comprises of the five Scriptures. The first of these is Jappu, also called Jappu ji Sahib, or Jappu Nisaan. Others are Jaapu Sahib, Savayae, Rahras, and Kirtan Sohela.

Jappu ji Sahib – The Holy Sikh Book: Siri Guru Granth Sahib, starts with this Hymn composed by Guru Nanak, the first Sikh Guru. This spans the first 8 pages of the Holy Book and is named "Jappu," respectfully called "Jappu jee Saahib." "Jappu" means, "recite." Jappu jee Saahib is an important part of a Sikh's daily prayer. The collection of scriptures called, "Nit-Nem," meaning Daily-Prayer, are often compiled separately in a small booklet. All Nit-Nem Gutkaas (Booklets) start with Jappu jee Saahib and contain other hymns as well. The description of Jappu jee Saahib that follows, has been taken with a few immaterial changes here and there, from "The Encyclopedia of Sikhism," by Harbans Singh, published in 1996 by the Punjabi University, Patiala, Punjab, India.

". Jappu ji is the most riveting Sikh prayer recited by the devout, early in the morning. The composition is not assigned to any particular raga or musical measure, as is the rest of the Scriptural text. Jappu ji is universally accepted to be the composition of Guru Nanak, the founding prophet of Sikhism, although, unlike other scriptural hymns and compositions, it remains anonymous without being credited individually to any of the Gurus… Preceded by what is called Mul Mantra, the basic statement of creed, the Jappu comprises of an introductory sloka and 38 stanzas traditionally called paurees and a concluding sloka… The entire composition including the Mool Mantra, two slokas and the thirty-eight paurees form the sacred Morning Prayer Jappu ji Sahib, is also called Jappu Nisaanu. It serves as a prologue to the Scripture and encapsulates Guru Nanak's creed and philosophy, as a whole. "The message of the Jappu is abiding in nature and universal in application. It describes the nature of the Ultimate Reality and the way to comprehend it, and is not tied to any particular religious system. In a word, it defines Sikhism, the religious view of Guru Nanak."

Jaapu Sahib – It is a different Scripture from "Jappu" of Guru Nanak. Jaapu has been composed by the Tenth Master Guru Gobind Singh. It has 199 stanzas in different styles of the poetry, contains different Names of God, and so is meditation on Him. The Scripture is rich with the words from different languages like Sanskrit, Persian, Bihari, and even Arabic.

Savayaas – It has 10 Shabads – Hymns. It is composition of the 10th Master - Guru Gobind Singh, and is in his style.

Rahraas – It has Hymns by different Gurus, and portions from other Banis (Scriptures) like "Anand Sahib," by 3rd Guru, and "Chaupaee," etc. by Guru Gobind Singh.

Keertan Sohelaa – This also is a mixed Bani i.e. not by a single Guru. It has five Hymns. As a daily routine, a Sikh is required to recite these five Banis (Scriptures) every day. If nothing more, most of them recite Jappu ji Sahib every morning and some add to it Rahraas in the evening. Many recite more than these five prescribed Banis. Whatever one can do is great, but should keep on trying to achieve the optimum.

Extra Banis

Many recite more than the above currently prescribed five Banis – Scriptures. Some of these are mentioned below, and have also been given in this book –

Shabad Hajaa-rae – This is recited in the morning, mostly after Jappu ji Sahib.

Anand Sahib – Previously, before the change in the prescribed Banis, almost everyone recited it, and still many do so. Its full script – complete version has 40 Paurees – steps.

Starting five Paurees – Steps, plus 40th Pauree of Anand Sahib is also called Anand Sahib or Chhota Anand Sahib. This is sung at the end of almost all the celebrations. This also is a part of Rahraas, as well.

Chaupai – "Hamree karo hath dae rachhaa..." This also is a part of Rahraas. This is the Chaupai which is recited by most of the people. It is specially recited in the hard times. In the 1984 mass anti Sikh riots, it was daily recited by almost every Sikh.

Chaupai – "Pranvo Aad. Aekan: kaaraa..."

Sukhmani Sahib – This is a very long Bani, and is not given in the present book. It takes about one to one and a half hours to recite. A good lot of the people recite it daily, mostly in the morning. Besides Jappu ji Sahib, this Bani is also very popular amongst the non-Sikhs. This is considered the peace-giving Scripture.

Ardaas – It is invocation and is given at the end of the book. It is a supplication and not a Bani – Scripture.

Dr. Kulbir Singh Thind,
3724 Hacienda Street,
San Mateo, CA 94403, USA.

INTRODUCTION

NIT-NEM
DAILY PRAYER

Punjabi in Gurmukhi & English Transliteration

GENERAL

NIT-NEM: "Daily Discipline." It is a collection of the selected portions of the Sikh Scriptures for their routine recitation every morning, evening, and night. This book is a transliteration of the Nit-Nem – Daily Prayer, currently prescribed by the Khalsa Panth (The Sikh people). Some extra Banis – Scriptures, have also been added.

KEY-BOARDED SCRIPTURES: The scripture text has been copied from the Gurbani-CD. The making & duplication of the Gurbani-CD is controlled by Dr. Kulbir Singh Thind, MD; 3724 Hacienda Street, San Mateo, California 94403, USA.

ROMAN: Phonetic representation of Gurbani into a text using English alphabet is a very difficult task. Many of the commonly accepted English equivalents of the Gurmukhi script used here have evolved in the time and have been used by other authors as well, but a good number of them have gradually been further modified or developed. No matter how it is done, the romananization can at the most achieve an approximation to the original. However, it is hoped that readers will find the romananization in this document a helpful phonetic approximation as a substitute for the Gurmukhi script. The English language uses spellings that are context-sensitive, but such a methodology cannot be used with advantage for romanization of Gurbani. The methods adopted here are totally devoid of context. The upper case (capital) letters have only been used to make a distinction between different phonetic syllables, except in the words that directly refer to God. (Dr. Kulbir S. Thind, MD)

SCRIPTURES

Seven Gurus composed the Banis - Hymns. Out of the ten Gurus, Guru Granth Sahib (the Holy Book) contains the Banis (Scriptures, Hymns) of the six Gurus – first 5: Guru Nanak Dev, Guru Angad Dev, Guru Amar Das, Guru Ram Das, Guru Arjun Dev, and the 9th Guru Tegh Bahadur. Bani of the Tenth Guru Gobind Singh, is in his Dassam-Granth (Book of the 10th Master). Coincidentally, the three Gurus who did not compose Banis, had their names starting with Har-e - Guru

Har-e Gobind, Guru Har-e Rai, and Guru Har-e Kishan. Nit-Nem is the collection of selected Scriptures for daily recitation as a routine. The standard Nit-Nem set by the Panth – the Sikh world, has the Banis of five Gurus - First, Third, Fourth, Fifth and the last i.e. the Tenth Guru Gobind Singh.

Nit-Nem includes the Bani of the Gurus only, and not of Bhagats (saints), Bhatts and others. In Nit-Nem, there is no Bani of 2nd Guru Angad Dev, and 9th Guru Tegh Bahadur (6th, 7th, and 8th Guru did not write Gurbani).

If we think the Nit-Nem has Bani only by the Gurus to maintain its special status, all the Banis in the Guru Granth Sahib though authored by anyone, and that of Guru Gobind Singh, are equally honorable. If we presume that the Banis not composed by the Gurus are not there in the Nit-Nem for a special distinction, it will be a far fetched idea. Every Bani, authored by anyone, became Gurbani when it got entered into the Holy Book.

SOURCES OF THE SCRIPTURES

Guru Granth Sahib – The root source of all the Gur-Banis (Scriptures), except that of Guru Gobind Singh, is Guru Granth Sahib. Besides others, the Holy Book is published by S.G.P.C., Amritsar, Punjab, India. It was compiled by the 5th Guru Arjun Dev. Later, Guru Gobind Singh added to it the Bani of his father 9th Guru Tegh Bahadur, but did not put in it his own Bani.

On the page 1429, line 6, of the Holy Book, there are 5 couplets in the stanzas under the title Dohraa, and out of these the two are -

balu chhutkeo bandhan prae kachhoo naa hot aupaae.
kahu nanak abb ot har-e gajj jeo hohu sahaae. Slok 53.

Strength has been lost, the bindings have caught up, and there is no way out. Nanak, submit to the protection of God. O Lord, help as You did the elephant (and saved it from the crocodile). 53.

balu hoaa bandhan chhutae sabh kichhu hot upaae.
nanak sabhu kichhu tumraae haath maae tum hee hot sahaae. 54

Strength is there, the bindings are no more, everything is set right. Nanak, all is in Your hands, please provide Your protection. Slok 54.

Some think that the lower couplet No. 54, is by Guru Gobind Singh. The 9th Guru wrote the stanza before his martyrdom at Delhi, and at that time his son the 10th Master, was more than 200 miles (320 kilometers) away at Anandpur Sahib, near Chandigarh. Father would not have sent his son the incomplete stanza without the above given upper couplet No. 53, for him (son) to put in the couplet No. 54, to complete it. Even, the 9th Guru would not have expressed a desperation, and asked his son‘s advice by sending his couplet No. 53. If the Ninth Guru had been afraid of his death, he would have not traveled to Delhi, preaching all along the way. Moreover, the obedient son would have never sent his advice to his great Guru-Father, to boost up his courage. The language, words, style and expression of the couplet No. 54, is in total harmony with the couplet No. 53, and evidently this stanza has no writing by Guru Gobind Singh. No poet leaves a composition incomplete, especially with the unwritten lines in the body of the poem, for someone else to complete it. If Guru Gobind Singh added his couplet to the stanza, he could have added at least some of his other Banis to Guru Granth Sahib. In the couplet No. 53, Guru Tegh Bahadur poses a question to the humanity, “You think you have lost strength, you are bound down - helpless, and there is no way out? Submit to the Lord, and he will protect you as he saved the elephant from the jaws of the crocodile.” In the couplet No. 54, he himself advises, “ By submitting to God, you get back strength to stand everything, you get delivered from the limitations, and everything gets set right. O Lord everything is in Your hands, and graciously extend Your protection.” It is clear that the scripture by Guru Gobind Singh is not there in Guru Granth Sahib.

The 5th Guru compiled the manuscript containing the Hymns of his predecessor 4 Gurus and his own compositions, and it was named Pothi Sahib – the Revered Book. Later, it came to be called ‘Kartarpuri Bir,’ because it was with the Sodhis of Kartarpur. It is possible, honoring the work of the 5th Guru, the 9th Guru did not himself add his own Bani to it. It was the 10th Master who added to it the 9th Guru’s Bani, long after his martyrdom. It got the name of ‘Damdami Bir’ – compiled at Damdama Sahib. Perhaps, with the same sentiments, the 10th Master revered the work of his elders, and did not enter his own compositions into the Pothi Sahib (Damdami Bir). Very likely, as his father did, he did not want to equal his elders. Before

his death, Guru Gobind Singh declared this updated Pothi Sahib with the Bani of the 9th Guru: his father (Damdami Bir) a Guru, and it became 'Guru Granth Sahib' - the Holy Book.

Dassam Granth – The Bani (Scripture) of the Tenth Master Guru Gobind Singh, is from his separate 'Dassam Granth' (Book of the Tenth Master).

NOTES: Every author tries to translate with all the best he or she has within the limits of the individual amplitude of the knowledge. It makes it natural for the different versions to vary in their certain areas. This has its own beauty in helping to widen the mental horizons of the readers. It provides for the attitude of the reader an open field for its own game of intelligence, and with a choice to enjoy with an open mind the work presented.

All effort has been made to use very easy Gurmukhi and English words so that the translation can be understood without the need of any other help.

This version of the translation is not a word by word rendering, or an effort to create a dictionary of the words used in the Scripture, but is a broad based work to make easy understanding of the essence of the Scripture. It is mainly aimed at serving the need of the novice, especially the English knowing youth, particularly in the developed countries. It is equally useful for the people in India, and anywhere else.

At places, the bridging and explanatory element has been introduced in an effort to make harmonious the transition of the Scripture from one step to the next. The study of the other elaborate works is suggested for the deeper details.

On the suggestion of Dr. K.S. Thind, an easy Jappu ji Sahib translation was taken up on the 15th November 2000. It was printed under the name of The Morning Prayer. Later, it continued as the Nit-Nem translation, which was completed on the 15th June 2001, Sunday. Such a project could be completed in a short time due to copying Gurbani and its roman from the Gurbani-CD., created by Dr. Kulbir Singh Thind, MD., and by his electronic format setting.

HELP BOOKS

Guru Granth Sahib – Published by S.G.P.C. Amritsar, Punjab, India.
Sainchees No. I, and No. II – Guru Granth Sahib in two parts – Part I, and Part II, Published by S.G.P.C. (Shromani Gurdwara Parbandhak Committee), Amritsar, Punjab, India, year 1994.
Shabdarath Sri Guru Granth Sahib ji **-** S.G.P.C., Amritsar, 1987.
Dasam Granth – "Sri Dasam Granth Sahib ji," published by Bhai Chatar Singh Jiwan Singh, Amritsar, Samvat 2045 Bikrami.
Shabdarath Dasam Granth **-** Publication Bureau, Punjabi University, Patiala, year 1985.
Nit-Nem Steek **-** In Gurmukhi,1979. Professor Sahib Singh, D.Lit., Amritsar. He is of the Guru Granth Sahib Translation fame.
Nit-Nem Steek - In Gurmukhi, 1977. S.G.P.C., Amritsar, Punjab.
Nit-Nem Saral Steek - In Gurmukhi, 1996. Bhai Jogindar Singh Talwara, published by Singh Brothers, Bazar Mai Sewan, Amritsar.
Nitnayam Banees – English translation, 1992. By Dr. Santokh Singh, Princeton, Ontario, Canada, Second Edition.
Nit-Nem Steek **-** In Gurmukhi, 1977. S.G.P.C. Amritsar, Pocket booklet (Gutka).
Gurshabad Ratnakar (Mahan-Kosh) - In Gurmukhi, 1960. By Bhai Kahn Singh Nabha. Published by Bhasha Vibhag, Punjab, Patiala.
Gurbani-CD – Version 2001. By Dr. K.S. Thind. Translation by Singh Sahib Santa Singh Khalsa, M.D., USA.

STANDARD

My colleagues and I have adopted the works by S.G.P.C. (Shromni Gurdwara Parbandhak Committee, Amritsar) as the set standard for the verification and correction of the errors in the Banis (Scriptures). The pages and lines, of Guru Granth Sahib, wherever given, are according to the publication of this institution. These publications are -

Guru Granth Sahib (The Sikh Holy-Book), or its Sainchees (Parts) published by S.G.P.C., Amritsar.

Banis of Guru Gobind Singh – As yet, Dassam-Granth has not been standardized. The following books were used to check the Bani of Guru Gobind Singh -

Dassam Granth And its Shabdarath, as mentioned above.
Nit-Nem Te Hor Bania - a Gutka (Booklet), and "Nit-Nem Steek," both published by S.G.P.C.

LIMITATIONS

In verifying Gurbani in its Gurmukhi script, and marking its corrections, one cannot use one's own free will, and has to depend on the standard reference-works. The problem is that almost all the reference works have their own variations of the spellings and as well of the meanings. It becomes difficult to decide as to which version is correct - right. This is more so with the Banis of Guru Gobind Singh. Unless the Scriptures, and other works particularly of Bhai Gurdas, Bhai Nand Lal etc., are corrected and their Padd-Chhed (spacing i.e. separating the words), Shabd-Jor (spellings), and their meanings are standardized, as well as their pages and lines per page are fixed by the Panth (The High Sikh Institution), it shall remain a difficult problem.

Guru Granth Sahib (The Holy Book) and most of our old time manuscripts were Dandee-Likhat, (Mala-Likhat) i.e. writing of the script ran as a continuous single line without spaces between the individual words. For separating the sentences, a "Do-Dandee" (A vertical double-line equal to the height of letters) was used as a period. "Ik-Dandee" (Single vertical line) meant a comma, was not used in Guru Granth Sahib. There were no other punctuation marks. Differences in Padd-Chhed (spacing of the words) lead to variations in the spellings, resulting in differences in the meanings of individual words.

It is not desirable to use the English punctuation marks within the body of the Holy Scriptures. The coming generations will presume that this is the right way of scribing Gurbani. The comma is mercilessly abused as a punctuation mark when giving quotations from Gurbani, or when preparing its translations, or even in the Gurbani script. A comma can be avoided within script of the Scripture by creating some space in its place, or by breaking the line where the scholars want to put a comma. Besides comma, the writers do not hesitate to use question mark, and exclamation sign in the Gurbani. To put the Gurbani or the words from it into our writings, the inverted commas and parentheses are useful to mark such things out.

To a great extent, Padd-Chhed: separating the individual words of Guru Granth Sahib and other books, came as a boon and made its reading easy. Padd-Chhed depended on the wisdom, knowledge, and choice of the individual scholars. A careful and comparative study of the scriptures in different works brings out the examples. All this had been instrumental in creating differences in the Shabad-Jor (Spellings), and to a great extent this ended in the loss of uniformity in the meanings. We hardly see teachers or institutions that maintain uniformity.

The present situation is very unsatisfactory. Our Gutkaas (Pocket-size scripture booklets) may have lot of errors. Perhaps, Dassam Granth too, needs attention. It appears as if all is not quite well with the Holy Sriptures, even. Besides Padd-Chhed, mainly responsible are careless printing, negligent editing, and lax correction marking. It can be remedied by the strict supervision, efficient control, and non-discriminating inspection of the Gurbani and related printings. There is a need of an honest, independent body only for this purpose.

The Khalsa Panth, the highest Sikh institution, is the only body that can provide the world with the standardized Sikh Scriptures, other important works, and their translations to address to all these problems. Without standard reference works for comparison, there is no way to stamp out the errors from the Sikh religious literature.

TRANSLATION

In the Gurmukhi-Punjabi translation of different Banis, at some places at least, it has been tried to locate the meanings under and close to the original words of the scripture. In this broad-based translation, this may help to make out meanings of some of the words.

To avoid confusion created by the alternative meanings, and to keep it more simlpe as well as easily understandable, double meanings, names, places, etc. have mostly been avoided especially in the English script, but still some of these are there.

When learning the meanings of the short scriptures like those of “Nit-Nem” (Daily Routine-Recitation), it is profitable to study more than one work. Every author or scholar may have his-her own variations in some areas, at least. Jaap Sahib has an abundance of such words. The author may as well have limitations imposed by the type of work he or she is doing i.e. it is a restricted (unexplained) or a detailed – elaborate work.

The Sikh Scriptures are in poetry. Bani has many words from other languages. Especially Jaap Sahib is rich in Sanskrit, Persian, and Bihari vocabulary. In the Hymns, only a single word may be there to represent a whole sentence. In this environment, each stanza, vesrse, and word can have more deductions of their meanings, and by grouping a word with one or the other part of a line, addition in them may further increase. The placement of imaginary punctuation may add more. Due to this, particularly Jaapu Sahib needs a little more care and attention to read and undrstand it.

PRELUDE TO NIT-NEM

These introductory write-ups are a bit long, and so these have been grouped together here, to make a separate chapter.

Amritvela: the Holy Time – is the fourth-part of the night, from 3 A.M. to 6 A.M. It ends with the sunrise. This time is for reciting Nit-Nem: routine or prescribed daily prayer. One gets up at this time, bathes, and to recite the Name of God. After this, begins the recitation of Bani. Most of us do every other thing, yet they do not find the time for God.

Every prayer paves the way for remembering Him, but this path we do not adopt. We do not realize what the Guru tells us to do in the scriptures! It is so easy and we have simply to make a habit of it.

Naam-Jaap - Sit down straight up, cross legged, on a cushion or on any other suitable seat. Focus your eyes at a point between the two eyebrows and slightly higher - almost level with their upper borders. Now, take deep breath and along with it, in your mind, say “Wahe.” After this, without any interval, breathe out and along with it mentally say “Guru.”

You may start with 10-15 minute-sitting, and gradually add to it for increasing the time. After this, start reciting Gurbani. Edict of the Guru does not stop here, and we have to stay in the presence of the Guru and God by constantly remembering Him. This keeps us under the fear of God not to do anything wrong.

For more details read "Way of the Saffron Cloud," (English) or "Wahu Wahu," (Gurmukhi) by the same author.

Nit-Nem (Discipline of Prayer) – Recitation of Gurbani (Hymns) currently prescribed – approved, by the Panth (The Sikh World) -

Morning – Mostly before the sunrise -
Jappu ji Sahib
Jaapu Sahub
Svayae "Sravag sudh smooh sidhan kae....."

Evening –
At the time of sunset - Rahraas

Night –
Before going to sleep - Kirtan Sohelaa (or Sohelaa)

In their Nit-Nem, most of the Sikhs recited Anand Sahib, and Shabad-Hajaarae. Even now, many do it. In the morning, Sukhmani Sahib is commonly recited full, or in parts, and some read Asa Dee Vaar (in part or full), or listen to its Kirtan (Singing). There is no limit, and one may recite as much of Bani (Scriptures) as one likes. Since the recent past, many Sikhs started reciting Chaupai "Hamree karo haath dae rachhaa.....," and as well Chaupai, "Pran.vo aad. aekan:kara....."

Jappu

Jappu (Jpu). To show respect, it is called "Jappu ji Sahib". This is the Bani of the First Guru Nanak Dev. Guru Nanak Dev asked (Guru) Angad Dev to assort his Bani and compile Jappu (Jappu ji Sahib). Jappu means to recite, and it is read in the morning hours. The Holy Book of Sikhs "Guru Granth Sahib," starts with Jappu: an abstract of the philosophy of the Sikh-Faith. Its first verse is called "Mool-Mantar" – Basic or Root Formula, after that is one Sloka, then 38 stanzas, and at the end another Sloka. It usually takes about 15-20 minutes to recite this Bani.

Jaapu

Jaapu (Jaaapu). Jaapu means "For Recitation." Respectfully, it is called Jaapu Sahib. This is the Bani of the Tenth Guru Gobind Singh. It is from Dassam-Granth – Holy Book of the Tenth Master, and this starts with Jaapu. This Bani is full with many Names of God and we can take it as a meditation on Him. It takes 20 to 25 minutes to recite it.

In the translation of Jaap Sahib, as in other Banis, at some places the alternative meanings have also been given, and these have been placed within parentheses or inverted commas, placed after a dash, or written as an indented line. Such meanings are usually in a general sense and may not necessarily be strictly based on the grammar etc.

Tav Parsaad Svayae

"Tav Parsaad Svayae, Paatshahee 10," Written by Your Grace, 10th Master. 10 is phonated as Dassveen – Tenth. This starts with "Saravag sudh smooh sidhaan kae....." and is the composition of Guru Gobind Singh. It is from the Bani named Akaal-Ustat, in Dassam-Granth.

Rahraas

It means the Right-Path. In Guru Granth Sahib, it is given from the page 8, line 13, and contains 8 Hymns by the 1st, 4th and 5th Gurus. Added to it later, by guru Gobind Singh are Chaupaee "Hamree Karo haath dae rachhaa....." from stanza 1 to 25 + Savayaeeaa "Paaen' gahae jabb t.ae T.umrae....." + Dohraa "Sagal d.uaar kau chhad kaae.....," After this is Anand Sahib by the 3rd Guru Amar Dass (It is Chhotaa Anand Sahib –

Starting 5 and last 40th stanza of the regular i.e. full Anand Sahib with 40 stanzas). Anand is followed by Mundaavanee Mhlaa 5 (Phonated as Panjvaan) "Thaal vich t.inn vast.oo pa-eeo....., and Slok Mhlaa 5 (Panjvaan) "T.aeraa keet.aa jaat.o naheen....." Rahras is recited at the time of the sunset. It takes about 15-20 minutes to recite this.

Sohela - Kirtan Sohela

The "Song of His Praise." It is given at the page 12, line 10, of Guru Granth Sahib. It is a collection of 5 Shabads (Hymns), first three by the 1st Guru Nank Dev, after this 1 by the 4th Guru Ram Das, and the concluding one by the 5th Guru Arjun Dev. These 5 Hymns are from different sections in Guru Granth Sahib. This is recited before retiring at night. If Raheras gets delayed, Kirtan Sohela is recited along with that. It takes 2-3 minutes.

Bani not incuded in Nit-Nem

Shabad-Hajaarae

The "Hymns in His Presence" – invocation i.e. supplication. To start with, there are 4 Hymns by the 5th (Guru) Arjun Dev, addressed to his father Guru Ram Das (Waheguru). The remaining 6, are by the 1st Guru Nanak Dev. All these Hymns are from Guru Granth Sahib.

This Bani (Scripture) used to be included in the Nit-Nem - daily recitation of Scriptures, but now, by the decision of the Panth - the Sikh World, it is no more so. Even now, it is recited by many, usually after Jappu ji Sahib in the morning.

Guru Ram Das sent his son (Guru) Arjun Dev to Lahore to attend the marriage of the son of his (Guru's) nephew Sahaee Mall, and told him to return only when called. About four months or so passed waiting, and then (Guru) Arjun Dev sent one by one three very eager Hymn-letters to his Guru-Father Ram Das to very humbly remind him to call. The first two did not but the third reached him. The fourth Shabad of thanks, he composed on meeting his father after coming back home from Lahore.

At that time Guru Ram Das was the Guru and "Guru-Father" has been used for him. (Guru) Arjun Dev was not yet a Guru, and so the word Guru for him has been placed within parentheses.

Anand

Usually called Anand Sahib. It has 40 stanzas, and takes about 16 minutes to recite. It was composed by the 3rd Guru Amar Das. This is not now one of the Nit-Nem Scriptures, but is recited by many in the morning.

Chhota Anand Sahib – It is short variety of Anand, and is called Chhota Anand Sahib (Short Anand Sabib), or simply Anand Sahib. It is the first 5, plus the 40th stanzas of the regular Anand, and is recited or sung at the end of every function of joy or sorrow. This is the part of Rahraas, as well.

Other Banis

Chaupaee

This is "Paatshahi 10, Kabeovach Baenat.i. Chaupaee." – The Hymn of supplication (Invocation) by the Tenth Guru Gobind Singh. Its start is "Hamree karo haath d.ae rachhaa....." and its 25 stanzas are usually recited in the morning. It was composed by Guru Gobind Singh, and is a section of "Ath Pakhiaan Charit.r Likhyat.ae", under the heading "It.t.e Sree Chirit.t.re Pakhyaanae T.riyaa Chrit.t.re" in Dassam Granth. At the start of this chapter "Patshahi 10" is given, but not at the start of this Chaupaee. It is recited daily in Rahraas, and is one of the five Banis for preparing Amrit (Holy Drink). Many do not consider it the composition of Guru Gobind Singh. It takes about 2-3 minutes to recite it.

Chaupaee

"Prannvo Aade Aekankaara....." is in Akaal-Ustat, in Dassam-Granth, and is the composition of Guru Gobind Singh. It has 10 stanzas, recited in the morning, taking a minute or so.

This Chaupai has been corrected according to Shabdarath Dassam Granth, by Bhai Randheer Singh, page 16 of the Volume I, printed in 1985, by Punjabi University, Patiala. In this book, the Chaupai starts from "Tav Parsaad Chaupaee, "Pranvo Aad Aekankaaraa." The heading is according to a Nit-Nem Gutka (Booklet).

Commonly recited Bani

Sukhmani – Sukhmani Sahib

Sukhmani Sahib is the composition of the 5th Guru Arjun Dev, given on the page 262 of Guru Granth Sahib. It has 24 Ashtpadees (Octaves – 8 stanzas in each octave). It is recited full or in parts, mostly in the morning hours, taking about one to one and a half hours. In the Gurdwaras, it is recited every morning.

Asaa Dee Vaar

It is not included in this book. In the Gurdwaras, it is sung in the morning as a routine. It takes from 1 to 1.5 hours to sing it complete. Some, individually, may recite it daily, in full or in parts. For reciting only, without added Shabads, it takes about 20-25 minutes.

This is given on the page 462, of Guru Granth Sahib. It was composed by Guru Nanak Dev, in Raag Asaa, and it has Bani of the Second Guru, also. It has 24 steps and is to sing the Glories of God.

Ard.aas

This is invocation, supplication or prayer. It may be performed at the start and very sure at the end of every function. It is recited after the morning and evening prayers. The requirement is to say it with single mind, humility, and total surrender. Its starting stanza "Vaar Sri Bhaut.ee ji Pat.shahi Dasveen." is by Guru Gobind Singh, and in its recitation or scribing no change is permitted. The rest of it kept developing with the Sikh history.

CONTENTS

ਜਪੁ

ਆਦਰ ਨਾਲ "ਜਪੁ" ਨੂੰ "ਜਪੁ ਜੀ ਸਾਹਿਬ" ਕਿਹਾ ਜਾਂਦਾ ਹੈ, ਅਤੇ ਇਹਨੂੰ "ਜਪੁ ਨੀਸਾਣ" ਵੀ ਕਹਿੰਦੇ ਹਨ
ਬਾਣੀ ਪਹਿਲੀ ਪਾਤਿਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ,
ਸ੍ਰੀ ਗੁਰੂ ਗਰੰਥ ਸਾਹਿਬ ਜੀ ਮਹਾਰਾਜ, ਪੰਨਾ 1

JAPPU

TRANSLATION OF "JAPPU"
Out of respect, Jappu is commonly called
'Jappu jee Sahib,' or "Jappu Neesaan," as well.
The Scripture is by the First Guru Nanak Dev ji
It starts at the page 1 of Siri Guru Granth Sahib – the Holy Book.

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

ik oankaar sat naam kartaa purakh nirbh-a-o nirvair akaal moorat ajoonee saibh^{N} gur parsaad.

ਵਾਹਿਗੁਰੂ ਸਭਨਾ ਵਿਚ, ਸੱਭ ਥਾਈਂ ਹੈ, ਉਹ ਸੱਚਾ ਤਥਾ ਅਮਰ ਹੈ। ਸੱਭ ਕਰਨ ਵਾਲਾ, ਨਿਡਰ, ਦੁਸ਼ਮਣੀ ਰਹਿਤ, ਮੌਤ ਰਹਿਤ, ਜਨਮ ਰਹਿਤ, ਆਪੇ ਤੋਂ ਆਪ ਪੈਦਾ ਹੋਇਆ ਹੈ। ਗੁਰਾਂ ਦੀ ਕਿਰਪਾ ਦੇ ਨਾਲ ਇਹ ਸਚਾਈ ਸਮਝ ਪੈਂਦੀ ਹੈ। (ੴ ਵਿਚ 1 'ਏਕਾ' ਤੋਂ ਭਾਵ ਹੈ 'ਪਰਮਾਤਮਾ,' ਅਤੇ 'ੳ' ਹੈ 'ਸ਼ਬਦ'– ਧੁਨੀ 'ਅਨਹਦ' ਕਿ ਜੋ ਪਰਮਾਤਮਾ ਦੀ ਹੋਂਦ ਦਸਦੀ ਹੈ। ⌒ 'ਅਕਾਰ' – ਭਾਵ ਹੈ,ਵਾਹਿਗੁਰੂ ਸੱਭ ਥਾਈਂ, ਹਰ ਵਸਤ ਵਿਚ, ਅਤੇ ਕਰਤਾ ਹੈ'। ਨੋਟ – ਕਈ ਪੁਰਸ਼ 'ਸੈਭੰ' ਨੂੰ 'ਸੈਭੰਗ' ਉਚਾਰਦੇ ਹਨ, ਜੋ ਕਿ ਸਹੀ ਨਹੀ)।

God is everywhere and in everyone, He is the Truth - Immortal, Creator, Without-Fear, Without-Enmity, Unborn, and Self-Created. This understanding comes by the Guru's Grace.

(੧ "One" in "Ik-Oankar" represents God. ੳ 'O-an:' is 'Shabad;' the 'Celestial-Sound' that denotes the Being of God. ⌒ "Kaar" means "All Powerful, Everywhere, in Everything, and the Doer." The superscript "N" in the word "saae-bh^{N}" denotes a nasal sound and should not be pronounced as a complete "N", and it should not be fonated as "saibh^{N}g."

॥ ਜਪੁ ॥

Jappu

"ਜਪੁ" ਇਸ ਨੂੰ ਜਪੋ। "ਜਪੁ" ਇਸ ਗੁਬਾਣੀ ਦਾ ਨਾਮ ਵੀ ਹੈ।

"Jappu"- recite this. "Jappu" is the name of this Scripture, as well.

ਆਦਿ ਸਚੁ ਜੁਗਾਦਿ ਸਚੁ ॥
aad sach jugaad sach.
ਵਾਹਿਗੁਰੂ ਸ਼ੁਰੂ ਤੋਂ ਸੱਚਾ, ਜੁਗਾਂ ਤੋਂ ਸੱਚਾ ਹੈ। (ਸੱਚਾ, ਭਾਵ ਹੈ ਅਮਰ – ਹਮੇਸ਼ਾ ਕਾਇਮ)।
God was the Truth in the beginning, and has been so in all the ages.

ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥੧॥
hai bhee sach naanak hosee bhee sach. ||1||
ਉਹ, ਹੁਣ ਵੀ ਸੱਚਾਈ ਹੈ। ਨਾਨਕ, ਉਹ ਸਦਾ ਹੀ ਸੱਚਾਈ ਰਹੇ ਗਾ।
ਇਹ "ਸ਼ਲੋਕ" ਹੈ। ਸ਼ਲੋਕ, ਕਵਿਤਾ ਦੀ ਇਕ ਕਿਸਮ ਹੈ। ਸਚੁ ਤੋਂ ਭਾਵ ਹੈ ਅਮਰ – ਜਿਸ ਨੂੰ ਮੌਤ ਨਹੀ।
Nanak, He is the Truth now, and shall forevere be so. (This is a "Salok" – a form of poetry. Truth - Immortal).

ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ ॥
sochai soch naa hov-a-ee jay sochee lakh vaar.
ਵਿਚਾਰ ਕਰਨ ਦੇ ਨਾਲ ਵਾਹਿਗੁਰੂ ਦੀ ਸਮਝ ਨਹੀ ਪੈਂਦੀ, ਭਾਵੇਂ ਲੱਖਾਂ ਵਾਰੀਂ ਵਿਚਾਰ ਕਰੀਏ।
Simply by contemplating on God, we cannot understand Him, even though we may think hundreds of thousands of times.

ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵ ਤਾਰ ॥
chupai chup naa hov-a-ee jay laa-i rahaa liv taar.
ਚੁੱਪ ਕਰ ਰਹਿਣ ਦੇ (ਵਿਚਾਰਣ) ਨਾਲ ਵੀ ਤਸੱਲੀ ਨਹੀ ਹੁੰਦੀ, ਭਾਵੇਂ ਮਨ ਲਗਾਤਾਰ ਟਿਕਾ ਕੇ ਹੀ ਕਿਉਂ ਨਾ ਸੋਚੀਏ।
By keeping silent (Thinking), the mind does not receive satisfaction even though it thinks with constant absorption.

ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ ॥
bhukhi-aa bhukh naa utree jay bannaa puree-aa bhaar.
ਪਰਮਾਤਾ ਦੇ ਮਿਲਾਪ ਦੀ ਭੁਖ ਨਹੀ ਹਟਦੀ – ਵਾਹਿਗੁਰੂ ਦਾ ਗਿਆਨ ਮਿਲਦਾ ਨਹੀ, ਭਾਵੇਂ ਸਾਰੇ ਸੰਸਾਰ ਦੇ "ਗਿਆਨ ਦੇ ਗਰੰਥ" ਕਿਉਂ ਨਾ ਪੜ੍ਹ ਲਈਏ।
Hunger for God is not appeased - Knowledge of God is not obtained, though one may study the relevant literature of the world.

ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ ॥
sahas si-aanpaa lakh hohi taa ik naa chalai naal.
ਹਜ਼ਾਰਾਂ ਸਿਆਣਪਾਂ (ਬਹੁਤ ਸਿਆਣਪਾਂ) ਭਾਵੇਂ ਲੱਖ ਹੋਣ, ਇਕ ਵੀ (ਵਾਹਿਗੁਰੂ ਨੂੰ ਜਾਣਨ ਲਈ) ਕੰਮ ਨਹੀ ਆਉਂਦੀ।
We may have a hundred thousand folds of wisdom, even this does not help us understand God.

ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ॥
kiv sachi-aaraa ho-ee-ai kiv koorhai tutai paal.
ਅਸੀਂ ਕਿੱਦਾਂ ਸੱਚ (ਸੱਚੇ ਨੂੰ) ਜਾਣੀਏਂ, ਅਤੇ ਕਿਸ ਤਰ੍ਹਾਂ ਸਾਡਾ ਝੂਠ (ਭਰਮ) ਦਾ ਪੜਦਾ ਹਟੇ?
Then, how can we know the Truth (The True One), and how can we remove our doubts?

ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥੧॥
hukam rajaa-ee chalnaa naanak likhi-aa naal. ||1||
ਨਾਨਕ, ਨਾਲ ਹੀ ਲਿਖਿਆ ਹੈ – ਸਵਾਲ ਦਾ ਜਵਾਬ ਹੈ, ਪਰਮਾਤਮਾ ਦੀ ਮਰਜ਼ੀ ਦੇ ਹੁਕਮ ਵਿਚ ਚੱਲਿਆਂ (ਸੱਚ ਮਿਲਦਾ ਅਤੇ ਭਰਮ ਮਿਟਦਾ ਹੈ)।
Nanak says, the answer is to stay in the Will of God (doubts will clear up and we will attain Him). ||1||

ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ ॥
hukmee hovan aakaar hukam naa kahi-aa jaa-ee.
ਵਾਹਿਗੁਰੂ ਦੇ ਹੁਕਮ ਨਾਲ ਸੰਸਾਰ ਦੀਆਂ ਵਸਤਾਂ (ਸਰੀਰ) ਬਣਦੀਆਂ ਹਨ। ਉਸ ਦਾ ਹੁਕਮ ਕਿਹਾ ਨਹੀ ਜਾ ਸਕਦਾ ਕਿ ਕੀ ਹੈ – ਕਿਦੱਾਂ ਦਾ ਹੈ।
By His Order the Creation (living beings) come into being, but His Order cannot be known.

ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ ॥
hukmee hovan jee-a hukam milai vadi-aa-ee.
ਉਹਦੇ ਹੁਕਮ ਦੇ ਨਾਲ ਜੀਵ ਬਣਦੇ ਹਨ, ਅਤੇ ਹੁਕਮ ਦੇ ਨਾਲ ਹੀ ਇਹਨਾ ਨੂੰ ਮਾਣ ਮਿਲਦਾ ਹੈ – ਇਹਨਾ ਨੇ ਕੀ ਬਣਨਾ ਹੈ, ਕਿਨ੍ਹਾਂ ਜੂਨਾ ਵਿਚ ਪੈਣਾ ਹੈ।
By His Will the living-beings get created, and with His Will these obtain honor (of being a human. He determines what should they become a human being or anything else).

ਹੁਕਮੀ ਉਤਮੁ ਨੀਚੁ ਹੁਕਮਿ ਲਿਖਿ ਦੁਖ ਸੁਖ ਪਾਈਅਹਿ ॥
hukmee utam neech hukam likh dukh sukh paa-ee-ahi
ਉਹਦੇ ਹੁਕਮ ਨਾਲ ਉੱਚੇ-ਨੀਵੇਂ ਹੁੰਦੇ ਹਨ, ਹੁਕਮ (ਕਰਮਾਂ) ਦੇ ਨਾਲ ਹੀ ਗ਼ਮੀ ਤੇ ਖ਼ੁਸ਼ੀ ਮਿਲਦੀ ਹੈ।(ਉਤਮ ਨੀਚ – ਚੰਗੇ-ਮੰਦੇ: ਵਧੀਆ-ਘਟੀਆ ਜਾਤੀਆਂ ਦੇ ਜਾਨਦਾਰ)।
By His Will the living beings (Including the people) become high and low, by His Will (Destiny of the people and deeds) they suffer or get pleasure or enjoyment.

ਇਕਨਾ ਹੁਕਮੀ ਬਖਸੀਸ ਇਕਿ ਹੁਕਮੀ ਸਦਾ ਭਵਾਈਅਹਿ ॥
iknaa hukmee bakhsees ik hukmee sadaa bhavaa-ee-ahi.
ਇਕਨਾ ਨੂੰ ਉਹਦੇ ਹੁਕਮ ਦੇ ਨਾਲ ਬਖਸ਼ਿਸ਼ਾਂ (ਦਾਤਾਂ, ਮੁੱਕਤੀ) ਮਿਲਦੀਆਂ ਹਨ, ਇਕ ਉਸ ਦੇ ਹੁਕਮ ਨਾਲ ਹੀ ਜਨਮ ਤੇ ਮਰਨ ਦੇ ਚੱਕਰ ਵਿਚ ਪਏ ਰਹਿੰਦੇ ਹਨ।

Some obtain His Blessings (liberation) through His Will, and others by His Will keep trapped in the cycle of birth and death.

ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥
hukmai andar sabhu ko baahar hukam naa ko-i.
ਸਭ ਉਹਦੇ ਹੁਕਮ ਦੇ ਅੰਦਰ ਹਨ, ਉਹਦੇ ਹੁਕਮ ਤੋਂ ਬਾਹਰ ਕੋਈ ਨਹੀ।
All are under His will none is out of it.

ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥੨॥
naanak hukmai jay bujhai taa humai kahai naa ko-i. ||2||
ਨਾਨਕ, ਜੇ ਸਮਝ ਲਈਏ ਕਿ ਵਾਹਿਗੁਰੂ ਦਾ ਹੁਕਮ ਸਾਡੀ ਸਮਝ ਤੋਂ ਬਾਹਰ ਹੈ, ਤਾਂ "ਉਹਦੇ ਹੁਕਮ ਨੂੰ ਜਾਣਦਾ ਹਾਂ" ਕਹਿਣ ਦਾ ਹੰਕਾਰ ਮਿਟ ਜਾਏ। (ਜੇ ਕਿਤੇ ਹੁਕਮ ਨੂੰ ਸਮਝ ਲਵੇ, ਤਾਂ ਉਹਦਾ ਹੰਕਾਰ ਹੀ ਨਾ ਰਹੇ)।
Nanak says, if it is realized that His Will is beyond our understanding, the self-pride "I know it," will disappear and humility will emerge. ||2||

ਗਾਵੈ ਕੋ ਤਾਣੁ ਹੋਵੈ ਕਿਸੈ ਤਾਣੁ ॥
gaavai ko taan hovai kisai taan.
ਉਹਦੀ ਤਾਕਤ (ਗੁਣ) ਨੂੰ ਉਹ ਗਾਉਂ ਸਕਦਾ ਹੈ, ਜਿਸ ਦੇ ਕੋਲ ਇਤਨੀ ਤਾਕਤ ਹੋਵੇ। (ਕੋਈ ਉਹਦੇ ਗੁਣ ਗਾਉਂ ਸਕੇ, ਕਿਸ ਕੋਲ ਹੈ ਇਤਨੀ ਤਾਕੱਤ, ਕਿਸ ਨੂੰ ਹੈ ਉਹਦੇ ਗੁਣਾ ਦਾ ਇਤਨਾ ਗਿਆਨ ਕਿ ਉਹਦੇ ਬਾਰੇ ਦੱਸ ਸਕੇ!)
Only those can sing of His Greatness, who have the power to do so. (No one has this ability to tell about His Greatness. No one has the knowledge of His Qualities, to tell about Him!)

ਗਾਵੈ ਕੋ ਦਾਤਿ ਜਾਣੈ ਨੀਸਾਣੁ ॥
gaavai ko daat jaanai nee-saan.
ਕੋਈ ਉਸ ਦੀਆਂ ਬਖ਼ਸ਼ਿਸ਼ਾਂ ਨੂੰ ਉਹਦੇ ਹੋਣ ਦੀਆਂ ਨਿਸ਼ਾਨੀਆਂ ਸਮਝ ਕੇ ਕਿ ਉਹ ਹੈ, ਉਹਦੇ ਗੁਣ ਗਾਉਂਦਾ ਹੈ।
Some take His Boons as signs of His existence and sing of His praise.

ਗਾਵੈ ਕੋ ਗੁਣ ਵਡਿਆਈਆ ਚਾਰ ॥
gaavai ko gun vadi-aa-ee-aa chaar.
ਕੋਈ ਉਹਦੀਆਂ ਚਾਰੂ (ਮਨ ਖਿੱਚਣ ਵਾਲੀਆਂ) ਵਡਿਆਈਆਂ ਨੂੰ ਦੇਖ ਕੇ ਉਹਦੇ ਗੁਣ ਗਾਉਂਦੇ ਹਨ।(ਕੋਈ ਉਹਦੀਆਂ ਸੋਹਣੀਆਂ ਵਡਿਆਈਆਂ ਦੇ ਗੁਣ ਨੂੰ ਗਾਉਂਦਾ ਹੈ – ਨਾਮ ਜਪਦਾ ਹੈ)।
Some sing of His praise on beholding His great qualities.

ਗਾਵੈ ਕੋ ਵਿਦਿਆ ਵਿਖਮੁ ਵੀਚਾਰੁ ॥
gaavai ko vidi-aa vikham veechaar.
ਕੋਈ, ਆਪਣੀ ਬੜੀ ਵਿਦਿਆ ਦੇ ਨਾਲ ਵਿਚਾਰ ਕਰਕੇ, ਉਹਦੇ ਗੁਣ ਗਾਉਂਦਾ ਹੈ।(ਕੋਈ ਉੱਚੀ ਵਿਦਿਆ ਦੇ ਜ਼ੋਰ ਦੇ ਨਾਲ ਵਿਚਾਰ ਕਰਕੇ ਕਿ ਵਾਹਿਗੁਰੂ ਬੇਅੰਤ ਹੈ, ਉਹਦੇ ਗੁਣ ਗਾਉਂਦਾ ਹੈ। ਵਾਹਿਗੁਰੂ ਮਿਲਾਪ ਦੇ ਗਿਆਨ ਨੂੰ ਪਰਾਪਤ ਕਰਨਾ ਬੜਾ ਔਖਾ ਹੈ)।

Some, sing of His praise after realizing that it is difficult to attain wisdom to meet Him.

ਗਾਵੈ ਕੋ ਸਾਜਿ ਕਰੇ ਤਨੁ ਖੇਹ ॥

gaavai ko saaj karay tan khayh.

ਕੋਈ ਗਾਉਂਦਾ ਹੈ ਕਿ ਵਾਹਿਗੁਰੁ ਸਰੀਰਾਂ ਨੂੰ ਬਣਾ ਕੇ ਫੇਰ ਇਹਨਾ ਨੂੰ ਖਤਮ (ਮਿੱਟੀ) ਕਰ ਦਿੰਦਾ ਹੈ। (ਕੋਈ, ਵਾਹਿਗੁਰੂ ਦੀ, ਸਰੀਰ ਬਣਾ ਕੇ ਇਹਨੂੰ ਮਿਟਾ ਦੇਣ ਦੀ ਵੱਡੀ ਸ਼ਕਤੀ ਦੇਖ ਕੇ ਇਹਦੇ ਗੁਣ ਗਾਉਂਦਾ ਹੈ)।

Some sing that He creates and then destroys it (Some sing impressed by the great power of the Lord that He creates a body and can destroy it as well).

ਗਾਵੈ ਕੋ ਜੀਅ ਲੈ ਫਿਰਿ ਦੇਹ ॥

gaavai ko jee-a lai fir dayh.

ਕਈ ਉਹਦੀ ਸ਼ਕਤੀ ਦੇ ਗੁਣ ਗਾਉਂਦੇ ਹਨ ਕਿ ਵਾਹਿਗੁਰੂ ਪ੍ਰਾਣ ਲੈਕੇ (ਮਾਰ ਕੇ) ਵਾਪਸ ਦੇ (ਜੀਵਾਲ) ਦਿੰਦਾ ਹੈ। (ਕਈ ਵਾਹਿਗੁਰੂ ਦੀ ਮਾਰ ਕੇ ਮੁੜ ਜ਼ਿੰਦਾ ਕਰ ਦੇਣ ਦੀ ਸ਼ਕਤੀ ਨੂੰ ਦੇਖ (ਪ੍ਰਭਾਵਤ ਹੋ), ਉਹਦੇ ਗੁਣ ਗਾਉਂਦੇ ਹਨ)}

Some sing (impressed by the fact) that God has the power to takes away life and then restore it too.

ਗਾਵੈ ਕੋ ਜਾਪੈ ਦਿਸੈ ਦੂਰਿ ॥

gaavai ko jaapai disai door.

ਕਈ ਗਾਉਂਦੇ ਹਨ ਕਿ ਵਾਹਿਗੁਰੁ ਬਹੁਤ ਦੂਰ ਲੱਗਦਾ ਅਤੇ ਦਿਸਦਾ ਹੈ। (ਕਈ, ਵਾਹਿਗੁਰ ਨੂੰ ਪਹੁੰਚ ਤੋਂ ਬਾਹਰ ਜਾਣ ਕੇ ਉਹਦੇ ਗੁਣ ਗਾਉਂਦੇ ਹਨ)।

Some sing, God seems and appears to be too far away (impressed that God is unreachable).

ਗਾਵੈ ਕੋ ਵੇਖੈ ਹਾਦਰਾ ਹਦੂਰਿ ॥

gaavai ko vaykhai haadraa hadoor.

ਕੋਈ ਗਾਉਂਦੇ ਹਨ ਕਿ ਉਹ ਸਾਨੂੰ ਦੇਖ ਰਿਹਾ ਹੈ (ਉਹਦੇ ਦਰਬਾਰ ਵਿਚ ਹਾਂ) – ਉਹ ਨੇੜੇ ਹੈ। (ਕਈ ਆਪਣੇ ਆਪ ਨੂੰ ਉਹਦੀ ਹਾਜ਼ਰੀ, ਉਹਦੇ ਕੋਲ, ਸਮਝਦਾ ਹੈ ਅਤੇ ਉਹਦੇ ਗੁਣ ਗਾਉਂਦਾ ਹੈ)।

Some sing that He beholds them - They are in His presence.

ਕਥਨਾ ਕਥੀ ਨ ਆਵੈ ਤੋਟਿ ॥

kathnaa kathee naa aavai tot.

ਉਹਦਾ ਜਸ ਗਾਉਣ ਵਾਲੇ ਬੇਅੰਤ ਹਨ। {ਵਾਹਿਗੁਰੁ ਬਾਰੇ ਵਿਚਾਰਾਂ ਦਾ ਅੰਤ ਨਹੀ। ਵਾਹਿਗੁਰੁ ਬਾਰੇ ਵਿਚਾਰਾਂ (ਅੰਦਾਜ਼ੇ) ਦਸਣ ਵਾਲੇ ਬੇਅੰਤ ਹਨ। ਵਿਚਾਰਾਂ ਕਰਨ ਵਾਲੇ ਉਹਦੇ ਬਾਰੇ ਕਈ ਤਰ੍ਹਾਂ ਨਾਲ ਦਸਦੇ ਹਨ ਕਿ ਉਹ ਹੈ}

There are many who sing His praise. (There is no dearth of views about God. There is no end to those who give opinions about God. Thinkers tell about Him in many ways that He is).

ਕਥਿ ਕਥਿ ਕਥੀ ਕੋਟੀ ਕੋਟਿ ਕੋਟਿ ॥
kath kath kathee kotee kot kot.
ਕਰੋੜਾਂ ਹੀ ਉਹਦੇ ਗੁਣ ਗਾਉਂਦੇ ਹਨ। (ਕਰੋੜਾਂ ਵਾਹਿਗੁਰੁ ਦੇ ਬਾਰੇ ਦਸਦੇ ਹਨ)।
Many praise Him. (Millions give descriptions of God).

ਦੇਦਾ ਦੇ ਲੈਦੇ ਥਕਿ ਪਾਹਿ ॥
daydaa day laiday thak paahi.
ਦੇਣ ਵਾਲਾ (ਵਾਹਿਗੁਰੁ) ਦੇਈ ਹੀ ਜਾਂਦਾ ਹੈ, ਭਾਵੇਂ ਲੈਣ ਵਾਲੇ ਲੈਂਦੇ ਥਕ ਜਾਣ।
The Giver (God) keeps on giving, though the recipients may become weary of receiving.

ਜੁਗਾ ਜੁਗੰਤਰਿ ਖਾਹੀ ਖਾਹਿ ॥
jugaa jugantar khaahee khaahi.
ਬੇਅੰਤ ਸਮੇ ਤੋਂ (ਜੁਗਾਂ ਤੋਂ) ਖਾਣ ਵਾਲੇ ਉਹਦੇ ਦਿਤੇ (ਪਦਾਰਥਾਂ) ਨੂੰ ਖਾ ਰਹੇ ਹਨ।
Since ages the people have been eating and consuming (His provisions).

ਹੁਕਮੀ ਹੁਕਮੁ ਚਲਾਏ ਰਾਹੁ ॥
hukmee hukam chalaa-ay raahu.
ਹਾਕਮ (ਵਾਹਿਗੁਰੁ) ਆਪਣੇ ਹੁਕਮ ਦੇ ਵਿਚ ਇਕ ਅਸੂਲ (ਰਾਹ) ਤੇ ਸਭ ਕੁਝ (ਸੰਸਾਰ ਦੀ ਕਾਰ) ਤੋਰਦਾ ਹੈ।
The Lord sets up (Establishes) everything within His System (Discipline, Order).

ਨਾਨਕ ਵਿਗਸੈ ਵੇਪਰਵਾਹੁ ॥੩॥
Nanak vigsai vayparvaahu. ||3||
ਨਾਨਕ, ਰਬ ਖੁਸ਼ੀ ਵਿਚ ਰਹਿੰਦਾ, ਸੰਸਰ ਦੀ ਕਾਰ ਤੋਂ ਬੇਪਰਵਾਹ ਹੈ (ਸੰਸਾਰ ਹੁਕਮ ਵਿਚ ਆਪੇ ਚੱਲੀ ਜਾਂਦਾ ਹੈ, ਉਹਨੂੰ ਇਹਦੇ ਲਈ ਕੋਈ ਖੇਚਲ ਕਰਨ ਦੀ ਲੋੜ ਨਹੀ।
Nanak God stays in joy and is carefree (The world continues in the System He has set). ||3||

ਸਾਚਾ ਸਾਹਿਬੁ ਸਾਚੁ ਨਾਇ ਭਾਖਿਆ ਭਾਉ ਅਪਾਰੁ ॥
saachaa saahib saach naa-i bhaakhi-aa bhaa-o apaar.
ਸੱਚੇ ਵਾਹਿਗੁਰੁ ਦਾ ਸੱਚਾ ਨਾਮ ਲੋਕ ਬੜੇ ਪਿਆਰ ਦੇ ਨਾਲ ਲੈਂਦੇ ਹਨ। (ਵਾਹਿਗੁਰੁ ਸੱਚਾ ਹੈ, ਉਹਦਾ ਨਿਆਉਂ ਵੀ ਸੱਚਾ ਹੈ, ਉਹਦੀ ਬੋਲੀ ਬੜੀ ਪਰੇਮ-ਭਰੀ ਹੈ - ਉਹ ਪਰੇਮ ਨੂੰ ਸਮਝਦਾ ਹੈ)।
True is the Lord, True His Name and people recite His Name with great love. (The Lord is the Truth, True is His Justice, and He accepts the True Love).

ਆਖਹਿ ਮੰਗਹਿ ਦੇਹਿ ਦੇਹਿ ਦਾਤਿ ਕਰੇ ਦਾਤਾਰੁ ॥
aakhahi mangahi dayhi dayh daat karay daataar.
ਲੋਕ ਬੇਨਤੀ ਕਰਕੇ ਮੰਗਦੇ ਅਤੇ ਦੇਣ ਨੂੰ ਕਹਿੰਦੇ ਹਨ, ਵਾਹਿਗੁਰੁ ਉਹਨਾ ਦੀਆਂ ਮੰਗਾਂ ਪੂਰੀਆਂ ਕਰਦਾ ਹੈ।
The People pray, beg, and ask for His Boons, the Giver; the Lord, fulfills their

desires.

ਫੇਰਿ ਕਿ ਅਗੈ ਰਖੀਐ ਜਿਤੁ ਦਿਸੈ ਦਰਬਾਰੁ ॥
fayr ki agai rakhee-ai jit disai dar-baar.
ਜਦ ਸਭ ਕੁਝ ਉਹ ਹੀ ਦਿੰਦਾ ਹੈ, ਸਭ ਹੈ ਹੀ ਉਹਦਾ, ਫ਼ੇਰ ਆਪਣਾ ਉਹਨੂੰ ਕੀ ਭੇਟ ਕਰੀਏ ਜਿਸ ਦੇ ਨਾਲ ਉਹਦੇ ਦਰਬਾਰ, ਉਹਦੇ ਹਜ਼ੂਰ ਜਾ ਸਕੀਏ ! (ਉਹਦਾ ਗਿਆਨ ਪਰਾਪਤ ਹੋਵੇ)।
When everything comes from Him, He gives, then what is ours that we should offer to Him so that we can enter His Court, go to His presence! (We realize Him).

ਮੁਹੌ ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰੁ ॥
muhou ki bolan bolee-ai jit sun Dharay pi-aar.
ਅਸੀਂ ਮੂੰਹ ਤੋਂ ਕੀ ਕਹੀਏ ਕਿ ਜੋ ਸੁਣ ਕੇ ਵਾਹਿਗੁਰੂ ਸਾਨੂੰ ਪਿਆਰ ਕਰਨ ਲੱਗ ਜਾਵੇ !
What should we say that on hearing it He starts loving us!

ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ ॥
amrit vaylaa sach naa-o vadi-aa-ee vichaar.
(ਉਹਦਾ ਪਿਆਰ ਜਿੱਤਣ ਵਾਸਤੇ) ਸਵੇਰੇ ਉਠ ਕੇ ਪਰਮਾਤਮਾ ਦੇ ਸੱਚੇ ਨਾਮ ("ਵਾਹਿਗੁਰੂ") ਦੀ ਵਡਿਆਈ ਉੱਤੇ ਵੀਚਾਰ ਕਰੋ। ਨਾਮ ਜਪੋ।
(For this) Early in the morning, think about (recite) the Greatness of the True Name ("Waheguru," God). Recite His Name.

ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ ॥
karmee aavai kaprhaa nadree mokh du-aar.
ਕੀਤੇ ਚੰਗੇ ਕਰਮਾ (ਕਿਸਮਤ, ਉਹਦੀ ਕਿਰਪਾ) ਕਰਕੇ ਸਰੋਪਾ (ਇਜ਼ਤ, ਇਹ ਸਰੀਰ) ਮਿਲਦਾ ਹੈ, ਅਤੇ ਵਾਹਿਗੁਰੂ ਦੀ ਕਿਰਪਾ ਦੇ ਨਾਲ ਮੁੱਕਤੀ ਦਾ ਦਰਵਾਜ਼ਾ (ਮੁਕਤੀ) ਮਿਲਦਾ ਹੈ।
By good deeds the Saropa (Robe of honor - this body) is obtained, and by His Kindness the door of salvation opens (gets Mukti - liberation, freedom from the worldly bindings; the cycle of birth and death ends).

ਨਾਨਕ ਏਵੈ ਜਾਣੀਐ ਸਭੁ ਆਪੇ ਸਚਿਆਰੁ ॥੪॥
Naanak ay-vai jaanee-ai sabh aapay sachi-aar. ||4||
ਨਾਨਕ, ਇਸ ਤਰ੍ਹਾਂ – "ਵਾਹਿਗੁਰੂ" ਤੇ ਵਿਚਾਰ ਕਰਕੇ, ਸਮਝ ਆਉਂਦਾ ਹੈ ਕਿ ਸਭ ਕੁਝ (ਹਰ ਥਾਂ) ਆਪ ਪਰਮਾਤਮਾ ਹੀ ਹੈ, (ਪਰਮਾਤਮਾ ਹੀ ਸੱਭ ਕੁਝ ਹੈ)।
Nanak, this way (by contemplating on "Waheguru,"- God) we realize that everything is nothing but the Lord Himself - He is everywhere, in everything. ||4||

ਥਾਪਿਆ ਨ ਜਾਇ ਕੀਤਾ ਨ ਹੋਇ ॥
thaapi-aa naa jaa-i keetaa naa ho-i.
ਕੋਈ ਵਾਹਿਗੁਰੂ ਨੂੰ ਕਾਇਮ (ਥਾਪ, ਟਿਕਾ, ਨਿਸਚਿਤ,) ਨਹੀ ਕਰ ਸਕਦਾ ਅਤੇ ਨਾ ਹੀ ਇਹਨੂੰ ਬਣਾ (ਘੜ, ਪੈਦਾ ਕਰ) ਸਕਦਾ ਹੈ।
Nobody can establish (Fix up) or create Waheguru - God.

ਆਪੇ ਆਪਿ ਨਿਰੰਜਨੁ ਸੋਇ ॥
aapay aap niranjan so-i.
ਉਹ ਨਿਰਨਜਨ ("ਬੇਦਾਗ਼" – ਵਾਹਿਗੁਰੂ) ਆਪਣੇ ਆਪ ਤੋਂ ਹੀ ਆਪ ਬਣਿਆ ਹੈ। (ਪਰਮਾਤਮਾ, ਸਾਰਾ ਕੁਝ ਆਪ ਹੀ ਹੈ। ਸਭ ਕੁਝ ਪਰਮਾਤਮਾ ਦਾ ਰੂਪ ਹੈ)।
Niranjan (Stainless - the Lord), is Self-Created. (The Pure-One Himself is everything).

ਜਿਨਿ ਸੇਵਿਆ ਤਿਨਿ ਪਾਇਆ ਮਾਨੁ ॥
jin sayvi-aa tin paa-i-aa maan.
ਜਿਸ ਨੇ ਉਹਦੀ (ਵਾਹਿਗੁਰੂ ਦੀ) ਸੇਵਾ ਕੀਤੀ (ਨਾਮ ਜਪਿਆ), ਉਹਨੂੰ ਇਜ਼ਤ ਮਿਲੀ।
Those who served (remembered Him), obtained honor – got His acceptance.

ਨਾਨਕ ਗਾਵੀਐ ਗੁਣੀ ਨਿਧਾਨੁ ॥
Naanak gaavee-ai gunee niDhaan.
ਨਾਨਕ, (ਠੀਕ ਇਹ ਹੈ ਕਿ ਅਸੀਂ) ਉਸ ਗੁਣਾ ਦੇ ਖਜ਼ਾਨੇ (ਵਾਹਿਗੁਰੂ ਦੇ ਗੁਣਾ ਦੀ) ਤਾਰੀਫ਼ ਕਰੀਏ (ਨਾਮ ਜਪੀਏ)।
Nanak, sing the praise of the Lord who is the Treasure of Excellence (Qualities).

ਗਾਵੀਐ ਸੁਣੀਐ ਮਨਿ ਰਖੀਐ ਭਾਉ ॥
gaavee-ai sunee-ai man rakhee-ai bhaa-o.
ਵਾਹਿਗੁਰੂ ਦੇ ਗੁਣ (ਨਾਮ) ਗਾਵੀਏ, ਗੁਣਾ ਦੇ ਗਾਉਣ ਨੂੰ ਸੁਣੀਏ, ਅਤੇ ਮਨ ਦੇ ਅੰਦਰ ਉਹਦਾ ਪਰੇਮ ਰਖੀਏ। (ਪਰਮਾਤਮਾ ਦੇ ਗੁਣਾਂ ਦੀ ਤਾਰੀਫ਼ ਮਨ ਦੇ ਅੰਦਰ ਪਰੇਮ ਰਖ ਕੇ ਕਰੀਏ ਅਤੇ ਸੁਣੀਏ)।
Sing the praise of the Lord (recite His Name), listen to it, and keep His love in your mind.

ਦੁਖੁ ਪਰਹਰਿ ਸੁਖੁ ਘਰਿ ਲੈ ਜਾਇ ॥
dukh parhar sukh ghar lai jaa-i.
(ਇੱਦਾਂ), ਆਪਣੇ ਦੁੱਖ ਦੂਰ ਹੋ ਜਾਂਦੇ ਹਨ, ਅਤੇ ਸੁਖ ਮਨ ਦੇ ਅੰਦਰ ਆ ਵਸਦੇ ਹਨ।
(This way), we are relieved of pain and sorrow, and peace settles down in the mind.

ਗੁਰਮੁਖਿ ਨਾਦੰ ਗੁਰਮੁਖਿ ਵੇਦੰ ਗੁਰਮੁਖਿ ਰਹਿਆ ਸਮਾਈ ॥

gurmukh naad^{N} gurmukh vayd^{N} gurmukh rahiaa samaa-ee.

ਗੁਰਮੁਖ (ਜੋ ਵਾਹਿਗੁਰੂ ਦੇ ਹੁਕਮ ਵਿਚ ਹੈ) ਦੇ ਮਨ ਅੰਦਰ ਹੀ ਨਾਦ ਹੈ, ਗੁਰਮੁਖ ਦੇ ਮਨ ਵਿਚ ਹੀ ਵੇਦ ਹੈ, ਕਿਉਂ ਕਿ ਗੁਰਮੁਖ ਦੇ ਮਨ ਅੰਦਰ ਹੀ ਅਕਾਲ ਪੁਰਖ ਆਪ ਵਸਦਾ ਹੈ।

ਨਾਦ – ਧੁਨ: ਸ਼ਬਦ, ਰੱਬ ਦਾ ਨਾਮ, ਬਾਣੀ। ਵੇਦ – ਪਰਮਾਤਮਾ ਦਾ ਗਿਆਨ।

The Shabad resides in the mind of the Gurmukh and in the mind of the Gurmukh is His Knowledge (of Vedas), because he always remembers the Lord in his mind. (Shabad - His Name. Gurbani - the Word of God. Gurmukh - God-Oriented, one in submission to God),

ਗੁਰੁ ਈਸਰੁ ਗੁਰੁ ਗੋਰਖੁ ਬਰਮਾ ਗੁਰੁ ਪਾਰਬਤੀ ਮਾਈ ॥

gur eesar gur gorakh barmaa gur paarbatee maa-ee.

ਇਕ ਗੁਰੂ (ਵਾਹਿਗੁਰੂ) ਵਿਚ ਹੀ ਆ ਜਾਂਦੇ ਹਨ ਦੇਵਤੇ: ਈਸਰ – ਸ਼ਿਵ, ਮਾਰਨ ਵਾਲਾ ਦੇਵਤਾ; ਗੋਰਖ – ਵਿਸ਼ਨੂੰ, ਪਾਲਣ ਵਾਲਾ ਦੇਵਤਾ; ਬ੍ਰਹਮਾ – ਪੈਦਾ ਕਰਨ ਵਾਲਾ; ਅਤੇ ਪਾਰਬਤੀ – ਸ਼ਿਵ ਦੀ ਪਤਨੀ।

ਵਿਸ਼ਨੂੰ ਦੀ ਪਤਨੀ ਦਾ ਨਾਮ 'ਲਖਸ਼ਮੀ' ਅਤੇ ਬ੍ਰਹਮਾ ਦੀ ਪਤਨੀ 'ਸਰਸਵਤੀ' ਹੈ।

The Guru (God) Himself is Isar - Shiva – god of destruction; Gorakh - Vishnu – god of provisions; Brahma - god of creation; and Parbati - wife of god Shiva. (Just for the knowledge sake, Vishnu's wife is Lakhshmi and Brahma's is Saraswati).

ਜੇ ਹਉ ਜਾਣਾ ਆਖਾ ਨਾਹੀ ਕਹਣਾ ਕਥਨੁ ਨ ਜਾਈ ॥

jay h-a-o jaanaa aakhaa naahee kahnaa kathan naa jaa-ee.

ਜੇ ਮੈਂ ਪਰਮਾਤਮਾ ਬਾਰੇ ਕੁਝ ਜਾਣਦਾ ਹੋਵਾਂ ਤਾਂ ਦੱਸ ਨਾ ਦਿਆਂ, ਉਹਦੇ ਬਾਰੇ ਤਾਂ ਕੁਝ ਵੀ ਦਸਿਆ ਨਹੀ ਜਾ ਸਕਦਾ।

ਜੇ ਉਸ ਬਾਰੇ ਜਾਣਦਾ ਵੀ ਹੋਵਾਂ, ਤਾਂ ਵੀ ਦੱਸ ਨਹੀ ਸਕਦਾ, ਉਹ ਕਹਿਣ ਦੱਸਣ ਤੋਂ ਪਰ੍ਹੇ ਹੈ।

Had I known about God, should I not have disclosed it? He is difficult to describe. (Even if I Know about God, it is impossible to tell, because He is above description).

ਗੁਰਾ ਇਕ ਦੇਹਿ ਬੁਝਾਈ ॥

guraa ik dayhi bujhaa-ee.

ਗੁਰੂ ਜੀ ਨੇ ਇਕ ਗੱਲ ਸਮਝਾ ਦਿੱਤੀ ਹੈ,

The Guru has made me understand one thing,

ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ ॥੫॥

sabhnaa jee-aa kaa ik daataa so mai visar naa jaa-ee. ||5||

(ਕਿ) ਸਾਰੇ ਜੀਵਾਂ ਦਾ ਸਿਰਫ਼ ਇਕ ਹੀ ਦਾਤਾ (ਦਾਨ ਦੇਣ ਵਾਲਾ, ਜੀਵਨ–ਦਾਤਾ) ਹੈ, ਉਹ ਮੈਂ ਕਦੇ ਨਾ ਭੁਲਾਵਾਂ।

(That) God gives (His Boons, life) to everyone, (I should) never forget Him. ||5||

ਤੀਰਥਿ ਨਾਵਾ ਜੇ ਤਿਸੁ ਭਾਵਾ ਵਿਣੁ ਭਾਣੇ ਕਿ ਨਾਇ ਕਰੀ ॥
teerath naavaa jay tis bhaavaa vin bhaanay ki naa-i karee.
ਜੇ ਮੈ ਉਹਨੂੰ ਚੰਗਾ ਲੱਗ ਜਾਵਾਂ ਤਾਂ ਜਾਣੋ ਮੇਰਾ ਤੀਰਥ-ਇਸ਼ਨਾਨ ਹੋ ਗਿਆ। ਉਹਨੂੰ ਚੰਗਾ ਲੱਗਣ ਦੇ ਬਿਨਾ ਕਿਸੇ ਤੀਰਥ ਨਹਾਉਣ ਦਾ ਵੀ ਕੀ ਲਾਭ ਹੈ?
Getting accepted by Him is my 'bath at a pilgrimage', and without being accepted, there is no (sense of any) such a bath.

ਜੇਤੀ ਸਿਰਠਿ ਉਪਾਈ ਵੇਖਾ ਵਿਣੁ ਕਰਮਾ ਕਿ ਮਿਲੈ ਲਈ ॥
jaytee sirath upaa-ee vaykhaa vin karmaa ki milai l-a-ee.
ਉਹਦੀ ਬਣਾਈ ਸਾਰੀ ਸਰਿਸ਼ਟੀ (ਦੁਨੀਆਂ, ਸੰਸਾਰ) ਨੂੰ ਦੇਖਦਾ ਹਾਂ, (ਅਤੇ ਇਹ ਜਾਣਿਆ ਹੈ ਕਿ) ਬਿਨਾ ਚੰਗੇ ਕਰਮਾ (ਗੁਰੂ-ਕਿਰਪਾ, ਨੇਕ ਕੰਮ) ਦੇ ਕਿਸੇ ਨੂੰ ਕੀ ਮਿਲ ਸਕਦਾ ਹੈ!
I look upon His Creation, (and find) what can anyone have from Him without His Kindness (his destiny, good deeds!).

ਮਤਿ ਵਿਚਿ ਰਤਨ ਜਵਾਹਰ ਮਾਣਿਕ ਜੇ ਇਕ ਗੁਰ ਕੀ ਸਿਖ ਸੁਣੀ ॥
mat vich ratan javaahar maanik jay ik gur kee sikh sunee.
ਮਨ ਦੇ ਅੰਦਰ ਜਵਾਹਰ, ਹੀਰੇ ਤੇ ਮੋਤੀ (ਸਭ ਚੰਗਿਆਈਆਂ) ਸਮਝੋ, ਜੇ ਕਰ ਗੁਰਾਂ ਦੀ ਇਕ ਸਿਖਿਆ ਵੀ ਸੁਣ (ਮੰਨ) ਲਈ ਜਾਵੇ।
In the mind are gems, jewels and rubies (all goodness), if you listen to (act upon) even a single piece of advice of the Guru.

ਗੁਰਾ ਇਕ ਦੇਹਿ ਬੁਝਾਈ ॥
guraa ik dayhi bujhaa-ee.
ਗੁਰੂ ਜੀ ਨੇ ਇਕ ਗੱਲ ਸਮਝਾ ਦਿੱਤੀ ਹੈ,
The Guru has explained (made me understand) one thing,

ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ ॥੬॥
sabhnaa jee-aa kaa ik daataa so mai visar naa jaa-ee. ||6||
(ਕਿ) ਸਾਰੇ ਜੀਵਾਂ ਦਾ ਇਕ ਹੀ ਦਾਤਾ (ਮਾਲਕ) ਹੈ, ਅਤੇ ਇਹ ਗੱਲ (ਹੇ ਵਾਹਿਗੁਰੂ ਜੀ) ਮੈਨੂੰ ਕਦੇ ਨਾ ਭੁੱਲੇ।
(That) There is but One Giver (Master) for all beings, and I should never forget it (I may never forget Him!). ||6||

ਜੇ ਜੁਗ ਚਾਰੇ ਆਰਜਾ ਹੋਰ ਦਸੂਣੀ ਹੋਇ ॥
jay jug chaaray aarjaa hor dasoonee ho-i.
ਜੇ ਮਨੁਖ ਦੀ ਉਮਰ ਚਾਰ ਜੁਗਾਂ (ਇਕ ਜੁਗ ਹਜ਼ਾਰਾਂ ਹੀ ਵਰ੍ਹਿਆਂ ਦਾ ਹੁੰਦਾ ਹੈ) ਜਿਡੀ ਹੋਵੇ, ਅਤੇ ਭਾਵੇਂ ਇਸ ਤੋਂ ਵੀ ਦਸ ਗੁਣਾ ਹੋਰ ਵੱਡੀ ਹੋ ਜਾਏ।
If the age of a man be equal to four ages (periods of time, eras, aeons. A period is of thousands of years), and may even become ten times more.

ਨਵਾ ਖੰਡਾ ਵਿਚਿ ਜਾਣੀਐ ਨਾਲਿ ਚਲੈ ਸਭੁ ਕੋਇ ॥
navaa khandaa vich jaanee-ai naal chalai sabh ko-i.
ਭਾਵੇਂ ਉਹ ਨੌਂ ਖੰਡਾਂ (ਨੌਂ ਮਹਾਦੀਪ, ਧਰਤੀ ਦੇ ਨੌਂ ਹਿੱਸੇ, ਸਾਰਾ ਸੰਸਾਰ) ਵਿਚ ਜਾਣਿਆ ਜਾਂਦਾ ਹੋਵੇ, ਅਤੇ ਸਾਰੇ ਲੋਕ ਸਤਿਕਾਰ ਕਰਕੇ ਉਹਦੇ ਨਾਲ ਤੁਰਦੇ ਹੋਣ।
May be he gets known all over the world and all the people accompany him out of respect.

ਚੰਗਾ ਨਾਉ ਰਖਾਇ ਕੈ ਜਸੁ ਕੀਰਤਿ ਜਗਿ ਲੇਇ ॥
changaa naa-o rakhaa-i kai jas keerat jag lay-i.
ਭਾਵੇਂ ਉਹਨੂੰ ਇਜ਼ਤ (ਚੰਗੇ ਨਾਮ) ਦੇ ਨਾਲ ਸੱਦਿਆ ਜਾਣ ਲੱਗ ਪਵੇ, ਅਤੇ ਸੰਸਾਰ ਦੇ ਅੰਦਰ ਉਹਦੀ ਸਿਫ਼ਤ ਹੋਣ ਲੱਗ ਜਾਵੇ।
He may win praise (honor, good name) in the world (nine continents), and out of respect people may start following him wherever he goes.

ਜੇ ਤਿਸੁ ਨਦਰਿ ਨ ਆਵਈ ਤ ਵਾਤ ਨ ਪੁਛੈ ਕੇ ॥
jay tis nadar naa aavee taa vaat naa puchhai kay.
ਜੇ ਉਸ ਉਤੇ ਵਾਹਿਗੁਰੂ ਦੀ ਕਿਰਪਾ ਨਾ ਹੋਵੇ ਤਾਂ ਉਸ ਬੰਦੇ ਨੂੰ ਕੋਈ (ਹਾਲ ਵੀ) ਪੁਛਦਾ ਨਹੀ।
If the Lord is not kind, no one will care even to speak with (Inquire after) him.

ਕੀਟਾ ਅੰਦਰਿ ਕੀਟੁ ਕਰਿ ਦੋਸੀ ਦੋਸੁ ਧਰੇ ॥
keetaa andar keet kar dosee dos Dharay.
ਅਜਿਹੇ ਬੰਦੇ ਨੂੰ ਲੋਕ ਕੀੜਿਆਂ ਤੋਂ ਵੀ ਗਿਰਆ ਹੋਇਆ ਕੀੜਾ ਗਿਣਦੇ ਹਨ, ਅਤੇ ਜੋ ਆਪ ਪਾਪੀ ਹਨ ਉਹ ਵੀ ਉਸ ਨੂੰ ਪਾਪੀ ਕਹਿੰਦੇ ਹਨ (ਮਹਾ ਪਾਪੀ ਹੋਣ ਦੀ ਤੁਹਮਤ ਲਾਉਂਦੇ ਹਨ)।
Such a person is considered the worst worm, and even the sinners accuse him of sins.

ਨਾਨਕ ਨਿਰਗੁਣਿ ਗੁਣੁ ਕਰੇ ਗੁਣਵੰਤਿਆ ਗੁਣੁ ਦੇ ॥
Naanak nirgun gun karay gunvan-ti-aa gun day.
ਨਾਨਕ, ਵਾਹਿਗੁਰੂ ਗੁਣਾ ਤੋਂ ਬਿਨਾ ਲੋਕਾਂ ਨੂੰ ਵੀ ਗੁਣ (ਚੰਗਿਆਈਆਂ) ਬਖਸ਼ਦਾ ਹੈ, ਅਤੇ ਜੋ ਪਹਿਲਾਂ ਹੀ ਗੁਣ ਵਾਲੇ ਹਨ ਉਹਨਾ ਨੂੰ ਹੋਰ ਗੁਣ ਦਿੰਦਾ ਹੈ।
Nanak, God gives goodness (virtues) even to those with none, and to those with virtues, He gives more.

ਤੇਹਾ ਕੋਇ ਨ ਸੁਝਈ ਜਿ ਤਿਸੁ ਗੁਣੁ ਕੋਇ ਕਰੇ ॥੭॥
tayhaa ko-i naa sujhee ji tis gun ko-i karay. ||7||
ਪਰ, ਮੇਰੇ ਖਿਆਲ ਵਿਚ ਅਜਿਹਾ ਕੋਈ ਨਹੀ ਆਉਂਦਾ ਕਿ ਜਿਸ ਕੋਲ ਇਹ ਸ਼ਕਤੀ ਹੋਵੇ ਕਿ ਵਾਹਿਗੁਰੂ ਦੇ ਗੁਣਾ ਵਿਚ ਕੋਈ ਇਕ ਵੀ ਵਾਧਾ ਕਰ ਸਕੇ।
But, I cannot think of anyone who has power enough to add to the Qualities of God. ||7||

ਸੁਣਿਐ ਸਿਧ ਪੀਰ ਸੁਰਿ ਨਾਥ ॥

suni-ai siDh peer sur naath.

ਵਾਹਿਗੁਰੂ ਦਾ ਨਾਮ ਸੁਣਨ ਦੇ ਨਾਲ ਸਿਧ – ਕਰਾਮਾਤਾਂ ਕਰਣ ਵਾਲਾ; ਪੀਰ – ਮੁਸਲਮਾਨ ਸੰਤ, ਆਤਮਿਕ ਆਗੂ; ਸੁਰਿ – ਦੇਵਤਾ; ਅਤੇ ਨਾਥ – ਯੋਗੀ: ਵਾਹਿਗੁਰੂ ਦੇ ਮਿਲਾਪ ਦਾ ਰਾਹ ਜਾਣਨ ਵਾਲਾ ਬਣੇ।

ਨਾਮ ਸੁਣਕੇ ਬੰਦਾ ਸਿਧ, ਪੀਰ, ਦੇਵਤਾ, ਨਾਥ, ਬਣ ਜਾਂਦਾ ਹੈ। ਨਾਮ ਸੁਣਨ ਕਰਕੇ ਸਿੱਧਾਂ, ਪੀਰਾਂ, ਦੇਵਤਿਆਂ, ਅਤੇ ਨਾਥਾਂ ਦਾ ਤੱਤ–ਗਿਆਨ ਪਰਾਪਤ ਹੋ ਜਾਂਦਾ ਹੈ। ਨਾਮ ਸੁਣਕੇ ਇਹਨਾ ਵਰਗਾ ਗਿਆਨਵਾਨ ਹੋ ਜਾਂਦਾ ਹੈ।

By listening to God's Name, Sidha - those with power to do miracles; Peer – Muslim spiritual leaders; Sur – gods, and Yogis came into being. (Yogi - one who practices Yoga. Yoga: a way to meet God. By listening to the Name of God, one becomes like sidha, Peer, Sur, and Nath - one becomes knowledgeable like them).

ਸੁਣਿਐ ਧਰਤਿ ਧਵਲ ਆਕਾਸ ॥

suni-ai Dharat Dhaval aakaas.

ਵਾਹਿਗੁਰੂ ਦਾ ਨਾਮ ਸੁਣ ਕੇ ਹੀ (ਨਾਮ ਦੇ ਕਾਰਣ) ਇਹ ਧਰਤੀ (ਜ਼ਮੀਨ), ਧਵਲ ਅਤੇ ਅਸਮਾਨ ਬਣੇ।

ਧਵਲ – ਚਿੱਟਾ ਬੈਲ ਕਿ ਜਿਸ ਨੇ ਧਰਤੀ ਸਿੰਗਾਂ ਉੱਤੇ ਚੁੱਕੀ ਦਸਦੇ ਹਨ – ਧਰਤੀ ਨੂੰ ਆਪਣੀ ਥਾਂ ਤੇ ਕਾਇਮ ਰੱਖਣ ਦਾ ਅਸੂਲ। ਨਾਮ ਸੁਣਕੇ ਧਰਤੀ, ਧਵਲ, ਅਤੇ ਆਕਾਸ਼ ਦੇ ਭੇਦਾਂ ਦਾ ਪਤਾ ਲੱਗ ਜਾਂਦਾ ਹੈ।

By listening to God's Name, the earth, Dhaval, and Akash (Sky, space, ether) came into being. (Dhaval - White Bull that is said to carry the earth on its horns - the principle that keeps the earth set in the System of the Lord. By listening – By listening to His Name, you come to know the secrets of the earth, Dhaval and space).

ਸੁਣਿਐ ਦੀਪ ਲੋਅ ਪਾਤਾਲ ॥

suni-ai deep lo-a paataal.

ਵਾਹਿਗੁਰੂ ਦਾ ਨਾਮ ਸੁਣ ਕੇ ਹੀ (ਨਾਮ – 'ਵਾਹਿਗੁਰੂ' ਦੀ ਕਿਰਪਾ ਦੇ ਨਾਲ) ਦੀਪ (ਟਾਪੂ), ਲੋਕ ਅਤੇ ਪਾਤਾਲ ਬਣੇ।

ਲੋਅ – ਲੋਕ: ਪਿੱਤਰੀ–ਲੋਕ, ਮਰ ਗਏ ਵਡੇਰਿਆਂ ਦਾ ਅਸਥਾਨ। ਮਾਤ ਲੋਕ – ਧਰਤੀ; ਦੇਵ ਲੋਕ – ਦੇਵਤਿਆਂ ਦਾ ਅਸਥਾਨ, ਸਵਰਗ ਵਗ਼ੈਰਾ। ਨਾਮ ਸੁਣਨ ਦੇ ਨਾਲ ਆਦਮੀ ਨੂੰ ਮਹਾ–ਦੀਪਾਂ, ਲੋਆਂ ਅਤੇ ਪਾਤਾਲਾਂ ਦਾ ਗਿਆਨ ਹੋ ਜਾਂਦਾ ਹੈ।

By listening to the Lord's Name (By His Kindness), the continents, Loa, and nether worlds came into being. (By listening to the Name of God, one attains the knowledge of the continents, different Mandals – Mandalas: levels, worlds, and nether worlds. Loa - Worlds - ancestor's-level, demi-god's level, etc. Nether world - the other side: bottoms of the earth.

ਸੁਣਿਐ ਪੋਹਿ ਨ ਸਕੈ ਕਾਲੁ ॥
suni-ai pohi naa sakai kaal.
ਰੱਬ ਦਾ ਨਾਮ ਸੁਣਿਆਂ ਮੌਤ ਬੰਦੇ ਦੇ ਨੇੜੇ ਵੀ ਨਹੀ ਆਉਂਦੀ। (ਮੌਤ ਦਾ ਡਰ ਮੁੱਕ ਜਾਂਦਾ ਹੈ)।
By listening to the Lord's Name, death cannot touch the man. (He is no longer afraid of death).

ਨਾਨਕ ਭਗਤਾ ਸਦਾ ਵਿਗਾਸੁ ॥
Naanak bhagtaa sadaa vigaas.
ਨਾਨਕ, (ਵਾਹਿਗੁਰੂ ਦੀਆਂ ਇਹਨਾ ਵਡਿਆਈਆਂ ਨੂੰ ਜਾਣਕੇ), ਭਗਤਾਂ ਨੂੰ ਹਮੇਸ਼ਾ ਆਨੰਦ ਰਹਿੰਦਾ ਹੈ।
Nanak, (understanding these Qualities of God), the devotees are ever in ecstasy (Joy, bliss).

ਸੁਣਿਐ ਦੂਖ ਪਾਪ ਕਾ ਨਾਸੁ ॥੮॥
suni-ai dookh paap kaa naas. ||8||
ਵਾਹਿਗੁਰੂ ਦਾ ਨਾਮ ਸੁਣਨ ਦੇ ਨਾਲ, ਦੁਖ ਅਤੇ ਪਾਪ ਨਾਸ ਹੋ ਜਾਂਦੇ ਹਨ।
By listening to God's Name, sorrows and sins are destroyed. ||8||

ਸੁਣਿਐ ਈਸਰੁ ਬਰਮਾ ਇੰਦੁ ॥
suni-ai Eesar Barmaa Ind.
ਵਾਹਿਗੁਰੂ ਦਾ ਨਾਮ ਸੁਣ ਕੇ ਹੀ (ਨਾਮ: 'ਵਾਹਿਗੁਰੂ' ਦੀ ਕਿਰਪਾ ਦੇ ਨਾਲ) ਈਸ਼ਰ (ਸ਼ਿਵ – ਮੌਤ ਦਾ ਦੇਵਤਾ), ਬਰਹਮਾ (ਪੈਦਾ ਕਰਨ ਦਾ ਦੇਵਤਾ), ਅਤੇ ਇੰਦਰ (ਮੀਂਹ ਦਾ ਦੇਵਤਾ) ਹੋਏ। (ਨਾਮ ਸੁਣਕੇ ਸ਼ਿਵ, ਬਰਹਮਾ ਅਤੇ ਇੰਦਰ ਵਰਗੇ ਬਣ ਜਾਈਦਾ ਹੈ – ਇਹਨਾ ਦੇ ਗੁਣ ਆ ਜਾਂਦੇ ਹਨ, ਇਹਨਾ ਵਰਗਾ ਗਿਆਨ ਹੋ ਜਾਂਦਾ ਹੈ)।
By listening to the Lord's Name (By virtue of "Waheguru," God's Name), Shiv (Shiva - god of destruction and death), Brahma (god of creation), and Indar (Indra - god of rain) came into being. (By hearing the Name of God, one becomes like Shiv, Brahma, and Indar - one attains their wisdom, qualities. Impressed by their status - evolved states, one becomes eager to worship God).

ਸੁਣਿਐ ਮੁਖਿ ਸਾਲਾਹਣ ਮੰਦੁ ॥
suni-ai mukh saalaahan mand.
ਰਬ ਦਾ ਨਾਮ ਸੁਣਨ ਵਾਲੇ ਦੀ, ਬੁਰੇ ਲੋਕ ਵੀ ਆਪਣੇ ਮੂੰਹ ਦੇ ਨਾਲ ਤਾਰੀਫ਼ ਕਰਨ ਲੱਗ ਜਾਂਦੇ ਹਨ।
Anyone who listens to God's Name, even the evil ones, start praising him.

ਸੁਣਿਐ ਜੋਗ ਜੁਗਤਿ ਤਨਿ ਭੇਦ ॥
suni-ai jog jugat tan bhayd.
ਨਾਮ ਸੁਣਨ ਦੇ ਨਾਲ ਜੋਗ ਦੀ ਜੁਗਤ (ਜੋਗ, ਰੱਬ ਨੂੰ ਮਿਲਣ ਦਾ ਇਕ ਤਰੀਕਾ, ਢੰਗ), ਅਤੇ ਸਰੀਰ ਦੇ ਭੇਦ (ਕਿ ਇਹ ਰੱਬ ਦਾ ਘਰ ਹੈ, ਉਹ ਹੀ ਇਹਨੂੰ ਬਣਾਉਂਦਾ-ਚਲਾਉਂਦਾ ਹੈ, ਮਨ ਨੂੰ ਵੱਸ ਕਿੱਦਾਂ ਕਰਨਾ ਹੈ) ਜਾਣ ਲਈਦੇ ਹਨ।
By hearing God's Name, man understands the ways of Jog (Yoga – a method of

realizing Him) and the secrets of the body (that it is the house of God, He creates and runs it, how to control the mind).

ਸੁਣਿਐ ਸਾਸਤ ਸਿਮ੍ਰਿਤਿ ਵੇਦ ॥

suni-ai saasat simrit vayd.

ਮਾਲਕ ਦਾ ਨਾਮ ਸੁਣਨ ਦੇ ਨਾਲ, ਸ਼ਾਸਤਰ, ਸਿਮ੍ਰਿਤੀਆਂ ਅਤੇ ਵੇਦ ਬਣੇ। (ਇਹਨਾ ਧਰਮ-ਗਰੰਥਾਂ ਦਾ ਗਿਆਨ ਹੋ ਜਾਂਦਾ ਹੈ। ਨਾਮ ਸੁਣਨ ਦੇ ਨਾਲ ਮਾਇਆ - ਸਰੀਰ, ਆਤਮਾ ਅਤੇ ਪਰਮਾਤਮਾ ਦਾ ਗਿਆਨ ਹੋ ਜਾਂਦਾ ਹੈ)। (ਸਾਸਤ - ਸ਼ਾਸਤਰ, ਛੇ ਹਿੰਦੂ ਫਲਸਫੇ ਦੀਆਂ ਪੁਸਤਕਾਂ; ਸਿਮ੍ਰਿਤਿ - ਸਿਮ੍ਰਿਤੀਆਂ, ਸਤਾਈ ਪੁਸਤਕਾਂ ਕਰਮਕਾਂਡ - ਕਿਰਿਆ, ਵਗ਼ੈਰਾ ਬਾਰੇ; ਵੇਦ- ਚਾਰ ਹਿੰਦੂ ਪੁਰਾਤਨ ਗਰੰਥ)।

By hearing the Lord's Name, the Shastras, Simritis and Vedas came into being. (By listening to the Name of God, one gains the knowledge in these Holy Books. One attains the knowledge of the worldly things - body, soul, and God). The Shastar – Shastras, six books of the Hindu philosophy. Samritis - 27 books of the Hindu ceremonial procedures. Veds – Vedas, four Hindu ancient books.

ਨਾਨਕ ਭਗਤਾ ਸਦਾ ਵਿਗਾਸੁ ॥

Naanak bhagtaa sadaa vigaas.

ਨਾਨਕ, (ਰੱਬ ਦੇ ਇਹ ਗੁਣ ਜਾਣਕ), ਭਗਤ ਸਦਾ ਖੁਸ਼ੀ ਵਿਚ ਰਹਿੰਦੇ ਹਨ।

Nanak, (realizing these Virtues of the Lord), the saints always stay in bliss.

ਸੁਣਿਐ ਦੂਖ ਪਾਪ ਕਾ ਨਾਸੁ ॥੯॥

suni-ai dookh paap kaa naas. ||9||

ਵਾਹਿਗੁਰੂ ਦਾ ਨਾਮ ਸੁਣਨ ਦੇ ਨਾਲ ਦੁਖ ਅਤੇ ਪਾਪ ਦੂਰ ਹੋ ਜਾਂਦੇ ਹਨ। (ਮਨ ਦੇ ਉੱਤੇ ਦੁਖਾਂ ਤੇ ਪਾਪਾਂ ਦਾ ਅਸਰ ਨਹੀ ਹੁੰਦਾ)।

By listening to the Lord's Name, one becomes free from troubles (pains) and sins. (Sins and sorrows do not effect his mind). ||9||

ਸੁਣਿਐ ਸਤੁ ਸੰਤੋਖੁ ਗਿਆਨੁ ॥

suni-ai sat santokh gi-aan.

ਵਾਹਿਗੁਰੂ ਦਾ ਨਾਮ ਸੁਣਨ ਦੇ ਨਾਲ ਰੱਬ ਬਾਰੇ ਸਚਾਈ (ਉਹ ਹੈ, ਉਹ ਸਦਾ ਕਾਇਮ ਹੈ), ਸਬਰ (ਉਹਦੇ ਹੁਕਮ ਵਿਚ ਆ ਜਾਣਾ), ਅਤੇ ਵਾਹਿਗੁਰੂ ਬਾਰੇ ਗਿਆਨ (ਕਿ ਸਭ ਕੁਝ ਕਰਨ ਵਾਲਾ ਉਹ ਹੀ ਹੈ, ਉਹ ਹਰ ਥਾਂ ਮੌਜੂਦ ਹੈ) ਆ ਜਾਂਦੇ ਹਨ।

By listening to the Lord's Name, one realizes the Truth (He is Ever-constant - Immortal), contentment (accepting His will), and receives the Divine Knowledge (That God is the Doer, He is present everywhere and in everything etc.)

ਸੁਣਿਐ ਅਠਸਠਿ ਕਾ ਇਸਨਾਨੁ ॥

suni-ai athsath kaa isnaan.

ਵਾਹਿਗੁਰੂ ਦਾ ਨਾਮ ਸੁਣ ਲੈਣਾ, ਜਾਣੋ 68 ਤੀਰਥਾਂ ਦਾ ਇਸ਼ਨਾਨ ਕਰ ਲੈਣਾ ਹੈ (ਮੰਨੇ ਹੋਏ ਅਠਾਹਠ ਤੀਰਥਾਂ

ਉਤੇ ਨ੍ਹਾਉਣ ਦੇ ਫਲ ਦੇ ਬਰਾਬਰ ਹੈ। ਭਾਵ – ਮਨ ਅਤੇ ਬੁਧੀ ਪੂਰੇ ਸ਼ੁਧ ਹੋ ਜਾਂਦੇ ਹਨ)।
Listening to the Lord's Name equals the bath at 68 Hindu places of pilgrimages (Fruit of the bath at sixty-eight places of pilgrimage is obtained. Hindu philosophy is that such baths cleanse the soul of its sins).

ਸੁਣਿਐ ਪੜਿ ਪੜਿ ਪਾਵਹਿ ਮਾਨੁ ॥
suni-ai parh parh paavahi maan.
ਹਰੀ ਦਾ ਨਾਮ ਸੁਣਨ ਅਤੇ ਪੜ੍ਹਨ ਦੇ ਨਾਲ ਇੱਜ਼ਤ ਮਿਲਦੀ ਹੈ, ਵਾਹਿਗੁਰੂ ਆਪਣਾ ਬਣਾ ਲੈਂਦਾ ਹੈ।
By hearing and constantly reading the Scriptures (God's Name), one receives honor, and achieves acceptance by Him.

ਸੁਣਿਐ ਲਾਗੈ ਸਹਜਿ ਧਿਆਨੁ ॥
suni-ai laagai sahaj Dhi-aan.
ਉਹਦੇ ਨਾਮ ਨੂੰ ਸੁਣਨ ਦੇ ਨਾਲ, ਆਰਾਮ ਦੇ ਨਾਲ (ਬਿਨਾ ਖੇਚਲ ਕੀਤੇ) ਧਿਆਨ ਵਾਹਿਗੁਰੂ ਦੇ ਨਾਲ ਜੁੜ ਜਾਂਦਾ ਹੈ।
By hearing the Name of the Lord, one gets effortlessly attached to His Name.

ਨਾਨਕ ਭਗਤਾ ਸਦਾ ਵਿਗਾਸੁ ॥
Naanak bhagtaa sadaa vigaas.
ਨਾਨਕ, (ਵਾਹਿਗੁਰੂ ਦੀਆਂ ਅਜਿਹੀਆਂ ਸਿਫ਼ਤਾਂ ਨੂੰ ਜਾਣ ਕੇ), ਉਹਦੇ ਭਗਤ ਹਮੇਸ਼ਾਂ ਅਨੰਦ ਵਿਚ ਰਹਿੰਦੇ ਹਨ।
Nanak, (realizing such Qualities of God), His devotees constantly remain in the bliss.

ਸੁਣਿਐ ਦੂਖ ਪਾਪ ਕਾ ਨਾਸੁ ॥੧੦॥
suni-ai dookh paap kaa naas. ||10||
ਉਹਦਾ ਨਾਮ ਸੁਣਨ ਦੇ ਨਾਲ, ਦੁਖ ਅਤੇ ਪਾਪ ਕੱਟੇ ਜਾਂਦੇ ਹਨ।
By hearing God's Name, sufferings (Mental agony, disease) and sins are washed away. ||10||

ਸੁਣਿਐ ਸਰਾ ਗੁਣਾ ਕੇ ਗਾਹ ॥
suni-ai saraa gunaa kay gaah.
ਵਾਹਿਗੁਰੂ ਦਾ ਨਾਮ ਸੁਣਨ ਦੇ ਨਾਲ, ਉਹਦੇ ਬੇਹਸਾਬ ਸਰ–ਸਰੋਵਰ: ਸਮੁੰਦਰ, ਸਮਝੋ ਕਿ ਖਜ਼ਾਨਾ, ਭਾਵ ਗੁਣਾ ਦੀ ਜਾਣਕਾਰੀ ਹੋ ਜਾਂਦੀ ਹੈ।
ਗੁਣਾਂ ਦੇ ਸਰੋਵਰ – ਵਾਹਿਗੁਰੂ, ਦਾ ਗਿਆਨ ਹੋ ਜਾਂਦਾ ਹੈ।
By hearing the Lord's Name, one attains the knowledge of His innumerable Virtues.

ਸੁਣਿਐ ਸੇਖ ਪੀਰ ਪਾਤਿਸਾਹ ॥

suni-ai saykh peer paatisaah.

ਲੋਕ, ਪਰਮਾਤਮਾ ਦਾ ਨਾਮ ਸੁਣਨ ਦੀ ਕਿਰਪਾ ਦੇ ਨਾਲ ਸ਼ੇਖ (ਮੁਸਲਮਾਨਾ ਦੀ ਇਕ ਗੋਤ। ਹਿੰਦੂ ਤੋਂ ਬਣੇ ਮੁਸਲਮਾਨ ਨੂੰ ਵੀ ਸ਼ੇਖ ਕਹਿੰਦੇ ਹਨ। ਭਾਵ, ਚੰਗਾ ਮੁਸਲਮਾਨ), ਪੀਰ (ਮੁਸਲਮਾਨ ਸੰਤ, ਉਹਨਾ ਦਾ ਧਾਰਮਿਕ ਆਗੂ), ਅਤੇ ਬਾਦਸ਼ਾਹ ਦੀ ਪਦਵੀ ਪਾ ਲੈਂਦੇ ਹਨ (ਉੱਤਮ ਪੁਰਸ਼ – ਚੰਗੇ ਬੰਦੇ, ਬਣ ਜਾਂਦੇ ਹਨ)।

By virtue of listening to the Lord 's Name, one becomes a Sheikh, a Peer (Muslim saint, their religious leader), and a Pateshah – Badshah i.e. a king. (Sheikh - a sect of Muslims, a Hindu converted to Islam, a good Muslim. The Lord's Name changes the people to supreme beings).

ਸੁਣਿਐ ਅੰਧੇ ਪਾਵਹਿ ਰਾਹੁ ॥

suni-ai anDhay paavahi raahu.

ਮਾਲਕ ਦਾ ਨਾਮ ਸੁਣਨ ਦੇ ਨਾਲ ਅੰਨ੍ਹੇ (ਅਕਲ ਦੇ ਅੰਨ੍ਹੇ। ਜਿਨ੍ਹਾਂ ਨੂੰ ਰੱਬ ਉੱਤੇ ਭਰੋਸਾ ਨਹੀ) ਵੀ ਰਾਹ (ਰੱਬ ਨੂੰ ਮਿਲਣ ਦਾ ਰਸਤਾ) ਪਾ ਲੈਂਦੇ ਹਨ।

By listening to God's Name, even the blind (spiritually blind, those having no faith in the Lord) find their way (the path of union with God).

ਸੁਣਿਐ ਹਾਥ ਹੋਵੈ ਅਸਗਾਹੁ ॥

suni-ai haath hovai asgaahu.

ਰੱਬ ਦਾ ਨਾਮ ਸੁਣਨ ਦੇ ਨਾਲ ਅਸਗਾਹ ਦੀ ਹਾਥ ਮਿਲ ਜਾਂਦੀ ਹੈ।

ਅਸਗਾਹ – ਜਿਸ ਦੀ ਗਿਣਤੀ-ਮਿਣਤੀ ਨਹੀ ਹੋ ਸਕਦੀ: ਸਮੁੰਦਰ, ਭਾਵ ਵਾਹਿਗੁਰੂ। ਹਾਥ – ਹੱਥ, ਉਂਗਲ ਦੇ ਸਿਰੇ ਤੋਂ ਲੈ ਕੇ ਕੂਹਨੀ ਤੱਕ ਦੀ ਲੰਬਾਈ ਕਿ ਜੋ ਮਿਣਨ ਵਾਸਤੇ ਵਰਤਦੇ ਹਨ। "ਹੱਥਾਂ" ਦੇ ਨਾਲ ਮਿਣਤੀ, ਗਿਆਨ।

By hearing the Master's Name, we get the knowledge of He Who is beyond our understanding.

ਨਾਨਕ ਭਗਤਾ ਸਦਾ ਵਿਗਾਸੁ ॥

Naanak bhagtaa sadaa vigaas.

ਨਾਨਕ, ਵਾਹਿਗੁਰੂ ਦੇ ਨਾਮ ਦੀ ਅਜਿਹੀ ਕਿਰਪਾ ਦੇਖ ਕੇ ਭਗਤ ਸਦਾ ਅਨੰਦ ਵਿਚ ਰਹਿੰਦੇ ਹਨ (ਨਿਤ, ਨਾਮ ਜਪਣ ਦਾ ਚਾਉ ਰਹਿੰਦਾ ਹੈ)।

Nanak, by beholding such Virtues of the Name of God, the saints stay in constant bliss (They remain eager to recite His Name).

ਸੁਣਿਐ ਦੂਖ ਪਾਪ ਕਾ ਨਾਸੁ ॥੧੧॥

suni-ai dookh paap kaa naas. ||11||

ਮਾਲਕ ਦੇ ਨਾਮ ਨੂੰ ਸੁਣਨ ਦੇ ਨਾਲ, ਦੁਖ (ਮਨ ਦੀ ਕਲਪਣਾ, ਰੋਗ) ਅਤੇ ਪਾਪ ਨਾਸ ਹੋ ਜਾਂਦੇ ਹਨ।

Hearing the Lord's Name, destroys agonies (mental, physical) and sins. |11||

ਮੰਨੇ ਕੀ ਗਤਿ ਕਹੀ ਨ ਜਾਇ ॥

mannay kee gatt kahee naa jaa-i.

ਜੋ ਵੀ (ਵਾਹਿਗੁਰੂ ਅਤੇ) ਉਹਦੇ ਹੁਕਮ ਨੂੰ ਮੰਨਦਾ ਹੈ, ਉਹਦੇ ਬਾਰੇ (ਉਹਦੇ ਮਨ ਦੀ ਹਾਲਤ, ਉੱਚੀ ਪਦਵੀ, ਤਾਰੀਫ਼) ਕੁਝ ਦਸਣਾ-ਕਹਿਣਾ ਬਹੁਤ ਮੁਸ਼ਕਲ ਹੈ।

It is not possible to describe the higher mental state of one who accepts the Will of God (has faith in Him).

ਜੇ ਕੋ ਕਹੈ ਪਿਛੈ ਪਛੁਤਾਇ ॥

jay ko kahai pichhai pachhutaa-i.

ਜੇ ਕੋਈ ਇਸ ਬਾਰੇ ਕੁਝ ਦੱਸਣ ਦੀ ਕੋਸ਼ਿਸ਼ ਕਰਦਾ ਹੈ, ਤਾਂ ਉਹ ਮਗਰੋਂ ਪਛਤਾਉਂਦਾ ਹੈ ਕਿ ਇਹ ਕੁਝ ਵੀ ਨਹੀ ਦੱਸ ਸਕਿਆ (ਇਹ ਦੱਸ ਲੈਣਾ ਤਾਂ ਉਹਦੇ ਵੱਸ ਦੀ ਗੱਲ ਨਹੀ ਸੀ)।

If someone tries to describe, he repents that he could not tell anything (he did not have the wisdom to do so).

ਕਾਗਦਿ ਕਲਮ ਨ ਲਿਖਣਹਾਰੁ ॥

kaagad kalam naa likhanhaar.

ਅਜਿਹਾ ਕਾਗਜ਼, ਅਜਿਹੀ ਕਲਮ, ਅਤੇ ਨਾ ਹੀ ਇਹੋ ਜਿਹਾ ਕੋਈ ਲਿਖਾਰੀ ਹੈ (ਕਿ ਰੱਬ ਦਾ ਹੁਕਮ ਮਨਣ ਵਾਲੇ ਦੇ ਮਨ ਦੀ ਉੱਚੀ ਅਵਸਥਾ ਦੇ ਬਾਰੇ ਲਿਖਿਆ ਜਾ ਸਕੇ),

There is no paper, pen, and scribe, who has the ability to do so (To write about the elevated state of the mind of one who surrenders to God),

ਮੰਨੇ ਕਾ ਬਹਿ ਕਰਨਿ ਵੀਚਾਰੁ ॥

mannay kaa beh karan veechaar.

(ਕਿ) ਰੱਬ ਉੱਤੇ ਭਰੋਸਾ ਰੱਖਣ ਵਾਲੇ ਦੇ ਮਨ ਦੀ ਹਾਲਤ ਬਾਰੇ ਵਿਚਾਰਿਆ ਜਾ ਸਕੇ। (ਹੁਕਮ ਮਨਣ ਵਾਲੇ, ਨਾਮ ਜਪਣ ਵਾਲੇ, ਜੋ ਵਾਹਿਗੁਰੂ - ਬਾਣੀ, ਕਹਿੰਦੀ ਹੈ ਉਹਨੂੰ ਸੁਣ ਕੇ ਮਨਣ ਵਾਲੇ - ਹੁਕਮ ਨੂੰ ਆਪਣੇ ਜੀਵਨ ਵਿਚ ਲੈ ਆਉਣ ਵਾਲੇ ਦੇ ਮਨ ਦੀ ਹਾਲਤ ਬਾਰੇ ਵਿਚਾਰਦੇ ਹਨ ਪਰ ਕੁਝ ਜਾਣ ਨਹੀ ਸਕਦੇ)।

(That) they may reflect on the one who has faith in the Lord (accepts the Will of God, practices Nam i.e. recites His Name).

ਐਸਾ ਨਾਮੁ ਨਿਰੰਜਨੁ ਹੋਇ ॥

aisaa naam niranjan ho-i.

ਅਜਿਹਾ ਹੈ ਫਲ ਨਿਰੰਜਨ (ਪਵਿੱਤਰ, ਭਾਵ ਵਾਹਿਗੁਰੂ) ਦੇ ਨਾਮ ਨੂੰ ਮਨਣ ਦਾ। (ਅਜਿਹਾ ਪਵਿੱਤਰ ਹੈ ਨਾਮ!),

Such is the effect of the Name of the Lord. (So pure is His Name!),

ਜੇ ਕੋ ਮੰਨਿ ਜਾਣੈ ਮਨਿ ਕੋਇ ॥੧੨॥

jay ko mann jaanai man ko-i. ||12||

ਪਰ, ਜੇ ਕੋਈ ਇਸ ਗੱਲ ਉੱਤੇ ਵਿਸ਼ਵਾਸ ਕਰਕੇ (ਮੰਨ ਕੇ, ਹੁਕਮ ਵਿਚ ਆ ਕੇ) ਇਹਨੂੰ ਆਪਣੇ ਮਨ ਦੇ ਅੰਦਰ ਬਠਾ ਲਵੇ (ਪੱਕਾ ਕਰ ਲਵੇ, ਕਿ ਉਹਦੇ ਹੁਕਮ ਵਿਚ ਇਹ ਗੁਣ-ਸ਼ਕਤੀ ਹੈ)।

Provided, one has the firm faith in His Name (accepts His Will, believes in the

Virtues of His Name). ||12||

ਮੰਨੈ ਸੁਰਤਿ ਹੋਵੈ ਮਨਿ ਬੁਧਿ ॥
mannai surat hovai man buDh.
ਵਾਹਿਗੁਰੂ ਦੇ ਨਾਮ ਉੱਤੇ ਭਰੋਸਾ ਕਰਨ ਦੇ ਨਾਲ (ਹੁਕਮ ਵਿਚ ਆਕੇ), ਆਪਣੇ ਮਨ ਅਤੇ ਬੁੱਧੀ ਦਾ ਪਤਾ ਲੱਗ ਜਾਂਦਾ ਹੈ (ਕਿ ਇਹ ਕਿਸ ਅਵਸਥਾ ਵਿਚ ਹਨ, ਆਪੇ ਦੀ ਸੋਝੀ ਹੋ ਜਾਂਦੀ ਹੈ। ਮੰਨ ਲਿਆਂ, ਮਨ ਤੇ ਸਮਝ ਵਿਚ ਵਾਹਿਗੁਰੂ ਦਾ ਗਿਆਨ ਆ ਜਾਂਦਾ ਹੈ)।
By believing in the Lord's Name (surrendering to Him), one comes to know the state of his mind (understands his self, self-realization. By having faith in His Name, he gets Divine-Understanding).

ਮੰਨੈ ਸਗਲ ਭਵਣ ਕੀ ਸੁਧਿ ॥
mannai sagal bhavan kee suDh.
ਨਾਮ ਵਿੱਚ ਭਰੋਸਾ ਕਰਨ ਦੇ ਨਾਲ ਸਾਰੇ ਭਵਨਾ (ਥਾਂਵਾਂ) ਦੀ ਸਮਝ ਆ ਜਾਂਦੀ ਹੈ (ਕਿ ਵਾਹਿਗੁਰੂ ਸੱਭ ਥਾਂ ਮੌਜੂਦ ਹੈ। ਵਾਹਿਗੁਰੂ ਦੇ ਗਿਆਨ, ਅਤੇ ਮਨ ਦੇ ਸਾਰੇ ਮੰਡਲਾਂ: ਹਾਲਤਾਂ, ਦਾ ਪਤਾ ਲੱਗ ਜਾਂਦਾ ਹੈ)।
By believing in God's Name, one gains the knowledge of all the places (That the Lord is present everywhere. One becomes aware of God and of one's own mind).

ਮੰਨੈ ਮੁਹਿ ਚੋਟਾ ਨਾ ਖਾਇ ॥
mannai muhi chotaa naa khaa-i.
ਨਾਮ (ਵਾਹਿਗੁਰੂ) ਨੂੰ ਮੰਨ ਲੈਣ ਦੇ ਨਾਲ ਮੂੰਹ ਉੱਤੇ ਸੱਟਾਂ ਨਹੀ ਸਹਾਰਨੀਆਂ ਪੈਂਦੀਆਂ।
ਚੋਟਾਂ – ਧੱਕੇ, ਨਹੀ ਖਾਂਦਾ। ਦੁਖ ਕਲੇਸ਼ ਨਹੀ ਆਉਂਦੇ। ਕਾਮ, ਕਰੋਧ, ਲੋਭ, ਮੋਹ, ਹੰਕਾਰ ਤੋਂ ਬਚਾ ਰਹਿੰਦਾ ਹੈ। ਮਨ ਸ਼ਾਂਤ ਹੋ ਜਾਂਦਾ ਹੈ, ਅਤੇ ਗਿਆਨ ਦੀ ਪਰਾਪਤੀ ਲਈ ਥਾਂ ਥਾਂ ਨਹੀ ਤੁਰਿਆ ਫਿਰਦਾ।
With faith in His Name (God), one is saved from pain, sorrow, frustration (Lust, anger, greed, attachment, and ego do not bother him. He becomes contented and no more goes from door to door to beg the knowledge of God).

ਮੰਨੈ ਜਮ ਕੈ ਸਾਥਿ ਨ ਜਾਇ ॥
mannai jam kai saath naa jaa-i.
ਨਾਮ ਉੱਤੇ ਭਰੋਸੇ ਦੇ ਨਾਲ, ਜੱਮ ਦੇ ਨਾਲ ਜਾਣੋ ਬੱਚ ਜਾਈਦਾ ਹੈ। (ਮੌਤ ਦਾ ਡਰ ਨਹੀ ਰਹਿੰਦਾ)।
Through belief in the Lord's Name, one does not go with the death's messenger. (There is no more fear of death).

ਐਸਾ ਨਾਮੁ ਨਿਰੰਜਨੁ ਹੋਇ ॥
aisaa naam niranjan ho-i.
ਇਹੋ ਜੇਹਾ ਹੈ ਦੋਸ਼–ਰਹਿਤ (ਵਾਹਿਗੁਰੂ) ਦਾ ਨਾਮ,
Such is the Name of the Spotless (God),

ਜੇ ਕੋ ਮੰਨਿ ਜਾਣੈ ਮਨਿ ਕੋਇ ॥੧੩॥
jay ko mann jaanai man ko-i. ||13||
ਜੇ ਕੋਈ ਮਨ ਦੇ ਅੰਦਰ ਵਾਹਿਗੁਰੂ ਦੇ ਨਾਮ ਉੱਤੇ ਭਰੋਸਾ ਲੈ ਆਵੇ।
If in the mind someone has faith in the Lord's Name. ||13||

ਮੰਨੈ ਮਾਰਗਿ ਠਾਕ ਨ ਪਾਇ ॥
mannai maarag thaak naa paa-i.
ਵਾਹਿਗੁਰੂ (ਅਤੇ ਇਹਦੇ ਨਾਮ) ਉੱਤੇ ਵਿਸ਼ਵਾਸ ਰੱਖਣ ਵਾਲੇ ਨੂੰ (ਉੱਚੇ ਆਤਮਕ, ਰੱਬ ਦੇ ਮੇਲ ਦੇ) ਰਾਹ ਵਿੱਚ ਰੁਕਾਵਟ (ਕਾਮ, ਕਰੋਧ, ਲੋਭ, ਮੋਹ, ਹੰਕਾਰ ਦੀ) ਨਹੀ ਪੈਂਦੀ।
The believer in God's Name has no obstacles (like those of lust, anger, greed, attachments and ego) on his way (of the spiritual development) to meet the Lord.

ਮੰਨੈ ਪਤਿ ਸਿਉ ਪਰਗਟੁ ਜਾਇ ॥
mannai patt si-o pargat jaa-i.
ਨਾਮ ਉੱਤੇ ਭਰੋਸਾ ਰਖਣ ਵਾਲਾ ਇਜ਼ੱਤ ਦੇ ਨਾਲ ਪਰਗਟ (ਜ਼ਾਹਿਰ, ਸ਼ੋਭਾ ਵਾਲਾ) ਹੋ ਕੇ (ਰੱਬ ਦੇ ਘਰ) ਜਾਂਦਾ ਹੈ।
The believer in the Lord (His Name), departs with honor and renown (into God's Presence).

ਮੰਨੈ ਮਗੁ ਨ ਚਲੈ ਪੰਥੁ ॥
mannai mag naa chalai Panth.
ਵਾਹਿਗੁਰੂ-ਨਾਮ ਦੇ ਰਾਹ (ਨਾਮ-ਜਾਪ) ਉੱਤੇ ਭਰੋਸਾ ਲੈ ਆਉਣ ਦੇ ਨਾਲ, ਹੋਰ ਪੰਥ (ਰਸਤੇ, ਰੱਬ ਨੂੰ ਮਿਲਣ ਦੇ ਢੰਗ) ਮਨ ਵਿਚ ਨਹੀ ਆਉਂਦੇ (ਵਿਚਾਰਦਾ ਵੀ ਨਹੀ। ਮਨ ਸ਼ਾਂਤ ਹੋ ਜਾਂਦਾ ਹੈ)।
The believer on the way of His Name (Recitation of His Name), does not consider any other path (any other method of meeting God. He becomes contented).

ਮੰਨੈ ਧਰਮ ਸੇਤੀ ਸਨਬੰਧੁ ॥
mannai Dharam saytee san-banDh.
ਨਾਮ ਉੱਤੇ ਭਰੋਸਾ ਕਰਨ ਵਾਲੇ ਦਾ ਧਰਮ (ਸਚਾਈ, ਚੰਗੇ ਅਸੂਲ, ਆਪਣਾ ਧਰਮ) ਦੇ ਨਾਲ ਸਨਬੰਧ ਹੋ ਜਾਂਦਾ ਹੈ। (ਉਹ ਧਰਮੀ ਹੋ ਜਾਂਦਾ ਹੈ)।
The believer adopts good (truthful) discipline of life (becomes spiritual minded).

ਐਸਾ ਨਾਮੁ ਨਿਰੰਜਨੁ ਹੋਇ ॥
aisaa naam niranjan ho-i.
ਅਜਿਹਾ ਹੈ ਨਿਰੰਜਨ (ਦਾਗ਼-ਦੋਸ਼ ਤੋਂ ਰਹਿਤ, ਵਾਹਿਗੁਰੂ) ਦਾ ਨਾਮ,
Such is the Name of the Pure-One (God),

ਜੇ ਕੋ ਮੰਨਿ ਜਾਣੈ ਮਨਿ ਕੋਇ ॥੧੪॥
jay ko mann jaanai man ko-i. ||14||
ਜੇ ਕੋਈ ਮਨ ਦੇ ਅੰਦਰ ਨਾਮ ਦੇ ਉੱਤੇ ਭਰੋਸਾ ਲੈ ਆਵੇ।
Provided someone has faith in the Lord's Name (in what He says). ||14||

ਮੰਨੈ ਪਾਵਹਿ ਮੋਖੁ ਦੁਆਰੁ ॥
mannai paavahi mokh duaar.
ਹੁਕਮ ਮਨਣ ਵਾਲਾ (ਨਾਮ ਜਪਣ ਵਾਲਾ) ਮੁੱਕਤ ਹੋ ਜਾਂਦਾ ਹੈ (ਉਹਨੂੰ ਦੁਨੀਆਂ ਦੇ ਬੰਧਨ ਨਹੀ ਰਹਿੰਦੇ, ਆਤਮਾ ਨੂੰ ਸ਼ਾਂਤੀ ਮਿਲ ਜਾਂਦੀ ਹੈ, ਮਰਣ-ਜਮਣ ਦਾ ਚੱਕਰ ਮੁਕ ਜਾਂਦਾ ਹੈ)।
One who submits to the Will of God (One who practices the Nam-Jap: recitation of His Name, follows what He: the Scriptures say) attains “Mukti” (liberation from the worldly bindings, the soul gets peace, his cycle of birth and death ends).

ਮੰਨੈ ਪਰਵਾਰੈ ਸਾਧਾਰੁ ॥
mannai parvaarai saaDhaar.
ਵਾਹਿਗੁਰੂ (ਨਾਮ) ਨੂੰ ਮਨਣ ਵਾਲਾ, ਪਰਵਾਰ ਦਾ ਵੀ ਸੁਧਾਰ ਕਰ ਦਿੰਦਾ ਹੈ (ਪਰਵਾਰ ਨੂੰ ਰੱਬ ਦਾ ਆਸਰਾ ਦਿੰਦਾ ਹੈ, ਵਾਹਿਗੁਰੂ ਦੇ ਨਾਲ ਜੋੜਦਾ ਹੈ)।
One with faith in God, reforms (Redeems) his family also.

ਮੰਨੈ ਤਰੈ ਤਾਰੇ ਗੁਰੁ ਸਿਖ ॥
mannai tarai taaray gur sikh.
ਮੰਨਣ ਵਾਲਾ ਗੁਰਸਿਖ, ਆਪ ਤਰ ਜਾਂਦਾ ਅਤੇ ਹੋਰਾਂ ਨੂੰ ਵੀ ਤਾਰ ਲੈਂਦਾ ਹੈ। (ਤਰਨਾ - ਸੰਸਾਰ-ਸਮੁੰਦਰ ਤਰ ਜਾਣਾ, ਜੀਵਣ ਕਾਮਯਾਬੀ ਦੇ ਨਾਲ ਜੀਵ ਲੈਣਾ)।
The Gur-Sikh (Guru-Oriented person) swims away across the worldly-ocean and also, takes others along with him (Lives his life successfully and as well, makes others do so).

ਮੰਨੈ ਨਾਨਕ ਭਵਹਿ ਨ ਭਿਖ ॥
mannai naanak bhavahi naa bhikh.
ਨਾਨਕ, ਜੇ ਪ੍ਰਭੂ ਉੱਤੇ ਭਰੋਸਾ ਹੋ ਜਾਵੇ ਤਾਂ ਫਿਰ ਇਹ ਮੰਗਣ ਲਈ ਨਹੀ ਫਿਰਦਾ।
ਭਵਹਿ - ਇਧਰ-ਉੱਧਰ ਧੱਕੇ ਨਹੀ ਖਾਂਦਾ। ਸ਼ਾਂਤੀ ਆ ਜਾਂਦੀ ਹੈ, ਮੰਗਾਂ ਨਹੀ ਰਹਿੰਦੀਆਂ, ਚੀਜ਼ਾਂ ਦੀ ਭੁਖ ਨਹੀ ਰਹਿੰਦੀ, ਮੁਹਤਾਜੀ ਨਹੀ ਰਹਿੰਦੀ, ਮਾਇਆ ਦੇ ਬੰਧਨ ਮੁਕ ਜਾਂਦੇ ਹਨ। ਸ਼ਾਂਤੀ ਆ ਜਾਂਦੀ ਹੈ, ਅਤੇ ਰੱਬ ਦੇ ਰਾਹ ਦੀਆਂ ਪੁੱਛਾਂ ਨਹੀ ਪਾਉਂਦਾ ਫਿਰਦਾ।
Nanak, one with faith in the Lord does not go about begging (becomes content, stops demands, becomes satiated, is no more a slave of his desires, gets liberated from the worldly bindings, becomes appeased and no more asks others the way to God).

ਐਸਾ ਨਾਮੁ ਨਿਰੰਜਨੁ ਹੋਇ ॥
aisaa naam niranjan ho-i.
ਅਜਿਹਾ ਹੈ (ਸ਼ਕਤੀ ਵਾਲਾ, ਕਰਾਮਾਤ ਭਰਿਆ) ਵਾਹਿਗੁਰੂ ਦਾ ਨਾਮ,
Such is (the powerful, full of miracles) the Name of God,

ਜੇ ਕੋ ਮੰਨਿ ਜਾਣੈ ਮਨਿ ਕੋਇ ॥੧੫॥
jay ko mann jaa<u>n</u>ai man ko-i. ||15||
ਜੇ ਕੋਈ ਆਪਣੇ ਮਨ ਅੰਦਰ ਉਹਦੇ ਨਾਮ ਦੇ ਉਤੇ ਭਰੋਸਾ ਕਰ ਲਵੇ।
If in the mind, someone has faith in the Lord's Name. ||15||

ਪੰਚ ਪਰਵਾਣ ਪੰਚ ਪਰਧਾਨੁ ॥
panch parvaa<u>n</u> panch par<u>Dh</u>aan.
ਪੰਚ ਵਾਹਿਗੁਰੂ ਨੂੰ ਮਨਜ਼ੂਰ (ਕਬੂਲ) ਹਨ, ਅਜਿਹੇ ਹੀ (ਸੰਗਤ, ਸੁਸਾਇਟੀ ਵਿਚ) ਸਿਰਕੱਢ (ਮੁਖੀ, ਆਤਮਕ ਆਗੂ) ਹਨ।
ਪੰਚ – ਚੋਣਵੇਂ, ਮੁਖੀ, ਗੁਰਮੁਖ, ਜਿਨ੍ਹਾਂ ਨੂੰ ਨਾਮ ਉੱਤੇ ਵਿਸ਼ਵਾਸ ਹੈ।
Those with faith in the Name of God are His “selected (chosen) ones,” are acceptable to Him, and become “Pardhaan” the spiritual leaders (the honored ones).

ਪੰਚੇ ਪਾਵਹਿ ਦਰਗਹਿ ਮਾਨੁ ॥
panchay paavahi <u>d</u>argahi maan.
ਅਜਿਹੇ ਪੰਚ (ਗੁਰਮੁਖ), ਵਾਹਿਗੁਰੂ ਦੇ ਦਰਬਾਰ ਵਿਚ ਆਦਰ ਪਾਉਂਦੇ ਹਨ।
Such God-Oriented persons attain honor in His Court.

ਪੰਚੇ ਸੋਹਹਿ ਦਰਿ ਰਾਜਾਨੁ ॥
panchay sohahi <u>d</u>ar raajaan.
ਅਜਿਹੇ ਚੁਣੇ ਹੋਏ (ਪੰਚ, ਗੁਰਮੁਖ) ਰਾਜਿਆਂ (ਆਤਮਿਕ ਰਾਜਿਆਂ) ਦੇ ਦਰਬਾਰ ਅੰਦਰ ਸ਼ੋਭਾ (ਮਾਣ, ਆਦਰ) ਵਾਲੇ ਹੁੰਦੇ ਹਨ।
Such selected ones (God-Oriented) grace the court of kings (spiritual people).

ਪੰਚਾ ਕਾ ਗੁਰੁ ਏਕੁ ਧਿਆਨੁ ॥
panchaa kaa gur ayk <u>Dh</u>i-aan.
ਅਜਿਹੇ ਪੰਚ (ਚੰਗੇ ਲੋਕ), ਸਿਰਫ਼ ਇਕ ਗੁਰੂ (ਵਾਹਿਗੁਰੂ) ਦੇ ਧਿਆਨ ਵਿਚ ਜੁੜੇ ਰਹਿੰਦੇ ਹਨ।
The attention of the chosen ones stays fixed only on Guru (God).

ਜੇ ਕੋ ਕਹੈ ਕਰੈ ਵੀਚਾਰੁ ॥
jay ko kahai karai vichaar
ਜੇ ਕੋਈ ਅਜਿਹੇ ਗੁਰਮੁਖਾਂ (ਵਾਹਿਗੁਰੂ) ਦੇ ਬਾਰੇ ਕੁਝ ਕਹੇ ਅਤੇ ਇਸ ਉੱਤੇ ਵਿਚਾਰ ਵੀ ਕਰੇ,
If someone comments or thinks about such God-Oriented people (and God),

ਕਰਤੇ ਕੈ ਕਰਣੈ ਨਾਹੀ ਸੁਮਾਰੁ ॥

kartay kai karnai naahee sumaar.

ਕਰਤਾ (ਵਾਹਿਗੁਰੂ) ਦੇ ਕੀਤੇ ਕੰਮਾਂ ਦੀ ਗਿਣਤੀ ਨਹੀ ਹੋ ਸਕਦੀ।

ਉਹਦੀਆਂ ਬਖਸ਼ਿਸ਼ਾਂ ਬੇਅੰਤ ਹਨ। ਜੋ ਵਾਹਿਗੁਰੂ ਨੇ ਅਜਿਹੇ ਗੁਰਮੁਖ ਬਣਾਏ ਹਨ, ਇਹਨਾ ਦਾ, ਇਹਨਾ ਦੇ ਮਨ ਦੀ ਅਵਸਥਾ ਦਾ, ਅਤੇ ਪਰਮਾਤਮਾ ਦਾ ਆਪਣਾ ਵੀ, ਕੋਈ ਅੰਤ ਨਹੀ।

No one can count the Doings (Blessings) of the Creator. (It is hard to describe such God-Oriented people or about their mental state, as they are also His Creation,).

ਧੌਲੁ ਧਰਮੁ ਦਇਆ ਕਾ ਪੂਤੁ ॥

Dhoul Dharam d-i-aa kaa poot.

ਧੌਲ (ਸਫ਼ੈਦ ਬੈਲ) ਧਰਮ: ਚੰਗਿਆਈਆਂ, ਅਤੇ ਦਿਆ ਦਾ ਪੁੱਤਰ ਹੈ।

ਧੌਲੁ – 'ਸਫ਼ੈਦ'– ਬੈਲ ਜਿਸ ਨੇ ਧਰਤੀ ਚੁੱਕੀ ਹੋਈ ਦਸੀਦੀ ਹੈ, ਅਜਿਹਾ ਕਹਾਵਤੀ ਬੈਲ ਕੋਈ ਚੀਜ਼ ਨਹੀ, ਇਹ ਇਕ 'ਰੱਬ ਦਾ ਅਸੂਲ' ਹੈ ਅਤੇ ਇਸ ਅਨੁਸਾਰ ਦੁਨੀਆ ਧਰਮ ਅਤੇ ਦਿਆ ਦੇ ਆਸਰੇ ਟਿਕੀ ਹੋਈ ਹੈ। ਧਰਤੀ ਦਾ ਅਧਾਰ ਧਰਮ ਹੈ ਕਿ ਜੋ ਦਿਆ ਤੋਂ ਉੱਪਜਦਾ ਹੈ।

The White Bull is the outcome of Dharam - Dharma: Right discipline, and Daya: Compassion. (White Bull - Mythical bull holding up the earth is the Lord's Discipline, Principle, or System. There is nothing like such a white-bull and the world is supported by the discipline of Dharam and Daya).

ਸੰਤੋਖੁ ਥਾਪਿ ਰਖਿਆ ਜਿਨਿ ਸੂਤਿ ॥

santokh thaap rakhi-aa jin soot.

ਇਹਨਾ (ਧਰਮ ਅਤੇ ਦਿਆ) ਦੇ ਨਾਲ ਸੰਤੋਖ ਨੇ ਮਿਲ ਕੇ ਸੰਸਾਰ ਨੂੰ ਇਕ ਸੂਤਰ ਵਿਚ ਰਖਿਆ ਹੋਇਆ ਹੈ।

ਸੰਤੋਖ – ਸਬਰ, ਸਹਿਣਾ, ਸ਼ਾਂਤੀ, ਰੱਬ ਦੇ ਹੁਕਮ ਵਿਚ ਰਹਿਣਾ। ਸੂਤਰ – ਡੋਰ, ਸੇਧ, ਦੁਨਿਆ ਦੇ ਚੱਲਣ ਦੇ ਅਸੂਲ। ਲੋਕਾਂ ਦੇ ਸਹੀ ਚਲਨ ਦਾ ਅਸੂਲ ਧਰਮ, ਦਿਆ ਅਤੇ ਸੰਤੋਖ ਹਨ।

These (Dharam and Daya) combined with Santokh hold the earth in its Order – System. (Santokh - Contentment, forbearance, patience, satiation, tolerance. Right-Discipline to live is Dharam, Daya, plus Santokh).

ਜੇ ਕੋ ਬੁਝੈ ਹੋਵੈ ਸਚਿਆਰੁ ॥

jay ko boojhai hovai sachi-aar.

ਉਹ ਸਚਿਆਰਾ (ਗਿਆਨ ਵਾਲਾ, ਸਮਝਦਾਰ) ਹੈ ਕਿ ਜੇ ਅਸਲੀਅਤ (ਸਚਾਈ) ਸਮਝ ਲਵੇ,

Sachyara (The man of truth, and knowledge, He knows the Truth that God is everything) is one who understands the Truth,

ਧਵਲੈ ਉਪਰਿ ਕੇਤਾ ਭਾਰੁ ॥

Dhavlai upar kaytaa bhaar.

ਕਿ ਧਉਲੇ ਬੈਲ ਉਤੇ ਕਿੰਨਾ ਭਾਰ ਹੈ! (ਧਰਤੀ ਉੱਤੇ ਕੁਦਰਤ ਦਾ ਕਿਨਾ ਪਸਾਰਾ: ਖਿਲਾਰਾ ਹੈ। ਕਿ ਵਾਹਿਗੁਰੂ

ਦੀ ਰਚਨਾ ਬੇਅੰਤ ਹੈ)।

As to how much load the white-bull carries (Understanding that the extent of Creation is unlimited).

ਧਰਤੀ ਹੋਰੁ ਪਰੈ ਹੋਰੁ ਹੋਰੁ ॥

Dhartee hor parai hor hor.

ਇਸ ਧਰਤੀ ਤੋਂ ਪਰੇ ਹੋਰ ਧਰਤੀਆਂ ਹਨ, ਅਤੇ ਇਹਨਾ ਰਚਨਾਵਾਂ (ਧਰਤੀਆਂ, ਦੁਨੀਆਵਾਂ) ਦਾ ਕੋਈ ਅੰਤ ਨਹੀ।

Beyond this earth, there are more earth's, and there is no end to His Creation (Worlds).

ਤਿਸ ਤੇ ਭਾਰੁ ਤਲੈ ਕਵਣੁ ਜੋਰੁ ॥

tis tay bhaar talai kavan jor.

ਇਸ ਬੈਲ ਨੇ ਧਰਤੀ ਚੁੱਕੀ ਹੋਈ ਹੈ, ਭਰ ਬੈਲ ਦੇ ਹੇਠਾਂ ਕਿਹੜੀ ਤਾਕਤ ਹੈ ਕਿ ਜਿਸ ਉੱਤੇ ਇਹ ਖੜਾ ਹੈ?
ਧਰਤੀ ਦੇ ਉੱਤੇ ਕੁਦਰਤ ਦਾ ਪਸਾਰਾ ਬੇਅੰਤ ਹੈ, ਅਜਿਹੀਆਂ ਧਰਤੀਆਂ ਦਾ ਅੰਤ ਨਹੀ, ਅਤੇ ਇਸ ਨੂੰ ਕਿਹੜੀ ਤਾਕਤ ਸਾਂਭਦੀ ਹੈ? ਵਾਹਿਗੁਰੂ ਹੀ ਇਸ ਪਸਾਰੇ ਦੀ ਸੰਭਾਲ ਕਰਦਾ ਹੈ। ਐਵੇਂ ਗੱਲ ਹੀ ਹੈ ਕਿ ਅਜਿਹੇ ਅਖੌਤੀ ਬੈਲ ਨੇ ਇਹ ਧਰਤੀ ਚੁੱਕੀ ਹੋਈ ਹੈ, ਸਾਰੀ ਰਚਨਾ ਦਾ ਅੰਤ ਨਹੀ ਅਤੇ ਵਾਹਿਗੁਰੂ ਹੀ ਹੈ ਕਿ ਜੋ ਇਤਨੇ ਪਸਾਰੇ ਦੀ ਪਾਲਣਾ ਕਰਦਾ ਹੈ।

If this mythical bull is supporting the earth, then what power is supporting this bull? (The universe has not only this earth but is a vast Creation, what power supports all this? Only Waheguru - God, takes care of everything. His Discipline supports everything).

ਜੀਅ ਜਾਤਿ ਰੰਗਾ ਕੇ ਨਾਵ ॥

jee-a jaat rangaa kay.naav.

ਜੀਵ ਕਈ ਰੰਗ-ਰੂਪਾਂ (ਜਾਤੀਆਂ, ਕਿਸਮਾਂ) ਅਤੇ ਨਾਵਾਂ ਦੇ ਹਨ। (ਜੀਵਾਂ ਦੀਆਂ ਕਿਸਮਾ ਬੇਸ਼ੁਮਾਰ ਹਨ)।

Living beings are of innumerable kinds, colors and names.

ਸਭਨਾ ਲਿਖਿਆ ਵੁੜੀ ਕਲਾਮ ॥

sabhnaa likhi-aa vurhee kalaam

ਸਾਰਿਆਂ ਨੇ ਰਚਨਾ ਦੇ ਬਾਰੇ ਲਗਾਤਾਰ ਲਿਖਿਆ ਹੈ। (ਵੁੜੀ - ਇਕਸਾਰ ਚਲਦੀ। ਇਹਨਾ ਜੀਵਾਂ ਬਾਬਤ ਲਗਾਤਾਰ ਚਲਦੀ ਕਲਮ ਦੇ ਨਾਲ ਲਿਖਿਆ ਹੈ। ਲੇਖਾ ਕੀਤਾ, ਅੰਦਾਜ਼ੇ ਲਾਏ, ਗੁਣ ਗਾਏ ਹਨ)।

People have continuously written about His Creation.

ਏਹੁ ਲੇਖਾ ਲਿਖਿ ਜਾਣੈ ਕੋਇ ॥

ayhu laykhaa likh jaanai ko-i.

ਜੇ ਕੋਈ ਇਹ ਲੇਖਾ ਲਿਖਣਾ ਜਾਣਦਾ ਹੋਵੇ (ਕੋਈ ਹੈ ਕਿ ਜੋ ਇਹ ਗਿਣਤੀ-ਮਿਣਤੀ ਕਰ ਸਕੇ?),

If someone knows to make this assessment (Is there anyone who can make the assessment of His Creation?),

ਲੇਖਾ ਲਿਖਿਆ ਕੇਤਾ ਹੋਇ ॥
laykhaa likhi-aa kaytaa ho-i.
(ਤਾਂ ਫ਼ੇਰ) ਇਹ ਲੇਖਾ ਕਿਡਾ ਵੱਡਾ ਹੋਵੇਗਾ (ਹੋ ਜਾਵੇਗਾ)? (ਕਿੱਡਾ ਵੱਡਾ ਹੋਵੇਗਾ ਇਹ ਲੇਖਾ ਅਤੇ ਇਹਨੂੰ ਕੌਣ ਲਿਖ ਸਕੇਗਾ! ਵਾਹਿਗੁਰੂ ਦੀ ਰਚਨਾ ਬਾਰੇ ਕੋਈ ਨਹੀ ਲਿਖ ਸਕਦਾ)।
(Then) how big will be this account? (Will anyone be able to write it down! The Creation of the Lord is beyond our capacity to assess).

ਕੇਤਾ ਤਾਣੁ ਸੁਆਲਿਹੁ ਰੂਪੁ ॥
kaytaa taan su-aalihu roop.
ਵਾਹਿਗੁਰੂ ਦੀ ਰਚਨਾ ਕਰਨ ਦੀ ਸ਼ਕਤੀ, ਅਤੇ ਇਹ ਕਰਨ ਦੀ ਸੁੰਦਰਤਾ ਕਮਾਲ ਹੈ!
How powerful is the Lord and Wonderful His Creation!

ਕੇਤੀ ਦਾਤਿ ਜਾਣੈ ਕੌਣੁ ਕੂਤੁ ॥
kaytee daat jaanai koun koot.
ਉਹ ਕਿੱਡਾ ਵੱਡਾ ਦਾਨੀ ਹੈ (ਉਹਦੀਆਂ ਕਿੰਨੀਆਂ ਦਾਤਾਂ ਹਨ), ਕਿਸ ਦੀ ਤਾਕਤ ਹੈ ਕਿ ਇਹ ਜਾਣ ਜਾਵੇ!
What a great Giver is He! (How many Boons He gives!) Who has the power to know it!

ਕੀਤਾ ਪਸਾਉ ਏਕੋ ਕਵਾਉ ॥
keetaa pasaa-o ayko kavaa-o.
ਇਕ ਸ਼ਬਦ (ਗੱਲ, ਹੁਕਮ) ਕਹਿਣ ਦੇ ਨਾਲ ਤੁਸੀਂ (ਵਾਹਿਗੁਰੂ ਜੀ) ਜਗਤ ਦਾ ਪਸਾਰਾ (ਬਣਾ, ਫੈਲਾਉ) ਕਰ ਦਿੱਤਾ ਹੈ!
Lord, You created the universe with One Word!
(The “Bang Theory” of the scientists states that the world was created by division of another planet with a bang).

ਤਿਸ ਤੇ ਹੋਏ ਲਖ ਦਰੀਆਉ ॥
tis tay ho-ay lakh daree-aa-o.
ਇਸ ਹੁਕਮ (ਪਸਾਰੇ) ਦੇ ਨਾਲ ਲੱਖਾਂ ਦਰਿਆ ਵਹਿਣ ਲੱਗ ਪਏ! (ਸਾਰੀ ਕੁਦਰਤ ਦੇ ਅੰਦਰ)।
With His Word, hundreds of thousands of rivers began to flow! (In the universe).

ਕੁਦਰਤਿ ਕਵਣ ਕਹਾ ਵੀਚਾਰੁ ॥
kudrat kavan kahaa veechaar.
ਮੇਰੇ ਕੋਲ ਤਾਕਤ ਕਿੱਥੇ ਕਿ ਮੈਂ ਉਸ ਬਾਰੇ (ਉਹ ਕਿੱਡਾ ਦਾਨੀ, ਤਾਕਤਵਰ, ਕਿਰਪਾਲੂ ਹੈ) ਵਿਚਾਰ ਕਰ ਸਕਾਂ, ਜਾਂ ਦਸ ਸਕਾਂ।
I have no power to contemplate on, or tell about Him (His Boons, Power, Kindness etc.)

ਵਾਰਿਆ ਨ ਜਾਵਾ ਏਕ ਵਾਰ ॥

vaari-aa naa jaavaa ayk vaar.

ਮੈਂ ਤਾਂ ਇਤਨੇ ਜੋਗਾ ਵੀ ਨਹੀ ਕਿ ਤੇਰੇ ਤੋਂ ਇਕ ਵਾਰੀ ਵੀ ਵਾਰਿਆ (ਕੁਰਬਾਨ) ਜਾ ਸਕਾਂ!

ਵਾਰੇ ਜਾਣਾ, ਕੁਰਬਾਨ ਹੋਣਾ, ਦਾ ਭਾਵ ਹੈ ਬਲਿਹਾਰ ਜਾਣਾ, ਆਪਣੀ ਬੇਹੱਦ ਪਿਆਰ ਭਰੀ ਖੁਸ਼ੀ ਜ਼ਾਹਿਰ ਕਰਨੀ। ਰੱਬ, ਗੁਰੂਆਂ, ਜਾਂ ਹੋਰ ਕਿਸੇ ਨੂੰ ਜਾਨਵਰਾਂ ਦੀਆਂ ਕੁਰਬਾਨੀਆਂ ਦੇਣੀਆਂ ਸਿਖ ਧਰਮ ਦਾ ਅਸੂਲ ਨਹੀ।

I do not even have the worth of appreciating You once! (Sacrifice to – is an expression of deep love and care. Sikhs do not offer sacrificial animals to God, Gurus or to anyone else).

ਜੋ ਤੁਧੁ ਭਾਵੈ ਸਾਈ ਭਲੀ ਕਾਰ ॥

jo tuDh bhaavai saa-ee bhalee kaar.

ਵਾਹਿਗੁਰੂ ਜੀ, ਉਹ ਹੀ ਠੀਕ ਹੈ ਕਿ ਜੋ ਤੁਹਾਨੂੰ ਚੰਗਾ ਲੱਗੇ (ਜੋ ਤੁਹਾਡਾ ਹੁਕਮ ਹੋਵੇ, ਮੈਂ ਕੁਝ ਨਹੀ ਕਹਿ ਸਕਦਾ)।

God, the right thing is one that pleases You (Whatever You desire, I cannot say any thing).

ਤੂ ਸਦਾ ਸਲਾਮਤਿ ਨਿਰੰਕਾਰ ॥੧੬॥

too sadaa salaamat nirankaar. ||16||

ਹੇ ਨਿਰੰਕਾਰ (ਅਕਾਰ ਰਹਿਤ, ਕੋਈ ਸ਼ਕਲ ਨਹੀ; ਵਾਹਿਗੁਰੂ), ਤੁਸੀਂ ਸਦਾ ਹੀ ਸਲਾਮਤ ਹੋ (ਹਮੇਸ਼ਾ ਕਾਇਮ ਹੋ, ਤੁਹਾਡਾ ਹੁਕਮ ਹੀ ਠੀਕ ਹੈ)।

Nirankar (Formless, God), You are Ever-Constant (Unchanged, Eternal, Immortal. Your Will prevails). ||16||

ਅਸੰਖ ਜਪ ਅਸੰਖ ਭਾਉ ॥

asankh jap asankh bhaa-o.

ਅਨਗਿਣਤ ਤੇਰਾ ਜਾਪ, ਅਤੇ ਬੇਅੰਤ ਤੈਨੂੰ ਪਿਆਰ (ਬੰਦਗੀ) ਕਰਦੇ ਹਨ।

There are countless who recite Your Name (do the Naam-Jaap), and numberless who love (worship) You.

ਅਸੰਖ ਪੂਜਾ ਅਸੰਖ ਤਪ ਤਾਉ ॥

asankh poojaa asankh tap taa-o.

ਅਨਗਿਣਤ ਹਨ ਜੋ ਤੇਰੀ ਪੂਜਾ, ਅਤੇ ਬੇਅੰਤ ਤੇਰੀ ਤਪਸਿਆ (ਅੱਗ ਦਾ ਸੇਕ ਸਹਾਰ ਕੇ ਭਜਨ ਕਰਨਾ, ਕਠਨ ਬੰਦਗੀ) ਕਰਦੇ ਹਨ। (ਬੇਅੰਤ ਤੇਰੀ ਪੂਜਾ ਅਤੇ ਅਨਗਿਣਤ ਤੇਰੀ ਤਪੱਸਿਆ ਦੇ ਢੰਗ ਹਨ)।

Countless worship You, and numberless revere You in the hard ways. (Your worship is done in many ways).

ਅਸੰਖ ਗਰੰਥ ਮੁਖਿ ਵੇਦ ਪਾਠ ॥

asankh garanth mukh vayd paath.

ਬੇਅੰਤ ਹਨ ਜੋ ਧਰਮ ਗਰੰਥਾਂ ਅਤੇ ਵੇਦਾਂ ਦਾ ਪਾਠ ਪੜ੍ਹਦੇ ਹਨ (ਤੈਨੂੰ ਮਿਲਣ ਦਾ ਇਹ ਢੰਗ ਸਮਝਦੇ–ਵਰਤਦੇ

ਹਨ)।
Countless recite the Scriptures and read the Vedas (as a way to meet You).

ਅਸੰਖ ਜੋਗ ਮਨਿ ਰਹਹਿ ਉਦਾਸ ॥
asankh jog man raheh udaas.
ਅਨਗਿਣਤ ਹਨ ਕਿ ਜੋ ਯੋਗ (ਵਾਹਿਗੁਰੂ ਮੇਲ ਦਾ ਇਕ ਤਰੀਕਾ) ਕਰਦੇ, ਅਤੇ ਮਨ ਨੂੰ ਉਦਾਸ (ਦੁਨੀਆਂ ਤੋਂ ਮੋੜ ਕੇ) ਰਖਦੇ ਹਨ।
Countless practice Yoga (Yogis practice Yoga - a method to meet God) and stay detached from the world.

ਅਸੰਖ ਭਗਤ ਗੁਣ ਗਿਆਨ ਵੀਚਾਰ ॥
asankh bhagat gun gi-aan veechaar.
ਅਨਗਿਣਤ ਭਗਤ ਵਾਹਿਗੁਰੂ ਦੇ ਗੁਣਾ ਦੇ ਗਿਆਨ ਦੇ ਨਾਲ ਉਹਦੇ (ਰੱਬ) ਉੱਤੇ ਵਿਚਾਰ ਕਰਦੇ ਹਨ। (ਅਨੇਕਾਂ ਭਗਤ ਵਾਹਿਗੁਰੂ ਦੇ ਗੁਣਾ ਦੇ ਉੱਤੇ ਵਿਚਾਰ ਕਰਦੇ ਹਨ, ਵਿਚਾਰ ਕਰਨ ਦੇ ਢੰਗ ਨਾਲ ਭਗਤੀ ਕਰਦੇ ਹਨ)।
Countless are the Bhagats (Devotees) who ponder on Him, or worship by reflecting on the Virtues of God.

ਅਸੰਖ ਸਤੀ ਅਸੰਖ ਦਾਤਾਰ ॥
asankh satee asankh daataar.
ਬੇਗਿਣਤ ਹਨ ਸਤੀ (ਧਰਮੀ ਲੋਕ, ਸੱਚੇ ਬੰਦੇ), ਅਣਗਿਣਤ ਹਨ ਦਾਨ ਕਰਨ ਵਾਲੇ (ਵਾਹਿਗੁਰੂ ਨੂੰ ਮਿਲਣ ਲਈ। ਦਾਨ ਕਰਨ ਨੂੰ ਭਗਤੀ ਦਾ ਅੰਗ ਸਮਝਦੇ ਹਨ)।
Countless are the men of piety, and numberless practice charity (to meet Him. Consider charity a part of worship).

ਅਸੰਖ ਸੂਰ ਮੁਹ ਭਖ ਸਾਰ ॥
asankh soor muh bhakh saar.
ਅਨਗਿਣਤ ਹਨ ਸੂਰਮੇ (ਬਹਾਦਰ) ਜਿਹੜੇ ਕਿ ਮੂੰਹ ਤੇ ਸਾਰ (ਲੋਹਾ, ਹਥਿਆਰ, ਸਾਹਮਣੇ ਹੋ ਕੇ ਲੜਨ) ਖਾਣ ਨੂੰ ਧਰਮ (ਪੂਜਾ, ਰੱਬ ਨੂੰ ਮਿਲਣ ਦਾ ਰਾਹ) ਜਾਣਦੇ-ਸਮਝਦੇ ਹਨ।
Countless are the warriors who bravely confront the enemy (Taking it as their worship to the Lord).

ਅਸੰਖ ਮੋਨਿ ਲਿਵ ਲਾਇ ਤਾਰ ॥
asankh mon liv laa-i taar.
ਅਨਗਿਣਤ ਚੁੱਪ ਧਾਰ, ਵਾਹਿਗੁਰੂ ਦੇ ਨਾਲ ਸੁਰਤ ਜੋੜ, ਉਹਦੀ ਪੂਜਾ ਕਰਦੇ ਹਨ।
Countless are the silent-sages who center their love and attention on God.

ਕੁਦਰਤਿ ਕਵਣ ਕਹਾ ਵੀਚਾਰੁ ॥
kudrat kavan kahaa vichaar.
ਸੱਚੇ ਪਾਤਿਸ਼ਾਹ, ਮੇਰੀ ਕੀ ਮਜਾਲ (ਤਾਕਤ) ਹੈ ਕਿ ਮੈਂ ਤੇਰੇ (ਗੁਣਾਂ, ਰੰਗਾਂ-ਢੰਗਾਂ, ਤੇਰੀ ਪੂਜਾ - ਤੈਨੂੰ ਮਿਲਣ ਦੇ

ਬੇਅੰਤ ਤਰੀਕਿਆਂ) ਤੇ ਵਿਚਾਰ ਕਰ ਸਕਾਂ!

Lord, I have no power to describe You (Your Qualities, numerous methods of worshipping You).

ਵਾਰਿਆ ਨ ਜਾਵਾ ਏਕ ਵਾਰ ॥

vaari-aa naa jaavaa ayk vaar.

ਮੈਂ ਤਾਂ ਇਕ ਵਾਰ ਵੀ ਤੇਰੇ ਉੱਤੋਂ ਕੁਰਬਾਨ ਹੋਣ ਜੋਗਾ ਨਹੀ ਹਾਂ।

I cannot even once be a sacrifice (appreciation) to You.

ਜੋ ਤੁਧੁ ਭਾਵੈ ਸਾਈ ਭਲੀ ਕਾਰ ॥

jo tuDh bhaavai saa-ee bhalee kaar.

ਜੋ ਤੈਨੂੰ ਚੰਗਾ ਲੱਗੇ, ਉਹੀ ਚੰਗੀ ਕਾਰ (ਕੰਮ, ਗੱਲ) ਹੈ!

Whatever pleases You, is the right deed!

ਤੂ ਸਦਾ ਸਲਾਮਤਿ ਨਿਰੰਕਾਰ ॥੧੭॥

too sadaa salaamat nirankaar. ||17||

ਤੂੰ ਸਦਾ ਸਲਾਮਤ (ਕਾਇਮ) ਹੈਂ, ਹੇ ਰੰਗ-ਰੂਪ (ਸ਼ਕਲ) ਤੋਂ ਬਿਨਾ ਜੀਉ (ਵਾਹਿਗੁਰੂ ਜੀ)!

Formless One (God), You are For-Ever (Immortal, Eternal). ||17||

ਅਸੰਖ ਮੂਰਖ ਅੰਧ ਘੋਰ ॥

asankh moorakh anDh ghor.

ਅਸੰਖਾਂ (ਬੇਅੰਤ) ਮੂਰਖ, ਬੜੇ ਅਕਲ ਦੇ ਅੰਨ੍ਹੇ ਹਨ। (ਕੁਦਰਤ ਵਿਚ ਚੰਗਿਆਈਆਂ ਦੇ ਨਾਲ ਬੁਰਾਈਆਂ ਵੀ ਹਨ, ਇਹ ਵੀ ਸੁਣੋ)।

Numberless are the fools with no wisdom (ignorant). (In the Creation, the evil and virtue go side by side. Now, listen about it).

ਅਸੰਖ ਚੋਰ ਹਰਾਮਖੋਰ ॥

asankh chor haraam-khor.

ਅਨਗਿਣਤ ਚੋਰ, ਹਰਾਮਖੋਰ (ਹੋਰਾਂ ਦਾ ਮਾਲ ਖਾਣ ਵਾਲੇ) ਹਨ।

Numberless are thieves and deceitful persons.

ਅਸੰਖ ਅਮਰ ਕਰਿ ਜਾਹਿ ਜੋਰ ॥

asankh amar kar jaahi jor.

ਅਨਗਿਣਤ ਹਨ ਕਿ ਜੋ ਧੱਕਾ (ਜ਼ਬਰਦਸਤੀ) ਕਰ ਜਾਂਦੇ ਹਨ।

Numberless are the highhanded men.

ਅਸੰਖ ਗਲਵਢ ਹਤਿਆ ਕਮਾਹਿ ॥

asankh galavadh hati-aa kamaahi.

ਅਨਗਿਣਤ ਕਤਲ ਕਰ ਦੇਣ ਦਾ ਪਾਪ ਕਰਦੇ ਹਨ।

Numberless are persons who do not hesitate to commit the sin of murder.

ਅਸੰਖ ਪਾਪੀ ਪਾਪੁ ਕਰਿ ਜਾਹਿ ॥
asankh paapee paap kar jaahi.
ਅਨਗਿਣਤ ਪਾਪੀ ਪਾਪ ਕਰ ਜਾਂਦੇ ਹਨ।
Numberless are sinners who go on committing sins.

ਅਸੰਖ ਕੂੜਿਆਰ ਕੂੜੇ ਫਿਰਾਹਿ ॥
asankh koorhi-aar koorhay firaahi.
ਅਨਗਿਣਤ ਝੂਠੇ ਹਨ ਕਿ ਜੋ ਝੂਠ ਕਮਾਉਂਦੇ ਰਹਿੰਦੇ ਹਨ।
Numberless are liars who keep on lying.

ਅਸੰਖ ਮਲੇਛ ਮਲੁ ਭਖਿ ਖਾਹਿ ॥
asankh malaychh mal bhakh khaahi.
ਅਨਗਿਣਤ ਗੰਦੇ (ਬੁਰੇ ਲੋਕ) ਗੰਦ-ਬਲਾ ਖਾਂਦੇ ਹਨ। (ਮਾਸ,ਸ਼ਰਾਬ ਨੂੰ ਕਈ ਮਹਾਤਮਾ ਮੱਲ-ਮੂਤਰ ਕਹਿੰਦੇ ਹਨ)।
Numberless degraded persons keep on eating filthy things (Some saints call meat and alcohol the filth).

ਅਸੰਖ ਨਿੰਦਕ ਸਿਰਿ ਕਰਹਿ ਭਾਰੁ ॥
asankh nin-dak sir karahi bhaar.
ਬੇਅੰਤ ਨਿੰਦਿਆ ਕਰਨ ਵਾਲੇ (ਬੁਰਾਈ ਦੇਣ ਵਾਲੇ) ਨਿੰਦਿਆ ਕਰਦੇ ਫਿਰਦੇ ਹਨ (ਨਿੰਦਿਆ ਦਾ ਭਾਰ ਚੁੱਕਦੇ ਹਨ)।
Numberless are slanderers who continue speaking ill of others.

ਨਾਨਕੁ ਨੀਚੁ ਕਹੈ ਵੀਚਾਰੁ ॥
Naanak neech kahai vichaar.
ਨਿਮਾਣੇ (ਵਿਚਾਰੇ) ਨਾਨਕ ਦਾ ਇਹ ਵਿਚਾਰ ਹੈ (ਗੁਰੂ ਜੀ ਨਿਮਰਤਾ ਦੇ ਨਾਲ ਕਹਿੰਦੇ ਹਨ),
Lowly Nanak holds the opinion (Guru ji says it with humility),

ਵਾਰਿਆ ਨ ਜਾਵਾ ਏਕ ਵਾਰ ॥
vaari-aa naa jaavaa ayk vaar.
ਮੈਂ ਤੇਰੇ ਉੱਤੋਂ (ਹੇ ਵਾਹਿਗੁਰੂ) ਇਕ ਵਾਰ ਵੀ ਕੁਰਬਾਨ ਹੋਣ ਜੋਗਾ ਨਹੀ ਹਾਂ।
He cannot even once be a sacrifice (appreciation) to You! (You are beyond access).

ਜੋ ਤੁਧੁ ਭਾਵੈ ਸਾਈ ਭਲੀ ਕਾਰ ॥
jo tuDh bhaavai saa-ee bhalee kaar.
ਜੋ ਤੈਨੂੰ (ਸੱਚੇ ਪਾਤਿਸ਼ਾਹ) ਪਰਵਾਨ (ਮਨਜ਼ੂਰ) ਹੋਵੇ, ਉਹੀ ਚੰਗਾ ਕੰਮ (ਗੱਲ) ਹੈ।

What ever pleases You, is the right thing (deed)!

ਤੂ ਸਦਾ ਸਲਾਮਤਿ ਨਿਰੰਕਾਰ ॥੧੮॥
too sadaa salaamat nirankaar. ||18||
ਤੁਸੀਂ ਸਦਾ ਸਲਾਮਤ (ਕਾਇਮ, ਜੀਂਵਦੇ, ਅੰਤ ਨਹੀ) ਹੋ, ਰੂਪ-ਰਹਿਤ (ਵਾਹਿਗੁਰੂ) ਜੀਉ !
Formless One (God), You are Eternal. ||18||

ਅਸੰਖ ਨਾਵ ਅਸੰਖ ਥਾਵ ॥
asankh naav asankh thaav.
ਅਨਗਿਣਤ ਹਨ ਤੇਰੇ ਨਾਮ (ਤੇਰੀ ਰਚਨਾ ਵੀ ਬੇਅੰਤ ਹੈ), ਅਨਗਿਣਤ ਹਨ ਤੇਰੇ ਥਾਂ (ਸੰਸਾਰ)।
Innumerable are the names (Creation), uncountable are the worlds.

ਅਗੰਮ ਅਗੰਮ ਅਸੰਖ ਲੋਅ ॥
agamm agamm asankh lo-a.
ਪਹੁੰਚ ਤੋਂ ਪਰ੍ਹੇ ਹਨ (ਅਗਮ) ਅਨਗਿਣਤ ਲੋਅ (ਲੋਕ, ਧਰਤੀਆਂ, ਸੰਸਾਰ। ਤੁਸੀਂ ਹਰ ਥਾਂ ਹਾਜ਼ਰ ਹੋ, ਅਪਹੁੰਚ ਹੋ, ਕੋਈ ਤੁਹਾਨੂੰ ਜਾਣਨ ਤੱਕ ਪੁਜ ਨਹੀ ਸਕਦਾ)।
Your worlds are inaccessible and innumerable (You are everywhere, at all places, unreachable).

ਅਸੰਖ ਕਹਹਿ ਸਿਰਿ ਭਾਰੁ ਹੋਇ ॥
asankh kahahi sir bhaar ho-i.
ਉਨ੍ਹਾ ਨੂੰ ਅਨਗਿਣਤ (ਕਰੋੜਾਂ) ਕਹਿਣਾ ਵੀ ਸਿਰ ਉੱਤੇ ਭਾਰ (ਪਾਪ) ਚੁਕਣਾ ਹੈ (ਕਿਉਂ ਕਿ ਇਹ ਕਹਿਣਾ ਵੀ ਸਹੀ ਨਹੀ ਹੋਵੇਗਾ)।
Even to call them countless is carrying the load (sin) on the head (because, it will not be correct).

ਅਖਰੀ ਨਾਮੁ ਅਖਰੀ ਸਾਲਾਹ ॥
akhree naam akhree saalaah.
(ਗਿਣਤੀ-ਮਿਣਤੀ ਤਾਂ ਕਰਕੇ ਆ ਜਾਂਦੀ ਹੈ ਕਿਉਂ ਕਿ) ਅਖਰਾਂ (ਬੋਲਣ, ਬੋਲੀ) ਦੇ ਨਾਲ ਤੇਰਾ ਨਾਮ ਲਿਆ ਜਾਂਦਾ ਹੈ, ਅਤੇ ਬੋਲਣ (ਅਖਰਾਂ) ਦੇ ਨਾਲ ਹੀ ਤੇਰਾ ਜਸ ਕੀਤਾ ਜਾਂਦਾ ਹੈ।
(This counting becomes an issue, because) we take Your Name through letters (words, by speaking) and through words (letters) You are praised.

ਅਖਰੀ ਗਿਆਨੁ ਗੀਤ ਗੁਣ ਗਾਹ ॥
akhree gi-aan geet gun gaah.
ਅਖਰਾਂ ਦੇ ਗਿਆਨ ਦੇ ਨਾਲ ਤੇਰੇ ਗੁਣਾਂ ਦੇ ਗੀਤ ਗਾਈਦੇ ਹਨ।
Through the knowledge of words (speech), the songs of Your Attributes are sung.

ਅਖਰੀ ਲਿਖਣੁ ਬੋਲਣੁ ਬਾਣਿ ॥

akhree likhan bolan baan.

ਅੱਖਰਾਂ ਦੇ ਨਾਲ ਹੀ ਬਾਣੀ ਲਿਖੀ ਅਤੇ ਬੋਲੀ ਜਾਂਦੀ ਹੈ।

With words (Letters) we write and speak out Bani (Hymns, the Name of God).

ਅਖਰਾ ਸਿਰਿ ਸੰਜੋਗੁ ਵਖਾਣਿ ॥

akhraa sir sanjog vakhaan.

ਅੱਖਰਾਂ ਦੇ ਨਾਲ ਪਰਮਾਤਮਾ (ਸੱਭ ਦੇ) ਮੱਥੇ ਉਤੇ ਸੰਜੋਗ (ਕਿਸਮਤ) ਦਸਦਾ (ਲਿੱਖਦਾ) ਹੈ।

With letters the Lord inscribes (Writes) destiny on the foreheads.

ਜਿਨਿ ਏਹਿ ਲਿਖੇ ਤਿਸੁ ਸਿਰਿ ਨਾਹਿ ॥

jin ayhi likhay tis sir naahi.

ਵਾਹਿਗੁਰੂ ਸਭਨਾ ਦੇ ਮੱਥੇ ਉੱਤੇ ਲੇਖ ਲਿਖਦਾ ਹੈ, ਭਰ ਕੋਈ ਅਜਿਹਾ ਹੈ ਕਿ ਜੋ ਉਹਦੇ ਮੱਥੇ ਉੱਤੇ ਇਹ (ਲੇਖ) ਲਿਖ ਸਕੈ?

The Lord scribes destinies on all the foreheads, but is there anyone who can do so on His Head?

ਜਿਵ ਫੁਰਮਾਏ ਤਿਵ ਤਿਵ ਪਾਹਿ ॥

jiv furmaa-ay tiv tiv paahi.

ਜਿੱਦਾਂ ਉਹ ਹੁਕਮ ਕਰਦਾ ਹੈ, ਉੱਦਾਂ ਹੀ ਲੋਕੀਂ ਪਾਉਂਦੇ ਹਨ (ਲੋਕਾਂ ਦੀ ਕਿਸਮਤ ਬਣਦੀ ਹੈ)।

The destiny of the people is what He Ordains.

ਜੇਤਾ ਕੀਤਾ ਤੇਤਾ ਨਾਉ ॥

jaytaa keetaa taytaa naa-o.

ਜੋ ਕੁਝ ਤੂੰ ਕੀਤਾ (ਰਚਿਆ) ਹੈ, ਇਹ ਸਭ ਤੇਰਾ ਹੀ ਨਾਮ ਹੈ – ਸਭ ਕੁਝ ਤੇਰੇ ਨਾਮ ਦੀ ਹੀ ਕਿਰਪਾ (ਰਚਨਾ) ਹੈ। ਸਭ ਤੂੰ ਹੀ ਹੈ! (ਜਿੱਡੀ ਵੱਡੀ ਤੂੰ ਰਚਨਾ ਕੀਤੀ ਹੈ, ਉਤਨਾ ਹੀ ਵੱਡਾ ਤੇਰਾ ਨਾਮ ਹੈ)।

All that You have created, is the manifestation of Your Name – everything has been created by You. You are everything! (As vast as your Creation, so great is Your Name. Your Creation is as great as Your Name!).

ਵਿਣੁ ਨਾਵੈ ਨਾਹੀ ਕੋ ਥਾਉ ॥

vin naavai naahee ko thaa-o.

ਕੋਈ ਥਾਂ ਨਹੀ ਕਿ ਜੋ ਤੇਰੇ ਨਾਮ ਦੀ ਕਿਰਪਾ ਤੋਂ ਬਿਨਾ ਬਣੀ ਹੋਵੇ। ਸਭ ਕੁਝ ਤੇਰਾ ਨਾਮ ਹੀ ਹੈ! (ਤੂੰ ਹਰ ਥਾਂ ਹੈਂ)।

There is no place (Creation) without the Grace of Your Name. You are everything!

ਕੁਦਰਤਿ ਕਵਣ ਕਹਾ ਵੀਚਾਰੁ ॥
kudrat kavan kahaa veechaar.
ਮੇਰੇ ਵਿਚ ਕਿਹੜੀ ਕੋਈ ਤਾਕਤ ਹੈ ਕਿ ਮੈਂ ਤੇਰੇ ਬਾਰੇ ਕੁਝ ਦੱਸ ਸਕਾਂ!
What power have I to give my views on anything about You?

ਵਾਰਿਆ ਨ ਜਾਵਾ ਏਕ ਵਾਰ ॥
vaari-aa naa jaavaa ayk vaar.
ਮੈਂ ਤਾਂ ਇਕ ਵਾਰੀ ਵੀ ਤੇਰੇ ਉੱਤੋਂ ਵਾਰੇ ਜਾਣ ਜੋਗਾ ਨਹੀ ਹਾਂ!
I am not worth a sacrifice (appreciation) to You even once!

ਜੋ ਤੁਧੁ ਭਾਵੈ ਸਾਈ ਭਲੀ ਕਾਰ ॥
jo tuDh bhaavai saa-ee bhalee kaar.
ਜੋ ਤੈਨੂੰ ਚੰਗਾ ਲੱਗਦਾ ਹੈ, ਉਹੀ ਠੀਕ ਕੰਮ ਹੈ।
What ever pleases You, is the right thing.

ਤੂ ਸਦਾ ਸਲਾਮਤਿ ਨਿਰੰਕਾਰ ॥੧੯॥
too sadaa salaamat nirankaar. ||19||
ਤੂੰ ਹਮੇਸ਼ਾ ਕਾਇਮ ਹੈਂ, ਹੇ ਨਿਰੰਕਾਰ (ਰੂਪ–ਰਹਿਤ, ਭਾਵ ਵਾਹਿਗੁਰੂ)।
Formless One (God), You are Immortal! ||19||

ਭਰੀਐ ਹਥੁ ਪੈਰੁ ਤਨੁ ਦੇਹ ॥
bharee-ai hath pair tann dayh
ਜੇ ਕਰ ਹੱਥ, ਪੈਰ, ਅਤੇ ਸਰੀਰ (ਮਿੱਟੀ ਦੇ ਨਾਲ) ਭਰ ਜਾਣ (ਗੰਦੇ ਹੋ ਜਾਣ),
If the hands, feet and body become dirty with dust,

ਪਾਣੀ ਧੋਤੈ ਉਤਰਸੁ ਖੇਹ ॥
paanee Dhotai utras khayh.
ਪਾਣੀ ਦੇ ਨਾਲ ਧੋ ਕੇ ਇਹ ਮਿੱਟੀ (ਮੈਲ) ਲਹਿ ਜਾਂਦੀ ਹੈ।
This dirt gets cleansed by washing with water.

ਮੂਤ ਪਲੀਤੀ ਕਪੜੁ ਹੋਇ ॥
moot paleetee kaparh ho-i.
ਜੇ ਕੱਪੜਾ ਪਿਸ਼ਾਬ ਦੇ ਨਾਲ ਪਲੀਤ (ਗੰਦਾ) ਹੋ ਜਾਵੇ,
If a cloth gets soiled and polluted with urine,

ਦੇ ਸਾਬੂਣੁ ਲਈਐ ਓਹੁ ਧੋਇ ॥
day saaboon la-ee-ai o-h Dho-i.
ਉਹਨੂੰ ਸਾਬਣ ਦੇ ਨਾਲ ਧੋ ਲਈਦਾ ਹੈ।
It is washed clean with soap.

ਭਰੀਐ ਮਤਿ ਪਾਪਾ ਕੈ ਸੰਗਿ ॥
bharee-ai mat paapaa kai sang.
ਜੇ ਕਰ ਬੁੱਧ-ਮੱਤ ਪਾਪਾਂ ਦੇ ਨਾਲ ਭਰ ਜਾਵੇ,
If the mind gets polluted (Defiled) with sins,

ਓਹੁ ਧੋਪੈ ਨਾਵੈ ਕੈ ਰੰਗਿ ॥
oahu Dhopai naavai kai rang.
ਉਹ ਨਾਮ ਦੇ ਰੰਗ (ਨਾਮ ਦੇ ਡੂੰਘੇ ਪਿਆਰ) ਦੇ ਨਾਲ ਧੋਤੀ ਜਾਂਦੀ ਹੈ।
It gets cleaned with the love of God's Name (Recitation of His Name).

ਪੁੰਨੀ ਪਾਪੀ ਆਖਣੁ ਨਾਹਿ ॥
punnee paapee aakhan naahi.
ਸਿਰਫ਼ ਕਿਸੇ ਦੇ ਕਹਿ ਦੇਣ ਦੇ ਨਾਲ ਕੋਈ ਆਦਮੀ ਨੇਕ ਜਾਂ ਬੁਰਾ ਨਹੀ ਬਣ ਜਾਂਦਾ।
Simply by saying so, nobody becomes virtuous, or vicious.

ਕਰਿ ਕਰਿ ਕਰਣਾ ਲਿਖਿ ਲੈ ਜਾਹੁ ॥
kar kar karnaa likh lai jaahu.
ਜੋ ਕੰਮ ਕਰਦੇ ਹਾਂ, ਇਹ ਸਿਰ ਦੇ ਲੇਖ (ਸਾਡੇ ਭਾਗ, ਕਰਮ) ਬਣ ਜਾਂਦੇ ਹਨ।
Our deeds (actions, whatever we do), become our destiny.

ਆਪੇ ਬੀਜਿ ਆਪੇ ਹੀ ਖਾਹੁ ॥
aapay beej aapay hee khaahu.
ਆਦਮੀ ਜੋ ਕਰਮ (ਕੰਮ) ਕਰਦਾ ਹੈ ਇਹਨਾ ਦੇ ਫਲ ਵੀ ਆਪ ਹੀ ਭੁਗਤਦਾ ਹੈ।
Whatever the man sows, he reaps (The man bears the reactions to his actions).

ਨਾਨਕ ਹੁਕਮੀ ਆਵਹੁ ਜਾਹੁ ॥੨੦॥
Nanak hukmee aavahu jaahu. ||20||
ਨਾਨਕ, ਆਦਮੀ (ਕਰਮ ਜੋ ਕਰਦਾ ਹੈ ਉਹਨਾ ਅਨੁਸਾਰ) ਵਾਹਿਗੁਰੂ ਦੇ ਹੁਕਮ ਦੇ ਨਾਲ ਆਉਂਦਾ, ਜਾਂਦਾ (ਜੰਮਦਾ, ਮਰਦਾ) ਹੈ।(ਬੰਦੇ ਦੇ ਕਰਮਾ ਅਨੁਸਾਰ ਰੱਬ ਹੁਕਮ ਬਣਾਉਂਦਾ ਹੈ)।
Nanak, the man is born and dies under the Will of God (reincarnates under His will, due to his deeds). ||20||

ਤੀਰਥੁ ਤਪੁ ਦਇਆ ਦਤੁ ਦਾਨੁ ॥
teerath tap da-i-aa dat daan.
ਯਾਤਰਾ, ਤਪੱਸਿਆ (ਕਠਨ ਭਜਨ), ਦਿਆ ਕਰਨੀ ਅਤੇ ਦਾਨ ਕਰਨਾ,
Pilgrimage, penance (hard worship), compassion (kindness) and charity (Hard worship by torturing the body is not the Sikh way),

ਜੇ ਕੋ ਪਾਵੈ ਤਿਲ ਕਾ ਮਾਨੁ ॥
jay ko paavai til kaa maan
ਜੇ ਇਹਨਾ ਦੇ ਨਾਲ ਕੁਝ ਮਿਲਦਾ ਹੈ, ਤਾਂ ਇਹ ਰਤਾ ਕੁ ਇਜ਼ੱਤ (ਸਨਮਾਨ) ਹੀ ਹੈ,
Bring you just a little bit of respect (Merit),

ਸੁਣਿਆ ਮੰਨਿਆ ਮਨਿ ਕੀਤਾ ਭਾਉ ॥
suni-aa manni-aa man keetaa bhaa-o.
(ਭਰ) ਜੇ ਕੋਈ ਵਾਹਿਗੁਰੂ ਦਾ ਹੁਕਮ (ਬਾਣੀ) ਸੁਣ ਕੇ ਉਸ ਉੱਤੇ ਚੱਲੇ, ਅਤੇ ਮਨ ਦੇ ਅੰਦਰ ਉਹਦਾ (ਰੱਬ ਦਾ) ਪਿਆਰ ਬਣਾ ਲਵੇ,
(But) Whosoever listens to the God's Dictates (Gurbani – Scriptures), adopts these in his life, and develops His love,

ਅੰਤਰਗਤਿ ਤੀਰਥਿ ਮਲਿ ਨਾਉ ॥
antargat teerath mal naa-o.
ਉਹ, ਬਿਨਾ ਕਿਤੇ ਜਾਣਦੇ, ਆਪਣੇ ਮਨ ਦੇ ਅੰਦਰ ਹੀ ਤੀਰਥਾਂ ਦੇ ਇਸ਼ਨਾਨ ਦਾ ਫਲ ਪਾ ਲੈਂਦਾ ਹੈ।
Without going anywhere, that fellow obtains from within the benefit of bathing at the 68 places of pilgrimages.

ਸਭਿ ਗੁਣ ਤੇਰੇ ਮੈ ਨਾਹੀ ਕੋਇ ॥
sab gun tayray mai naahee ko-i.
ਮੇਰੇ ਸਾਰੇ ਗੁਣ (ਜੋ ਕੰਮ ਮੇਰੇ ਜ਼ਿੱਮੇ ਹਨ, ਜੋ ਕਰਮ ਕਰਦਾ ਹਾਂ, ਚੰਗਿਆਈਆਂ) ਤੁਹਾਡੇ ਬਖਸ਼ੇ ਹੋਏ ਹਨ, ਅਤੇ ਮੇਰਾ ਆਪਣਾ ਕੁਝ ਨਹੀ,
Whatever duty is assigned to me (avocation, work I do, my virtues) is a gift from You, and nothing is mine.

ਵਿਣੁ ਗੁਣ ਕੀਤੇ ਭਗਤਿ ਨ ਹੋਇ ॥
vin gun keetay bhagat naa ho-i.
ਅਤੇ ਇਹ ਕਰਮ (ਜੋ ਕੰਮ ਮੇਰੇ ਜ਼ਿੱਮੇ ਹੈ, ਹੁਨਰ, ਨੇਕੀਆਂ) ਨਿਭਾਉਣ ਤੋਂ ਬਿਨਾ, ਕੋਈ ਭਗਤੀ ਪੂਰੀ ਨਹੀ। (ਜਿਸ ਕੰਮ ਦੇ ਕਰਨ ਲਈ ਮੈਂ ਜਨਮ ਲਿਆ ਹੈ, ਉਹ ਹੀ ਨਹੀ ਕਰਦਾ ਤਾਂ ਹੋਰ ਕਿਹੜੀ ਭਗਤੀ ਕਰਨੀ ਹੈ !)।
Without carrying out the duty (virtue) assigned to me, my any worship is not complete.

ਸੁਅਸਤਿ ਆਥਿ ਬਾਣੀ ਬਰਮਾਉ ॥
su-a-sat aath baanee barmaa-o.
(ਤੁਹਾਡਾ ਦਿੱਤਾ ਮੇਰੇ ਜ਼ਿੱਮੇ ਜੋ ਕੰਮ–ਕਾਰ ਕਰਨ ਦਾ ਫ਼ਰਜ਼ ਹੈ , ਇਹ ਨਿਭਾਉਣ ਦੇ ਨਾਲ, ਆਪਣਾ ਕੰਮ ਕਰਨ ਦੇ ਨਾਲ) ਮੇਰਾ ਆਥਿ (ਪਦਾਰਥ, ਧਨ) – ਸ਼ਰੀਰ, ਅਰੋਗ ਹੈ, ਮਾਇਆ ਮੇਰੇ ਕੋਲ ਹੈ, ਅਤੇ ਮੇਰੀ ਜ਼ਬਾਨ ਉੱਤੇ ਬਰਹਮਾ (ਬੋਲਣ ਵਿਚ ਸਚਾਈ, ਵਾਹਿਗੁਰੂ ਦਾ ਨਾਮ, ਬੰਦਗੀ) ਹੈ,
(By carrying out my duty assigned by You) my body is in the radiant health, and there is truth in my speech (the Name of God, worship).

ਸਤਿ ਸੁਹਾਣੁ ਸਦਾ ਮਨਿ ਚਾਉ ॥

sat suhaan sadaa man chaa-o.

(ਫ਼ਰਜ਼ ਨਿਭਾ ਕੇ, ਮਨ ਦੇ ਅੰਦਰ) ਸੱਚ, ਅਤੇ ਇਹਦੀ (ਮਨ ਦੀ) ਸੁੰਦਰਤਾ ਮਿਲਦੀ ਹੈ, ਤੇ ਇਹਦੇ (ਮਨ ਦੇ) ਅੰਦਰ (ਵਾਹਿਗੁਰੂ ਪਰੇਮ ਦਾ) ਚਾਉ ਬਣਿਆ ਰਹਿੰਦਾ ਹੈ। (ਇਹ ਸੱਭ ਤੇਰੀ ਖੇਡ ਦਾ ਹੀ ਹਿੱਸਾ ਹੈ)।

(By doing the duty assigned by God) the truth and goodness resides in the mind, and it (the mind) stays eager (To do this duty) for the love of God.

ਉਤਲੀਆਂ ਚਾਰ ਸਤਰਾਂ ਦੇ ਡੂੰਘੇ ਅਰਥ - ਮੇਰਾ ਕੰਮ-ਕਾਜ ਤੇਰੀ ਬਖਸ਼ੀ ਜ਼ਿੱਮੇਵਾਰੀ ਹੈ, ਅਤੇ ਜੇ ਕਰ ਮੈਂ ਇਹ ਨਿਭਾਉਂਦਾ ਨਹੀ, ਤਾਂ ਮੇਰੀ ਕੀਤੀ ਭਗਤੀ ਕੋਈ ਅਰਥ ਨਹੀ ਰਖਦੀ। ਧੰਨ ਹੋ ਤੁਸੀਂ, ਤੁਸੀਂ ਆਪ ਹੀ ਮਾਇਆ, ਅਨਹਦ-ਨਾਦ, ਸਚਾਈ, ਤੇ ਖ਼ੁਸ਼ੀ ਹੋ, ਅਤੇ ਤੁਹਾਨੂੰ ਆਪ ਹੀ ਆਪਣੀ ਰਚਨਾ ਨੂੰ ਸੰਭਾਲਣ ਦਾ ਚਾਉ ਹੋ। (ਸ੍ਰ. ਸੋਭਾ ਸਿੰਘ ਆਰਟਿਸਟ)।

Deeper meanings of the preceding four lines - My profession is the duty assigned by You, and there is no worship if I do not carry it out with dedication. Hail the Lord, You Yourself are the Mundane, Celestial-Sound, Truth, Joy and Eagerness to care for the Creation. (S. Sobha Singh Artist).

ਕਵਣੁ ਸੁ ਵੇਲਾ ਵਖਤੁ ਕਵਣੁ ਕਵਣ ਥਿਤਿ ਕਵਣੁ ਵਾਰੁ ॥

kavan su vaylaa vakhat kavan kavan thit kavan vaar.

(ਅਤੇ ਇਸ ਕਮਾਲ ਦੀ ਖੇਡ ਦੀ ਗੱਲ ਇਹ ਹੈ ਕਿ) ਉਹ ਕਿਹੜਾ ਵੇਲਾ, ਕਿਹੜਾ ਵਕਤ, ਕਿਹੜੀ ਥਿਤ (ਚੰਦਰਮਾ ਦੇ ਹਿਸਾਬ ਦਿਨਾਂ ਦੀ ਗਿਣਤੀ), ਅਤੇ ਕਿਹੜਾ ਵਾਰ ਸੀ,

(And of Your Wonderful Play, the wonder is) what was the occasion, what time, what lunar day, what weekday,

ਕਵਣਿ ਸਿ ਰੁਤੀ ਮਾਹੁ ਕਵਣੁ ਜਿਤੁ ਹੋਆ ਆਕਾਰੁ ॥

kavan si rutee maahu kavan jit ho-aa aakaar.

ਕਿਹੜਾ ਮੌਸਮ ਅਤੇ ਕਿਹੜਾ ਮਹੀਨਾ ਸੀ, ਜਦ ਦੁਨੀਆ ਬਣੀ?

And what season, what month was it, when the Creation came into being?

ਵੇਲ ਨ ਪਾਈਆ ਪੰਡਤੀ ਜਿ ਹੋਵੈ ਲੇਖੁ ਪੁਰਾਣੁ ॥

vayl naa paa-ee-aa pandtee ji hovai laykh puraan.

ਵਿਦਵਾਨਾਂ ਨੂੰ ਪਤਾ ਨਹੀ ਅਜਿਹੇ ਵੇਲੇ ਦਾ, ਨਹੀ ਤਾਂ ਇਹ ਦੁਨੀਆਂ ਦੀ ਰਚਨਾ ਤੇ ਵੀ ਇਕ ਪੁਰਾਨ (ਪੁਰਾਣੀਆਂ ਹਿੰਦੂ ਧਰਮ-ਪੁਸਤਕਾਂ) ਲਿਖ ਦਿੰਦੇ।

The scholars did not know such a time, otherwise they would have written a book on the creation of the world.

ਵਖਤੁ ਨ ਪਾਇਓ ਕਾਦੀਆ ਜਿ ਲਿਖਨਿ ਲੇਖੁ ਕੁਰਾਣੁ ॥

vakhat naa paa-i-o kaadee-aa ji likhan laykh kuraan.

ਕਾਜ਼ੀਆਂ (ਮੁਸਲਮਾਨ ਵਿਦਵਾਨ, ਇਸਲਾਮ ਦੇ ਕਾਨੂਨ ਦੇ ਨਾਲ ਫ਼ੈਸਲੇ ਦੇਣ ਵਾਲੇ) ਨੂੰ ਵੀ ਇਸ ਵਕਤ ਦਾ ਪਤਾ ਨਹੀ, ਜਾਣਦੇ ਤਾਂ ਕੁਰਾਨ (ਆਪਣੀ ਧਰਮ-ਪੁਸਤਕ) ਦੇ ਅੰਦਰ ਲਿਖ ਦਿੰਦੇ।

Nor do the Qazis (Muslim scholars, those who dispense justice according to the Muslim religious law) know this time, had they known, they would have put it down in the Holy Koran.

ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ ॥
thit vaar naa jogee jaanai rut maahu naa ko-ee.
ਜੋਗੀ ਜਾਂ ਕੋਈ ਵੀ ਹੋਰ, ਵੇਲਾ-ਵਾਰ, ਮੌਸਮ ਅਤੇ ਮਹੀਨਾ ਨਹੀ ਜਾਣਦੇ (ਕਿ ਕੱਦ ਦੁਨੀਆ ਬਣੀ)।
Neither any Yogi (who usually claim to know the unknown things) nor any one else knows the time and day, season and the month (of Creation).

ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ ॥
jaa kartaa sirthee k-a-o saajay aapay jaanai so-ee.
ਬਣਾਉਣ ਵਾਲਾ (ਭਗਵਾਨ) ਜੋ ਦੁਨੀਆ ਬਣਾਉਂਦਾ ਹੈ, ਉਹ ਆਪ ਹੀ ਜਾਣਦਾ ਹੈ ਕਿ ਉਸ ਨੇ ਕੱਦ ਇਹ (ਦੁਨੀਆ) ਬਣਾਈ।
Only the Creator (God) who created the world, knows when He created it.

ਕਿਵ ਕਰਿ ਆਖਾ ਕਿਵ ਸਾਲਾਹੀ ਕਿਉ ਵਰਨੀ ਕਿਵ ਜਾਣਾ ॥
kiv kar aakhaa kiv saalaahee ki-o varnee kiv jaanaa.
ਤੇਰੇ ਬਾਰੇ ਕਿੱਦਾਂ ਆਖਾਂ, ਕਿੱਦਾਂ ਤੇਰੀ ਤਾਰੀਫ਼ ਕਰਾਂ, ਕਿਸ ਤਰ੍ਹਾਂ ਬਿਆਨ ਕਰਾਂ ਅਤੇ ਤੈਨੂੰ (ਵਾਹਿਗੁਰੂ) ਕਿੱਦਾਂ ਜਾਣਾਂ?
How to express, how to praise You, how to describe and how to know about You?

ਨਾਨਕ ਆਖਣਿ ਸਭੁ ਕੋ ਆਖੈ ਇਕ ਦੂ ਇਕੁ ਸਿਆਣਾ ॥
naanak aakhan sabh ko aakhai ik doo ik si-aanaa.
ਨਾਨਕ, ਸਾਰੇ ਤੇਰੇ ਬਾਰੇ ਕਹਿੰਦੇ ਹਨ, ਅਤੇ ਹਰ ਕੋਈ ਇਕ ਤੋਂ ਇਕ ਸਿਆਣਾਂ ਬਣ ਬਣ ਬਹਿੰਦਾ ਹੈ।
Nanak, everyone describes You, and each one tries to be wiser than the other.

ਵਡਾ ਸਾਹਿਬੁ ਵਡੀ ਨਾਈ ਕੀਤਾ ਜਾ ਕਾ ਹੋਵੈ ॥
vadaa saahib vadee naa-ee keetaa jaa kaa hovai.
ਵੱਡਾ ਹੈ ਸਾਹਿਬ (ਮਾਲਕ) ਤੇ ਵੱਡਾ ਹੈ ਉਸ ਦਾ ਨਾਮ, ਅਤੇ ਜੋ ਕੁਝ ਉਹ ਕਰਦਾ ਹੈ ਉਹੀ ਹੁੰਦਾ ਹੈ।
Great is the Master, Great is His Name, and everything happens according to His Will.

ਨਾਨਕ ਜੇ ਕੋ ਆਪੌ ਜਾਣੈ ਅਗੈ ਗਇਆ ਨ ਸੋਹੈ ॥੨੧॥
naanak jay ko aapou jaanai agai ga-i-aa naa sohai. ||21||
ਨਾਨਕ, ਜੇ ਕੋਈ ਹੰਕਾਰ ਕਰੇ ਕਿ ਉਹ ਰੱਬ ਦੀਆਂ ਗੱਲਾਂ ਜਾਣਦਾ ਹੈ, ਤਾਂ ਅੱਗੇ ਜਾ ਕੇ (ਵਾਹਿਗੁਰੂ ਦੇ ਦਰਬਾਰ) ਉਹ ਸ਼ੋਭਾ ਨਹੀ ਪਾਵੇਗਾ (ਚੰਗਾ ਨਹੀ ਸਮਝਿਆ ਜਾਵੇ ਗਾ। ਅੱਗੇ ਜਾਣ ਜੋਗਾ ਚੰਗਾ ਨਹੀ ਸਮਝਿਆ ਜਾਵੇ ਗਾ)।
Nanak, if someone is proud that he knows the Doings of the Lord, he will not be

approved, or accepted, in His Court. (Will not be considered fit to enter His Court). ||21||

ਪਾਤਾਲਾ ਪਾਤਾਲ ਲਖ ਆਗਾਸਾ ਆਗਾਸ ॥
paataalaa paataal lakh aagaasaa aagaas.
ਪਤਾਲ ਹੀ ਪਤਾਲ (ਅਨਗਿਣਤ ਪਤਾਲ) ਹਨ, ਅਤੇ ਲੱਖਾਂ ਅਸਮਾਨ ਹੀ ਅਸਮਾਨ (ਅਨਗਿਣਤ) ਹਨ।
There are countless nether worlds, and millions of skies.

ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ ॥
oarhak oarhak bhaal thakay vayd kahan ik vaat.
ਬੇਅੰਤ ਲੋਕ ਖੋਜ ਕਰ ਕਰ ਕੇ ਹਾਰ ਗਏ ਹਨ (ਭਰ ਉਹਦੀ ਕੁਦਰਤ ਦਾ ਅੰਤ ਨਹੀ ਲੱਭਾ), ਅਤੇ ਵੇਦ ਸ਼ਾਸਤਰ ਵੀ ਇਕੋ ਗੱਲ ਕਹਿੰਦੇ ਹਨ (ਕਿ ਉਹਦਾ ਕੋਈ ਅੰਤ ਨਹੀ)।
Searching after God's Creation the people reached no end, and even the Holy Vedas (Hindu Scriptures) say one thing (same thing, that the Lord is limitless).

ਸਹਸ ਅਠਾਰਹ ਕਹਨਿ ਕਤੇਬਾ ਅਸੁਲੂ ਇਕੁ ਧਾਤੁ ॥
sahas athaarah kahan kataybaa asuloo ik Dhaat.
ਕਤੇਬਾਂ (ਮੁਸਲਿਮ, ਈਸਾਈ, ਯਹੂਦੀ, ਧਰਮ ਪੁਸਤਕਾਂ) ਆਖਦੀਆਂ ਹਨ ਕਿ ਅਠਾਰਾਂ ਹਜ਼ਾਰ ਆਲਮ (ਦੁਨੀਆਵਾਂ) ਹਨ, ਭਰ ਅਸਲ ਵਿੱਚ ਇਕੋ ਹੀ ਗੱਲ ਹੈ ਕਿ ਵਾਹਿਗੁਰੂ ਦੀ ਕੁਦਰਤ ਬੇਅੰਤ ਹੈ। (ਕਤੇਬ – ਮੁਸਲਿਮ ਧਾਰਮਕ ਗਰੰਥ। ਗੁਰਬਾਣੀ ਵਿਚ ‘ਕੁਰਾਨ ਕਤੇਬ’ ਆਉਂਦਾ ਹੈ। ਇਹ ਇੱਕਠੇ ਇਸਲਾਮ ਦੇ, ਯਹੂਦੀ ਅਤੇ ਈਸਾਈ ਗਰੰਥ ਵੀ ਕਹਿ ਦਿੱਤੇ ਜਾਂਦੇ ਹਨ)।
The Semitic (Jews, Christian, Muslim) Scriptures say that there are eighteen thousand worlds, but in reality there is only one essence (that Creation of the Lord is limitless).

ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ ॥
laykhaa ho-i taa likhee-ai laykhai ho-i vinaas.
ਜੇਕਰ ਉਹਦਾ ਕੋਈ ਹਿਸਾਬ ਕਿਤਾਬ ਕਰ ਸਕੇ, ਕੇਵਲ ਤਾਂ ਹੀ ਇਨਸਾਨ ਉਸਨੂੰ ਲਿਖ ਸਕਦਾ ਹੈ। ਇਹ ਲੇਖਾ ਮੁਕਦਾ ਨਹੀ ਅਤੇ ਹਿਸਾਬ ਕਿਤਾਬ ਨੂੰ ਬਿਆਨ ਕਰਦਾ ਹੋਇਆ ਬੰਦਾ ਖੁਦ ਹੀ ਮੁਕ ਜਾਂਦਾ ਹੈ।
If there be any account possible (estimate of His Creation), then can a man do it? This calculation finishes not and the person doing it goes away (finishes, dies – his life-time is too short. None can do it).

ਨਾਨਕ ਵਡਾ ਆਖੀਐ ਆਪੇ ਜਾਣੈ ਆਪੁ ॥੨੨॥
naanak vadaa aakhee-ai aapay jaanai aap. ||22||
ਨਾਨਕ, ਉਹ ਵੱਡਾ (ਬੇਅੰਤ) ਹੈ, ਉਹ ਆਪਣੀਆਂ ਗੱਲਾਂ ਆਪ ਹੀ ਜਾਣਦਾ ਹੈ।
Nanak, He is Great, and only He knows the extent of his Greatness! ||22||

ਸਾਲਾਹੀ ਸਾਲਾਹਿ ਏਤੀ ਸੁਰਤਿ ਨ ਪਾਈਆ ॥
saalaahee saalaahi aytee surat naa paa-ee-aa.
ਸਿਫ਼ਤਾਂ ਕਰਨ ਵਾਲੇ ਜੋ ਵਾਹਿਗੁਰੂ ਦੇ ਗੁਣ ਗਾਉਂਦੇ ਹਨ, ਭਰ (ਪਰ) ਉਹਨਾਂ ਨੂੰ ਵੀ ਉਹਦੇ ਅੰਤ ਦਾ ਗਿਆਨ ਨਹੀ ਮਿਲਦਾ,
The devotees who praise the Lord, even they cannot define His limits,

ਨਦੀਆ ਅਤੈ ਵਾਹ ਪਵਹਿ ਸਮੁੰਦਿ ਨ ਜਾਣੀਅਹਿ ॥
nadee-aa atai vaah pavahi samund naa jaanee-ahi.
(ਅਤੇ ਇਹ ਇੱਦਾਂ ਹੈ ਕਿ ਜਿੱਦਾਂ) ਨਦੀਆਂ-ਨਾਲੇ ਸਮੁੰਦਰ ਵਿਚ ਪੈਕੇ ਗਵਾਚ ਜਾਂਦੇ ਹਨ। (ਬੰਦਾ, ਬੇਅੰਤ ਨੂੰ ਲੱਭਦਾ ਉਹਦੇ ਵਿਚ ਹੀ ਗਵਾਚ ਜਾਂਦਾ ਹੈ)।
And It is like the streams getting lost on falling into the sea. (If a stream goes to know the sea, it vanishes into it. Searching His limits, the man gets lost into Him).

ਸਮੁੰਦ ਸਾਹ ਸੁਲਤਾਨ ਗਿਰਹਾ ਸੇਤੀ ਮਾਲੁ ਧਨੁ ॥
samund saah sultaan girhaa saytee maal Dhan.
ਅਤੇ ਇਹ ਇਤਨਾ ਵੱਡਾ ਸਮੁੰਦਰ ਜਿਸ ਦੇ ਵਿਚ ਇਤਨਾ ਕੁਝ, ਮਾਲ ਧੰਨ ਹੈ, ਨਦੀਆਂ ਸਮਾ ਜਾਂਦੀਆਂ ਹਨ, ਅਜਿਹੇ ਵੱਡੇ ਬਾਦਸ਼ਾਹ,
A vast ocean - the treasure of so many things and riches, in which even the rivers get lost, and if there be such a great king,

ਕੀੜੀ ਤੁਲਿ ਨ ਹੋਵਨੀ ਜੇ ਤਿਸੁ ਮਨਹੁ ਨ ਵੀਸਰਹਿ ॥੨੩॥
keerhee tul naa hovnee jay tis manahu naa veesrahi. ||23||
ਉਹ ਉਸ ਕੀੜੀ ਦੇ ਬਰਾਬਰ ਵੀ ਨਹੀ ਕਿ ਜਿਸ ਦੇ ਮਨ ਤੋਂ ਵਾਹਿਗੁਰੂ ਨਾ ਭੁੱਲੇ।
He is not equal to that ant that does not forget the Lord. ||23||

ਅੰਤੁ ਨ ਸਿਫਤੀ ਕਹਣਿ ਨ ਅੰਤੁ ॥
ant naa siftee kahan naa ant.
ਵਾਹਿਗੁਰੂ ਦੀਆਂ ਸਿਫ਼ਤਾਂ (ਗੁਣਾ) ਦਾ ਕੋਈ ਅੰਤ ਨਹੀ, ਨਾ ਹੀ ਅੰਤ ਹੈ ਉਹਦੀਆਂ ਸਿਫ਼ਤਾਂ ਕਰਨ ਵਾਲਿਆਂ ਦਾ।
There is no end to the praise of the Lord, and there are countless who praise Him.

ਅੰਤੁ ਨ ਕਰਣੈ ਦੇਣਿ ਨ ਅੰਤੁ ॥
ant naa karnai dayn naa ant.
ਉਹਦੇ ਕਰਨ (ਕੰਮ ਕਰਨ, ਕੁਦਰਤ) ਦਾ ਕੋਈ ਅੰਤ ਨਹੀ, ਨਾ ਹੀ ਉਹਦੀਆਂ ਦਾਤਾਂ ਦਾ ਕੋਈ ਅੰਤ ਹੈ।
Limitless is His Creation, and there is no end to His Gifts (Blessings).

ਅੰਤੁ ਨ ਵੇਖਣਿ ਸੁਣਣਿ ਨ ਅੰਤੁ ॥
ant naa vaykhan sunan naa ant.
ਵਾਹਿਗੁਰੂ ਦੀ ਕੁਦਰਤ ਦੇਖ ਦੇਖ ਕੇ ਜਾਂ ਪਰਮਾਤਮਾ ਦੇ ਬਾਰੇ ਸੁਣ ਸੁਣ ਕੇ ਉਹਦਾ ਅੰਤ ਨਹੀ ਪਾਇਆ ਜਾ

ਸਕਦਾ।

We cannot know about God even by watching (seeing) His Creation, or by hearing about Him.

ਅੰਤੁ ਨ ਜਾਪੈ ਕਿਆ ਮਨਿ ਮੰਤੁ ॥

ant naa jaapai ki-aa man mant.

ਵਾਹਿਗੁਰੂ ਦੀ ਕੀ ਮਰਜ਼ੀ ਹੈ, ਇਹਦਾ ਅੰਤ ਵੀ ਨਹੀ ਪਾ ਸਕੀਦਾ।

We cannot know the limits of His Mind (His Motive, Will).

ਅੰਤੁ ਨ ਜਾਪੈ ਕੀਤਾ ਆਕਾਰੁ ॥

ant naa jaapai keetaa aakaar.

ਉਸਦੇ ਕੀਤੇ (ਕੁਦਰਤ, ਰਚਨਾ) ਦਾ ਵੀ ਅੰਤ ਨਹੀ ਪਾ ਸਕਦੇ।

We cannot know the extent (limits) of His Creation.

ਅੰਤੁ ਨ ਜਾਪੈ ਪਾਰਾਵਾਰੁ ॥

ant naa jaapai paaraavaar.

ਉਹਦੇ ਪਾਰਾਵਾਰ (ਆਰ–ਪਾਰ, ਸ਼ੁਰੂ ਤੋਂ ਅਖੀਰ, ਅੰਤ) ਦਾ ਪਤਾ ਨਹੀ ਲੱਗ ਸਕਦਾ।

We cannot know His limits (His Creation).

ਅੰਤ ਕਾਰਣਿ ਕੇਤੇ ਬਿਲਲਾਹਿ ॥

ant kaaran kaytay bil-laahi.

ਉਹਦਾ ਅੰਤ ਪਾਉਣ ਲਈ ਕਈ ਵਿਲਕਦੇ (ਤਰਲੇ ਮਾਰਦੇ) ਹਨ।

Many yearn to know His limits (His vastness).

ਤਾ ਕੇ ਅੰਤ ਨ ਪਾਏ ਜਾਹਿ ॥

taa kay ant naa paa-ay jaahi

ਭਰ ਉਹਦੇ ਹੱਦ–ਬੰਨੇ (ਅੰਤ) ਨੂੰ ਕੋਈ ਨਹੀ ਪਾ ਸਕਦਾ।

But, they cannot reach these (limits).

ਏਹੁ ਅੰਤੁ ਨ ਜਾਣੈ ਕੋਇ ॥

ayhu ant naa jaanai ko-i.

ਪਰਮਾਤਮਾ (ਇਹਦੀ ਕੁਦਰਤ) ਦਾ ਅੰਤ ਕੋਈ ਨਹੀ ਜਾਣਦਾ।

No one can know His (His Creation's) vastness.

ਬਹੁਤਾ ਕਹੀਐ ਬਹੁਤਾ ਹੋਇ ॥

bahutaa kahee-ai bahutaa ho-i.

ਜਿੰਨਾ ਵੱਧ (ਵੱਡਾ) ਅਸੀਂ ਦਸਦੇ ਹਾਂ, ਉਹ ਉਸ ਤੋਂ ਵੀ ਵੱਧ (ਵਡਾ, ਸਮਝਣ ਤੋਂ ਪਰ੍ਹੇ) ਹੋ ਜਾਂਦਾ ਹੈ।

The more we describe (that He is Great), the more (Greater still) He becomes.

ਵਡਾ ਸਾਹਿਬੁ ਊਚਾ ਥਾਉ ॥
vadaa saahib oochaa thaa-o.
ਪਰਮਾਤਮਾ ਵੱਡਾ ਹੈ ਅਤੇ ਉਹਦਾ ਟਿਕਾਣਾ ਉੱਚਾ (ਪਹੁੰਚ ਤੋਂ ਬਾਹਰ, ਉਹ ਸਮਝਣ ਤੋਂ ਉੱਪਰ) ਹੈ।
Great is the Lord and high is His Place (beyond reach, He is above understanding).

ਊਚੇ ਉਪਰਿ ਊਚਾ ਨਾਉ ॥
oochay upar oochaa naa-o.
ਉਹਦਾ ਨਾਮ ਉੱਚੇ ਤੋਂ ਉੱਚਾ ਹੈ, ਕੋਈ ਹੱਦ-ਬੰਨਾ ਨਹੀ!
His Name is Greater than the Great, limitless!

ਏਵਡੁ ਊਚਾ ਹੋਵੈ ਕੋਇ ॥
ayvad oochaa hovai ko-i.
ਜੇ ਕੋਈ ਐਡਾ (ਰੱਬ ਜਿੱਡਾ) ਵੱਡਾ ਹੋਵੇ,
If someone is as Great as God (equal to Him),

ਤਿਸੁ ਊਚੇ ਕਉ ਜਾਣੈ ਸੋਇ ॥
tis oochay k-a-o jaanai so-i.
ਤਾਂ ਹੀ ਉਹ (ਰੱਬ ਜਿੱਡੇ) ਵੱਡੇ ਨੂੰ ਜਾਣ ਸਕੇਗਾ।
Only then can he understand such a Great One (God).

ਜੇਵਡੁ ਆਪਿ ਜਾਣੈ ਆਪਿ ਆਪਿ ॥
jayvad aap jaanai aap aap.
ਉਹ ਆਪ ਹੀ ਜਾਣਦਾ ਹੈ ਕਿ ਉਹ ਕਿੱਡਾ ਵੱਡਾ ਹੈ।
Only God knows His Greatness.

ਨਾਨਕ ਨਦਰੀ ਕਰਮੀ ਦਾਤਿ ॥੨੪॥
naanak nadree karmee daat. ||24||
ਨਾਨਕ, ਚੰਗੇ ਕਰਮਾ ਅਤੇ ਵਾਹਿਗੁਰੂ ਦੀ ਕਿਰਪਾ ਦੇ ਨਾਲ ਇਹ ਦਾਤ (ਸਮਝ ਕਿ ਰੱਬ ਕਿੱਡਾ ਵੱਡਾ ਹੈ, ਕਿ ਉਹ ਸਮਝਣ ਤੋਂ ਉੱਪਰ ਹੈ) ਮਿਲਦੀ ਹੈ।
Nanak, one gets this gift (understanding of the Greatness of God) through good deeds and Kindness of Him. ||24||

ਬਹੁਤਾ ਕਰਮੁ ਲਿਖਿਆ ਨਾ ਜਾਇ ॥
bahutaa karam likhi-aa naa jaa-i.
ਉਹਦੀਆਂ ਮਿਹਰਬਾਨੀਆਂ (ਦਾਤਾਂ) ਲਿਖੀਆਂ ਨਹੀ ਜਾ ਸਕਦੀਆਂ (ਬੇਅੰਤ ਹਨ)।
It is hard to describe His limitless Kindness (His Bounties).

ਵਡਾ ਦਾਤਾ ਤਿਲੁ ਨ ਤਮਾਇ ॥
vadaa daataa til naa tamaa-i.
ਉਹ ਵੱਡਾ ਦਾਤਾ – ਸੁਗਾਤਾਂ ਦੇਣ ਵਾਲਾ ਹੈ, ਅਤੇ ਉਸਨੂੰ ਰਤਾ ਵੀ ਲਾਲਚ ਨਹੀ (ਖੁਲ੍ਹੇ ਦਿਲ ਦਾਤਾਂ ਦਿੰਦਾ ਹੈ)।
He is a Great Giver and has not even a bit of greed (Gives His Boons liberally).

ਕੇਤੇ ਮੰਗਹਿ ਜੋਧ ਅਪਾਰ ॥
kaytay mangahi joDh apaar.
ਬੇਅੰਤ ਵੱਡੇ ਵੱਡੇ ਬਹਾਦਰ ਵੀ ਵਾਹਿਗੁਰੂ ਤੋਂ (ਮੰਗਾਂ) ਮੰਗਦੇ ਹਨ।
Numberless great fighters (warriors) beg the Boons from the Lord.

ਕੇਤਿਆ ਗਣਤ ਨਹੀ ਵੀਚਾਰੁ ॥
kayti-aa ganat nahee veechaar.
(ਮੰਗਣ ਵਾਲੇ) ਕਿੰਨੇ ਹਨ, ਗਿਣਤੀ ਨਹੀ ਹੋ ਸਕਦੀ।
How many are (asking for the Boons), it is hard to give a count.

ਕੇਤੇ ਖਪਿ ਤੁਟਹਿ ਵੇਕਾਰ ॥
kaytay khap tutahi vaykaar.
ਕਈ ਬੇਕਾਰ (ਫ਼ਜ਼ੂਲ, ਐਵੇਂ ਹੀ) ਗਿਣਤੀ ਕਰਨ ਦਾ ਜਤਨ ਕਰਦੇ ਖਪਦੇ-ਮਰਦੇ ਹਨ।
Many exhaust themselves in their useless efforts to make counts (assessment) of those who beg from Him.

ਕੇਤੇ ਲੈ ਲੈ ਮੁਕਰੁ ਪਾਹਿ ॥
kaytay lai lai mukar paahi.
ਕਈ (ਭਰ,ਉਹ ਵੀ ਹਨ ਜੋ ਵਾਹਿਗੁਰੂ ਤੋਂ) ਦਾਤਾਂ ਲੈ ਲੈ ਕੇ ਮੁੱਕਰ ਜਾਂਦੇ ਹਨ (ਗਿਣਤੀ ਕੀ !)।
Some keep getting the Gifts (from Waheguru) and even then deny this.

ਕੇਤੇ ਮੂਰਖ ਖਾਹੀ ਖਾਹਿ ॥
kaytay moorakh khaahee khaahi.
ਕਈ (ਅਜਿਹੇ) ਮੂਰਖ (ਮੁਕਰਣ ਵਾਲੇ) ਖਾਈ ਜਾਂਦੇ ਹਨ।
ਦੂਸਰੇ ਬੰਨੇ, ਵਾਹਿਗੁਰੂ ਦੀਆਂ ਦਾਤਾਂ ਲੈ ਕੇ ਵਰਤਦੇ ਭਰ ਮੁਕਰਦੇ ਵੀ ਜਾਂਦੇ ਹਨ। ਅਜਿਹਾਂ ਨੇ ਗਿਣਤੀ ਕਰਨ ਦਾ ਸੋਚਣਾ ਹੀ ਕੀ ਹੈ।
Many such fools (though deny, take Boons from God) keep using His Gifts.

ਕੇਤਿਆ ਦੂਖ ਭੂਖ ਸਦ ਮਾਰ ॥
kayti-aa dookh bhookh sad maar.
(ਇਹਨਾ ਦੇ ਮੁਕਾਬਲੇ, ਹੋਰ) ਕਈ ਹਨ ਕਿ ਜਿਨ੍ਹਾਂ ਨੂੰ ਹਮੇਸ਼ਾ ਭੁਖ ਦੇ ਦੁਖ ਦੀ ਮਾਰ ਪਈ ਰਹਿੰਦੀ ਹੈ (ਰੱਬ ਕੁਝ ਨਹੀ ਦਿੰਦਾ ਇਹਨਾ ਦੇ ਕਰਮਾ ਕਰਕੇ ਵਾਹਿਗੁਰੂ ਕੁਝ ਨਹੀ ਦਿੰਦਾ)।
(In comparison to them) there are many who keep suffering from the pain of hunger (stay deprived of the Boons).

ਏਹਿ ਭਿ ਦਾਤਿ ਤੇਰੀ ਦਾਤਾਰ ॥
ayhi bhi daat tayree daataar.
ਵਾਹਿਗੁਰੂ ਜੀ, ਇਹ ਵੀ (ਕੁਝ ਨਾ ਮਿਲਨਾ) ਤੇਰੀ ਇਕ ਕਿਸਮ ਦੀ ਬਖਸ਼ਿਸ਼ (ਮਰਜ਼ੀ, ਹੁਕਮ) ਹੀ ਹੈ।
Even this (deprivation) is a sort of Your Gift (Will), O Lord!

ਬੰਦਿ ਖਲਾਸੀ ਭਾਣੈ ਹੋਇ ॥
band khalaasee bhaanai ho-i.
ਬੰਦਸ਼ਾਂ (ਮੰਗਾਂ ਦੀ ਕੈਦ) ਤੋਂ ਛੁਟਕਾਰਾ (ਮੁਕਤੀ, ਮਿਲਣਾ ਜਾਂ ਨਾਹ ਮਿਲਣਾ: ਸੰਸਾਰ ਦੇ ਦੁਖਾਂ–ਸੁਖਾਂ ਤੋਂ ਮੁਕਤੀ) ਵਾਹਿਗੁਰੂ ਦੇ ਭਾਣੇ (ਮਰਜ਼ੀ, ਹੁਕਮ) ਦੇ ਨਾਲ ਹੁੰਦਾ ਹੈ।
One gets liberation from the worldly bindings by the Will of God.

ਹੋਰੁ ਆਖਿ ਨ ਸਕੈ ਕੋਇ ॥
hor aakh naa sakai ko-i.
(ਇਹ ਵਾਹਿਗੁਰੂ ਦੇ ਹੁਕਮ ਦੀ ਗੱਲ ਹੈ) ਹੋਰ ਕਿਸੇ ਦਾ ਇਸ ਵਿੱਚ ਕੋਈ ਦਖਲ ਨਹੀ।
(This is the Will of God), none else has any say in it.

ਜੇ ਕੋ ਖਾਇਕੁ ਆਖਣਿ ਪਾਇ ॥
jay ko khaa-ik aakhan paa-i.
ਜੇ ਕੋਈ ਖਾਇਕੁ (ਮੂਰਖ) ਦਖਲ ਦੇਵੇ (ਵਾਹਿਗੁਰੂ ਦੇ ਹੁਕਮ ਵਿਚ),
If any fool tries to interfere in His Will,

ਓਹੁ ਜਾਣੈ ਜੇਤੀਆ ਮੁਹਿ ਖਾਇ ॥
ohu jaanai jaytee-aa muhi khaa-i.
ਤਾਂ ਉਹਨੂੰ ਪਤਾ ਚਲ ਜਾਂਦਾ ਹੈ ਕਿ ਉਸ ਦੇ ਮੂੰਹ ਉਤੇ ਕਿੰਨੀਆਂ ਸੱਟਾਂ ਪੈਂਦੀਆਂ ਹਨ (ਉਹਦੀ ਕੀ ਦੁਰਦਸ਼ਾ – ਬੁਰਾ ਹਾਲ, ਹੁੰਦਾ ਹੈ)।
He realizes the hits (slaps) he bears on his face (How much he gets degraded!).

ਆਪੇ ਜਾਣੈ ਆਪੇ ਦੇਇ ॥
aapay jaanai aapay day-i.
ਦੇਣ ਵਾਲਾ ਜਾਣਦਾ ਹੈ (ਕਿਨਹੂੰ ਕਿੰਨਾ ਦੇਣਾ ਹੈ) ਅਤੇ ਉਹ ਆਪ ਹੀ (ਆਪਣੀ ਕਿਰਪਾ ਅਨੁਸਾਰ) ਦਿੰਦਾ ਹੈ।
Giver - the Lord, knows (to whom and how much to give) and gives (as per His Kindness).

ਆਖਹਿ ਸਿ ਭਿ ਕੇਈ ਕੇਇ ॥
aakhahi si bhi kay-ee kay-i.
ਕੁਝ ਕੁ (ਰੱਬ ਦੀਆਂ ਬਖਸ਼ਿਸ਼ਾਂ ਸਮਝਦੇ ਹਨ) ਅਜਿਹਾ ਕਿਹਿੰਦੇ ਹਨ (ਕਿ ਵਾਹਿਗੁਰੂ ਆਪਣੀ ਕਿਰਪਾ ਅਨੁਸਾਰ ਦਿੰਦਾ ਹੈ)।
Some understand it (God’s Kindness) and say so (That He gives according to His Mercy).

ਜਿਸ ਨੋ ਬਖਸੇ ਸਿਫਤਿ ਸਾਲਾਹ ॥
jis no bakhsay sifat saalaah.
(ਲੈਣਾ-ਦੇਣਾ, ਦੁਖ-ਸੁਖ ਇਕ ਬੰਨੇ ਰਹੇ, ਭਰ) ਵਾਹਿਗੁਰੂ ਜਿਸ ਨੂੰ ਆਪਣੀ ਭਜਨ-ਬੰਦਗੀ ਬਖਸ਼ਦਾ ਹੈ,
(Leave aside pain and pleasure) he to whom the Lord grants His Worship - Praise,

ਨਾਨਕ ਪਾਤਿਸਾਹੀ ਪਾਤਿਸਾਹੁ ॥੨੫॥
naanak paatisaahee paatisaahu. ||25||
ਨਾਨਕ, ਉਹ ਹੀ (ਅਸਲੀ) ਬਾਦਸ਼ਾਹਾਂ ਦਾ ਬਾਦਸ਼ਾਹ ਹੈ।
Nanak, he is the real king of the kings. ||25||

ਅਮੁਲ ਗੁਣ ਅਮੁਲ ਵਾਪਾਰ ॥
amul gun amul vaapaar.
ਤੇਰੇ ਗੁਣ ਅਤੇ ਤੇਰੇ ਬਿਉਪਾਰ (ਵਿਹਾਰ, ਵਰਤਾਰਾ, ਕਿਰਪਾ) ਅਮੁਲ ਹਨ (ਕੋਈ ਮੁੱਲ ਨਹੀ ਦੇ ਸਕਦਾ, ਅਨਗਿਣਤ ਹਨ)। (ਇਹ ਸਾਰੀ ਪਉੜੀ ਦਸਦੀ ਹੈ ਕਿ ਵਾਹਿਗੁਰੂ ਅਤੇ ਇਹਦੀ ਰਚਨਾ ਦਾ ਕੋਈ ਅੰਤ ਨਹੀ)।
Priceless are Your merits: virtues, and priceless: countless, are Your dealings: trading (Blessings). (This step – Hymn, tells that God and His Creation are limitless).

ਅਮੁਲ ਵਾਪਾਰੀਏ ਅਮੁਲ ਭੰਡਾਰ ॥
amul vaapaaree-ay amul bhandaar.
ਮੁਲ ਤੋਂ ਉੱਚੇ ਹਨ ਤੇਰੇ ਬਿਉਪਾਰੀ (ਨਾਮ ਜਪਣ ਵਾਲੇ) ਅਤੇ ਮੁੱਲ ਤੋਂ ਉੱਪਰ ਹਨ ਤੇਰੇ ਭੰਡਾਰੇ (ਨਾਮ ਦੇ ਖਜ਼ਾਨੇ)।
Priceless are Your Traders (Those who recite Your Name) and precious are Your Treasures (of Naam - Your Name).

ਅਮੁਲ ਆਵਹਿ ਅਮੁਲ ਲੈ ਜਾਹਿ ॥
amul aavahi amul lai jaahi.
ਮੁਲ ਤੋਂ ਉੱਪਰ ਹਨ ਤੇਰੀ ਸ਼ਰਣ ਆਉਣ ਵਾਲੇ (ਗੁਰਮੁਖ, ਕੀਮਤੀ ਹਨ, ਅਨਗਿਣਤ ਹਨ), ਅਮੁਲ ਹਨ ਤੇਰੇ ਕੋਲੋਂ (ਨਾਮ ਦਾ ਸੌਦਾ) ਲੈ ਜਾਣ ਵਾਲੇ।
Priceless are those who come to You (God-Oriented people), and precious are those who get the Goods (Naam – the Name of God) from You.

ਅਮੁਲ ਭਾਇ ਅਮੁਲਾ ਸਮਾਹਿ ॥
amul bhaa-i amulaa samaahi.
ਹਰ ਕੀਮਤ ਤੋਂ ਉੱਚਾ ਹੈ ਤੇਰੇ ਨਾਲ ਭਾਉ (ਪਰੇਮ), ਅਤੇ ਬੇਮੁੱਲੀ ਹੈ ਤੇਰੇ ਨਾਲ (ਨਾਮ ਦੇ ਨਾਲ) ਲੀਨਤਾ (ਇਕ-ਮਿਕ ਹੋਣਾ)।
Priceless is the love (with You), and precious is the absorption (in Your Name).

ਅਮੁਲੁ ਧਰਮੁ ਅਮੁਲੁ ਦੀਬਾਣੁ ॥
amul Dharam amul deebaan.
ਮੁਲ ਤੋਂ ਉੱਪਰ ਹੈ (ਕਮਾਲ ਹੈ) ਤੇਰਾ ਧਰਮ (ਨਯਮ, ਜੋ ਤੂੰ ਕਰਦਾ ਹੈਂ), ਅਤੇ ਕੀਮਤ ਨਹੀ ਪਾਈ ਜਾ ਸਕਦੀ (ਕਮਾਲ ਹੈ) ਤੇਰੇ ਦਰਬਾਰ (ਹੁਕਮ) ਦੀ।
Priceless is Your Dharm (Dharma – Discipline: all that You do), and priceless is Your Divine Court (Your Will).

ਅਮੁਲੁ ਤੁਲੁ ਅਮੁਲੁ ਪਰਵਾਣੁ ॥
amul tul amul parvaan.
ਕਮਾਲ ਹੈ ਤੇਰਾ ਦੂਸਰਿਆਂ ਨੂੰ ਪਰਖਣਾ (ਦੂਸਰਿਆਂ ਦਾ ਪਰਖ ਤੇ ਪੂਰਾ ਉਤਰਨਾ) ਅਤੇ ਕਮਾਲ ਹੈ ਤੇਰਾ ਉਹਨਾ ਨੂੰ ਪਰਵਾਨ ਵੀ ਕਰ ਲੈਣਾ (ਉਹਦੇ ਦਰ ਤੇ ਪਰਵਾਨ ਹੋਣਾ, ਮੁਆਫ਼ ਕਰਨਾ)।
A wonder is Your testing of others, and equally a wonder is Your accepting them (Forgiving them).

ਅਮੁਲੁ ਬਖਸੀਸ ਅਮੁਲੁ ਨੀਸਾਣੁ ॥
amul bakhsees amul neesaan.
ਅਮੁਲ (ਕਮਾਲ) ਹਨ ਤੇਰੀਆਂ ਦਾਤਾਂ ਕਿ ਜੋ ਤੇਰੀ ਹੋਂਦ ਦਾ ਸਬੂਤ ਹਨ।
Wonderful are Your Boons that prove Your existence.

ਅਮੁਲੁ ਕਰਮੁ ਅਮੁਲੁ ਫੁਰਮਾਣੁ ॥
amul karam amul fur-maan.
ਧੰਨ ਹੈ (ਕਮਾਲ ਹੈ, ਅਮੁਲ ਹੈ) ਤੇਰੀ ਕਿਰਪਾ (ਮਿਹਰ) ਅਤੇ ਧੰਨ ਹੈ ਤੇਰਾ ਹੁਕਮ।
A wonder is Your Kindness and equally wondrous is Your Hukam (Will, Command).

ਅਮੁਲੋ ਅਮੁਲੁ ਆਖਿਆ ਨ ਜਾਇ ॥
amulo amul aakhi-aa naa jaa-i.
ਮੁਲ ਤੋਂ ਪਰ੍ਹੇ (ਇਹ ਵੀ ਕਮਾਲ) ਹੈ, ਕਿ ਵਾਹਿਗੁਰੂ ਬਾਰੇ ਕੁਝ ਵੀ ਦੱਸਿਆ ਨਹੀ ਜਾ ਸਕਦਾ।
It is not possible to describe the Wonderful (Limitless) Lord,

ਆਖਿ ਆਖਿ ਰਹੇ ਲਿਵ ਲਾਇ ॥
aakh aakh rahay liv laa-i.
(ਭਾਵੇਂ ਕਿ) ਆਖਣ ਵਾਲੇ, ਲੀਨਤਾ (ਆਪਣੀ ਮੱਤ-ਬੁਧ ਦੇ ਜ਼ੋਰ) ਦੇ ਨਾਲ ਤੈਨੂੰ ਬਿਆਨ ਕਰਦੇ ਹਨ।
Although the people try to describe You single minded (with their wisdom).

ਆਖਹਿ ਵੇਦ ਪਾਠ ਪੁਰਾਣ ॥
aakhahi vayd paath puraan.
ਵੇਦਾਂ ਅਤੇ ਪੁਰਾਣਾ ਦੇ ਮੰਤਰ ਵੀ ਤੇਰੇ ਬਾਰੇ ਦਸਦੇ ਹਨ। (ਕਿ ਉਹ ਬੇਅੰਤ ਹੈ)।
The Mantras of the Holy Vedas and Puranas also describe (discuss) You.

ਆਖਹਿ ਪੜੇ ਕਰਹਿ ਵਖਿਆਣ ॥
aakhahi parhay karehi vakhi-aan.
ਵਿਦਵਾਨ (ਪੜ੍ਹੇ ਲਿਖੇ) ਤੇਰੇ ਬਾਰੇ ਬਹਿਸ ਕਰਦੇ (ਦਸਦੇ, ਲੈਕਚਰ ਦਿੰਦੇ) ਹਨ।
The scholars study and discuss You (Give lectures about You).

ਆਖਹਿ ਬਰਮੇ ਆਖਹਿ ਇੰਦ ॥
aakhahi bar-may aakhahi ind.
ਬਰਹਮਾ ਅਤੇ ਇੰਦਰ (ਵਰਗੇ ਦੇਵਤੇ) ਵੀ ਤੇਰੇ ਬਾਰੇ ਕਹਿੰਦੇ ਹਨ।
Brahma and Indar also talk about You. (Brahma, Indra - the mythical gods).

ਆਖਹਿ ਗੋਪੀ ਤੈ ਗੋਵਿੰਦ ॥
aakhahi gopee tai govind.
ਗੋਪੀਆਂ (ਗੁਆਲਣਾ, ਸਖੀਆਂ) ਅਤੇ ਕਰਿਸ਼ਨ ਤੇਰਾ ਜ਼ਿਕਰ ਕਰਦੇ ਹਨ।
The milkmaids and Krishan (Playmates of Krishna) talk of You.

ਆਖਹਿ ਈਸਰ ਆਖਹਿ ਸਿਧ ॥
aakhahi ee-sar aakhahi siDh.
ਦੇਵਤਾ ਈਸ਼ਰ (ਸ਼ਿਵਜੀ), ਅਤੇ ਸਿਧ (ਪੁੱਜੇ ਹੋਏ ਕਰਾਮਾਤੀ ਮਹਾਤਮਾ) ਭੀ ਤੇਰੇ ਬਾਰੇ ਦਸਦੇ ਹਨ।
The mythical god Shiv (Shiva), and the Sidh (Sidha – adept, the miracle-men) tell about You.

ਆਖਹਿ ਕੇਤੇ ਕੀਤੇ ਬੁਧ ॥
aakhahi kaytay keetay buDh.
ਬੇਅੰਤ ਬੁਧ (ਬੁੱਧੀਮਾਨ, ਵਿਦਵਾਨ, ਗੌਤਮ-ਬੁਧ) ਜੋ ਤੂੰ ਸਾਜੇ (ਬਣਾਏ) ਹਨ, ਇਹ ਵੀ ਤੇਰੇ ਬਾਰੇ ਦਸਦੇ ਹਨ।ਕਮਾਲ ਹੈ ਕਿ ਜਿਸ ਇਹ ਬਣਾਏ ਹਨ ਇਹ ਹੀ ਉਸ ਦੇ ਬਾਰੇ ਦਸਦੇ ਹਨ।
Your Creation – Budha: learned people (Gautam-Budh, scholars), discuss You.

ਆਖਹਿ ਦਾਨਵ ਆਖਹਿ ਦੇਵ ॥
aakhahi daanav aakhahi dayv.
ਦੈਂਤ (ਰਾਖਸ਼ਸ਼) ਅਤੇ ਦੇਵਤੇ ਤੇਰੇ ਬਾਰੇ ਕਹਿੰਦੇ ਹਨ।
The demons and gods speak of You. (Sing Your praise).

ਆਖਹਿ ਸੁਰਿ ਨਰ ਮੁਨਿ ਜਨ ਸੇਵ ॥
aakhahi sur nar mun jan sayv.
ਦੇਵਤੇ, ਮਨੁਖ, ਮੋਨੀ (ਚੁੱਪ-ਰਹਿੰਦੇ ਸੰਤ) ਅਤੇ ਸੇਵਾ ਸੁਭਾ ਵਾਲੇ, ਤੇਰੇ ਬਾਰੇ ਦਸਦੇ ਹਨ।
The gods and men, the silent-saints and Your servants (devotees), narrate about You.

ਕੇਤੇ ਆਖਹਿ ਆਖਣਿ ਪਾਹਿ ॥
kay<u>t</u>ay aa<u>kh</u>ahi aa<u>kh</u>a<u>n</u> paahi.
ਕਿੰਨੇ ਹੀ ਤੈਨੂੰ ਬਿਆਨ ਕਰਨ ਦਾ ਪਾਹਿ (ਹੌਂਸਲਾ) ਕਰਦੇ ਹਨ।
A good many attempt to discuss You.

ਕੇਤੇ ਕਹਿ ਕਹਿ ਉਠਿ ਉਠਿ ਜਾਹਿ ॥
kay<u>t</u>ay kahi kahi u<u>th</u> u<u>th</u> jaahi.
ਬਹੁਤ ਸਾਰੇ ਤੈਨੂੰ ਬਿਆਨ ਕਰਦੇ ਕਰਦੇ ਮਰ-ਖੱਪ, ਤੁਰ ਜਾਂਦੇ ਹਨ।
Many depart – die, attempting to describe You.

ਏਤੇ ਕੀਤੇ ਹੋਰਿ ਕਰੇਹਿ ॥
ay<u>t</u>ay kee<u>t</u>ay hor karayhi.
ਜਿਤਨੇ ਤੂੰ ਬਣਾਏ ਹਨ, ਜੇ ਇਤਨੇ ਹੋਰ ਪੈਦਾ ਕਰ ਦੇਵੇਂ,
If You create as many more as already created,

ਤਾ ਆਖਿ ਨ ਸਕਹਿ ਕੇਈ ਕੇਇ ॥
<u>t</u>aa aa<u>kh</u> naa sakahi kay-ee kay-i.
ਤਾਂ ਵੀ ਉਹ ਤੇਰੇ ਬਾਰੇ ਕੁਝ ਵੀ ਦਸ ਨਹੀ ਸਕਣਗੇ।
Even then, they will not be able to tell about You.

ਜੇਵਡੁ ਭਾਵੈ ਤੇਵਡੁ ਹੋਇ ॥
jayvad <u>bh</u>aavai <u>t</u>ayvad ho-i.
ਜਿੰਨਾ ਬੇਅੰਤ ਚਾਹੇਂ ਤੂੰ ਉਤਨਾ ਹੀ ਵੱਡਾ ਹੋ ਜਾਂਦਾ ਹੈਂ।
The Lord becomes limitless (Great) as limitless He wants to be.

ਨਾਨਕ ਜਾਣੈ ਸਾਚਾ ਸੋਇ ॥
naanak jaa<u>n</u>ai saachaa so-i.
ਨਾਨਕ, ਵਾਹਿਗੁਰੂ ਕਿੱਡਾ ਵੱਡਾ - ਬੇਅੰਤ ਹੈ, ਇਹ ਉਹ ਸੱਚਾ ਆਪ ਹੀ ਜਾਣਦਾ ਹੈ।
Nanak, the True Lord Himself knows how Great (limitless), He is.

ਜੇ ਕੋ ਆਖੈ ਬੋਲੁ ਵਿਗਾੜੁ ॥
jay ko aa<u>kh</u>ai bolu vigaa<u>rh</u>.
ਜੇ ਕੋਈ ਬੋਲ ਵਿਗਾੜ ਕੇ (ਹਉਮੇ ਦੇ ਨਾਲ, ਹੰਕਾਰ ਕਰਕੇ) ਬਿਆਨ ਕਰਨਾ ਵੀ ਚਾਹੇ,
If, out of ego someone claims that he can describe God,

ਤਾ ਲਿਖੀਐ ਸਿਰਿ ਗਾਵਾਰਾ ਗਾਵਾਰੁ ॥੨੬॥
<u>t</u>aa li<u>kh</u>ee-ai sir gaavaaraa gaavaar. ||26||
ਤਾਂ ਅਜਿਹੇ ਬੰਦੇ ਨੂੰ ਮਹਾਂ ਮੂਰਖ ਸਮਝੋ।
Then, take him as a great fool. ||26||

ਸੋ ਦਰੁ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ ॥
so dar kayhaa so ghar kayhaa jit bahi sarab samaalay.
ਘਰ–ਦਰਵਾਜ਼ਾ (ਜਹਾਨ) ਕਿਹਾ ਸੁੰਦਰ ਹੈ, ਜਿਥੇ ਬੈਠ ਕੇ ਤੂੰ ਸਾਰਿਆਂ ਦੀ ਸੰਭਾਲ ਕਰਦਾ ਹੈਂ!
Place (World) from where You take care of everyone is beautiful.

ਵਾਜੇ ਨਾਦ ਅਨੇਕ ਅਸੰਖਾ ਕੇਤੇ ਵਾਵਣਹਾਰੇ ॥
vaajay naad anayk asankhaa kaytay vaavanhaaray.
ਉੱਥੇ, ਕਰੋੜਾਂ ਸਾਜ਼ (ਨਾਦ – ਸਾਹ ਨਾਲ ਵਜਾਏ ਜਾਣ ਵਾਲੇ ਸਾਜ਼) ਗੂੰਜਦੇ–ਵੱਜਦੇ, ਅਤੇ ਕਰੋੜਾਂ ਹੀ ਵਜਾਉਣ ਵਾਲੇ ਹਨ। (ਸਭ ਕੁਝ ਬੇਅੰਤ ਹੈ)।
Countless musical instruments, flutes (played with breath), resound there, and countless are the musicians. (Every thing is unlimited).

ਕੇਤੇ ਰਾਗ ਪਰੀ ਸਿਉ ਕਹੀਅਨਿ ਕੇਤੇ ਗਾਵਣਹਾਰੇ ॥
kaytay raag paree si-o kahee-an kaytay gaavan-haaray.
ਕਿੰਨੇ ਹੀ ਰਾਗ, ਪਰੀ (ਰਾਗਨੀਆਂ) ਸਮੇਤ ਗਾਏ ਜਾਂਦੇ ਹਨ, ਅਨੇਕਾਂ ਗਾਉਣ ਵਾਲੇ ਹਨ!
So many musical measures and sub-measures are rendered, and so many are the singers!

ਗਾਵਹਿ ਤੁਹਨੋ ਪਉਣੁ ਪਾਣੀ ਬੈਸੰਤਰੁ ਗਾਵੈ ਰਾਜਾ ਧਰਮੁ ਦੁਆਰੇ ॥
gaavahi tuhno pa-un paanee baisantar gaavai raajaa Dharam du-aaray.
ਹਵਾ, ਪਾਣੀ ਅਤੇ ਅੱਗ ਤੇਰੇ ਗੁਣ ਗਾਉਂਦੇ ਹਨ, ਅਤੇ ਧਰਮਰਾਜ (ਇਨਸਾਫ਼ ਕਰਨ ਦਾ ਮਿਥਿਹਾਸਿਕ ਦੇਵਤਾ) ਤੇਰੇ ਬੂਹੇ ਉੱਤੇ ਖੜਾ ਤੇਰੀ ਵੱਡਿਆਈ ਕਰਦਾ ਹੈ।
The wind, water and fire praise You, and Dharamraj (the mythical god of Justice) sings Your praise at Your door.

ਗਾਵਹਿ ਚਿਤੁ ਗੁਪਤੁ ਲਿਖਿ ਜਾਣਹਿ ਲਿਖਿ ਲਿਖਿ ਧਰਮੁ ਵੀਚਾਰੇ ॥
gaavahi chit gupat likh jaanahi likh likh Dharam veechaaray.
ਚਿਤਰ ਤੇ ਗੁੱਪਤ (ਧਰਮਰਾਜ ਦੇ ਦੂਤ) ਜੋ ਲੇਖਾ ਲਿਖਦੇ ਹਨ, ਅਤੇ ਜਿਨ੍ਹਾਂ ਦੇ ਲਿਖੇ ਹੋਏ ਤੇ ਧਰਮਰਾਜ ਇਨਸਾਫ਼ ਕਰਦਾ ਹੈ, ਉਹ ਵੀ ਤੇਰਾ ਜੱਸ ਗਾਉਂਦੇ ਹਨ।
Chittar and Guptt (The record keeping angels – messengers of Dharam-Raj) who maintain the records, and based on which Dharam-Raj makes judgments, also sing Your praise.

ਗਾਵਹਿ ਈਸਰੁ ਬਰਮਾ ਦੇਵੀ ਸੋਹਨਿ ਸਦਾ ਸਵਾਰੇ ॥
gaavahi eesar bar-maa dayvee sohan sadaa savaaray.
ਤੇਰੇ ਸਵਾਰੇ ਹੋਏ (ਜਿਨ੍ਹਾਂ ਨੂੰ ਤੂੰ ਮਾਣ ਬਖਸ਼ਦਾ ਹੈਂ) ਈਸਰ (ਸ਼ਿਵ ਜੀ), ਬਰਮਾ (ਬਰਹਮਾ) ਅਤੇ ਦੇਵੀ (ਦੇਵੀਆਂ), ਤੈਨੂੰ ਗਾਇਨ ਕਰਦੇ ਸੋਹਣੇ ਲੱਗਦੇ ਹਨ।(ਇਹ ਰੱਬ ਦੀਆਂ ਸ਼ਕਤੀਆਂ ਹਨ)।
Your adorned (Honored) gods: Shiva (god of death and destruction), Brahma (god of creation) and goddesses, look nice (Beautiful) singing Your praise.

ਗਾਵਹਿ ਇੰਦ ਇਦਾਸਣਿ ਬੈਠੇ ਦੇਵਤਿਆ ਦਰਿ ਨਾਲੇ ॥

gaavahi ind idaasan baithay dayvati-aa dar naalay.

ਤਖਤ ਉੱਤੇ ਬੈਠਾ ਇੰਦਰ, ਦੇਵਤਿਆਂ ਸਮੇਤ ਤੇਰੇ ਦਰ ਤੇ (ਤੇਰੇ ਹਜ਼ੂਰ) ਤੇਰੇ ਗੁਣ ਗਾਉਂਦਾ ਹੈ।

The god Indar (Indra) seated on his throne with other gods, sings Your praise.

ਗਾਵਹਿ ਸਿਧ ਸਮਾਧੀ ਅੰਦਰਿ ਗਾਵਨਿ ਸਾਧ ਵਿਚਾਰੇ ॥

gaavahi siDh samaaDhee andar gaavan saaDh vichaaray.

ਸਿਧ (ਪੁੱਜੇ ਹੋਏ, ਕਰਾਮਾਤੀ ਸੰਤ) ਆਪਣੀ ਸਮਾਧੀ (ਧਿਆਨ) ਅੰਦਰ, ਅਤੇ ਸਾਧੂ ਆਪਣੀ ਸੋਚ-ਵਿਚਾਰ ਵਿਚ, ਤੇਰਾ ਨਾਮ ਜਪਦੇ ਹਨ।

The Sidh (the perfect ones, miracle-men) in their meditation, and Sadhu (Saints) in their contemplation, sing Your praise.

ਗਾਵਨਿ ਜਤੀ ਸਤੀ ਸੰਤੋਖੀ ਗਾਵਹਿ ਵੀਰ ਕਰਾਰੇ ॥

gaavan jatee satee santokhee gaavahi veer karaaray.

ਤੈਨੂੰ ਗਾਉਂਦੇ ਹਨ ਜਤੀ (ਪਰਹੇਜ਼ਗਾਰ – ਕਾਮ ਜਿਨ੍ਹਾਂ ਦੇ ਵੱਸ ਹੈ), ਸਤੀ (ਸੱਤ ਪੁਰਖ, ਸੱਤਿਆਵਾਨ – ਜੋ ਸੱਚ ਨਿਭਾਉਂਦੇ ਹਨ), ਸੰਤੋਖੀ (ਸਬਰ ਵਾਲੇ), ਅਤੇ ਕਰਾਰੇ ਵੀਰ (ਤਕੜੇ ਬਹਾਦੁਰ)।

The Jattee (Abstinents: those with sex-control), Sattee (Sincere, truthful), Santokhee (Those with contentment), and fearless warriors, sing Your praise.

ਗਾਵਨਿ ਪੰਡਿਤ ਪੜਨਿ ਰਖੀਸਰ ਜੁਗੁ ਜੁਗੁ ਵੇਦਾ ਨਾਲੇ ॥

gaavan pandit parhan rakheesar jug jug vaydaa naalay.

ਪੰਡਿਤ (ਵਿਦਵਾਨ) ਅਤੇ ਵੱਡੇ (ਚੋਣਵੇਂ) ਰਿਸ਼ੀ, ਜੁਗਾਂ ਜੁਗਾਂ ਤੋਂ, ਵੇਦਾਂ ਸਣੇ ਤੇਰਾ ਜੱਸ ਗਾਉਂਦੇ ਹਨ। ਰਿਸ਼ੀ, ਸੱਤ ਕਿਸਮ ਦੇ ਹੁੰਦੇ ਹਨ 'ਸਪਤਰਿਸ਼ੀ' – ਵੇਦਾਂ ਦੇ ਗਿਆਨੀ, ਵੇਦਾਂ ਦੇ ਕਰਤਾ, ਵੇਦਾਂ ਦੇ ਪਰਚਾਰਕ, ਰਾਜ ਦਰਬਾਰ ਦਾ ਪਰਬੰਧ ਕਰਦੇ, ਬਰਹਮਗਿਆਨੀ, ਸਵੈ-ਕਾਬੂ ਵਾਲੇ (ਆਪੇ, ਕਾਮ, ਉੱਤੇ ਕਾਬੂ), ਰਿਸ਼ੀਆਂ ਦੇ ਚੁਣੇ ਹੋਏ।

The Pandit (Scholars), Rishi (Learned saints)) from different periods of time, and Ved (Vedas) sing Your praise. (Rishis are of seven types, called 'sapat-Rishi' – authors of Vedas, preachers of Vedas, leaders selected by other Rishis, those watching the working of the king's court, those with self-control, the scholars of Vedas, and those with the knowledge of God).

ਗਾਵਹਿ ਮੋਹਣੀਆ ਮਨੁ ਮੋਹਨਿ ਸੁਰਗਾ ਮਛ ਪਇਆਲੇ ॥

gaavahi mohanee-aa man mohan surgaa machh p-i-aa-lay.

ਮਨ ਨੂੰ ਮੋਹ ਲੈਣ ਵਾਲੀਆਂ ਸੁੰਦਰੀਆਂ, ਸਵਰਗ, ਮੱਛ (ਧਰਤੀ), ਅਤੇ ਪਤਾਲ (ਪਿਆਲੇ) ਵਿਚ ਵੀ ਤੇਰੇ ਗੁਣ ਗਾਉਂਦੀਆਂ ਹਨ।

The attractive (captivating, enchanting) beauties sing Your praise in the heaven, on the earth, and in the nether-region.

ਗਾਵਨਿ ਰਤਨ ਉਪਾਏ ਤੇਰੇ ਅਠਸਠਿ ਤੀਰਥ ਨਾਲੇ ॥

gaavan ratan upaa-ay tayray athsath teerath naalay.

ਤੇਰੇ ਬਣਾਏ ਰਤਨ (ਕੀਮਤੀ ਪੱਥਰ, ਮਨ ਨੂੰ ਖੁਸ਼ ਕਰਨ ਵਾਲੀ ਚੀਜ਼, ਮਹਾਪੁਰਸ਼) ਅਠਾਹਟ ਤੀਰਥਾਂ ਸਮੇਤ ਤੈਨੂੰ ਧਿਆਉਂਦੇ ਹਨ।

ਰਤਨ – ਸ਼ਾਸਤਰਾਂ ਅਨੁਸਾਰ ਰਤਨ ਚੌਦਾਂ ਹਨ। ਮਿਥਿਹਾਸ ਹੈ ਕਿ ਦੇਵਤਿਆਂ ਅਤੇ ਦੈਂਤਾਂ ਨੇ ਸਮੁੰਦਰ ਰਿੜਕ ਕੇ 14 ਵਸਤਾਂ ਕਢੀਆਂ – ਅੰਮ੍ਰਿਤ, ਜ਼ਹਿਰ, ਸ਼ਰਾਬ, ਰੰਭਾ ਅਪੱਸਰਾਂ (ਪਰੀ, ਸੁੰਦਰ ਔਰਤ), ਲਛਮੀ (ਧਨ), ਐਰਾਵਤ ਹਾਥੀ, ਉਚੈਸਰਵਾ ਘੋੜਾ, ਕਾਮਧੇਨ ਗਊ, ਕਲਪ ਬਰਿਛ, ਵਗ਼ੈਰਾ। ਭਾਵ ਹੈ ਬੰਦਗੀ ਕਰਨ ਵਾਲੇ।

The jewels (Precious stones, things that please, evolved persons) created by You, along with sixty-eight places of pilgrimages, sing Your praise. (Jewels – Rattans. According to the Shastras: ancient literature, the Rattans are 14 in number. The mythology is that gods and devils churned the sea and 14 things came out – Amrit (the drink that bestows immortality), poison, alcohol, fairy named Apachhran, Lachhmi, elephant named Aeravatt, horse named Ouchaaysarva (loud braying), cow named Kamdhaen, and tree named Kalapp etc.)

ਗਾਵਹਿ ਜੋਧ ਮਹਾਬਲ ਸੂਰਾ ਗਾਵਹਿ ਖਾਣੀ ਚਾਰੇ ॥

gaavahi joDh mahaabal sooraa gaavahi khaanee chaaray.

ਖਾਣੀਆਂ – ਧਰਤੀ ਅੰਦਰ ਖੁਦਾਨਾ ਤੋਂ ਉੱਪਜ। ਚਾਰੇ – ਜਮਣ ਦੇ ਚਾਰੇ ਢੰਗ (ਅੰਡਜ: ਆਂਡਿਆਂ ਤੋਂ, ਜੇਰਜ: ਜੇਰ ਦੇ ਨਾਲ, ਸੇਤਜ: ਧਰਤੀ ਦੀ ਹਵਾੜ, ਪਸੀਨੇ: ਗੰਦ ਤੋਂ, ਉਤਭੁਜ: ਧਰਤੀ ਤੋਂ, ਪੌਦਿਆਂ ਵਾਂਙ)। ਬੜੇ ਤਕੜੇ ਜੋਧੇ, ਬਲਵਾਨ ਬਹਾਦੁਰ, ਖੁਦਾਨਾ ਦੀ ਉੱਪਜ, ਚਾਰੇ ਕਿਸਮ ਦੇ ਜਾਨਦਾਰ, ਇਹ ਸਭ ਕੁਝ ਤੈਨੂੰ ਗਾਉਂਦਾ ਹੈ।

The mighty warriors, super heroes, produce from the mines, and all four types of the living Creation, sing Your praise.

ਗਾਵਹਿ ਖੰਡ ਮੰਡਲ ਵਰਭੰਡਾ ਕਰਿ ਕਰਿ ਰਖੇ ਧਾਰੇ ॥

gaavahi khand mandal varbhandaa kar kar rakhay Dhaaray.

ਤੈਨੂੰ ਗਾਉਂਦੇ ਹਨ, ਖੰਡ (ਟੋਟੇ ਧਰਤੀ ਦੇ, ਭਾਵ ਸਾਰੀਆਂ ਧਰਤੀਆਂ), ਮੰਡਲ (ਹਰ ਮੰਡਲ ਵਿਚ ਇਕ ਸੂਰਜ, ਇਕ ਚੰਦ, ਤੇ ਇਕ ਧਰਤੀ ਹੁੰਦੀ ਹੈ), ਵਰਭੰਡ (ਸਾਰਾ ਸੰਸਾਰ), ਕਿ ਜੋ ਤੂੰ ਬਣਾ ਬਣਾ ਕੇ ਇਕ ਧਾਰ (ਸੂਤਰ, ਨਯਮ) ਵਿਚ ਰੱਖੇ ਹੋਏ ਹਨ।

All the worlds, solar-systems, and the universe, that You have created and bound in Your Order, chant Your Glories.

ਸੇਈ ਤੁਧੁਨੋ ਗਾਵਹਿ ਜੋ ਤੁਧੁ ਭਾਵਨਿ ਰਤੇ ਤੇਰੇ ਭਗਤ ਰਸਾਲੇ ॥

say-ee tuDhuno gaavahi jo tuDh bhaavan ratay tayray bhagat rasaalay.

ਉਹ ਹੀ ਤੇਰੇ ਗੁਣ ਗਾਉਂਦੇ ਹਨ ਕਿ ਜੋ ਤੈਨੂੰ ਚੰਗੇ ਲੱਗਦੇ ਹਨ, ਅਤੇ ਉਹ ਹਨ ਤੇਰੇ ਨਾਮ ਦਾ ਰਸ (ਆਨੰਦ) ਮਾਣਨ ਵਾਲੇ ਤੇਰੇ ਭਗਤ।

Only those accepted by You can sing Your praise, and such persons are the devotees who enjoy the Bliss (of Your Name).

ਹੋਰਿ ਕੇਤੇ ਗਾਵਨਿ ਸੇ ਮੈ ਚਿਤਿ ਨ ਆਵਨਿ ਨਾਨਕੁ ਕਿਆ ਵੀਚਾਰੇ ॥
hor kaytay gaavan say mai chit naa aavan naanak ki-aa veechaaray.
ਹੋਰ ਕਿੰਨੇ ਕੁ ਤੈਨੂੰ ਗਾਉਂਦੇ ਹਨ, ਗੁਰੂ ਨਾਨਕ ਜੀ ਕਹਿੰਦੇ ਹਨ ਕਿ ਇਹ ਕੀ ਵਿਚਾਰ ਕਰ ਸਕਦੇ ਹਨ, ਇਹ ਤਾਂ ਅੰਦਾਜ਼ਾ ਵੀ ਨਹੀ ਲਾ ਸਕਦੇ !
Nanak, how many more sing You, how can I contemplate on this, I cannot make an estimate of it!

ਸੋਈ ਸੋਈ ਸਦਾ ਸਚੁ ਸਾਹਿਬੁ ਸਾਚਾ ਸਾਚੀ ਨਾਈ ॥
so-ee so-ee sadaa sach saahib saachaa saachee naa-ee.
ਉਹ ਸੱਚਾ ਵਾਹਿਗੁਰੂ ਹਮੇਸ਼ਾ ਕਾਇਮ ਹੈ, ਵੱਡੀ ਸਚਾਈ ਉਹ ਆਪ ਤੇ ਉਹਦਾ ਨਾਮ ਹੈ।
Only the Lord is Immortal and the real Truth is He and His Name.

ਹੈ ਭੀ ਹੋਸੀ ਜਾਇ ਨ ਜਾਸੀ ਰਚਨਾ ਜਿਨਿ ਰਚਾਈ ॥
hai bhee hosee jaa-i naa jaasee rachnaa jin rachaa-ee.
ਉਹ ਕਿ ਜਿਸ ਨੇ ਸੰਸਾਰ ਬਣਾਇਆ ਹੈ, ਹੁਣ ਹੈ ਅਤੇ ਸਦਾ ਹੋਵੇਗਾ, ਕਿਤੇ ਜਾਏਗਾ ਨਹੀ (ਇਹਨੂੰ ਮੌਤ ਨਹੀ),।
The One Who has made this Creation, He is, shall ever be, and shall not go away anywhere (will not die, is Immortal).

ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ ਮਾਇਆ ਜਿਨਿ ਉਪਾਈ ॥
rangee rangee bhaatee kar kar jinsee maa-i-aa jin upaa-ee.
ਕਈ ਤਰ੍ਹਾਂ ਦੇ ਨਾਲ ਵਾਹਿਗੁਰੂ ਨੇ ਰੰਗ-ਬਰੰਗੀਆਂ ਕਿਸਮਾਂ ਦੀ ਮਾਇਆ (ਸੰਸਾਰ ਦੀਆਂ ਵਸਤਾਂ) ਬਣਾਈ ਹੈ।
God has created the Maya (worldly things) in different kinds and styles.

ਕਰਿ ਕਰਿ ਵੇਖੈ ਕੀਤਾ ਆਪਣਾ ਜਿਵ ਤਿਸ ਦੀ ਵਡਿਆਈ ॥
kar kar vaykhai keetaa aapnaa jiv tis dee vadi-aa-ee.
ਉਹਨੂੰ ਜਿੱਦਾਂ ਚੰਗਾ ਲੱਗਦਾ ਹੈ, ਆਪਣੀ ਰਚਨਾ ਦਾ ਅਨੰਦ ਮਾਣਦਾ ਹੈ।
He enjoys His Creation the way He likes it (deems fit).

ਜੋ ਤਿਸੁ ਭਾਵੈ ਸੋਈ ਕਰਸੀ ਹੁਕਮੁ ਨ ਕਰਣਾ ਜਾਈ ॥
jo tis bhaavai so-ee karsee hukam naa karnaa jaa-ee.
ਜਿੱਦਾਂ ਉਹਨੂੰ ਚੰਗਾ ਲੱਗੇਗਾ ਕਰੇਗਾ, ਕੋਈ ਕਹਿ ਨਹੀ ਸਕਦਾ ਕਿ ਉੱਦਾਂ ਨਹੀ ਇਦਾਂ ਕਰ।
He will do according to His Pleasure, and nobody can tell (order) Him any thing.

ਸੋ ਪਾਤਿਸਾਹੁ ਸਾਹਾ ਪਾਤਿਸਾਹਿਬੁ ਨਾਨਕ ਰਹਣੁ ਰਜਾਈ ॥੨੭॥
so paatisaahu saahaa paatisaahib naanak rahan rajaa-ee. ||27||
ਉਹ ਪਾਤਿਸ਼ਾਹ (ਬਾਦਸ਼ਾਹ) ਹੈ, ਸ਼ਾਹਾਂ ਦਾ ਪਾਤਿਸ਼ਾਹ ਹੈ। ਨਾਨਕ, ਸਭ ਨੂੰ ਉਹਦੀ ਰਜ਼ਾ (ਹੁਕਮ) ਵਿਚ ਰਹਿਣਾ ਸ਼ੋਭਦਾ (ਚੰਗਾ) ਹੈ।
He is the King, King of the kings. Nanak, it behoves (is right) for all to stay under His Will. ||27||

ਮੁੰਦਾ ਸੰਤੋਖੁ ਸਰਮੁ ਪਤੁ ਝੋਲੀ ਧਿਆਨ ਕੀ ਕਰਹਿ ਬਿਭੂਤਿ ॥
mundaa santokh saram pat jholee Dhi-aan kee karahi bibhoot.
ਹੇ ਜੋਗੀ, ਸੰਤੋਖ ਨੂੰ ਮੁੰਦਰਾਂ, ਮਿਹਨਤ (ਭਜਨ) ਕਰਨ ਨੂੰ ਸਿੱਪੀ ਤੇ ਝੋਲੀ, ਅਤੇ ਵਾਹਿਗੁਰੂ ਉੱਤੇ ਧਿਆਨ ਟਿਕਾਉਣ ਨੂੰ ਬਿਭੂਤੀ ਬਣਾਉ। ਮੁੰਦਾ – ਮੁੰਦ੍ਰਾਂ, ਜੋਗੀ ਦੇ ਕੰਨਾਂ ਵਿਚ ਪਾਉਣ ਦੇ ਵਾਲੇ। ਸਰਮੁ – ਮਿਹਨਤ, ਭਜਨ। ਪਤੁ – ਸਿੱਪੀ, ਕਰਮੰਡਲ, ਇਜ਼ੱਤ। ਝੋਲੀ – ਭੀਖ ਰਖਣ ਦੀ ਥੈਲੀ। ਬਿਭੂਤਿ – ਸੁਆਹ, ਜੋਗੀ ਇਹ ਸਰੀਰ ਉੱਤੇ ਮਲਦੇ ਹਨ।
O Yogi, make contentment your ear-rings, hard work (worship) your begging-bowl and bag, and concentration on God the ashes (to apply on your body).

ਖਿੰਥਾ ਕਾਲੁ ਕੁਆਰੀ ਕਾਇਆ ਜੁਗਤਿ ਡੰਡਾ ਪਰਤੀਤਿ ॥
khinthaa kaal ku-aaree kaa-i-aa jugat dan-daa parteet.
ਮੌਤ ਨੂੰ ਯਾਦ ਰਖਣਾ ਤੇਰੀ ਗੋਦੜੀ, ਸਰੀਰ ਦੀ ਪਵਿਤੱਰਤਾ ਤੇਰਾ ਯੋਗ ਕਮਾਉਣ ਦਾ ਤਰੀਕਾ, ਅਤੇ ਰੱਬ ਉੱਤੇ ਭਰੋਸਾ ਤੇਰਾ ਡੰਡਾ ਹੋਵੇ। ਕਾਲ – ਮੌਤ; ਖਿੰਥਾ – ਗੋਦੜੀ, ਟਾਕੀਆਂ ਲੱਗੀ ਰਜ਼ਾਈ; ਕੁਆਰੀ ਕਾਇਆ – ਸਰੀਰ ਦੀ ਪਵਿੱਤਰਤਾ। ਕਾਮ, ਕਰੋਧ, ਲੋਭ, ਮੋਹ, ਹੰਕਾਰ, ਨੂੰ ਵੱਸ ਰਖਣਾ; ਜੁਗਤਿ – ਤਰੀਕਾ; ਪਰਤੀਤ– ਭਰੋਸਾ।
Let the thought of death be your patched quilt, technique of your Yog (Yoga) be maintaining chastity, and your staff (Stick) be the faith in God.

ਆਈ ਪੰਥੀ ਸਗਲ ਜਮਾਤੀ ਮਨਿ ਜੀਤੈ ਜਗੁ ਜੀਤੁ ॥
aa-ee Panthee sagal jamaatee man jeetai jag jeet.
ਤੂੰ ਸੱਭ ਨੂੰ ਔਪਣਾ ਜਾਣ, ਅਤੇ ਆਪਣਾ ਮਨ ਜਿੱਤਣਾ ਜਗਤ ਨੂੰ ਜਿੱਤਣਾ ਖਿਆਲ ਕਰ। "ਆਈ–ਪੰਥੀ"– ਜੋਗੀਆਂ ਦਾ ਇਕ ਪੰਥ ਜਿਸ ਨੂੰ ਸੱਭ ਤੋਂ ਉੱਚਾ ਸਮਝਦੇ ਹਨ। ਪੰਥੀ – ਪੰਥ, ਇਕ ਕਿਸਮ। ਜਮਾਤੀ – ਇਕੱਠ, ਇਕ ਜਮਾਤ ਦੇ, ਮਿੱਤਰ, ਬਰਾਬਰ, ਆਪਣਾ। ਤੂੰ ਸਾਰਿਆਂ ਨੂੰ ਹੀ ਆਪਣੇ ਵਰਗਾ ਆਈ–ਪੰਥੀ ਸਮੱਝ।
Take all the groups belonging to the "Ayee Panth" like that of your own i.e. consider all equal (classmates, friends), and deem the mind-control (self control) as conquering the world. (Aye-Panth - a Yogic sect considered to be superior to all other groups. Jamaatee – of the same class or group, equal, friends, your own).

ਆਦੇਸੁ ਤਿਸੈ ਆਦੇਸੁ ॥
aadays tisai aadays.
ਨਿਮਸਕਾਰ ਹੈ ਉਸ ਪਰਮਾਤਮਾ ਨੂੰ,
Bow to the Lord,

ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥੨੮॥
aad aneel anaad anaahat jug jug ayko vays. ||28||
ਕਿ ਜੋ ਸੰਸਾਰ ਦੇ ਮੁਢ–ਸ਼ੁਰੂ ਤੋਂ, ਕਿਸੇ ਦਾਗ਼–ਦੋਸ਼ ਤੋਂ ਰਹਿਤ, ਮੁਢ–ਸ਼ੁਰੂ ਤੋਂ ਵੀ ਪਹਿਲਾਂ ਤੋਂ, ਨਾਸ਼ ਤੋਂ ਰਹਿਤ ਹੈ, ਅਤੇ ਜੁਗਾਂ ਜੁਗਾਂ ਤੋਂ ਬਿਨਾ ਤਬਦੀਲ਼ੀ ਦੇ ਹੈ।
ਆਦਿ –ਸ਼ੁਰੂ ਤੋਂ, ਸਭ ਦਾ ਮੁਢ। ਅਨੀਲੁ – ਦਾਗ਼ ਤੋਂ ਰਹਿਤ, ਪਵਿੱਤਰ। ਅਨਾਦਿ – ਆਦਿ, ਮੁਢ, ਸ਼ੁਰੂ

ਤੋਂ ਰਹਿਤ। ਜਿਸ ਦਾ ਮੁਢ ਨਹੀ ਲੱਭ ਸਕਦਾ। ਅਨਾਹਤਿ – ਮੌਤ ਤੋਂ ਰਹਿਤ, ਨਾਸ਼ ਰਹਿਤ। ਏਕੋ ਵੇਸ – ਇਕ ਸਰੂਪ, ਬਿਨਾ ਤਬਦੀਲੀ ਦੇ, ਸਦਾ ਇਕ ਰੂਪ ਹੈ।

(Who) is Primal: from the beginning, Pure, free from the beginning, immortal, and without change. (Aad – from the beginning. Aneel – pure. Anaad – timeless: even before the beginning. Anahat – free from hurt, immortal).

ਭੁਗਤਿ ਗਿਆਨੁ ਦਇਆ ਭੰਡਾਰਣਿ ਘਟਿ ਘਟਿ ਵਾਜਹਿ ਨਾਦ ॥

bhugat gi-aan da-i-aa bhan-daaran ghat ghat vaajahi naad.

ਪਰਮਾਤਮਾ ਦਾ ਗਿਆਨ ਹੈ ਖਾਣ ਦੀਆਂ ਵਸਤਾਂ, ਦਿਆ ਇਹਨਾ ਦੀ ਵਰਤਾਵੀ ਹੈ, (ਸੱਭ ਨੂੰ ਰੱਬ ਦਾ ਗਿਆਨ ਅਤੇ ਦਿਆ ਵੰਡ, ਕਿਉਂ ਕਿ) ਨਾਦ (ਪਰਮਾਤਮਾ) ਦੀ ਧੁਨੀ ਸਭਨਾ ਦੇ ਅੰਦਰ ਹੈ (ਪਰਮਾਤਮਾ ਸਭ ਵਿਚ ਹੈ, ਸਾਰੇ ਬਰਾਬਰ ਹਨ)।

ਭੁਗਤਿ – ਚੂਰਮਾ, ਪੰਜੀਰੀ, ਖਾਣ ਦੀਆਂ ਵਸਤਾਂ, ਪਦਾਰਥ। ਦਇਆ – ਦਿਆ, ਬਖਸ਼ਿਸ਼। ਭੰਡਾਰਣ – ਇਹਨਾ ਵਸਤਾਂ ਦੀ ਵਰਤਾਵੀ। ਨਾਦ – ਦੈਵੀ (ਆਤਮਿਕ) ਆਵਾਜ਼।

Divine knowledge is the food, compassion is its distributor. (Impart Divine-Knowledge and compassion to all, because) the Divine Music is in every heart (God is present in everyone, all are equal).

ਆਪਿ ਨਾਥੁ ਨਾਥੀ ਸਭ ਜਾ ਕੀ ਰਿਧਿ ਸਿਧਿ ਅਵਰਾ ਸਾਦ ॥

aap naath naathee sab jaa kee riDh siDh avraa saad.

ਉਹ ਆਪ ਮਾਲਿਕ ਹੈ (ਨਾਥ) ਅਤੇ ਸਾਰੇ ਉਹਦੇ ਹੁਕਮ ਅੰਦਰ ਹਨ (ਨਾਥੀ – ਉਹਦੀ ਨੁਕੇਲ ਪਈ ਹੈ)। ਵਡਿਆਈ ਪਾ ਲੈਣੀ (ਰਿਧਿ) ਅਤੇ ਕਰਾਮਾਤੀ (ਸਿਧਿ) ਬਣ ਜਾਣਾ ਐਵੇਂ ਗੱਲਾਂ ਹਨ (ਠਰਕ ਹਨ, ਫ਼ਜ਼ੂਲ ਹਨ। ਮਰ ਕੇ ਦੁਨਿਆਂ ਦਾ ਕੁਝ ਨਾਲ ਨਹੀ ਜਾਂਦਾ)।

He is the Lord and all others are His subordinates. To attain the name, fame and supernatural powers is absurd (On death, nothing worldly goes with soul).

ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ ਲੇਖੇ ਆਵਹਿ ਭਾਗ ॥

sanjog vijog du-i kaar chalaaveh laykhay aavahi bhaag.

ਮਿਲਾਪ ਅਤੇ ਵਿਛੋੜਾ, ਦੋਨੋ ਸੰਸਾਰ ਦੀ ਕਾਰ ਹਨ (ਕੰਮ ਚਲਾਉਂਦੇ ਹਨ), ਅਤੇ ਕੀ ਮਿਲਦਾ ਹੈ (ਦੁਖ ਜਾਂ ਸੁਖ) ਇਹ ਭਾਗਾਂ (ਕਰਮਾ) ਦੇ ਹੱਥ–ਵਸ ਹੁੰਦਾ ਹੈ।

"Union and separation" is the way of the world (life), and what one gets (pleasure or pain) is the destiny.

ਆਦੇਸੁ ਤਿਸੈ ਆਦੇਸੁ ॥

aadays tisai aadays.

ਨਿਮਸਕਾਰ ਹੈ ਵਾਹਿਗੁਰੂ ਨੂੰ,

Bow to the Lord,

ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥੨੯॥
aad aneel anaad anaahat jug jug ayko vays. ||29||
(ਕਿ ਜੋ) ਸਭ ਦਾ ਮੁੱਢ (ਸ਼ੁਰੂ ਤੋਂ) ਹੈ, ਪਵਿਤਰ ਹੈ, ਜਿਸ ਦਾ ਆਰੰਭ (ਸ਼ੁਰੂ) ਨਹੀ ਲੱਭ ਸਕਦਾ, ਜੋ ਨਾਸ਼ ਰਹਿਤ ਹੈ, ਅਤੇ ਸਦਾ ਇਕੋ ਜਿਹਾ ਰਹਿੰਦਾ ਹੈ।
(He) is the Primal (Cause of every thing), Pure, without beginning, Indestructible, and is Constant (Unchanged). ||29||

ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ ॥
aykaa maa-ee jugat vi-aa-ee tin chaylay parvaan.
(ਆਮ ਵਿਚਾਰ ਹੈ ਕਿ) ਇਕ ਮਾਤਾ (ਮਾਇਆ) ਨੇ ਜੁਗਤੀ (ਇਕ ਢੰਗ, ਕਿਸੇ ਤਰੀਕੇ) ਨਾਲ ਵਿਆਹੀ (ਗਰਭਵਤੀ ਹੋਈ) ਅਤੇ ਇਸ ਨੇ ਮੰਨੇ ਹੋਏ ਤਿਨ ਬੱਚੇ ਦਿੱਤ (ਮਿਥਿਹਾਸਿਕ ਤੌਰ ਤੇ ਸੰਸਾਰ ਨੂੰ ਚਲਾਉਣ ਲਈ ਤਿਨ ਦੇਵਤੇ ਪਰਗਟੇ),
(The myth is that) the mother (Maya – mundane, the worldly aspect) gave birth to (produced) three approved disciples (Mythology is that three gods came into being to run the world),

ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ ॥
ik sansaaree ik bhandaaree ik laa-ay deebaan.
ਇਕ ਸੰਸਾਰੀ, ਬਰਹਮਾ – ਰਚਨਵਾਲਾ; ਦੂਜਾ ਭੰਡਾਰੀ, ਵਿਸ਼ਨੂ – ਪਾਲਣ ਵਾਲਾ; ਅਤੇ ਤੀਜਾ ਦੀਬਾਣੀ, ਸ਼ਿਵ – ਦਰਬਾਰ ਲਾ ਕੇ ਫ਼ੈਸਲੇ ਦੇਣ ਵਾਲਾ (ਮੌਤ ਦਾ ਹੁਕਮ ਦੇਣ ਵਾਲਾ, ਮਾਰਨ ਵਾਲਾ, ਤਬਾਹੀ–ਬਰਬਾਦੀ ਕਰਨ ਵਾਲਾ ਦੇਵਤਾ)।
One the creator (Brahma), other to give sustenance (Vishnu), and third the destroyer (Shiva).

ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ ॥
jiv tis bhaavai tivai chalaavai jiv hovai furmaan.
(ਭਰ ਸਚਾਈ ਇਹ ਹੈ ਕਿ) ਜਿਸ ਤਰ੍ਹਾਂ ਉਹਨੂੰ ਭਾਉਂਦਾ ਹੈ, ਉੱਦਾਂ ਉਹ ਚਲਾਉਂਦਾ ਹੈ (ਸੰਸਾਰ ਨੂੰ) ਆਪਣੇ ਹੁਕਮ ਅਨੁਸਾਰ।
(But the truth is that) God runs the world as it pleases Him, and according to His Will.

ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ ॥
o-hu vaykhai o-naa nadar naa aavai bahutaa ayhu vidaan.
ਪਰਮਾਤਮਾ ਸਭ ਰਚਨਾ ਨੂੰ ਦੇਖਦਾ (ਚਲਾਉਂਦਾ, ਸਾਂਭਦਾ, ਪਾਲਦਾ) ਹੈ ਭਰ ਕਿਸੇ ਨੂੰ ਦਿਸਦਾ (ਸਮਝਦੇ) ਨਹੀ ਕਿ ਵਾਹਿਗੁਰੂ ਸੱਭ ਕੁਝ ਨੂੰ ਚਲਾ ਰਿਹਾ ਹੈ, ਇਹ ਹੈ ਕਮਾਲ ਦੀ ਗੱਲ!।
God beholds – runs the Creation, but nobody realizes that He makes everything work, this is the wonder!

ਆਦੇਸੁ ਤਿਸੈ ਆਦੇਸੁ ॥
aad̲ays t̲isai aad̲ays.
ਨਮਸਕਾਰ ਹੈ ਵਾਹਿਗੁਰੂ ਨੂੰ,
Bow to the Lord,

ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥੩੦॥
aad̲ aneel anaad̲ anaahat̲ jug jug ayko vays. ||30||
ਕਿ ਜੋ ਅਨਾਦਿ (ਸ਼ੁਰੂ ਤੋਂ, ਸੱਭ ਦਾ ਮੁੱਢ), ਅਨੀਲ (ਪਵਿਤ੍ਰ), ਅਨਾਦਿ (ਆਰੰਭ-ਰਹਿਤ), ਅਨਾਹਤਿ (ਨਾਸ਼-ਰਹਿਤ), ਅਤੇ ਸਮੂਹ ਯੁਗਾਂ ਅੰਦਰ ਇਕ ਸਰੂਪ ਰਹਿੰਦਾ ਹੈ, ਬਦਲਦਾ ਨਹੀ।
Who is Primal (The source of all), Pure, Without-Beginning, Indestructible, and Unchanged (Constant). ||30||

ਆਸਣੁ ਲੋਇ ਲੋਇ ਭੰਡਾਰ ॥
aasan̲ lo-i lo-i b̲handaar.
ਵਾਹਿਗੁਰੂ ਨੇ ਹਰ ਲੋਇ (ਲੋਅ – ਲੋਕ, ਦੁਨੀਆਵਾਂ) ਵਿਚ ਆਪਣੇ ਆਸਣ ਅਤੇ ਭੰਡਾਰੇ ਟਿਕਾ (ਆਸਣ – ਭਾਵ ਬਣਾ) ਦਿੱਤੇ ਹੋਏ ਹਨ (ਰਚਨਾ ਦੇ ਪਾਲਣ ਦਾ ਪਰਬੰਧ ਕਰ ਦਿੱਤਾ ਹੈ)।
(The seat of the Lord), and His storehouses are in all the worlds. (The Lord established His storehouses in all the worlds to take care of His Creation).

ਜੋ ਕਿਛੁ ਪਾਇਆ ਸੁ ਏਕਾ ਵਾਰ ॥
jo kic̲hh̲ paa-i-aa su aykaa vaar.
ਇਹਨਾ ਵਿਚ ਜੋ ਉਹਨੇ ਪਾਉਣਾ ਸੀ, ਸੱਭ ਇਕੋ ਵਾਰ ਪਾ ਦਿੱਤਾ (ਇਕੋ ਵਾਰ ਹਮੇਸ਼ਾ ਲਈ ਭਰਪੂਰ ਕਰ ਦਿੱਤੇ। ਇਹ ਸਦਾ ਭਰੇ ਰਹਿੰਦੇ ਹਨ)।
Whatever was to be put into them, He did that once for all times (These stay always filled).

ਕਰਿ ਕਰਿ ਵੇਖੈ ਸਿਰਜਣਹਾਰੁ ॥
kar kar vayk̲hai sirjan̲haar.
ਸੱਭ ਕੁਝ ਬਣਾਉਣ ਵਾਲਾ ਬਣਾ ਕੇ ਇਹਨੂੰ ਦੇਖ (ਪਾਲ) ਰਿਹਾ ਹੈ।
After creating, the Lord takes care of it (Nurses it. Provisions have been arranged).

ਨਾਨਕ ਸਚੇ ਕੀ ਸਾਚੀ ਕਾਰ ॥
naanak sachay kee saachee kaar.
ਨਾਨਕ, ਸੱਚੇ ਵਾਹਿਗੁਰੂ ਦੇ ਕੰਮ ਵੀ ਸੱਚੇ (ਉੱਚੇ-ਸੁੱਚੇ, ਪੂਰਨ) ਹਨ।
Nanak, True (Great, Perfect) are the Undertakings (Works) of the True (Great) Lord.

ਆਦੇਸੁ ਤਿਸੈ ਆਦੇਸੁ ॥
aadays tisai aadays.
ਨਿਮਸਕਾਰ, ਮੇਰੀ ਨਿਮਸਕਾਰ ਹੈ ਉਹਨੂੰ।
Obeisance is to the Lord.

ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥੩੧॥
aad aneel anaad anaahat jug jug ayko vays. ||31||
ਉਹ ਸ਼ੁਰੂ ਤੋਂ (ਸਭ ਦਾ ਮੁੱਢ), ਪਵਿੱਤਰ, ਆਰੰਭ–ਰਹਿਤ, ਮੌਤ–ਰਹਿਤ, ਅਤੇ ਸਦਾ ਹੀ ਇਕ ਰੂਪ (ਰਹਿੰਦਾ) ਹੈ (ਬਦਲਦਾ ਨਹੀ)।
He is Primal (Creator of every thing), Pure, without a beginning, Indestructible and Unchanged (The same) throughout the ages (time-periods). ||31||

ਇਕ ਦੂ ਜੀਭੌ ਲਖ ਹੋਹਿ ਲਖ ਹੋਵਹਿ ਲਖ ਵੀਸ ॥
ik doo jeebhou lakh hohi lakh hovahi lakh vees.
ਇਸ ਜ਼ਬਾਨ ਦੀਆਂ ਲੱਖ ਜ਼ਬਾਨਾਂ ਬਣ, ਲੱਖ ਦੀਆਂ ਵੀਹ ਲਖ ਹੋ ਜਾਣ।
The tongue may divide into hundreds of thousands, and these may become two million.

ਲਖੁ ਲਖੁ ਗੇੜਾ ਆਖੀਅਹਿ ਏਕੁ ਨਾਮੁ ਜਗਦੀਸ ॥
lakh lakh gayrhaa aakhee-ahi ayk naam jagdees.
ਇਹਨਾ ਚੋਂ ਹਰ ਇਕ ਜੀਭ ਦੇ ਨਾਲ ਲੱਖਾਂ ਵਾਰੀ ਜਗਦੀਸ਼ (ਜਗਤ ਦਾ ਮਾਲਕ, ਵਾਹਿਗੁਰੂ) ਦੇ ਨਾਮ ਦਾ ਜਾਪ ਕੀਤਾ ਜਾਵੇ।
With each tongue, in cycles be recited the Lord's Name millions of times.

ਏਤੁ ਰਾਹਿ ਪਤਿ ਪਵੜੀਆ ਚੜੀਐ ਹੋਇ ਇਕੀਸ ॥
ayt raahi pat pavrhee-aa charhee-ai ho-i ikees.
ਇਹ ਹਨ ਵਾਹਿਗੁਰੂ (ਪਤਿ–ਪਤੀ, ਮਾਲਕ) ਦੇ ਮਿਲਾਪ ਦੇ ਰਸਤੇ ਦੀਆਂ ਪਾਉੜੀਆਂ, ਅਤੇ ਇਹਨਾ ਨੂੰ ਚੜ੍ਹ ਕੇ (ਬੰਦਗੀ ਕਰਕੇ) ਵੀਹ ਦਾ ਇੱਕੀ ਹੋ ਜਾਈਦਾ ਹੈ (ਮਨੁਖ ਤੋਂ ਦੇਵਤਾ ਬਣ ਜਾਂਦਾ ਹੈ। ਜੋ ਗੁਣ ਹਨ, ਉਹਨਾ ਦਾ ਵਾਧਾ ਹੋ ਜਾਂਦਾ ਹੈ)।
This (continuous worship of the Lord) is the ladder (Steps) on the way to meet Him, and by going up this (Reciting His Name), one evolves.

ਸੁਣਿ ਗਲਾ ਆਕਾਸ ਕੀ ਕੀਟਾ ਆਈ ਰੀਸ ॥
sun galaa aakaas kee keetaa aa-ee rees.
ਅਜਿਹੀਆਂ ਉੱਚੀਆਂ ਗੱਲਾਂ ਸੁਣ ਕੇ, (ਮਸਕੀਨ, ਨਿਮਾਣੇ) ਕੀੜਿਆਂ (ਆਮ ਬੰਦਿਆਂ) ਨੂੰ ਵੀ ਰੀਸ ਆ ਜਾਂਦੀ ਹੈ ਨਕਲ ਕਰਨ ਦੀ (ਚਾਉ ਆ ਜਾਂਦਾ ਹੈ ਕਿ ਭਜਨ ਕਰਨ)।
By hearing such high talks (of the outcome of worship), even the insects (common men) get excited to try it (worship).

ਨਾਨਕ ਨਦਰੀ ਪਾਈਐ ਕੂੜੀ ਕੂੜੈ ਠੀਸ ॥੩੨॥

naanak nadree paa-ee-ai koorhee koorhai thees. ||32||

(ਸੰਤਾਂ ਦੀਆਂ ਨਕਲਾਂ, ਜਾਂ ਭਾਵੇਂ ਲੱਖਾਂ ਜ਼ਬਾਨਾ ਦੇ ਨਾਲ ਭਜਨ ਕਰ ਲਵੇ) ਨਾਨਕ, ਰੱਬ ਦਾ ਮੇਲ ਉਹਦੀ ਮਿਹਰ ਦੇ ਨਾਲ ਹੁੰਦਾ ਹੈ। ਜੇਕਰ ਇਹ ਨਹੀ ਤਾਂ ਭਾਵੇਂ ਭਜਨ-ਬੰਦਗੀ ਕਰ ਲਵੋ ਕੁਝ ਨਹੀ ਬਣਦਾ, ਜਿੱਦਾਂ ਕਿ ਇਕ ਝੂਠਾ ਝੂਠੀ ਗੱਪ (ਠੀਸ) ਮਾਰ ਦੇਵੇ ਤੇ ਉਹਦੇ ਵਿਚ ਸਚਾਈ ਕੋਈ ਨਹੀ ਹੁੰਦੀ (ਨਤੀਜਾ ਕੁਝ ਨਹੀ ਨਿਕਲਦਾ, ਸੁਣਨ ਵਾਲਿਆਂ ਉੱਤੇ ਕੋਈ ਅਸਰ ਨਹੀ ਹੁੰਦਾ ਕਿਉਂ ਜੋ ਜਾਣਦੇ ਹਨ ਕਿ ਇਹ ਝੂਠਾ ਹੈ), ਇਦਾਂ ਹੀ ਰੱਬ ਦੀ ਮਿਹਰ ਤੋਂ ਬਿਨਾ ਭਜਨ ਹੈ।

(You may copy the saints, recite His Name with millions of tongues, but) Nanak, God is obtained by His Grace. Otherwise, however one may worship, the result will be nothing, and it will equal to the false boasting of a liar devoid of truth (with no outcome). ||32||

ਆਖਣਿ ਜੋਰੁ ਚੁਪੈ ਨਹ ਜੋਰੁ ॥

aakhan jor chupai neh jor.

ਨਾ ਬੋਲਣ ਦੇ ਵਿਚ ਕੋਈ ਜ਼ੋਰ (ਆਪਣੀ ਮਰਜ਼ੀ) ਹੈ, ਅਤੇ ਨਾ ਹੀ ਚੁੱਪ ਰਹਿਣ ਵਿਚ। (ਸੱਭ ਰੱਬ ਦੇ ਹੱਥ ਹੈ, ਕਿਸੇ ਦੇ ਆਪਣੇ ਵੱਸ ਕੁਝ ਨਹੀ)।

It is not in my power to speak, or to keep silent (all is under His Will).

ਜੋਰੁ ਨ ਮੰਗਣਿ ਦੇਣਿ ਨ ਜੋਰੁ ॥

jor naa mangan dayn naa jor.

ਮੇਰੇ ਵਿਚ ਨਾ ਮੰਗਣ ਲਈ ਆਪਣੀ ਮਰਜ਼ੀ ਹੈ, ਨਾ ਹੀ ਕਿਸੇ ਨੂੰ ਕੁਝ ਦੇਣ ਵਿਚ। (ਇਹ ਪਰਮਾਤਮਾ ਦੇ ਹੱਥ ਹੈ)।

It is not in anyone's power to ask for anything, or to give something to anyone.

ਜੋਰੁ ਨ ਜੀਵਣਿ ਮਰਣਿ ਨਹ ਜੋਰੁ ॥

jor naa jeevan maran neh jor.

ਮੇਰੇ ਵਿੱਚ ਜਿਉਣ ਦਾ ਬੱਲ ਨਹੀ, ਨਾ ਹੀ ਮਰ ਜਾਣ ਦਾ ਬੱਲ ਹੈ। ਮੇਰੇ ਵੱਸ ਕੁਝ ਨਹੀ।

It is not under my will to live, or to die. There is nothing in my hands.

ਜੋਰੁ ਨ ਰਾਜਿ ਮਾਲਿ ਮਨਿ ਸੋਰੁ ॥

jor naa raaj maal man sor.

ਮਨ ਦੇ ਅੰਦਰ ਸੋਰ (ਸ਼ੋਰ – ਹੰਕਾਰ) ਪੈਦਾ ਕਰਨ ਵਾਲੀ ਹਕੂਮਤ ਅਤੇ ਦੌਲਤ ਪਰਾਪਤ ਕਰਨ ਵਿਚ ਵੀ ਆਪਣਾ ਕੋਈ ਵੱਸ ਨਹੀ।

It is not in my control to acquire power to rule (authority), or wealth that generates commotion (ego) in the mind.

ਜੋਰੁ ਨ ਸੁਰਤੀ ਗਿਆਨਿ ਵੀਚਾਰਿ ॥

jor naa surtee gi-aan veechaar.

ਨਾ ਹੀ ਆਪਣੇ ਵੱਸ ਹਨ ਸੁਰਤ (ਧਿਆਨ), ਗਿਆਨ, ਅਤੇ ਵਿਚਾਰ (ਸੁਰਤ ਵਿਚ ਗਿਆਨ ਨੂੰ ਵਿਚਾਰਨਾ,

ਆਪਣੇ ਗਿਆਨ ਦੇ ਬਲ ਤੇ ਡੂੰਘੀ ਸੁਰਤ ਵਿਚ ਰੱਬ ਦੇ ਬਾਰੇ ਵਿਚਾਰ ਕਰਨੀ)।
Awareness, knowledge and contemplation are not in my control (Power to deeply contemplate with all the knowledge I may possess, is not under my will).

ਜੋਰੁ ਨ ਜੁਗਤੀ ਛੁਟੈ ਸੰਸਾਰੁ ॥
jor naa jugtee chhutai sansaar.
ਮੇਰੇ ਹੱਥ ਵੱਸ ਨਹੀ ਕਿਸੇ ਤਰੀਕੇ ਇਸ ਸੰਸਾਰ ਤੋਂ ਛੁਟਕਾਰਾ ਪਾਉਣਾ (ਮੁਕਤ ਹੋਣਾ)।
It is not in my power to get liberated from the world (Worldly attachments) by any means.

ਜਿਸੁ ਹਥਿ ਜੋਰੁ ਕਰਿ ਵੇਖੈ ਸੋਇ ॥
jis hath jor kar vaykhai so-i.
ਜਿਸ (ਅਕਾਲਪੁਰਖ) ਦੇ ਹੱਥ ਇਹ ਤਾਕਤ ਹੈ, ਉਹ ਆਪ ਸੱਭ ਕੁਝ ਬਣਾਉਂਦਾ ਅਤੇ ਇਸ ਦੀ ਸੰਭਾਲ ਕਰਦਾ (ਵੇਖਦਾ) ਹੈ।
The Lord, Who has this Power, creates everything and takes care of (Watches) these.

ਨਾਨਕ ਉਤਮੁ ਨੀਚੁ ਨ ਕੋਇ ॥੩੩॥
naanak utam neech naa ko-i. ||33||
(ਕਿਸੇ ਦੇ ਹੱਥ ਵੱਸ ਕੁਝ ਨਹੀ, ਸੱਭ ਕੁਝ ਉਹ ਕਰਦਾ ਹੈ, ਇਸ ਵਾਸਤੇ) ਨਾਨਕ, ਨਾ ਕੋਈ ਉੱਤਮ – ਉੱਚਾ, ਸਿਆਣਾ, ਹੈ ਤੇ ਨਾ ਕੋਈ ਨੀਚ – ਨੀਵਾਂ, ਮੱਤ–ਹੀਣ।

ਕੁਝ ਪਾ ਲੈਣ ਵਿਚ ਕਿਸੇ ਦੀ ਕੋਈ ਚਤੁਰਾਈ ਨਹੀ। ਜੇ ਕੋਈ ਸਮਝੇ ਕਿ ਉਹ ਸਿਆਣਾ ਹੈ ਅਤੇ ਆਪਣੀ ਸਿਆਣਪ ਦੇ ਨਾਲ ਸਭ ਕੁਝ ਪਾਉਂਦਾ ਹੈ, ਜਾਂ ਕੋਈ ਸੋਚੇ ਕਿ ਦੂਸਰਾ ਆਪਣੀ ਬੇਅਕਲੀ ਕਾਰਣ ਸਫ਼ਲ ਨਹੀ, ਤਾਂ ਇਹ ਐਵੇਂ ਖਿਆਲ ਹੀ ਹਨ, ਕਿਸੇ ਦੇ ਹੱਥ ਵੱਸ ਕੁਝ ਨਹੀ, ਸਭ ਕੁਝ ਰੱਬ ਦੇ ਹੱਥ ਹੈ। ਸੋ, ਸਾਰੇ ਬਰਾਬਰ ਹਨ, ਨਾ ਕੋਈ ਚਾਤੁਰ ਹੈ, ਨਾ ਕੋਈ ਮੂਰਖ।
(Only God is the Doer, nothing is in the power of anyone, and so) Nanak, there is none high (wise) and none low (fool). ||33||

ਰਾਤੀ ਰੁਤੀ ਥਿਤੀ ਵਾਰ ॥
raatee rutee thitee vaar,
ਵਾਹਿਗੁਰੂ ਨੇ ਰਾਤਾਂ, ਮੌਸਮ, ਥਿੱਤਾਂ (ਚੰਦ ਦੇ ਹਿਸਾਬ ਦਿਨ), ਵਾਰ (ਹਫਤੇ ਦੇ ਦਿਨ),
Nights, seasons, lunar-days, weekdays,

ਪਵਣ ਪਾਣੀ ਅਗਨੀ ਪਾਤਾਲ ॥
pavan paanee agnee paataal,
ਹਵਾ, ਪਾਣੀ, ਅੱਗ ਤੇ ਪਾਤਾਲ ਪੈਦਾ ਕੀਤੇ।
Wind, water, fire and nether worlds, were created by the Lord.

ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮ ਸਾਲ ॥
tis vich Dhartee thaap rakhee Dharam saal.
ਵਾਹਿਗੁਰੂ ਨੇ ਇਹਨਾ ਦੇ ਵਿਚ ਧਰਤੀ (ਜ਼ਮੀਨ, ਦੁਨੀਆਂ), ਕਿ ਜੋ ਧਰਮ (ਨੇਕੀ, ਭਜਨ) ਕਮਾਉਣ ਦੀ ਥਾਂ ਹੈ, ਟਿਕਾ ਦਿੱਤੀ।
In the midst of these, He set the earth (world) as the place to practice Dharam (Dharma – virtues, and the recitation of His Name).

ਤਿਸੁ ਵਿਚਿ ਜੀਅ ਜੁਗਤਿ ਕੇ ਰੰਗ ॥
tis vich jee-a jugat kay rang.
ਇਸ ਦੇ ਵਿਚ, ਰੰਗਬਰੰਗੀ ਜੁਗਤੀ (ਜੀਵਨ-ਜਾਚ) ਵਾਲੇ ਜੀਅ-ਜੰਤ ਬਣਾ ਦਿੱਤੇ,
Therein, He created various beings with different living-modes,

ਤਿਨ ਕੇ ਨਾਮ ਅਨੇਕ ਅਨੰਤ ॥
tin kay naam anayk anant.
(ਕਿ) ਜਿੰਨ੍ਹਾਂ ਦੇ ਨਾਮ ਅਨਗਿਣਤ ਅਤੇ ਬੇਅੰਤ ਹਨ।(ਕਈ ਕਿਸਮ ਦੇ ਜਾਨਵਰ ਬਣਾ ਦਿੱਤੇ)।
(And) their names are uncountable and limitless.

ਕਰਮੀ ਕਰਮੀ ਹੋਇ ਵੀਚਾਰੁ ॥
karmee karmee ho-i veechaar.
(ਇਹਨਾ ਜੀਵਾਂ ਦੀਆਂ ਕਿਸਮਾਂ ਅਤੇ ਨਾਮ ਇਕ ਬੰਨੇ ਰਹੇ), ਗੱਲ ਤਾਂ ਮਕੁੱਦੀ ਹੈ ਇਹਨਾ ਦੇ ਕੰਮਾਂ-ਕਰਮਾਂ (ਕਿਸਮਤ, ਵਾਹਿਗੁਰੂ ਦੀ ਕਿਰਪਾ) ਤੇ,
(Leave aside their names and kinds), these are judged according to their deeds and destiny (His Kindness),

ਸਚਾ ਆਪਿ ਸਚਾ ਦਰਬਾਰੁ ॥
sachaa aap sachaa darbaar.
(ਕਿਉਂ ਕਿ) ਵਾਹਿਗੁਰੂ ਦੇ ਦਰਬਾਰ ਵਿਚ ਸਿਰਫ਼ ਸੱਚ ਵਰਤਦਾ ਹੈ।
(Because) in the Court of the True Lord, only the Truth is considered.

ਤਿਥੈ ਸੋਹਨਿ ਪੰਚ ਪਰਵਾਣੁ ॥
tithai sohan panch parvaan.
ਉਥੇ (ਉਸ ਦਰਬਾਰ ਵਿਚ) ਜੋ (ਸਚਾਈ ਕਰਕੇ) ਰੱਬ ਨੂੰ ਮਨਜ਼ੂਰ (ਪਰਵਾਣ, ਗੁਰਮੁਖ ਹਨ) ਉਹ ਹੀ ਸਜਦੇ (ਬੈਠਦੇ) ਹਨ।
There (In His Court) only the accepted ones (His devotees) stay,

ਨਦਰੀ ਕਰਮਿ ਪਵੈ ਨੀਸਾਣੁ ॥
nadree karam pavai neesaan.
(ਭਰ ਉਹਨਾ ਨੂੰ ਇਸ ਦਰਬਾਰ ਵਿਚ ਆਉਣ ਦੀ ਆਗਿਆ ਲਈ) ਉਹਦੀ ਮਿਹਰ ਅਤੇ ਉਹਨਾ ਦੇ ਕਰਮਾ ਕਰਕੇ ਇਹ ਨਿਸ਼ਾਨ (ਮੁਹਰ, ਨਿਸ਼ਾਨੀ ਪਹਿਚਾਣਨ ਦੀ) ਮਿਲਦੀ ਹੈ।

(And for their permission to enter that Place) they are bestowed with the mark of identity due to the Kindness (Benevolence) of the Lord and their own destiny (Good deeds create good luck).

ਕਚ ਪਕਾਈ ਓਥੈ ਪਾਇ ॥

kach pakaa-ee o-thai paa-i.

ਕੱਚੇ (ਮਾੜੇ) ਅਤੇ ਪੱਕੇ (ਚੰਗੇ) ਉਥੇ (ਉਸ ਦਰਬਾਰ ਵਿਚ) ਪਰਖੇ ਜਾਂਦੇ ਹਨ,

The ordinary and the elevated (advanced) ones are tested (decided, judged) there (In His Court),

ਨਾਨਕ ਗਇਆ ਜਾਪੈ ਜਾਇ ॥੩੪॥

naanak ga-i-aa jaapai jaa-i. ||34||

(ਅਤੇ) ਨਾਨਕ, (ਆਪਣੀ ਇਸ ਕੱਚ ਤੇ ਪੱਕ ਦਾ ਪਤਾ) ਉਸ ਜਗ੍ਹਾ (ਉਹਦੇ ਦਰਬਾਰ) ਵਿਚ ਪੁੱਜ ਕੇ ਹੀ ਲੱਗਦਾ ਹੈ।(ਉਥੇ ਪਰਖ ਹੋਣ ਤੇ ਪਤਾ ਲੱਗਦਾ ਗੈ ਕਿ ਇਹ ਭਗਤ ਹੈ ਕਿ ਨਹੀ)।

(And) Nanak, this (status of the person - ordinary or elevated) is known at that Place (His Court). ||34||

ਧਰਮ ਖੰਡ ਕਾ ਏਹੋ ਧਰਮੁ ॥

Dharam khand kaa ayho Dharam.

(ਉੱਪਰ ਦਸਿਆ) ਧਰਮ ਦੇ ਮੰਡਲ ਦਾ (ਸਚਾਈ ਦੇ ਘਰ, ਵਾਹਿਗੁਰੂ ਦੀ ਬਖਸ਼ਿਸ਼ ਦਾ) ਇਹ ਹੀ ਧਰਮ (ਅਸੂਲ) ਹੈ।

(Aforesaid) is the Level of the Right-Doing (Truthfulness of the Man), and of the Kindness of the Lord.

ਗਿਆਨ ਖੰਡ ਕਾ ਆਖਹੁ ਕਰਮੁ ॥

gi-aan khand kaa aakhahu karam.

(ਹੁਣ) ਗਿਆਨ ਦੇ ਮੰਡਲ (ਪਉੜੀ) ਦਾ ਕਰਮ (ਕਰਤਬ, ਕਰਨੀ, ਅਸੂਲ) ਕਹਿੰਦਾ ਹਾਂ। (ਇਹ ਸਾਰੀ ਪਾਉੜੀ ਦਸਦੀ ਹੈ ਕਿ ਵਾਹਿਗੁਰੂ ਦੀ ਰਚਨਾ ਦਾ ਕੋਈ ਅੰਤ ਨਹੀ – ਸੂਰਜ, ਚੰਦ, ਧਰਤੀਆਂ, ਬਰਹਮਾ, ਵਿਸ਼ਨੂ, ਸ਼ਿਵ, ਕਰਿਸ਼ਨ, ਅਤੇ ਹੋਰ ਸਭ ਕੁਝ ਸਿਰਫ਼ ਇਕ ਹੀ ਨਹੀ, ਅਨੇਕ ਹਨ)।

(Now), here is the description of the doings of the Level (Realm) of Knowledge. (Whole of this step – Hymn, gives the awareness that the Creation of the Lord is limitless).

ਕੇਤੇ ਪਵਣ ਪਾਣੀ ਵੈਸੰਤਰ ਕੇਤੇ ਕਾਨ ਮਹੇਸ ॥

kaytay pavan paanee vaisantar kaytay kaan mahays.

ਕਿੰਨੇ ਹੀ ਹਨ ਹਵਾਵਾਂ, ਪਾਣੀ, ਅੱਗਾਂ, ਕਰਿਸ਼ਨ ਅਤੇ ਸ਼ਿਵ।

Many are wind, water, fire, Krishana and Shiva.

ਕੇਤੇ ਬਰਮੇ ਘਾੜਤਿ ਘੜੀਅਹਿ ਰੂਪ ਰੰਗ ਕੇ ਵੇਸ ॥
kaytay barmay ghaarhat gharhee-ahi roop rang kay vays.
ਕਿੰਨੇ ਹੀ ਹਨ ਬਰਹਮਾ (ਬਰਹਮਾ ਵਰਗੇ ਦੇਵਤੇ) ਜੋ ਰੰਗ-ਬਰੰਗੀ ਰਚਨਾ ਕਰਦੇ ਦਸੀਦੇ ਹਨ।
There are many Brahmas (the mythical gods of creation) busy with the creation of different colors and kinds.

ਕੇਤੀਆ ਕਰਮ ਭੂਮੀ ਮੇਰ ਕੇਤੇ ਕੇਤੇ ਧੂ ਉਪਦੇਸ ॥
kaytee-aa karam bhoomee mayr kaytay kaytay Dhoo updays.
ਕਈ ਹਨ ਕਰਮ-ਭੂਮੀਆਂ ਅਤੇ ਪਹਾੜ (ਦੁਨੀਆਵਾਂ, ਪਹਾੜ, ਕਿ ਜਿਥੇ ਆ ਕੇ ਚੰਗੇ-ਮੰਦੇ ਕੰਮ ਕਰਕੇ ਕਰਮਾਂ ਦੇ ਲੇਖੇ ਪੂਰੇ ਕੀਤੇ ਜਾਂਦੇ ਹਨ। ਬੰਦਗੀ ਕੀਤੀ ਜਾਂਦੀ ਹੈ।), ਅਤੇ ਕਿੰਨੇ ਹਨ ਧਰੂ ਵਰਗੇ ਭਗਤਾਂ ਦੇ (ਜਾਂ ਇਹਨਾ ਨੂੰ) ਉਪਦੇਸ਼ (ਸਿੱਖਿਆ)। (ਕਿਸੇ ਗੱਲ ਦਾ ਅੰਤ ਨਹੀ)।
Numberless are the earths and the mountains (to work out destinies, for doing the virtuous deeds – recitation of the Name of God), and numberless are the 'Dhru-like' instructions (Sermons given by or to the saint Dhru. There is no limit to any thing).

ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ ॥
kaytay ind chand soor kaytay kaytay mandal days.
ਅਨਗਿਣਤ ਹਨ ਇੰਦਰ ਦੇਵਤੇ, ਚੰਦਰਮੇ ਅਤੇ ਸੂਰਜ, ਅਨਗਿਣਤ ਹਨ ਸੰਸਾਰ ਅਤੇ ਮੰਡਲ (ਸੂਰਜ, ਚੰਦ, ਧਰਤੀ, ਅਤੇ ਤਾਰੇ, ਮਿਲਕੇ ਇਕ ਮੰਡਲ ਬਣਾਉਂਦੇ ਹਨ)।
Numberless are Indar (gods like Indra), the moons and suns, numberless are the universes - solar-systems.

ਕੇਤੇ ਸਿਧ ਬੁਧ ਨਾਥ ਕੇਤੇ ਕੇਤੇ ਦੇਵੀ ਵੇਸ ॥
kaytay siDh buDh naath kaytay kaytay dayvee vays.
ਬੇਅੰਤ ਹਨ ਸਿਧ (ਪੂਰਨ ਸੰਤ, ਕਰਾਮਾਤੀ), ਬੁਧ (ਗੌਤਮ ਬੁਧ, ਗਿਆਨਵਾਨ, ਵਿਦਵਾਨ), ਨਾਥ (ਯੋਗੀ), ਅਤੇ ਅਨਗਿਣਤ ਹਨ ਦੇਵੀਆਂ ਦੇ ਰੂਪਾਂ ਵਾਲੀਆਂ (ਦੇਵੀਆਂ)।
Innumerable are the Sidh (Adepts), Budh (Gautam Budh, the wise ones), Nath (Yogi), and numberless are the goddesses of different forms.

ਕੇਤੇ ਦੇਵ ਦਾਨਵ ਮੁਨਿ ਕੇਤੇ ਕੇਤੇ ਰਤਨ ਸਮੁੰਦ ॥
kaytay dayv daanav mun kaytay kaytay ratan samund.
ਕਿੰਨੇ ਹਨ ਦੇਵਤੇ, ਰਾਖਸ਼ਸ਼, ਮੋਨਧਾਰੀ (ਚੁੱਪ-ਧਾਰੀ ਸੰਤ), ਅਤੇ ਕਿੰਨੇ ਹਨ ਸਮੁੰਦਰ ਤੇ ਰਤਨ (ਜਵਾਹਰ, ਗੁਰਮੁਖ)।
Many are gods, demons, and silent-sages, many are oceans and jewels (Precious stones, God-Oriented people).

ਕੇਤੀਆ ਖਾਣੀ ਕੇਤੀਆ ਬਾਣੀ ਕੇਤੇ ਪਾਤ ਨਰਿੰਦ ॥

kaytee-aa khaanee kaytee-aa baanee kaytay paat narind.

ਕਿੰਨੀਆਂ ਹਨ ਖੁਦਾਨਾਂ, ਬੋਲੀਆਂ (ਅਲਗ ਅਲਗ ਕਿਸਮ ਦੇ ਮਨੁਖ), ਅਤੇ ਕਿੰਨੇ ਹੀ ਹਨ ਪਾਤਿਸ਼ਾਹ ਤੇ ਰਾਜੇ?

Numberless are mines, languages (The people), and many are rulers and kings.

ਕੇਤੀਆ ਸੁਰਤੀ ਸੇਵਕ ਕੇਤੇ ਨਾਨਕ ਅੰਤੁ ਨ ਅੰਤੁ ॥੩੫॥

kaytee-aa surtee sayvak kaytay naanak ant naa ant. ||35||

ਬੇਅੰਤ ਹਨ ਸੁਰਤੇ (ਵਾਹਿਗੁਰੂ ਦੇ ਨਾਲ ਲਿਵ ਲਾਉਣ ਵਾਲੇ), ਕਿੰਨੇ ਹੀ ਹਨ ਪਰਮਾਤਮਾ ਦੇ ਸੇਵਕ! ਨਾਨਕ, ਇਸ ਦਾ (ਵਾਹਿਗੁਰੂ ਦੀ ਰਚਨਾ ਦਾ) ਅੰਤ ਨਹੀ ਪਾਇਆ ਜਾ ਸਕਦਾ।

How many are (countless) the practitioners of focusing attention on God and how many are (numberless) devoted to the Divine service? Nanak, there is no limit to all such things (the Creation). ||35||

ਗਿਆਨ ਖੰਡ ਮਹਿ ਗਿਆਨੁ ਪਰਚੰਡੁ ॥

gi-aan khand mahi gi-aan parchand.

ਗਿਆਨ (ਜਾਣਕਾਰੀ) ਦੇ ਮੰਡਲ (ਪੜਾ, ਥਾਂ, ਪਉੜੀ) ਵਿਚ ਗਿਆਨ (ਵਾਹਿਗੁਰੂ-ਗਿਆਨ) ਪਰਚੰਡ (ਭੜਕਦਾ, ਜ਼ੋਰ ਤੇ) ਹੈ।

At the level of the Divine-Knowledge, this Knowledge (Realization of God) is everything (it reigns supreme).

ਤਿਥੈ ਨਾਦ ਬਿਨੋਦ ਕੋਡ ਅਨੰਦੁ ॥

tithai naad binod kod anand.

ਉਥੇ, ਨਾਦ (ਇਲਾਹੀ-ਧੁਨੀ, ਆਵਾਜ਼, ਵਾਜੇ), ਬਿਨੋਦ (ਤਮਾਸ਼ੇ), ਕੋਡ (ਕੌਤਕ, ਆਤਮਕ ਝਲਕੀਆਂ) ਅਤੇ ਅਨੰਦ (ਖੁਸ਼ੀਆਂ) ਹਨ।

At this place - level, there is Celestial (Divine) Sound, Plays (performances, spiritual surprises, spiritual scenes or experiences, miracles), and Joy.

ਸਰਮ ਖੰਡ ਕੀ ਬਾਣੀ ਰੂਪੁ ॥

saram khand kee baanee roop.

ਸਰਮ (ਮਿਹਨਤ, ਆਤਮਕ-ਉੱਦਮ, ਨਾਮ-ਜਾਪ) ਕਰਨ ਦੇ ਮੰਡਲ (ਥਾਂ, ਮਨ ਦੀ ਅਵਸਥਾ) ਦੀ ਬੋਲੀ (ਬਣਤਰ, ਹਾਲਤ, ਚਲਨ) ਬੜੀ ਸੋਹਣੀ ਹੈ (ਢੰਗ-ਤਰੀਕਾ ਹੀ ਬੜਾ ਸੋਹਣਾ ਹੈ)।

The way (method, dealing) at the Level of Deeds – actions: spiritual effort (Worship), is charming (beautiful, alluring).

ਤਿਥੈ ਘਾੜਤਿ ਘੜੀਐ ਬਹੁਤੁ ਅਨੂਪੁ ॥

tithai ghaarhat gharhee-ai bahut anoop.

ਉਥੇ ਬੜੀ ਅਨੂਪ (ਅਜਬ, ਸੋਹਣੀ) ਘਾੜਤ ਘੜੀ ਜਾਂਦੀ ਹੈ (ਬੰਦਗੀ, ਨਾਮ-ਜਾਪ ਦੇ ਨਾਲ ਮਨ ਨੂੰ ਸੋਹਣਾ ਬਣਾ ਦਿੱਤਾ ਜਾਂਦਾ ਹੈ। ਨਾਮ-ਜਾਪ ਦਾ ਚਾਉ ਆ ਜਾਂਦਾ ਹੈ)।

There, (by virtue of the worship) the mind is given a beautiful shape (The mind

gets evolved, advanced. The eagerness for worship arises, awakens).

ਤਾ ਕੀਆ ਗਲਾ ਕਥੀਆ ਨਾ ਜਾਹਿ ॥

taa kee-aa galaa kathee-aa naa jaahi.

ਉਸ ਥਾਂ (ਮੰਡਲ – ਮਨ ਦੀ ਅਵਸਥਾ) ਬਾਰੇ ਕੁਝ ਕਹਿਣਾ–ਦਸਣਾ ਬੜਾ ਔਖਾ ਹੈ।

It is very hard to tell or say anything about this Place (this state of mind).

ਜੇ ਕੋ ਕਹੈ ਪਿਛੈ ਪਛੁਤਾਇ ॥

jay ko kahai pichhai pachhu-taa-i.

ਜੇ ਕੋਈ ਉਸ ਥਾਂ ਬਾਰੇ (ਭਜਨ ਕਰਨ ਵਾਲੇ ਮਨ ਦੀ ਹਾਲਤ ਬਾਰੇ) ਦਸਣਾ ਚਾਹੇ, ਉਹਨੂੰ ਪਛਤਾਵਾ ਹੀ ਹੋਵੇ ਗਾ ਕਿ ਉਹ ਕੁਝ ਵੀ ਨਹੀ ਦੱਸ ਸਕਿਆ।

If any one tries to describe this Place (State of the worshipping mind), he shall repent that he could not tell anything.

ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ ॥

tithai gharhee-ai surat mat man buDh.

ਉੱਥੇ, (ਉਸ ਮੰਡਲ – ਮਨ ਦੀ ਹਾਲਤ ਤੇ) ਸੁਰਤ (ਚੇਤੰਨ ਮਨ, ਜਾਗਦਾ ਮਨ, ਸਮਝ), ਮੱਤ (ਅਕਲ), ਮਨ ਅਤੇ ਬੁਧ (ਬੰਦਗੀ ਦੇ ਨਾਲ) ਨਵੇਂ ਸਿਰਿਉਂ ਘੜ (ਸੋਹਣੇ ਬਣਾ) ਦਿੱਤੇ ਜਾਂਦੇ ਹਨ (ਸੁਰਤ, ਮੱਤ ਅਤੇ ਬੁਧ ਵਿਚ ਨਾਮ ਵੱਸ ਜਾਂਦਾ ਹੈ)।

There (In that state of mind), consciousness, intellect, mind and understanding (wisdom) are given a new shape (Get evolved due to worship. The desire for meditation awakens).

ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ ॥੩੬॥

tithai gharhee-ai suraa siDhaa kee suDh. ||36||

ਉਥੇ, (ਬੰਦਗੀ ਦੇ ਉਸ ਮੰਡਲ ਤੇ) ਦੇਵਤਿਆਂ (ਨੇਕ ਬੰਦਿਆਂ), ਅਤੇ ਸਿਧਾਂ (ਆਤਮਕ ਸ਼ਕਤੀ ਵਾਲਿਆਂ) ਦੀ ਸੁਰਤੀ ਸੰਵਾਰ ਦਿੱਤੀ ਜਾਂਦੀ ਹੈ। ਇਹਨਾ ਦੇ ਮਨਾ ਨੂੰ ਹੋਰ ਗਿਆਨ ਹੋ ਜਾਂਦਾ ਹੈ (ਬੰਦਗੀ ਦਾ ਫਲ ਜਾਣ ਲੈਂਦੇ ਹਨ ਕਿ ਇਸ ਦੇ ਨਾਲ ਕਿਤਨਾ ਆਤਮਕ ਬਲ ਹੋ ਜਾਂਦਾ ਹੈ, ਇਸ ਕਾਰਨ ਭਜਨ ਦੇ ਨਾਲ ਹੋਰ ਜੁੜਦੇ ਹਨ)।

There (In this mental region of worship) the gods (evolved persons) and Sidhs (adepts) attain more of knowledge, the Truth gets known further, and realization is attained. (One gains the knowledge of the mental state of the gods and adepts that worship makes a man spiritually perfect, and due to this one takes to worship more intensely) ||36||

ਕਰਮ ਖੰਡ ਕੀ ਬਾਣੀ ਜੋਰੁ ॥

karam khand kee baanee jor.

ਕਰਮ–ਖੰਡ (ਮਨੁਖ ਦਾ ਮਿਹਨਤ ਕਰਨ ਦਾ, ਪਰਮਾਤਮਾ ਦੀ ਕਿਰਪਾ ਦਾ ਮੰਡਲ), ਦੀ ਬਾਣੀ (ਚਲਨ) ਜ਼ੋਰ (ਮਿਹਨਤ, ਨਾਮ–ਜਾਪ) ਹੈ। (ਕਿਰਪਾ ਦੇ ਮੰਡਲ ਵਿਚ ਗੱਲ ਹੈ ਵਾਹਿਗੁਰੂ ਦੀ ਕਿਰਪਾ ਦੇ 'ਜ਼ੋਰ' ਦੀ। ਉਹਦੀ ਕਿਰਪਾ ਸੰਸਾਰ ਵਿਚ ਕਰਮ (ਕੰਮ) ਕਰਕੇ ਮਿਲਦੀ ਹੈ, ਅਤੇ ਇਹ ਮਿਹਨਤ ਹੈ ਬੰਦਗੀ, ਵਿਹਾਰ, ਕੰਮ–ਕਾਰ,

ਨੇਕ ਕਮਾਈ: ਆਮਦਨ, ਨਿਸ਼ਕਾਮ-ਸੇਵਾ, ਨੇਕੀਆਂ ਕਰਨ ਦੀ। ਇਹ ਵਾਹਿਗੁਰੂ ਦੀ ਬਖਸ਼ਿਸ਼: ਕਰਮ, ਹੁਕਮ, ਦੀ ਖੇਡ ਹੈ)।

At the mental Level of His Grace, the rule is His Own Power - Kindness, His Will. (To gain His Kindness the man has to do hard work – do worship i.e. recitation of the Name of God, offer selfless-service, practice virtues, and adopt ethical worldly activities).

ਤਿਥੈ ਹੋਰੁ ਨ ਕੋਈ ਹੋਰੁ ॥

tithai hor naa ko-ee hor.

ਇਸ ਮੰਡਲ ਵਿਚ ਸਿਰਫ਼ ਉਹ ਹੀ ਹਨ ਮਿਹਨਤ ਕਰਨ ਵਾਲੇ, ਕਿ ਜਿਨ੍ਹਾ ਉੱਤੇ ਵਾਹਿਗੁਰੂ ਦੀ ਕਿਰਪਾ ਹੈ (ਸਮਝੋ ਕਿ ਉਥੇ ਵਾਹਿਗੁਰੂ ਆਪ ਹੀ ਹੈ ਅਤੇ ਹੋਰ ਕੋਈ ਨਹੀ),

At this level are those hard workers (saints) who have been blessed by God (It is like only God being there and none else),

ਤਿਥੈ ਜੋਧ ਮਹਾਬਲ ਸੂਰ ॥

tithai joDh mahaabal soor.

ਇਹ ਹਨ (ਕਿ ਜੋ ਵਾਹਿਗੁਰੂ ਦੀ ਬਖਸ਼ਿਸ਼ ਦੇ ਨਾਲ, ਆਪਣੇ ਮਨ ਦੇ) ਜੋਧੇ, ਤਾਕਤਵਰ, ਸੂਰਮੇ (ਬਹਾਦਰ) ਹਨ (ਬਿਨਾ ਕਿਸੇ ਡਰ ਦੇ, ਤਕੜੇ ਹੋ ਕਿ ਬੰਦਗੀ, ਨੇਕੀ, ਸੇਵਾ, ਕਰਦੇ ਹਨ)।

And these (with mental strength blessed by the Lord) are the real warriors, brave people, and heroes (The people who are virtuous, dedicated to selfless service etc. and worship God boldly without any fear).

ਤਿਨ ਮਹਿ ਰਾਮੁ ਰਹਿਆ ਭਰਪੂਰ ॥

tin mahi raam rahi-aa bharpoor.

ਉਹਨਾ (ਇਹੋ ਜਿਹਾਂ) ਦੇ ਅੰਦਰ ਵਾਹਿਗੁਰੂ ਦਾ ਪਰੇਮ ਭਰਿਆ ਹੋਇਆ ਹੈ।

They are filled with the love of God.

ਤਿਥੈ ਸੀਤੋ ਸੀਤਾ ਮਹਿਮਾ ਮਾਹਿ ॥

tithai seeto seetaa mahimaa maahi.

ਉੱਥੇ (ਮਨ ਦੀ ਇਸ ਅਵਸਥਾ ਵਿਚ) ਉਹ, ਵਾਹਿਗੁਰੂ ਦੇ ਗੁਣ ਗਾਉਣ ਦੇ ਨਾਲ ਗੂਹੜੇ ਸੀਤੇ ਹੋਏ (ਜੁੜੇ ਹੋਏ, ਲੀਨ) ਹਨ।

At this mental level, they are set with a single mind at the remembrance of the Lord.

ਤਾ ਕੇ ਰੂਪ ਨ ਕਥਨੇ ਜਾਹਿ ॥

taa kay roop naa kathnay jaahi.

ਓਹੁਨਾ ਦੇ ਮਨ ਦੀ ਸੁੰਦਰਤਾ ਇਤਨੀ ਹੈ (ਪਵਿੱਤਰ ਮਨ) ਕਿ ਦੱਸੀ ਨਹੀ ਜਾ ਸਕਦੀ।

It is hard to tell the beauty of (the purity of) their minds.

ਨਾ ਓਹਿ ਮਰਹਿ ਨ ਠਾਗੇ ਜਾਹਿ ॥
naa o-hi mareh naa thaagay jaahe.
ਅਜਿਹੇ ਲੋਕ ਨਾ ਮਰਦੇ ਅਤੇ ਨਾ ਹੀ ਠੱਗੇ ਜਾ ਸਕਦੇ ਹਨ,
ਉਹਨਾ ਨੂੰ ਮੌਤ ਦਾ ਡਰ ਨਹੀ। ਉਹਨਾ ਦਾ ਨਾਮ-ਧਨ ਕੋਈ ਠੱਗ ਨਹੀ ਸਕਦਾ - ਇਹਨਾ ਨੂੰ ਕੋਈ ਵੀ ਕੁਰਾਹੇ ਨਹੀ ਪਾ ਸਕਦਾ।
Such people do not die or get cheated. (spiritual death. They entertain no fear of death. None can deprive them of their treasure of God's Name – no one can mislead them),

ਜਿਨ ਕੈ ਰਾਮੁ ਵਸੈ ਮਨ ਮਾਹਿ ॥
jin kai raam vasai man maahi.
ਕਿ ਜਿਨ੍ਹਾ ਦੇ ਮਨ ਵਿਚ ਵਾਹਿਗੁਰੂ ਵਸਦਾ ਹੈ,
Those who have set their minds on God.

ਤਿਥੈ ਭਗਤ ਵਸਹਿ ਕੇ ਲੋਅ ॥
tithai bhagat vasahi kay lo-a.
ਉਥੇ, ਕਈ ਦੁਨੀਆਵਾਂ ਦੇ ਭਗਤ ਵੱਸਦੇ (ਰਹਿੰਦੇ) ਹਨ।
ਇਸ ਮੰਡਲ ਵਿਚ, ਸੰਸਾਰਾਂ - ਅਲੱਗ ਅਲੱਗ ਧਰਮਾਂ-ਵਿਚਾਰਾਂ ਅਤੇ ਹੋਰ ਹੋਰ ਮੱਤਾਂ-ਭੇਦਾਂ ਦੇ ਸਾਰੇ ਮਹਾਤਮਾ, ਮਨ ਦੀ ਇਕੋ ਹੀ ਰੱਬ ਦੇ ਨਾਲ ਜੁੜੀ ਉੱਚੀ ਅਵਸਥਾ ਵਿਚ ਹੋਣ ਕਾਰਨ ਸਮਝੋ ਕਿ ਇਕੋ ਹੀ ਥਾਂ ਤੇ ਰਹਿੰਦੇ ਹਨ, ਇਹ ਸਾਰੇ ਇਕ ਪੱਧਰ ਤੇ ਹਨ, ਭਗਤੀ ਦੇ ਇਕੋ ਹੀ ਮੰਡਲ ਵਿਚ ਹਨ।
There, the saints of many worlds live together. (In that high state of mind, the saints of different places, faiths and thoughts, are presumed to stay at one and the same level – one place (as all of them are at the same elevated mental level of God-Orientation).

ਕਰਹਿ ਅਨੰਦੁ ਸਚਾ ਮਨਿ ਸੋਇ ॥
karahi anand sachaa man so-i.
ਸੱਚਾ ਵਾਹਿਗੁਰੂ ਉਹਨਾ ਦੇ ਮਨ ਅੰਦਰ ਹੋਣ ਕਰਕੇ ਉਹ ਹਮੇਸ਼ਾ ਖੁਸ਼ੀ ਵਿਚ ਰਹਿੰਦੇ ਹਨ।
God being in their minds, they stay in the state of joy.

ਸਚ ਖੰਡਿ ਵਸੈ ਨਿਰੰਕਾਰੁ ॥
sach khand vasai nirankaar.
ਸ਼ੱਚ-ਖੰਡ (ਸੱਚਾਈ ਦਾ ਮੰਡਲ, ਮਨ ਦੀ ਬੰਦਗੀ ਦੀ ਅਵਸਥਾ) ਵਿੱਚ ਨਿਰੰਕਾਰ (ਜਿਸ ਦੀ ਸ਼ਕਲ-ਸੂਰਤ ਨਹੀ, ਭਾਵ ਵਾਹਿਗੁਰੂ) ਰਹਿੰਦਾ ਹੈ।
In "Sach-Khand" lives Nirankar." (Sach-Khand – Heaven. This is the "Region of Truth" - the mental state of worship. Nirankar - the Formless Lord. Nirankar resides in the absolutely pure mind).

ਕਰਿ ਕਰਿ ਵੇਖੈ ਨਦਰਿ ਨਿਹਾਲ ॥

kar kar vaykhai nadar nihaal.

ਵਾਹਿਗੁਰੂ ਇਹ ਰਚਨਾ ਕਰਕੇ (ਭਗਤਾਂ ਦੇ ਮਨ ਦੀ ਭਗਤੀ–ਭਾਵ ਵਾਲੀ ਅਵਸਥਾ ਬਣਾ ਕੇ), ਉਹਨਾ ਨੂੰ ਮਿਹਰ ਦੀ ਨਜ਼ਰ ਦੇ ਨਾਲ ਦੇਖ ਕੇ ਨਿਹਾਲ (ਸ਼ਾਂਤੀ ਭਰੀ ਖੁਸ਼ੀ) ਕਰਦਾ ਹੈ (ਧਿਆਨ ਕਰਦਾ, ਪਾਲਦਾ ਹੈ। ਆਪਣੇ ਨਾਲ ਮਿਲਾਉਂਦਾ ਹੈ)।

After His Creation, God watches It with His Benevolence (Takes care of it. Putting His love into the minds of devotees, He blesses them with delightful-ecstasy. Takes care of them. Provides them with their needs. Unites them with Him).

ਤਿਥੈ ਖੰਡ ਮੰਡਲ ਵਰਭੰਡ ॥

tithai khand mandal varbhand.

ਉਸ ਮੰਡਲ (ਮਨ ਦੀ ਉੱਚ ਅਵਸਥਾ) ਵਿੱਚ (ਗੁਰਮੁਖ ਨੂੰ) ਸਾਰੇ ਖੰਡਾਂ – ਧਰਤੀ ਦੇ ਹਿੱਸੇ: ਮਹਾਦੀਪ), ਮੰਡਲਾਂ – ਪੱਧਰਾਂ – ਸੂਰਜ–ਮੰਡਲ, ਵਗ਼ੈਰਾ, ਅਤੇ ਵਰਭੰਡਾਂ – ਬਰਹਿਮੰਡਾਂ, ਸੰਸਾਰਾਂ, ਦਾ ਸਹਿਜ–ਸੁਭਾ ਗਿਆਨ ਹੋ ਜਾਂਦਾ ਹੈ।

ਉੱਚੀ ਆਤਮਿਕ ਅਵਸਥਾ ਵਿਚ, ਆਤਮਿਕ ਸੂਝ–ਬੂਝ ਬਹੁਤ ਵੱਧ ਜਾਂਦੀ ਹੈ। ਉਹਨਾ ਨੂੰ ਸਾਰੀ ਕੁਦਰਤ ਦੀ ਸਮਝ ਆ ਜਾਂਦੀ ਹੈ ਕਿ ਇਹ ਸਾਰੀ ਰਚਨਾ ਪਰਮਾਤਮਾ ਦੀ ਕੀਤੀ ਹੈ, ਹਰ ਥਾਂ ਹਰ ਚੀਜ਼ ਵਿਚ ਵਾਹਿਗੁਰੂ ਹੈ।

In that region (elevated mental state), there are continents, worlds, solar systems (The devotee gains the knowledge of the Creation of God - he becomes spiritually advanced. He realizes that God is the Creator and He is present everywhere and in everything).

ਜੇ ਕੋ ਕਥੈ ਤ ਅੰਤ ਨ ਅੰਤ ॥

jay ko kathai taa ant naa ant.

ਜੇ ਕੋਈ ਲੇਖਾ ਲਾਉਣਾ ਚਾਹੇ (ਕਿ ਪਰਮਾਤਮਾ ਅਤੇ ਇਹਦੀ ਰਚਨਾ ਕਿੱਡੀ ਹੈ ਕਿ ਜਿਸ ਦਾ ਇਹਨੂੰ ਗਿਆਨ ਹੋ ਗਿਆ ਹੈ) ਤਾਂ ਭਾਈ ਕੁਦਰਤ ਦਾ ਤੇ ਕੋਈ ਅੰਤ ਨਹੀ!

If someone tries to describe His Creation (claims that he has attained His knowledge), there is no limit to it (Creation).

ਤਿਥੈ ਲੋਅ ਲੋਅ ਆਕਾਰ ॥

tithai lo-a lo-a aakaar.

ਉਥੇ (ਰੱਬ ਦੀ ਕੁਦਰਤ ਵਿਚ, ਭਗਤ ਦੇ ਮਨ ਦੀ ਅਵਸਥਾ ਵਿਚ) ਬੇਅੰਤ ਸੰਸਾਰਾਂ ਦੀ ਬਣਤਰ, ਰਚਨਾ ਹੈ।

ਭਗਤ ਨੂੰ ਇਹਨਾ ਦਾ – ਕੁਦਰਤ ਦੀ ਖੇਡ ਦਾ, ਗਿਆਨ ਹੋ ਜਾਂਦਾ ਹੈ ਕਿ ਇਹਦਾ ਅੰਤ ਨਹੀ, ਅਤੇ ਇਹਨੂੰ ਬਣਾਉਣ ਵਾਲਾ ਬੇਅੰਤ ਹੈ, ਕੁਦਰਤ ਵਿਚ ਪਰਮਾਤਮਾ ਵਸਦਾ ਹੈ।

There (In His Creation, in that state of the mind of the saint) are innumerable universes, and limitless Creation (The devotee attains awareness that the Creation and its Creator: God, are limitless).

ਜਿਵ ਜਿਵ ਹੁਕਮੁ ਤਿਵੈ ਤਿਵ ਕਾਰ ॥
jiv jiv hukam tivai tiv kaar.
ਜਿਸ ਤਰ੍ਹਾਂ ਵਾਹਿਗੁਰੂ ਚਾਹੁੰਦਾ ਹੈ, ਉਸੇ ਤਰ੍ਹਾਂ ਹੀ ਸੰਸਾਰ ਦਾ ਸਾਰਾ ਕਾਰ-ਵਿਹਾਰ ਚਲਦਾ ਹੈ (ਸੱਭ ਉਹਦੇ ਹੁਕਮ ਵਿਚ ਹਨ। ਕਿਸੇ ਦੀ ਬੰਦਗੀ, ਗਿਆਨ, ਸੱਭ ਪਰਮਾਤਮਾ ਦੇ ਹੱਥ ਹੈ)।
Every thing happens according to the Will of God (May be it is His worship or the knowledge of His Creation to the devotee).

ਵੇਖੈ ਵਿਗਸੈ ਕਰਿ ਵੀਚਾਰੁ ॥
vaykhai vigsai kar veechaar.
ਵਾਹਿਗੁਰੂ ਆਪਣਾ ਕੀਤਾ ਦੇਖ ਖੁਸ਼ ਹੁੰਦਾ ਹੈ। (ਕੀਤੇ ਦੀ ਖੁਸ਼ੀ ਦੇ ਨਾਲ ਸੰਭਾਲ ਕਰਦਾ ਹੈ)।
This is the Lord who takes care of His Creation, with pleasure.

ਨਾਨਕ ਕਥਨਾ ਕਰੜਾ ਸਾਰੁ ॥੩੭॥
naanak kathnaa karrhaa saar. ||37||
ਨਾਨਕ, ਵਾਹਿਗੁਰੂ ਦੇ (ਕੰਮਾਂ, ਰਚਨਾ, ਕਿਰਪਾ, ਅਤੇ ਹੋਰ ਵਡਿਆਈਆਂ) ਬਾਰੇ ਕੁਝ ਕਹਿਣਾ ਬੜੀ ਔਖੀ ਗੱਲ ਹੈ ਕਿ ਜਿੱਦਾਂ ਸਖਤ ਸਾਰ (ਲੋਹਾ) ਖਾਣਾ ਹੋਵੇ।
Nanak, to describe His Creation, Qualities, Kindness and Greatness is as difficult as eating steel. ||37||

ਜਤੁ ਪਾਹਾਰਾ ਧੀਰਜੁ ਸੁਨਿਆਰੁ ॥
jat paahaaraa Dheeraj suni-aar.
ਜੱਤ (ਬਰਹਮਚਰਜ, ਸਵੈ-ਕਾਬੂ, ਕਾਮ ਉੱਤੇ ਜਿਤ) ਭੱਠੀ, ਧੀਰਜ (ਸਬਰ) ਸੁਨਿਆਰਾ ਹੈ।
Let abstinence (self-control) be the furnace, and patience the goldsmith.

ਅਹਰਣਿ ਮਤਿ ਵੇਦੁ ਹਥੀਆਰੁ ॥
ah-ran mat vayd hathee-aar.
ਅਕਲ (ਸਮਝ) ਅਹਰਣ (ਜਿਸ ਲੋਹੇ ਦੇ ਟੁਕੜੇ ਉੱਤੇ ਰੱਖ ਕੇ ਲੋਹਾ ਕੁੱਟਦੇ ਹਨ) ਹੈ, ਵੇਦ (ਗਿਆਨ) ਹਥਿਆਰ ਹਨ।
Let wisdom be the anvil, Divine-Knowledge the tools.

ਭਉ ਖਲਾ ਅਗਨਿ ਤਪ ਤਾਉ ॥
bh-a-o khalaa agan tap taa-o.
ਰੱਬ ਦਾ ਡਰ ਖੱਲ (ਧੌਂਕਣੀ) ਹੈ, ਅਤੇ ਤਪੱਸਿਆ (ਭਜਨ-ਬੰਦਗੀ) ਹੈ ਅੱਗ (ਇਸ ਭੱਠੀ ਵਿਚ)।
Let God's Fear be the bellows, and penance (worship) the fire.

ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ ॥
bhaa^{N}daa bhaa-o amrit tit dhaal.
ਭਾਂਡਾ (ਕੁਠਾਲੀ) ਹੈ (ਰੱਬ ਉੱਤੇ) ਸ਼ਰਧਾ-ਪਰੇਮ, ਅਤੇ ਇਸ ਦੇ ਵਿਚ ਅੰਮ੍ਰਿਤ ਨੂੰ ਢਾਲ (ਢਲਾਈ ਕਰ, ਗਾਲ, ਅੰਮ੍ਰਿਤ ਬਣਾ, ਰੱਬ ਦੇ ਨਾਮ ਦੇ ਨਾਲ ਜੁੜ)।

Let the love (of God) be the Crucible, and in this melt the Amrit (Prepare Amrit i.e. set God in the mind - recite the Name of God).

ਘੜੀਐ ਸਬਦੁ ਸਚੀ ਟਕਸਾਲ ॥
gharhee-ai sabad sachee taksaal.
ਇਸ (ਉੱਤੇ ਦੱਸੀ) ਸੱਚੀ ਟਕਸਾਲ ਵਿਚ, ਸ਼ਬਦ (ਨਾਮ) ਘੜਿਆ (ਪੱਕਾ ਕੀਤਾ) ਜਾਂਦਾ ਹੈ (ਨਾਮ-ਜਾਪ ਦੇ ਵਿਚ ਲੀਨਤਾ ਪੈਦਾ ਕੀਤੀ ਜਾਂਦੀ ਹੈ)।
Thus(described above), in this "True-Mint" the Divine Word (Name of God) is prepared (fixed in the mind, Name of the Lord is recited).

ਜਿਨ ਕਉ ਨਦਰਿ ਕਰਮੁ ਤਿਨ ਕਾਰ ॥
jin k-a-o nadar karam tin kaar.
ਇਹ ਕੰਮ ਉਹ ਹੀ ਕਰ ਸਕਦਾ ਹੈ ਕਿ ਜਿਸ ਉੱਤੇ ਵਾਹਿਗੁਰੂ ਦੀ ਮਿਹਰ ਦੀ ਨਜ਼ਰ ਭਰੀ ਕਿਰਪਾ ਹੋ ਜਾਵੇ।
This can be done only by those who are blessed by the Mercy of God.

ਨਾਨਕ ਨਦਰੀ ਨਦਰਿ ਨਿਹਾਲ ॥੩੮॥
naanak nadree nadar nihaal. ||38||
ਨਾਨਕ, ਵਾਹਿਗੁਰੂ ਦੀ ਬੜੀ ਕਿਰਪਾ ਭਰੀ ਨਜ਼ਰ ਨੇ (ਨਜ਼ਰ ਨੇ, ਨਾਮ-ਦਾਨ ਬਖਸ਼ ਕੇ) ਨਿਹਾਲ (ਖੁਸ਼ੀ ਭਰਿਆ ਅਨੰਦ) ਕਰ ਦਿੱਤਾ ਹੈ।
Nanak, the Lord blesses all with delight out of His Kindness (By giving the love of His Name to recite). ||38||

ਸਲੋਕੁ ॥
Salok.
ਸਲੋਕ (ਇਹ ਇਸ ਬਾਣੀ ਦਾ ਅਖੀਰਲਾ ਉਪਦੇਸ਼ ਹੈ)।
Salok (The is the last Sermon of this Scripture).

ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ॥
pavan guroo paanee pitaa maataa Dharat mahat.
ਹਵਾ ਗੁਰੂ ਹੈ, ਪਾਣੀ ਪਿਤਾ ਹੈ, ਧਰਤੀ ਵੱਡੀ ਮਾਤਾ ਹੈ।(ਇਹ ਵਾਹਿਗੁਰੂ ਦੀਆਂ ਦਾਤਾਂ ਹਨ ਕਿ ਜੋ ਸੰਭਾਲ ਕਰਦੀਆਂ ਹਨ)।
Air is the Guru, water the Father, and earth is the Great Mother (These are the Gifts of the Lord to nurse the living beings).

ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ ॥
divas raat du-i daa-ee daa-i-aa khaylai sagal jagat.
ਦਿਨ ਤੇ ਰਾਤ ਦੋਨੋ ਦਾਈ ਤੇ ਦਾਇਆ (ਖਿਡਾਵੀ) ਹਨ, ਇਹਨਾ ਦੀ ਗੋਦ ਵਿੱਚ ਸਾਰਾ ਜਹਾਨ ਖੇਡਦਾ ਹੈ। (ਇਹ ਦਾਤਾਂ ਸੰਭਾਲ ਕਰਦੀਆਂ ਹਨ)।
'ਜਗਤੁ'- ਨੂੰ 'ਜ-ਗੱਤੁ' ਉਚਾਰਨਾ ਗ਼ਲਤ ਹੈ, 'ਜਗਤੁ' ਉਚਾਰੋ।

Day and night are the nurse and the baby-sitter, and in their laps the whole world plays. (These Gifts are to take care of the Creation).
(The word in Gurmukhi is ‘Jagat’ and it is wrong to pronounce it ‘J-gatt’).

ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ ॥
changi-aa-ee-aa buri-aa-ee-aa vaachai Dharam hadoor.
ਨੇਕੀਆਂ ਤੇ ਬੁਰਾਈਆਂ ਧਰਮਰਾਜ (ਇਨਸਾਫ਼ ਦਾ ਮਿਥਿਹਾਸਿਕ ਦੇਵਤਾ) ਰੱਬ ਦੀ ਹਜ਼ੂਰੀ ਵਿਚ ਪੜ੍ਹਦਾ ਹੈ।
(Man’s) virtues and vices are read out by Dharam-Raj (The mythical god of justice) in the Court of God.

ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ ॥
karmee aapo aapnee kay nayrhai kay door.
ਆਪੋ ਆਪਣੇ ਕਰਮਾਂ (ਕੰਮਾਂ, ਅਮਲਾਂ, ਕਿਸਮਤ, ਉਹਦੀ ਕਿਰਪਾ) ਅਨੁਸਾਰ ਕੋਈ ਵਾਹਿਗੁਰੂ ਦੀ ਹਜ਼ੂਰੀ ਵਿਚ (ਨੇੜੇ), ਅਤੇ ਕਈ ਦੂਰ ਹੋਣਗੇ (ਕੋਈ ਪਰਮਾਤਮਾ ਦੇ ਨੇੜੇ ਨਹੀ ਲਗਣ ਦੇਵੇਗਾ)।
According to their deeds (destiny, result of their actions), some shall be in the presence of the Lord, and others shall not be allowed to come close to Him.

ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ॥
jinee naam Dhi-aa-i-aa ga-ay maskat ghaal.
ਜਿਨ੍ਹਾਂ ਨੇ ਨਾਮ ਧਿਆਇਆ ਹੈ (ਨਾਮ ਜਪਿਆ ਹੈ, ਵਾਹਿਗੁਰੂ ਨੂੰ ਯਾਦ ਰੱਖਿਆ ਹੈ, ਉਹਦੇ ਡਰ–ਭੈ ਵਿਚ ਰਹੇ ਹਨ, ਨੇਕੀ ਕੀਤੀ ਹੈ), ਉਹ ਅਸਲੀ ਮੁਸ਼ੱਕਤ (ਮਿਹਨਤ) ਘਾਲ (ਕਮਾਈ) ਕਰ ਗਏ ਹਨ। (‘ਮਸਕਤਿ’– ਇਹ ‘ਮਸੱਕਤਿ’ ਹੈ, ਕੋਈ “ਮਸ਼ੱਕਤਿ’ ਉਚਾਰਦੇ ਹਨ। ‘ਮੁਸ਼ੱਕਤਿ’ ਉਚਾਰਨਾ ਸਹੀ ਨਹੀ, ਭਾਵੇਂ ਕਿ ਅਰਥ ‘ਮੁਸ਼ੱਕਤ” ਹੀ ਹੈ)।
Those who did the Naam-Jaap (Recited the Name of God, remembered Him, stayed in His Fear, did good deeds), they put in the real hard labor. (The word written in Gurmukhi ‘msakktte,’ is phonated as ‘msakkatte’ or even as ‘mshakktte,’ and it is wrong to say it out ‘musakaktte’ or ‘mushakktte’).

ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ॥੧॥
naanak tay mukh ujalay kaytee chhutee naal. ||1||
ਨਾਨਕ, ਉਹਨਾ ਦੇ ਹੀ ਚੇਹਰੇ ਚਮਕਦੇ ਹਨ (ਸੁਰਖ਼ਰੂ ਹਨ, ਰੱਬ ਦੇ ਹਜ਼ੂਰ ਇਜ਼ਤ ਪਾਈ ਹੈ), ਅਤੇ ਉਹਨਾ ਨੇ ਆਪਣੇ ਨਾਲ ਹੋਰ ਕਈ ਤਾਰ ਲਏ ਹਨ (ਮੁਕਤ ਕਰ ਲਏ ਹਨ)।
Nanak, their own faces glow (are honored in the Court of the Lord, earn respect), and along with them, they liberate many more. ||1||

ਜਾਪੁ ਸਾਹਿਬ

JAAPU SAHIB

ੴ ਸਤਿਗੁਰ ਪ੍ਰਸਾਦਿ ॥

Ik Oankaar Sat.t.egur Pr;asaad.e

ਵਾਹਿਗੁਰੂ ਜੀ, ਸਤਿਗੁਰ ਜੀ ਦੀ ਕਿਰਪਾ।

ਇਹ ਮੰਗਲ (ਤਾਰੀਫ਼) ਹੈ। ਵਾਹਿਗੁਰੂ ਜੀ ਦਾ ਗਿਆਨ ਸਤਿਗੁਰੂ ਜੀ ਦੀ ਕਿਰਪਾ ਦੇ ਨਾਲ ਪਰਾਪਤ ਹੁੰਦਾ ਹੈ।

The Lord, Blessings of the True Guru!
God is realized through the Kindness of the True Guru.

ਜਾਪੁ

JAAPU

ਸ੍ਰੀ ਮੁਖਵਾਕ ਪਾਤਿਸ਼ਾਹੀ ੧੦॥

Sree mukhvaak Paat.shaahee 10.

ਸ੍ਰੀ ਮੁਖਵਾਕ ਪਾਤਸ਼ਾਹੀ ਦਸਵੀਂ। ਦਸਵੇਂ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਉਚਾਰਨ ਕੀਤੀ ਬਾਣੀ।
"10" ਦਾ ਉਚਾਰਣ "ਦਸਵੀਂ" ਕਰਨਾ ਹੈ।

Composed by the Tenth Master - Guru Gobind Singh. "10" is pronounced as "Dasveen" – which means "Tenth".

ਛਪੈ ਛੰਦ ॥ ਤ੍ਵ ਪ੍ਰਸਾਦਿ ॥

Chhapaae Chhand. T.av Pr;asaad.e

ਛਪੈ ਛੰਦ। ਤੇਰੀ ਕਿਰਪਾ ਦੇ ਨਾਲ ਉਚਾਰਿਆ।

Chhapaae Chhand (A style of poetry). Composed by Your Grace.

ਚੱਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ ॥

Chakkr; chehn aru baran jaat.e aru paat.e nahin jeh

ਤੁਹਾਡਾ ਚੇਹਰਾ, ਮੁਹਾਂਦਰਾ, ਰੰਗ, ਜ਼ਾਤ, ਗੋਤ, ਕੋਈ ਨਹੀ।

You are free of figure or features (Form), color or cast, or lineage.
You have no physical form.

ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤ ਕਿਹ ॥

Roop ran:g aru raekh bhaekh ko-oo kahe na sakt.e keh

ਤੁਹਾਡੇ ਰੂਪ ਰੰਗ, ਨਕਸ਼, ਪਹਿਰਾਵਾ, ਕੋਈ ਦੱਸ ਨਹੀ ਸਕਦਾ।

Nobody can tell about Your figure, color, features, and clothes.
You have no appearance.

ਅਚਲ ਮੂਰਤਿ ਅਨਭਉ ਪ੍ਰਕਾਸ ਅਮਿਤੋਜਿ ਕਹਿੱਜੈ ॥
Achall moorat.-e anbhou pr;akaas amit.oje kahijjaae
ਤੁਸੀਂ ਸਦਾ ਇਕਸਾਰ, ਆਪਣੇ ਆਪ ਨੂੰ ਆਪੇ ਜ਼ਾਹਿਰ (ਪਰਗਟ) ਕਰਨ ਵਾਲੇ, ਬਹੁਤ ਤਾਕਤਵਰ ਕਹੀ ਦੇ ਹੋ।
You are called of the Permanent-Form (Immortal), Self-Created, and Extremely-Powerful.
You are Self-Created, Eternal and the Doer.

ਕੋਟਿ ਇੰਦ੍ਰ ਇੰਦ੍ਰਾਣਿ ਸਾਹੁ ਸਾਹਾਣਿ ਗਣਿੱਜੈ ॥
Kote Ind.r; ind.r,aan.e saahu saahaan.e gan.ijjaae
ਕਰੋੜਾਂ ਇੰਦਰਾਂ ਦੇ ਇੰਦਰ, ਬਾਦਸ਼ਾਹਾਂ ਦੇ ਬਾਦਸ਼ਾਹ ਗਿਣੇ ਜਾਂਦੇ ਹੋ।
You are considered King of god Indra, and King of the kings.
You are the Highest of All.

ਤ੍ਰਿਭਵਣ ਮਹੀਪ ਸੁਰ ਨਰ ਅਸੁਰ ਨੇਤ ਨੇਤ ਬਨ ਤ੍ਰਿਣ ਕਹਤ ॥
Tr;ibhavan. maheep sur narr asur naet. naet. bann tr;in. kahet.
ਧਰਤੀ, ਆਕਾਸ਼, ਪਾਤਾਲ ਦਾ ਰਾਜਾ, ਦੇਵਤੇ, ਮਨੁਖ, ਦੈਂਤ, ਜੰਗਲ ਅਤੇ ਘਾਹ ਵੀ ਤੈਨੂੰ ਬੇਅੰਤ, ਬੇਅੰਤ ਕਹਿੰਦੇ ਹਨ।
Kings of the three worlds (Powerful kings), gods, people, demons, and even grass and straws call You Limitless. (You are Limitless).

ਤ੍ਵ ਸਰਬ ਨਾਮ ਕਥੈ ਕਵਨ ਕਰਮ ਨਾਮ ਬਰਨਤ ਸੁਮਤ ॥੧॥
T.av; sarab Naam kathaae kavan Karam Naam barnat.t. smat.t.
ਤੁਹਾਡਾ ਅਸਲ ਨਾਮ ਕੌਣ ਦਸ ਸਕਦਾ ਹੈ, ਇਤਨੀ ਕੁ ਹੀ ਅਕਲ ਹੈ ਕਿ ਤੁਹਾਡੇ ਕਰਮ–ਨਾਮ (ਕੰਮਾਂ ਦੇ ਕਾਰਣ ਪਏ ਨਾਮ) ਹੀ ਦੱਸ ਸਕਾਂ।
Who can tell Your real Name? The ability is this much only that I can tell Your Names based only on Your deeds (Actions).

ਭੁਜੰਗ ਪ੍ਰਯਾਤ ਛੰਦ ॥
Bhujan:g Pr;yaat. Chhand.
ਕਵਿਤਾ ਦੀ ਕਿਸਮ ਦਾ ਨਾਮ।
The Name of the type of poetry.

ਨਮਸਤ੍ਵੰ ਅਕਾਲੇ ॥ ਨਮਸਤ੍ਵੰ ਕ੍ਰਿਪਾਲੇ ॥
Namast.v;n Akaalae / Namast.v;n Kr;ipaalae
ਨਮਸਕਾਰ ਹੈ ਕਾਲ–ਰਹਿਤ। ਨਮਸਕਾਰ ਹੈ ਮਿਹਰਬਾਨ।
I bow to You the Deathless (Immortal), I bow to You the Benevolent.

ਨਮਸਤੰ ਅਰੂਪੇ ॥ ਨਮਸਤੰ ਅਨੂਪੇ ॥੨॥
Namast.an: Aroopae / Namast.an: Anoopae
ਨਮਸਕਾਰ ਹੈ ਸ਼ਕਲ-ਰਹਿਤ। ਨਮਸਕਾਰ ਹੈ ਬੇਮਿਸਾਲ।
I bow to You the Formless, I bow to You the Only One (One that cannot be compared with anything else).

ਨਮਸਤੰ ਅਭੇਖੇ ॥ ਨਮਸਤੰ ਅਲੇਖੇ ॥
Namast.an: Abhaekaae / Namast.an: Alaekhae
"ਬਿਨਾ ਖਾਸ ਪਹਿਰਾਵੇ ਦ: ਰੂਪ ਰਹਿਤੇ," ਨਮਸਕਾਰ ਹੈ। ਨ ਬਿਆਨ ਕੀਤੇ ਜਾ ਸਕਣ ਵਾਲੇ (ਬਿਨਾ ਲੇਖਾਂ ਦੇ) ਨਮਸਕਾਰ ਹੈ।
I bow to You without a special dress (Form), I bow to You the Unexplainabe (Above description).

ਨਮਸਤੰ ਅਕਾਏ ॥ ਨਮਸਤੰ ਅਜਾਏ ॥੩॥
Namast.an: Akaae / Namast.an: Ajaae
ਕਾਇਆ: ਸਰੀਰ-ਰਹਿਤ. ਨਮਸਕਾਰ ਹੈ। ਜਨਮ-ਰਹਿਤ ਨਮਸਕਾਰ ਹੈ।
I bow to You the Formless (Without physical body), I bow to You the Unborn (Self-Created).

ਨਮਸਤੰ ਅਗੰਜੇ ॥ ਨਮਸਤੰ ਅਭੰਜੇ ॥
Namast.an: Agan:jae / Namast.an: Abhan:jae
ਨਾ ਜਿੱਤੇ ਜਾਣ ਵਾਲੇ, ਨਮਸਕਾਰ ਹੈ। ਨਾ ਮਾਰੇ ਜਾਣ ਵਾਲੇ, ਨਮਸਕਾਰ ਹੈ।
I bow to You Who cannot be defeated, I bow to You the Indestructible.

ਨਮਸਤੰ ਅਨਾਮੇ ॥ ਨਮਸਤੰ ਅਠਾਮੇ ॥੪॥
Namast.an: Anaamae / Namast.an: Ath:aamae
ਕਿਸੇ ਖਾਸ ਨਾਮ ਤੋਂ ਰਹਿਤ, ਨਮਸਕਾਰ ਹੈ। ਕਿਸੇ ਖਾਸ ਟਿਕਾਣੇ ਤੋਂ ਬਿਨਾ, ਨਮਸਕਾਰ ਹੈ।
I bow to You the Nameless (Beyond names), I bow to You without a home (No single specific place: You are all over – Omnipresent).

ਨਮਸਤੰ ਅਕਰਮੰ ॥ ਨਮਸਤੰ ਅਧਰਮੰ ॥
Namast.an: Akarman: / Namast.an: Adharman:
ਕਰਮ-ਮੁੱਕਤ (ਕਰਮਾ ਤੋਂ ਉੱਤੇ), ਨਮਸਕਾਰ ਹੈ। ਧਰਮ-ਮੁੱਕਤ (ਧਰਮਾਂ ਤੋਂ ਉੱਚੇ), ਨਮਸਕਾਰ ਹੈ।
I bow to You higher than actions, and higher to Dharma - Responsibilities, disciplines, righteousness.

ਨਮਸਤੰ ਅਨਾਮੰ ॥ ਨਮਸਤੰ ਅਧਾਮੰ ॥੫॥
Namast.an: Anaaman: / Namast.an: Adhaaman:
ਕਿਸੇ ਖਾਸ ਨਾਮ ਰਹਿਤ, ਨਮਸਕਾਰ ਹੈ। ਕਿਸੇ ਖਾਸ ਘਰ-ਥਾਂ ਰਹਿਤ, ਨਮਸਕਾਰ ਹੈ।

I bow to You free from names, I bow to You free from any set place.

ਨਮਸਤੰ ਅਜੀਤੇ ॥ ਨਮਸਤੰ ਅਭੀਤੇ ॥
Namast.an: Ajeet.ae / Namast.an: Abheet.ae
ਨਾ ਜਿੱਤੇ ਜਾ ਸਕਣ ਵਾਲੇ, ਨਮਸਕਾਰ। ਡਰ ਤੋਂ ਰਹਿਤ, ਨਮਸਕਾਰ।
I bow to You the Unconquerable (Not winnable), I bow to You the Fearless (Fears none).

ਨਮਸਤੰ ਅਬਾਹੇ ॥ ਨਮਸਤੰ ਅਢਾਹੇ ॥੬॥
Namast.an: Abaahae / Namast.an: Adhaahae
ਨਾ ਵਾਹੇ ਜਾ ਸਕਣ ਵਾਲੇ (ਅਹਿੱਲ), ਨਮਸਕਾਰ। ਨਾ ਢਾਹੇ ਜਾ ਸਕਣ ਵਾਲ (ਅਮਰ), ਨਮਸਕਾਰ।
I bow to You the Unchangeable, I bow to You the Immortal.

ਨਮਸਤੰ ਅਨੀਲੇ ॥ ਨਮਸਤੰ ਅਨਾਦੇ ॥
Namast.an: Aneelae / Namast.an: Anaad.ae
ਰੰਗ-ਰੂਪ ਰਹਿਤ, ਨਮਸਕਾਰ। ਆਦ (ਸ਼ੁਰੂ) ਰਹਿਤ, ਨਮਸਕਾਰ।
I bow to You the Colorless, I bow to You the Beginningless

ਨਮਸਤੰ ਅਛੇਦੇ ॥ ਨਮਸਤੰ ਅਗਾਧੇ ॥੭॥
Namast.an: Achhaed.ae / Namast.an: Agaadh:ae
ਛੇਕੇ (ਤੋੜੇ) ਨਾ ਜਾ ਸਕਣ ਵਾਲੇ, ਨਮਸਕਾਰ। ਅਥਾਹ (ਬਹੁਤ ਡੂੰਘਾ, ਬੇਅੰਤ), ਨਮਸਕਾਰ।
I bow to You the Indestructible, I bow to You the Immeasurable (Who cannot be Fathomed).

ਨਮਸਤੰ ਅਗੰਜੇ ॥ ਨਮਸਤੰ ਅਭੰਜੇ ॥
Namast.an: Agan:jae / Namast.an: Abhan:jae
ਜਿੱਤੇ ਨਾ ਜਾ ਸਕਣ ਵਾਲੇ, ਨਮਸਕਾਰ। ਭੰਨੇ ਨਾ ਜਾ ਸਕਣ ਵਾਲੇ, ਨਮਸਕਾਰ।
I bow to You the Unconquerable (One that cannot be won), I bow to You the Indestructible.

ਨਮਸਤੰ ਉਦਾਰੇ ॥ ਨਮਸਤੰ ਅਪਾਰੇ ॥੮॥
Namast.an: Oud.aarae / Namast.an: Apaarae
ਵੱਡੇ ਦਿਲ ਵਾਲੇ, ਨਮਸਕਾਰ। ਆਰ-ਪਾਰ ਰਹਿਤ (ਬੇਅੰਤ), ਨਮਸਕਾਰ।
I bow to You the Broadminded (Generous) One, I bow to You the Limitless.

ਨਮਸਤੰ ਸੁ ਏਕੈ ॥ ਨਮਸਤੰ ਅਨੇਕੈ ॥
Namast.an: su Aekae / Namast.an: Anaekae
ਇੱਕੋ-ਇਕ (ਤੇਰੇ ਵਰਗਾ ਦੂਜਾ ਨਹੀ), ਨਮਸਕਾਰ। ਅਨੇਕ (ਅਨਗਿਣਤ, ਹਰ ਇਕ ਵਿਚ), ਨਮਸਕਾਰ।
I bow to You the Only One, I bow to You the Countless (Multitude of Your

Creation is You).

ਨਮਸਤੰ ਅਭੂਤੇ ॥ ਨਮਸਤੰ ਅਜੂਪੇ ॥੯॥
Namast.an: Abhoot.ae / Namast.an: Ajoopae
ਤੱਤ-ਮੁਕਤ (ਪੰਜ ਤੱਤ: ਹਵਾ, ਪਾਣੀ, ਅਗਨੀ, ਧਰਤੀ, ਆਕਾਸ਼, ਤੋਂ ਨਹੀ ਬਣੇ), ਨਮਸਕਾਰ। ਨਮਸਕਾਰ ਹੈ ਅਜੂਪੇ (ਜੁੜਿਆ ਨਹੀ, ਬੰਧਨ-ਮੁੱਕਤ)।
I bow to You free from five elements (Not made of earth, water, air, fire, ether – Bodiless). I bow to You the Free One (Unbound, Not belonging to one place or person).

ਨਮਸਤੰ ਨ੍ਰਿਕਰਮੇ ॥ ਨਮਸਤੰ ਨ੍ਰਿਭਰਮੇ ॥
Namast.an: Nr;ikarmae / Namast.an: Nr;ibharmae
ਕਰਮ-ਮੁੱਕਤ, ਨਮਸਕਾਰ। ਭਰਮ ਰਹਿਤ, ਨਮਸਕਾਰ।
I bow to You free from actions, I bow to You free from doubts.

ਨਮਸਤੰ ਨ੍ਰਿਦੇਸੇ ॥ ਨਮਸਤੰ ਨ੍ਰਿਭੇਸੇ ॥੧੦॥
Nmast.an: Nr;id.aesae / Namast.an: Nr;ibhaesae
ਦੇਸ ਰਹਿਤ, ਨਮਸਕਾਰ (ਸਾਰੇ ਦੇਸ ਉਹਦੇ ਹਨ)। ਭੇਸ ਰਹਿਤ, ਨਮਸਕਾਰ (ਕੋਈ ਖਾਸ ਇਕ ਵੇਸ, ਪਹਿਰਾਵਾ ਨਹੀ, ਸਭ ਪਹਿਰਾਵੇ ਉਹਦੇ ਹਨ)।
I bow to You free from a set place, I bow to You free from a set dress. (All places and dresses are Yours).

ਨਮਸਤੰ ਨ੍ਰਿਨਾਮੇ ॥ ਨਮਸਤੰ ਨ੍ਰਿਕਾਮੇ ॥
Namast.an: Nr;inaamae / Namast.an: Nr;ikaamae
ਨਾਮ ਰਹਿਤ (ਖਾਸ, ਇਕ ਨਾਮ ਨਹੀ), ਨਮਸਕਾਰ। ਕਾਮਨਾ (ਇੱਛਾ) ਰਹਿਤ, ਨਮਸਕਾਰ।
I bow to You, the Nameless (No one Name, all names are Yours), I bow to You the Desireless.

ਨਮਸਤੰ ਨ੍ਰਿਧਾਤੇ ॥ ਨਮਸਤੰ ਨ੍ਰਿਘਾਤੇ ॥੧੧॥
Namast.an: Nr;idh:aat.ae / Namast.an: Nr;ighaat.ae
ਧਾਤ (ਤੱਤ - ਬਣਤਰ) ਰਹਿਤ, ਨਮਸਕਾਰ। ਘਾਤ (ਮਾਰੇ ਜਾਣੋਂ) ਰਹਿਤ, ਨਮਸਕਾਰ।
I bow to You the Elementless (Bodiless), I bow to You the Deathless.

ਨਮਸਤੰ ਨ੍ਰਿਧੂਤੇ ॥ ਨਮਸਤੰ ਅਭੂਤੇ ॥
Namast.an: Nr;idh:oot.ae / Namast.an: Abhoot.ae
ਹੇ ਅਟੱਲ (ਅਡੋਲ, ਕਾਇਮ), ਨਮਸਕਾਰ। ਤੱਤ - ਬਣਤਰ ਰਹਿਤ, ਨਮਸਕਾਰ।
I bow to You the Constant One (Unchangable), I bow to you the Elementless (Bodiless, free from the physical body).

ਨਮਸਤੰ ਅਲੋਕੇ ॥ ਨਮਸਤੰ ਅਸੋਕੇ ॥੧੨॥
Namast.an: Alokae / Namast.an: Asokae
ਨਾ ਦਿੱਸਣ ਵਾਲੇ, ਨਮਸਕਾਰ। ਦੁਖ-ਗ਼ੱਮ ਰਹਿਤ, ਨਮਸਕਾਰ।
I bow to You the Invisible (Cannot be seen), I bow to You Who is free from Sorrow

ਨਮਸਤੰ ਨ੍ਰਿਤਾਪੇ ॥ ਨਮਸਤੰ ਅਥਾਪੇ ॥
Namast.an: Nr;it.aapae / Namast.an: Athaapae
ਤਿਨ-ਤਾਪ ਰਹਿਤ ਨਮਸਕਾਰ।(ਤਿਨ ਦੁਖ: ਅਧਿਆਤਮਿਕ - ਮਨ ਤੋਂ ਉੱਠੇ; ਅਧਿਦੈਵਿਕ - ਕਰਮਾਂ ਤੋਂ ਮਿਲੇ; ਅਧਿਭੌਤਿਕ - ਇਕ ਦੂਸਰੇ ਤੋਂ ਮਿਲੇ)। ਥਾਪੇ ਨਾ ਜਾ ਸਕਣ ਵਾਲੇ, ਨਮਸਕਾਰ। (ਥਾਪਣਾ, ਮੂਰਤੀ ਟਿਕਾਉਣ ਵਾਂਙ ਰੱਖਣਾ)।
I bow to You Who has no afflictions. I bow to You Who cannot be set-up (Who cannot be installed like a statue in a temple).

ਨਮਸਤੰ ਤ੍ਰਿਮਾਨੇ ॥ ਨਮਸਤੰ ਨਿਧਾਨੇ ॥੧੩॥
Namast.an: T.r;imaanae / Namast.an: Nidh:aanae
ਤਿੰਨਾਂ ਲੋਕਾਂ (ਧਰਤੀ, ਅਕਾਸ਼, ਪਤਾਲ), ਤਿੰਨਾਂ ਕਾਲਾਂ (ਅਜ, ਕੱਲ, ਭਲਕੇ) ਵਿਚ ਮਾਣੇ ਜਾਣ ਵਾਲੇ, ਨਮਸਕਾਰ। ਹਰ ਚੀਜ਼ ਦੇ ਖਜ਼ਾਨੇ, ਨਮਸਕਾਰ।
I bow to You the One worshipped in the three worlds. I bow to You the Treasure of everything. (Three Worlds - earth, nether world – bottom of earth, and sky).

ਨਮਸਤੰ ਅਗਾਹੇ ॥ ਨਮਸਤੰ ਅਬਾਹੇ ॥
Namast.an: Agaahae / Namast.an: Abaahae
ਗਾਹ (ਥਾਹ, ਅੰਤ) ਰਹਿਤ, ਨਮਸਕਾਰ। ਅਬਾਹੇ (ਅਵਾਹੇ): ਨਾ ਵਾਹੇ ਜਾ ਸਕਣ ਵਾਲੇ (ਥਿਰ, ਟਿਕੇ ਹੋਏ), ਨਮਸਕਾਰ।
I bow to the Immeasurable (Unfathomable). I bow to the Constant (The Steady One, unshakable, unchangeable).

ਨਮਸਤੰ ਤ੍ਰਿਬਰਗੇ ॥ ਨਮਸਤੰ ਅਸਰਗੇ ॥੧੪॥
Namast.an: T.r;ibargae / Namast.an: Asargae
ਤਿਨਾ ਵਰਗਾਂ (ਤ੍ਰਿਬਰਗੇ - ਹਾਲਤਾਂ) ਤੋਂ ਮੁਕਤ, ਨਮਸਕਾਰ ਹੈ। ਰਚਨਾ (ਅਸਰਗੇ - ਜਨਮ) ਰਹਿਤ, ਨਮਸਕਾਰ ਹੈ।
ਤ੍ਰਿਬਰਗ - ਤਿਨ ਹਾਲਤਾਂ: 1. **ਧਰਮ* - ਫ਼ਰਜ਼; **ਅਰਥ* - ਮਾਇਆ, ਪਦਾਰਥ; **ਕਾਮ* - ਇਛਾਵਾਂ; ਮੋਖਸ਼ - ਮੁਕਤੀ, ਚੌਥੀ ਹਾਲਤ ਹੈ ਕਿ ਜੋ ਇਥੇ ਨਹੀ ਗਿਣੀ ਗਈ। ਅਸਲ ਵਿਚ, ਧਰਮ, ਅਰਥ, ਕਾਮ, ਅਤੇ ਮੋਖਸ਼, ਚਾਰ ਪਦਾਰਥ ਗਿਣੇ ਜਾਂਦੇ ਹਨ ਕਿ ਜੋ ਹਰ ਕੋਈ ਮੰਗਦਾ ਹੈ। 2. *ਰਜੋ - ਰਾਜਿਆਂ ਵਰਗੇ ਗੁਣ: ਹੰਕਾਰ; *ਤਮੋ - ਤਮਾਹ: ਮਾੜੇ ਲੱਛਣ; *ਸਤੋ - ਸੰਤਾਂ ਵਰਗੇ: ਸਚਾਈ ਦੇ ਗੁਣ। 3. *ਚੜ੍ਹਦੀ ਕਲਾ, *ਇਕਸਾਰਤਾ, *ਢਹਿੰਦੀ ਕਲਾ)। 4. * ਸੱਤ - ਸਚਾਈ; *ਚਿਤ - ਚੇਤੰਤਾ, *ਆਨੰਦ - ਬਖਸ਼ਿਸ਼।
I bow to the Master of three attributes – Truth, Consciousness, and Bliss.

(Worldly attributes - the world has ego, truth and meanness).

ਨਮਸਤੰ ਪ੍ਰਭੋਗੇ ॥ ਨਮਸਤੰ ਸੁਜੋਗੇ ॥
Namast.an: Pr;abhogae / Namast.an: Sujogae
ਹੇ ਸਭ ਕੁਝ ਚੰਗੀ ਤਰ੍ਹਾਂ ਭੋਗਣ (ਮਾਣਨ) ਵਾਲੇ, ਨਮਸਕਾਰ। ਹਰ ਵਸਤ ਵਿਚ ਭਲੀ ਭਾਂਤ ਮੌਜੂਦ (ਵੱਸੇ ਹੋਇ), ਤੈਨੂੰ ਨਮਸਕਾਰ ਹੈ।
I bow to the Enjoyer of everything. I bow to the One present in everything (All Pervasive).

ਨਮਸਤੰ ਅਰੰਗੇ ॥ ਨਮਸਤੰ ਅਭੰਗੇ ॥੧੫॥
Namast.an: Aran:gae / Namast.an: Abhan:gae
ਰੰਗ-ਰੂਪ ਰਹਿਤ, ਨਮਸਕਾਰ। ਤੋੜੇ (ਮਾਰੇ) ਨਾ ਜਾ ਸਕਣ ਵਾਲੇ, ਨਮਸਕਾਰ।
I bow to the Colorless. I bow to the One who cannot be destroyed (Indestructible).

ਨਮਸਤੰ ਅਗੰਮੇ ॥ ਨਮਸਤਸਤੁ ਰੰਮੇ ॥
Namast.an: Agan:mae / Namast.sat.u Ran:mae
ਪਹੁੰਚ ਤੋਂ ਪਰ੍ਹੇ, ਨਮਸਕਾਰ। ਸਭ ਵਿਚ ਰਚੇ ਹੋਏ, ਨਮਸਕਾਰ।
I bow to the Unreachable. I bow to the All Pervasive.

ਨਮਸਤੰ ਜਲਾਸਰੇ ॥ ਨਮਸਤੰ ਨਿਰਾਸਰੇ ॥੧੬॥
Namast.an: Jalaasrae Namast.an: Niraasarae
ਜਲ ਦੇ ਆਸਰੇ (ਸਮੁੰਦਰ), ਨਮਸਕਾਰ। ਕਿਸੇ ਦੇ ਆਸਰੇ ਰਹਿਤ, ਨਮਸਕਾਰ।
I bow to the Support of water (The Creator of water). I bow to the One Who needs no support.

ਨਮਸਤੰ ਅਜਾਤੇ ॥ ਨਮਸਤੰ ਅਪਾਤੇ ॥
Namast.an: Ajaat.ae Namast.an: Apaat.ae
ਜ਼ਾਤ ਰਿਹਤ, ਨਮਸਕਾਰ (ਸਾਰੀਆਂ ਤੇਰੀਆਂ ਜ਼ਾਤਾਂ ਹਨ, ਤੂੰ ਕਿਸੇ ਖਾਸ ਇਕ ਜ਼ਾਤ ਦਾ ਨਹੀ), ਗੋਤਰ (ਕੁੱਲ) ਰਹਿਤ, ਨਮਸਕਾਰ। (ਸਭ ਕੁਝ ਤੂੰ ਹੈਂ, ਤੂੰ ਸਭਨਾ ਦਾ ਹੈਂ)।
I bow to the One above all castes. I bow to the One above sub-castes (Lineage).

ਨਮਸਤੰ ਅਮਜਬੇ ॥ ਨਮਸਤਸਤੁ ਅਜਬੇ ॥੧੭॥
Namast.an: Amajbae Namast.sat.u Ajabae
ਮਜ਼ਹਬਾਂ ਤੋਂ ਮੁਕਤ, ਨਮਸਕਾਰ (ਤੂੰ ਸਭ ਦਾ ਹੈਂ), ਅਸਚਰਜ (ਅਜੀਬ) ਵਾਹਿਗੁਰੂ, ਤੈਨੂੰ ਨਮਸਕਾਰ ਹੈ।
I bow to the One above religions. I bow to the Wonderful One.

ਅਦੇਸੰ ਅਦੇਸੇ ॥ ਨਮਸਤੰ ਅਭੇਸੇ ॥

Ad.aesan: Ad.aesae / Namast.an: Abhaesae

ਆਦੇਸ (ਨਮਸਕਾਰ) ਹੈ ਖਾਸ ਦੇਸ (ਮੁਲਕ, ਟਿਕਾਣੇ) ਰਹਿਤ (ਤੂੰ ਹਰ ਥਾਂ ਹੈਂ)। ਭੇਸ ਰਹਿਤ, ਨਮਸਕਾਰ ਹੈ।

Obeisance (I bow) to the One unattached to the lands. I bow to the One who is free of clothes (Above dresses, Formless).

ਨਮਸਤੰ ਨ੍ਰਿਧਾਮੇ ॥ ਨਮਸਤੰ ਨ੍ਰਿਬਾਮੇ ॥੧੮॥

Namast.an: Nr;idh:aamae / Namast.an: Nr;ibaamae

ਧਾਮ (ਘਰ) ਰਹਿਤ, ਨਮਸਕਾਰ (ਸਭ ਦਰ-ਘਰ, ਥਾਂ, ਟਿਕਾਣੇ ਤੇਰੇ ਹਨ, ਤੂੰ ਹਰ ਥਾਂ ਹੈਂ)। ਬਾਮ ਰਹਿਤ (ਇਸਤਰੀ ਤੋਂ ਬਿਨਾ ਬਣੇ) ਨਮਸਕਾਰ ਹੈ।

I bow to Him Who needs no homes (All places are His). I bow to the One Who is not born of a woman: is Self-Created.

ਨਮੋ ਸਰਬ ਕਾਲੇ ॥ ਨਮੋ ਸਰਬ ਦਿਆਲੇ ॥

Namo Sarab Kaalae / Namo sarab d.iaalae

ਸਾਰਿਆਂ ਦੇ ਕਾਲ (ਮੌਤ), ਨਮਸਕਾਰ। ਸਭਨਾ ਤੇ ਕਿਰਪਾਲੂ, ਨਮਸਕਾਰ। (ਕਾਲ – ਮੌਤ, ਅੰਤ ਉੱਤੇ ਕਿਰਪਾ ਕਰ ਕੇ ਪਰਮਾਤਮਾ ਸਾਰਿਆਂ ਨੂੰ ਆਪਣੇ ਵਿਚ ਮਿਲਾ ਲੈਂਦਾ ਹੈ)।

I bow to You the death to all. I bow to One Kind to all

ਨਮੋ ਸਰਬ ਰੂਪੇ ॥ ਨਮੋ ਸਰਬ ਭੂਪੇ ॥੧੯॥

Namo Sarab Roopae / Namo Sarab Bhoopae

ਨਮਸਕਾਰ, ਸਭਨਾ ਦੇ ਸਰੂਪ ਵਿਚ ਤੂੰ ਹੈਂ। ਨਮਸਕਾਰ ਹੈ, ਸਾਰਿਆਂ ਦੇ ਰਾਜੇ।

I bow to the One Who is the Form of All (Who is in everyone). I bow to the King of All.

ਨਮੋ ਸਰਬ ਖਾਪੇ ॥ ਨਮੋ ਸਰਬ ਥਾਪੇ ॥

Namo Sarab Khaapae / Namo Sarab Thaapae

ਸਭਨਾ ਦਾ ਨਾਸ਼ ਕਰਨਵਾਲੇ (ਆਪਣੇ ਵਿਚ ਖਪਾ ਲੈਣ ਵਾਲੇ), ਨਮਸਕਾਰ ਹੈ। ਸਭਨਾ ਦੀ ਰਚਨਾ ਕਰ ਦੇਣ ਵਾਲੇ, ਨਮਸਕਾਰ ਹੈ।

Obeisance (I bow) to the One Who absorbs everything back into Him. Obeisance to the Creator of All.

ਨਮੋ ਸਰਬ ਕਾਲੇ ॥ ਨਮੋ ਸਰਬ ਪਾਲੇ ॥੨੦॥

Namo Sarab Kaalae / Namo Sarab Paalae

ਸਭਨਾ ਦੇ ਕਾਲ (ਮੌਤ, ਅੰਤ), ਨਮਸਕਾਰ ਹੈ। ਸਭ ਦੀ ਪਾਲਣਾ ਕਰਨ ਵਾਲੇ, ਨਮਸਕਾਰ ਹੈ।

I bow to the “Death to All.” I bow to the One Who nurses (Provides) all.

ਨਮਸਤਸਤੁ ਦੇਵੈ ॥ ਨਮਸਤੰ ਅਭੇਵੈ ॥
Namast.sat.u D.aevaae / Namast.an: Abhaevaae
ਸਾਰਿਆਂ ਦੇ ਦੇਵ (ਪਰਕਾਸ਼, ਪੂਜਣ ਯੋਗ), ਨਮਸਕਾਰ ਹੈ। ਭੇਦ ਰਹਿਤ (ਜਿਸ ਦਾ ਭੇਦ ਨ ਪਵੇ), ਨਮਸਕਾਰ।
Obeisance to the One Who is worshipped by all (Deity of all). I bow to the One Whose mystery we cannot know (He is a Mystery).

ਨਮਸਤੰ ਅਜਨਮੇ ॥ ਨਮਸਤੰ ਸੁਬਨਮੇ ॥੨੧॥
Namast.an: Ajanmae / Namast.an: Su-banmae
ਜਨਮ ਰਹਿਤ, ਨਮਸਕਾਰ। ਸੋਹਣੇ ਵਰਣ: ਰੰਗ-ਰੂਪ ਵਾਲੇ, ਨਮਸਕਾਰ। (ਸੁਬਨਮੇ: ਬਰਣ - ਵਰਣ, ਰੰਗ)
I bow to the One Who is not born (like others do). Obeisance to the One Who is the Beauty.

ਨਮੋ ਸਰਬ ਗਉਨੇ ॥ ਨਮੋ ਸਰਬ ਭਉਨੇ ॥
Namo Sarab Gounae / Namo Sarab Bhounae
ਸਭ ਥਾਈਂ ਪਹੁੰਚ (ਜਾ ਸਕਣ) ਵਾਲੇ, ਨਮਸਕਾਰ। ਸਭ ਭਵਨਾ ਦੇ ਮਾਲਿਕ (ਸਾਰੇ ਮੰਡਲਾਂ ਵਿਚ ਜਾ ਸਕਣ ਵਾਲੇ - ਧਰਤੀ, ਅਕਾਸ਼, ਪਤਾਲ ਵਿਚ ਰਚੇ ਹੋਏ,), ਨਮਸਕਾਰ।
I bow to the One Who can reach everywhere. Obeisance to the One Who is at all places: Omnipresent).

ਨਮੋ ਸਰਬ ਰੰਗੇ ॥ ਨਮੋ ਸਰਬ ਭੰਗੇ ॥੨੨॥
Namo sarab Ran;gae / Namo Sarab Bhan:gae
ਸਭ ਰੰਗਾਂ (ਸਭਨਾ ਦੀਆਂ ਮੌਜਾਂ, ਸਭਨਾ ਦੇ ਮੋਹ) ਵਿਚ ਮੌਜੂਦ, ਤੈਨੂੰ ਨਮਸਕਾਰ। ਸਭ ਨੂੰ ਨਾਸ ਕਰਨ ਵਾਲੇ, ਨਮਸਕਾਰ।
I bow to Him Who is present in all colors (In all states: conditions, in everyone, attached to all). I bow to the One Who can destroy everything.

ਨਮੋ ਕਾਲ ਕਾਲੇ ॥ ਨਮਸਤਸਤੁ ਦਿਆਲੇ ॥
Namo Kaal Kaalae / Namast.sat.u D.iaalae
ਕਾਲ (ਮੌਤ) ਦੇ ਕਾਲ (ਮੌਤ ਵੀ ਜਿਸ ਦੇ ਵੱਸ ਹੈ), ਨਮਸਕਾਰ। ਤੈਨੂੰ ਨਮਸਕਾਰ ਹੈ, ਐ ਦਿਆਲੂ।
Supreme-Death (Lord of Death) I bow to You. I bow to You the Benevolent One.

ਨਮਸਤੰ ਅਬਰਨੇ ॥ ਨਮਸਤੰ ਅਮਰਨੇ ॥੨੩॥
Namast.an: Abarnae / Namast.an: Amarnae
ਰੰਗ (ਵਰਣ, ਮੋਹ) ਰਹਿਤ, ਨਮਸਕਾਰ। ਮਰਣ ਤੋਂ ਉੱਪਰ (ਮੌਤ ਰਹਿਤ), ਨਮਸਕਾਰ।
Above Castes, I bow to You. The Immortal One, I bow to you.

ਨਮਸਤੰ ਜਰਾਰੰ ॥ ਨਮਸਤੰ ਕ੍ਰਿਤਾਰੰ ॥
Namast.an: Jraaran: / Namast.an: Kr;it.aran:
ਨਮਸਕਾਰ ਹੈ ਬੁਢੇਪੇ ਦੇ ਵੈਰੀ (ਬੁਢੇਪਾ-ਰਹਿਤ)। ਨਮਸਕਾਰ ਹੈ ਕਰਤਾਰ (ਸਾਰੇ ਜੀਵ ਰਚਣ ਵਾਲੇ)।

Beyond old age, I bow to You. I bow to You the Creator.

ਨਮੋ ਸਰਬ ਧੰਧੇ ॥ ਨਮੋ ਸਤ ਅਬੰਧੇ ॥੨੪॥
Namo Sarab Dh:an:dh:ae / Namo Sat.t. Aban:dh:ae
ਸਾਰਿਆਂ ਦੇ ਧੰਦੇ (ਧੰਧਿਆਂ ਵਿਚ ਚਲਾਉਣ ਵਾਲੇ), ਨਮਸਕਾਰ। ਨਮਸਕਾਰ ਹੈ ਸੱਚੇ, ਬੰਧਨਾ ਤੋਂ ਰਹਿਤ।
I bow to You the avocation of all (Engagements, jobs). I bow to the True One, not bound to anything.

ਨਮਸਤੰ ਨ੍ਰਿਸਾਕੇ ॥ ਨਮਸਤੰ ਨ੍ਰਿਬਾਕੇ ॥
Namast.an: Nr;isaakae / Namast.an: Nr;ibaakae
ਸਾਕਾਂ: ਸਕਿਆਂ, ਤੋਂ ਰਹਿਤ, ਨਮਸਕਾਰ। ਨਮਸਕਾਰ ਹੈ ਬੇਬਾਕ (ਡਰ-ਰਹਿਤ)।
Free from relations (relatives), obeisance to You (I bow to You)! Obeisance to the Fearless One.

ਨਮਸਤੰ ਰਹੀਮੇ ॥ ਨਮਸਤੰ ਕਰੀਮੇ ॥੨੫॥
Namast.an: Raheemae / Namast.an: kareemae
ਰਹਿਮ (ਤਰਸ) ਕਰਨ ਵਾਲੇ, ਨਮਸਕਾਰ। ਕਰਮ (ਬਖਸ਼ਿਸ਼) ਕਰਨ ਵਾਲੇ, ਨਮਸਕਾਰ।
Obeisance to the Merciful. The Kind One, I bow to You.

ਨਮਸਤੰ ਅਨੰਤੇ ॥ ਨਮਸਤੰ ਮਹੰਤੇ ॥
Namast.an: Anan;t.ae / Namast.an: Mahan:t.ae
ਬੇਅੰਤ, ਨਮਸਕਾਰ। ਮਹੰਤ (ਸਭ ਤੋਂ ਮਹਾਨ, ਵੱਡੇ), ਨਮਸਕਾਰ।
The Limitless, I bow to You. The Supreme One, I bow to You.

ਨਮਸਤਸਤੁ ਰਾਗੇ ॥ ਨਮਸਤੰ ਸੁਹਾਗੇ ॥੨੬॥
Namast.sat.u Raagae / Namast.an: Suhaagae
ਪਿਆਰ-ਰੂਪ, ਨਮਸਕਾਰ। ਸਭਨਾ ਦੇ ਚੰਗੇ-ਭਾਗ, ਨਮਸਕਾਰ।
The Love, obeisance to You. The Fortune of all, I bow to You.

ਨਮੋ ਸਰਬ ਸੋਖੰ ॥ ਨਮੋ ਸਰਬ ਪੋਖੰ ॥
Namo Sarab Sokhan: / Namo Sarab Pokhan:
ਸਭਨਾ ਨੂੰ ਸੁਕਾਉਣ (ਖਤਮ ਕਰਨ, ਮਾਰਣ) ਵਾਲੇ, ਨਮਸਕਾਰ। ਸਭਨਾ ਦੇ ਪਾਲਣਹਾਰ, ਨਮਸਕਾਰ।
The Drier (Destroyer, Killer) of all, I bow to You. The Sustainer of all, I bow to You.

ਨਮੋ ਸਰਬ ਕਰਤਾ ॥ ਨਮੋ ਸਰਬ ਹਰਤਾ ॥੨੭॥
Namo Sarab Kart.aa / Namo Sarab Hart.aa
ਸਭ ਕੁਝ ਕਰਣ (ਰਚਣ) ਵਾਲੇ, ਨਮਸਕਾਰ। ਸਭ ਨੂੰ ਮੇਟਣ ਵਾਲੇ, ਨਮਸਕਾਰ।
I bow to You the Creator. I bow to You the Destroyer.

ਨਮੋ ਜੋਗ ਜੋਗੇ ॥ ਨਮੋ ਭੋਗ ਭੋਗੇ ॥
Namo Jog Jogae / Namo Bhog Bhogae
ਜੋਗੀਆਂ ਦੇ ਮਹਾਂ ਜੋਗੀ, ਨਮਸਕਾਰ। ਭੋਗੀਆਂ (ਦੁਨੀਆਦਾਰਾਂ) ਦੇ ਮਹਾ ਭੋਗੀ, ਨਮਸਕਾਰ।
The "Supreme Yoga," (Detached One) I bow to You. "The Worldly Man," I bow to You. (Yoga, a technique to meet God. Yogis believe in renunciation – detachment from the world).

ਨਮੋ ਸਰਬ ਦਿਆਲੇ ॥ ਨਮੋ ਸਰਬ ਪਾਲੇ ॥੨੮॥
Namo Sarab D.iaalae / Namo Sarab Paalae
ਸਭਨਾ ਤੇ ਕਿਰਪਾਲੂ, ਨਮਸਕਾਰ। ਸਭਨਾ ਦੇ ਪਾਲਣਹਾਰੇ, ਨਮਸਕਾਰ।
Obeisance to You the Kind One. Obeisance to the Sustainer.

ਚਾਚਰੀ ਛੰਦ ॥ ਤ੍ਵ ਪ੍ਰਸਾਦਿ ॥
Chaachri Chhand / Tav; Pr;asaad.
ਚਾਚਰੀ ਛੰਦ, ਤੁਹਾਡੀ ਕਿਰਪਾ ਦੇ ਨਾਲ ਉਚਾਰਿਆ।
Chaacharee Chhand, composed by Your Grace.

ਅਰੂਪ ਹੈਂ ॥ ਅਨੂਪ ਹੈਂ ॥
Aroop Haaen' / Anoop haaaen'
ਤੂੰ ਰੂਪ ਰਹਿਤ ਹੈਂ। ਬੇਮਿਸਾਲ ਹੈਂ।
You are formless, and unique.

ਅਜੂ ਹੈਂ ॥ ਅਭੂ ਹੈਂ ॥੨੯॥
Ajoo Haaen' / Abhoo haaen'
ਤੂੰ ਜਨਮ ਰਹਿਤ ਹੈਂ। ਪੰਜ-ਤੱਤ ਰਹਿਤ ਹੈਂ (ਹਵਾ, ਪਾਣੀ, ਅੱਗ, ਧਰਤੀ, ਆਕਾਸ਼, ਦਾ ਬਣਿਆ ਨਹੀ)।
You are not born (Manifested without birth), You are not made of five elements (Water, earth, air, fire, ether).

ਅਲੇਖ ਹੈਂ ॥ ਅਭੇਖ ਹੈਂ ॥
Alaekh Haaen' / Abhaekh haaen'
ਤੂੰ ਲਿਖਣ (ਤਸਵੀਰ ਬਣਾਉਣ, ਸਰੀਰ) ਤੋਂ ਬਾਹਰ ਹੈਂ। ਕਿਸੇ ਇਕ ਭੇਖ-ਵੇਸ ਤੋਂ ਰਹਿਤ ਹੈਂ (ਸਾਰੇ ਭੇਸ ਤੇਰੇ ਹਨ)।
You are beyond description (without form). You are not bound by dress (Appearance).

ਅਨਾਮ ਹੈਂ ॥ ਅਕਾਮ ਹੈਂ ॥੩੦॥
Anaam Haae': / Akaam haaen'
ਕਿਸੇ ਨਾਮ ਤੋਂ ਰਹਿਤ ਹੈਂ (ਸਾਰੇ ਨਾਮ ਤੇਰੇ ਹਨ)। ਕਾਮਨਾ (ਇੱਛਾ) ਰਹਿਤ ਹੈਂ।
You have no name. You are Desireless.

ਅਧੇ ਹੈਂ ॥ ਅਭੇ ਹੈਂ ॥
Adh:ae Haae': / Abhae haaen'
ਤੈਨੂੰ ਧਿਆਨ ਵਿਚ ਨਹੀ ਲਿਆਂਦਾ ਜਾ ਸਕਦਾ। ਤੇਰਾ ਭੇਦ ਨਹੀ ਪਾਇਆ ਜਾ ਸਕਦਾ।
You cannot be brought into imagination. Your Mystery cannot be known.

ਅਜੀਤ ਹੈਂ ॥ ਅਭੀਤ ਹੈਂ ॥੩੧॥
Ajeet. Haaen' / Abheet. haaen'
ਤੈਨੂੰ ਜਿੱਤਿਆ ਨਹੀ ਜਾ ਸਕਦਾ। ਤੂੰ ਡਰ ਰਹਿਤ ਹੈਂ।
None can win You (Unconquerable). You are without fear.

ਤ੍ਰਿਮਾਨ ਹੈਂ ॥ ਨਿਧਾਨ ਹੈਂ ॥
T.r;imaan Haaen' / Nidh:aan haaen'
ਤਿੰਨਾ ਲੋਕਾਂ (ਧਰਤੀ, ਆਕਾਸ਼, ਪਾਤਾਲ) ਦੇ ਲੋਕੀਂ ਤੈਨੂੰ ਮਾਣ ਦਿੰਦੇ ਹਨ। ਤੂੰ ਸਭ ਕੁਝ ਦਾ ਖਜ਼ਾਨਾ ਹੈਂ।
You are honored in the three worlds (Earth, sky, nether-world – bottom of the world).

ਤ੍ਰਿਬਰਗ ਹੈਂ ॥ ਅਸਰਗ ਹੈਂ ॥੩੨॥
T.r;ibarg haaen' / Asarg haaen'
ਤੇਰੇ ਵਿਚ ਸੰਸਾਰ ਦੇ ਤਿੰਨੇ ਰੁਖ਼ (ਹਾਲਤਾਂ, ਗੁਣ: ਰਜੋ – ਹੰਕਾਰ; ਤਮੋ – ਘਟੀਆ ਪਨ; ਸਤੋ – ਸੰਤ ਗੁਣ) ਹਨ। ਤੈਨੂੰ ਰਚਿਆ ਨਹੀ ਜਾ ਸਕਦਾ।
You are above the three dimensions of the world (virtue,evil, ego).

ਅਨੀਲ ਹੈਂ ॥ ਅਨਾਦਿ ਹੈਂ ॥
Aneel haaen' / Anaad. haaen'
ਤੂੰ ਰੰਗ-ਰੂਪ ਰਹਿਤ ਹੈਂ। ਤੇਰਾ ਆਦ (ਸ਼ੁਰੂ, ਮੁਢ) ਨਹੀ (ਪਤਾ ਨਹੀ ਕਦ ਦਾ ਹੈਂ)।
You are above color and caste. You are above the beginning.

ਅਜੇ ਹੈਂ ॥ ਅਜਾਦਿ ਹੈਂ ॥੩੩॥
Ajae haaen' / Ajaad. haaen'
ਤੈਨੂੰ ਕੋਈ ਜਿੱਤ ਨਹੀ ਸਕਦਾ। ਆਜ਼ਾਦ: ਮੁੱਕਤ, ਹੈਂ (ਜੇ ਕਰ "ਅਜਾਦਿ" ਲਈਏ ਤਾਂ ਜਾਏ ਜਾਣ: ਜਨਮ ਤੋਂ ਰਹਿਤ ਹੈਂ)।
Nobody can win You. You are "Azaad" – Free. (But, if we stick to the word "Ajaade," it will mean above birth).

ਅਜਨਮ ਹੈਂ ॥ ਅਬਰਨ ਹੈਂ ॥
Ajanamm haaen' / Abarn haaen'
ਜਨਮ ਰਹਿਤ ਹੈਂ। ਤੇਰਾ ਵਰਣ ਨਹੀ।(ਵਰਣ – ਰੰਗ-ਰੂਪ। ਜਾਂ, ਖਤਰੀ, ਬਰਾਹਮਣ, ਵੈਸ਼, ਸ਼ੂਦਰ, ਸਭਨਾ ਵਿਚ ਤੂੰ ਹੈਂ)।
You are above birth (Self Born), and free from color and caste (You are in all).

ਅਭੂਤ ਹੈਂ ॥ ਅਭਰਨ ਹੈਂ ॥੩੪॥

Abhoot. haaen' / Abharn haaen'

ਤੂੰ ਤੱਤ-ਬਣਤਰ, ਤੋਂ ਰਹਿਤ ਹੈਂ - ਤੱਤਾਂ ਦਾ ਬਣਿਆ ਨਹੀ, ਦੇਹ ਨਹੀ ਤੇਰੀ। ਤੈਨੂੰ ਪਾਲਣਾਂ ਕਰਨ ਵਾਲੇ ਦੀ ਲੋੜ ਨਹੀ।

You are above five elements (Not made of elements - bodiless), You do not need anyone to nurse (Sustain) You.

ਅਗੰਜ ਹੈਂ ॥ ਅਭੰਜ ਹੈਂ ॥

Agan:j haaen' / Abhan:j haaen'

ਤੈਨੂੰ ਜਿੱਤਿਆ ਨਹੀ ਜਾ ਸਕਦਾ। ਕੋਈ ਤੈਨੂੰ ਤੋੜ-ਮਰੋੜ (ਤੋੜ ਭੰਨ) ਨਹੀ ਸਕਦਾ।

You are Unconquerable. No one can hurt You – no one can destroy You.

ਅਝੂਝ ਹੈਂ ॥ ਅਝੰਝ ਹੈਂ ॥੩੫॥

Ajhoojh haaen' / Ajhan:j haaen'

ਤੇਰੇ ਨਾਲ ਕੋਈ ਲੜ ਨਹੀ ਸਕਦਾ। ਤੈਨੂੰ ਸੰਸਾਰ ਦੇ ਕੋਈ ਝੰਝਟ-ਝੰਬੇਲੇ ਨਹੀ ਹਨ।

None can face i.e. stand You (in battle). You are not involved in the worldly problems.

ਅਮੀਕ ਹੈਂ ॥ ਰਫ਼ੀਕ ਹੈਂ ॥

Ameek haaen' / Rafeek haaen'

ਗਹਿਰ-ਗੰਭੀਰ ਹੈਂ। ਸਭ ਦਾ ਮਿੱਤਰ ਹੈਂ।

You are too deep (Calm, composed). You are the Friend of all.

ਅਧੰਧ ਹੈਂ ॥ ਅਬੰਧ ਹੈਂ ॥੩੬॥

Adh:an:dh' haaen' / Aban:dh' haaen'

ਤੈਨੂੰ ਸੰਸਾਰ ਦੇ ਕੋਈ ਧੰਧੇ ਨਹੀ। ਤੈਨੂੰ ਜਗਤ ਦੇ ਕੋਈ ਬੰਧਨ ਨਹੀ।

You have no worldly botherations You are not attached to anything.

ਨ੍ਰਿਬੂਝ ਹੈਂ ॥ ਅਸੂਝ ਹੈਂ ॥

Nr;iboojh haaen' / Asoojh haaen'

ਤੈਨੂੰ ਕੋਈ ਬੁਝ (ਸਮਝ) ਨਹੀ ਸਕਦਾ। ਕੋਈ ਤੇਰੀ ਸੋਝੀ ਪਾ (ਤੈਨੂੰ ਜਾਣ) ਨਹੀ ਸਕਦਾ।

You are not knowable (You cannot be known), and are beyond understanding.

ਅਕਾਲ ਹੈਂ ॥ ਅਜਾਲ ਹੈਂ ॥੩੭॥

Akaa haae' / Ajaal haaen"

ਤੂੰ ਸਮੇ ਦੇ ਗੇੜ ਤੋਂ ਆਜ਼ਾਦ ਹੈਂ। ਤੂੰ ਜਾਲ (ਮਾਇਆ-ਜਾਲ, ਦੁਨੀਆਂ ਦੇ ਜੰਜਾਲਾਂ) ਤੋਂ ਮੁਕਤ ਹੈਂ।

You are not bound by time. You have no worldly entanglements (Bindings).

ਅਲਾਹ ਹੈਂ ॥ ਅਜਾਹ ਹੈਂ ॥
Allah haaen' / Ajaah haae'
ਤੂੰ ਅਲਾਹ (ਜੋ ਲੱਭਿਆ ਨਾ ਜਾ ਸਕੇ) ਹੈਂ। ਤੇਰਾ ਕੋਈ ਇਕ ਟਿਕਾਣਾ ਨਹੀ (ਹਰ ਥਾਂ ਹੈਂ)।
You are a Mystery (Inaccessible), and not bound to one place (You are everywhere: all pervading).

ਅਨੰਤ ਹੈਂ ॥ ਮਹੰਤ ਹੈਂ ॥੩੮॥
Anan:t. haaen' / Mahan:t. haaen'
ਬੇਅੰਤ ਹੈਂ। ਮਹਾਨ ਹੈਂ।
You are Limitless, Great.

ਅਲੀਕ ਹੈਂ ॥ ਨ੍ਰਿਸ੍ਰੀਕ ਹੈਂ ॥
Aleek haaen' / Nir;sareek haaen'
ਤੇਰਾ ਕੋਈ ਹੱਦ-ਬੰਨਾ ਨਹੀ। ਤੇਰਾ ਕੋਈ ਸ਼ਰੀਕ (ਤੇਰੇ ਵਰਗਾ ਹੋਰ) ਨਹੀ।
You are beyond description (Formless). There is none other like You (No rival).

ਨ੍ਰਿਲੰਭ ਹੈਂ ॥ ਅਸੰਭ ਹੈਂ ॥੩੯॥
Nr;ilan:bh haaen' / Asan:bh haaen'
ਤੈਨੂੰ ਕਿਸੇ ਅਲੰਭ (ਗਿਆਨ, ਜਾਂ ਸਹਾਰੇ) ਦੀ ਲੋੜ ਨਹੀ। ਤੂੰ ਸੰਭਾਵਨਾ ਦੇ ਵਿਚ ਆਉਣ ਤੋਂ ਉੱਪਰ ਹੈਂ।(ਅਸੰਭ - ਸੰਭਾਵਨਾ: ਧਿਆਨ ਵਿਚਾਰ। ਅਸੰਭ: ਦਾ ਅਰਥ ਜਨਮ ਤੋਂ ਰਹਿਤ ਵੀ ਹੈ)।
You are Supportless (Self Sustained), beyond imagination (Self-Created).

ਅਗੰਮ ਹੈਂ ॥ ਅਜੰਮ ਹੈਂ ॥
Agan:m haaen' / Ajan:m haaen'
ਤੇਰੇ ਤੱਕ ਕੋਈ ਪਹੁੰਚ ਨਹੀ ਸਕਦਾ। ਤੂੰ ਜਨਮ ਵਿਚ ਨਹੀ ਆਉਂਦਾ।
You are beyond reach, above birth.

ਅਭੂਤ ਹੈਂ ॥ ਅਛੂਤ ਹੈਂ ॥੪੦॥
Abhoot. haaen' / Achhoot. haaen'
ਤੂੰ ਪੰਜ ਤੱਤਾਂ ਤੋਂ ਨਹੀ ਬਣਿਆ (ਸਰੀਰ ਰਹਿਤ ਹੈਂ)। ਤੈਨੂੰ ਕੋਈ ਛੂਹ ਨਹੀ ਸਕਦਾ।
Yor are not made of elements (Bodiless), none can touch You.

ਅਲੋਕ ਹੈਂ ॥ ਅਸੋਕ ਹੈਂ ॥
Alok haaen' / Asok haaen'
ਤੂੰ ਦੇਖਿਆ ਨਹੀ ਜਾ ਸਕਦਾ। ਤੂੰ ਸ਼ੋਕ (ਗ਼ੱਮ) ਰਹਿਤ ਹੈਂ।
You cannot be seen. You are above sorrow.

ਅਕਰਮ ਹੈਂ ॥ ਅਭਰਮ ਹੈਂ ॥੪੧॥
Akarm haaen' / Abharam haaen'
ਤੈਨੂੰ ਤੇਰੇ ਕਰਮਾਂ (ਕੰਮਾਂ) ਦਾ ਕੋਈ ਅਸਰ ਜਾਂ ਫਲ ਨਹੀ। ਤੈਨੂੰ ਕੋਈ ਭਰਮ ਨਹੀ: ਤੂੰ ਭਰਮਾਂ ਤੋਂ ਉੱਪਰ ਹੈਂ। ਅਕਰਮ – ਤੇਰੇ ਤੇ ਕਰਮਾਂ: ਪੂਜਾ ਵਿਚ ਕੀਤੀਆਂ ਜਾਂਦੀਆਂ ਹਰਕਤਾਂ ਦਾ, ਕੋਈ ਅਸਰ ਨਹੀ। ਅਭਰਮ – ਤੇਰੇ ਬਾਰੇ ਕੋਈ ਸ਼ੱਕ ਨਹੀ ਕੀਤਾ ਜਾ ਸਕਦਾ, ਤੂੰ ਸੱਚੀਂ ਹੀ ਹੈਂ।
You are not affected by Your actions (Deeds). You are above doubts. (No doubt about Your existence. You are a Reality).

ਅਜੀਤ ਹੈਂ ॥ ਅਭੀਤ ਹੈਂ ॥
Ajeet. haaen' / Abheet. haaen'
ਤੈਨੂੰ ਕੋਈ ਜਿੱਤ ਨਹੀ ਸਕਦਾ। ਤੈਨੂੰ ਕੋਈ ਭੈ (ਡਰ) ਨਹੀ।
No one can win You. You have no fear of anyone.

ਅਬਾਹ ਹੈਂ ॥ ਅਗਾਹ ਹੈਂ ॥੪੨॥
Abaah haaen' / Agaah haaen'
ਤੈਨੂੰ ਕੋਈ ਹਿਲਾ ਨਹੀ ਸਕਦਾ (ਅਟੱਲ ਹੈਂ)। ਤੇਰਾ ਗਾਹ (ਥਾਹ, ਅੰਤ) ਨਹੀ ਪਾਇਆ ਜਾ ਸਕਦਾ।
You are Steadfast - Unshakable. You are Immeasurable - Immense, limitless.

ਅਮਾਨ ਹੈਂ ॥ ਨਿਧਾਨ ਹੈਂ ॥
Amaan haaen' / Nidh:aan haaen'
ਤੇਰਾ ਮਾਪ-ਤੋਲ ਕੋਈ ਨਹੀ ਕਰ ਸਕਦਾ। ਸਭ ਕੁਝ ਦਾ ਖਜ਼ਾਨਾ ਵੀ ਤੂੰ ਹੀ ਹੈਂ।
You cannot be measured. You are the Treasure of everything.

ਅਨੇਕ ਹੈਂ ॥ ਫਿਰ ਏਕ ਹੈਂ ॥੪੩॥
Anaek haaen' / Phir Aek haaen'
ਤੂੰ ਅਨੇਕ: ਬਹੁ ਗਿਣਤੀ, ਹੈਂ (ਹਰ ਇਕ ਦੇ ਵਿਚ ਹੋਣ ਕਰਕੇ)। ਭਰ ਫ਼ੇਰ ਵੀ ਤੂੰ ਹੈਂ ਇਕ ਹੀ।
You are many – countless (by being in all), yet You are One.

ਭੁਜੰਗ ਪ੍ਰਯਾਤ ਛੰਦ ॥
Bhujan:g Pr;yat. Chhand.
ਛੰਦ ਦਾ ਨਾਮ ਭੁਜੰਗ ਪ੍ਰਯਾਤ ਹੈ।
Bhujang Prayaat Chhand, type of the poetry.

ਨਮੋ ਸਰਬ ਮਾਨੇ ॥ ਸਮਸਤੀ ਨਿਧਾਨੇ ॥
Namo Sarb Maanae / Samast.ee Nidhaanae
ਨਮਸਕਾਰ ਹੈ ਸਾਰਿਆਂ ਦੇ ਮਾਣਯੋਗ। ਸਭ ਕੁਝ ਦਾ ਖਜ਼ਾਨਾ ਹੈਂ।
I bow to the One worshipped by all. You are the Treasure of everything.

ਨਮੋ ਦੇਵ ਦੇਵੇ ॥ ਅਭੇਖੀ ਅਭੇਵੇ ॥੪੪॥
Namo D.aev Daevae / Abhaekhee Abhaevae
ਨਮਸਕਾਰ ਹੈ ਦੇਵਤਿਆਂ ਦੇ ਦੇਵਤੇ। ਭੇਖ (ਪੋਸ਼ਾਕ, ਪਹਿਚਾਣ) ਰਹਿਤ, ਭੇਦ ਰਹਿਤ, ਹੈਂ।
I bow to You God of gods. You are above dresses (Formless), and are Mysterious.

ਨਮੋ ਕਾਲ ਕਾਲੇ ॥ ਨਮੋ ਸਰਬ ਪਾਲੇ ॥
Namo Kaal Kaalae / Namo Sarab Paalae
ਨਮਸਕਾਰ ਹੈ, ਕਾਲ (ਮੌਤ) ਦੇ ਮਹਾਂਕਾਲ (ਮੌਤ ਤੇਰੇ ਵੱਸ ਹੈ)। ਨਮਸਕਾਰ ਹੈ, ਸਾਰਿਆ ਦੇ ਪਾਲਣਹਾਰ।
I bow to the death of death. I bow to the Sustainer of all. (Death is in His control).

ਨਮੋ ਸਰਬ ਗਉਣੇ ॥ ਨਮੋ ਸਰਬ ਭਉਣੇ ॥੪੫॥
Namo Sarab Goun.ae / Namo Sarab Bhoun.ae
ਸੱਭ ਥਾਂ ਪਹੁੰਚਣ (ਫਿਰਨ) ਵਾਲੇ, ਨਮਸਕਾਰ ਹੈ। ਸੱਭ ਭਵਨਾ ਵਾਲੇ, ਨਮਸਕਾਰ ਹੈ।
ਭਉਣੇ – ਚੌਦਾਂ ਮੰਡਲ, ਭਵਨ: ਘਰ, ਟਿਕਾਣਿਆਂ, ਦੁਨੀਆਵਾਂ)
I bow to Him Who can reach everywhere. I bow to Him Who is all over (Omnipresent).

ਅਨੰਗੀ ਅਨਾਥੇ ॥ ਨ੍ਰਿਸੰਗੀ ਪ੍ਰਮਾਥੇ ॥
Anan:gee Anaathae / Nr;isangee Pr;amaathae
ਅੰਗਾਂ (ਤੱਤਾਂ) ਰਹਿਤ ਹੈਂ, ਤੇਰੇ ਉੱਤੇ ਕੋਈ ਨਾਥ (ਹਾਕਮ) ਨਹੀ। ਤੇਰਾ ਕੋਈ ਸੰਗੀ (ਸਾਥੀ, ਬਰਾਬਰ ਦਾ) ਨਹੀ, ਤੂੰ ਸਭ ਦਾ ਨਾਸ ਕਰਨ ਵਾਲਾ ਹੈਂ (ਸਭ ਤੋਂ ਸ਼ਕਤੀ ਵਾਲਾ ਹੈਂ)।
You are above body (Free from elements), and free from any master. You are free from any companions (Friendless), and the Destroyer.

ਨਮੋ ਭਾਨ ਭਾਨੇ ॥ ਨਮੋ ਮਾਨ ਮਾਨੇ ॥੪੬॥
Namo Bhaan Bhaanae / Namo Maan Maanae
ਨਮਸਕਾਰ ਹੈ, ਸੂਰਜਾਂ ਦੇ ਵੀ ਸੂਰਜ (ਸਰੂਜ ਨੂੰ ਰੋਸ਼ਨੀ ਦੇਣ ਵਾਲੇ)। ਮਾਣੇ ਜਾਣ ਵਾਲਿਆਂ ਦੇ ਵੀ ਮਾਣੇ ਜਾਣ ਵਾਲੇ, ਨਮਸਕਾਰ ਹੈ।
"Sun of suns," I bow to You (The source of light and heat of suns). I bow to You the "Worshipped By All."

ਨਮੋ ਚੰਦ੍ਰ ਚੰਦ੍ਰੇ ॥ ਨਮੋ ਭਾਨ ਭਾਨੇ ॥
Namo Chan:d.r; Chan:d.r;ae / Namo Bhaan Bhaanae
ਚੰਦਰਮਾ ਦੇ ਵੀ ਚੰਦਰਮਾ, ਨਮਸਕਾਰ ਹੈ। ਸੂਰਜ ਦੇ ਵੀ ਸੂਰਜ, ਨਮਸਕਾਰ ਹੈ। (ਇਹਨਾ ਦੀ ਰੋਸ਼ਨੀ ਦਾ ਸੋਮਾ ਹੈਂ)।
I bow to You "Moon of moons." I bow to You "Sun of suns." (You are the source of light to the moons and suns).

ਨਮੋ ਗੀਤ ਗੀਤੇ ॥ ਨਮੋ ਤਾਨ ਤਾਨੇ ॥੪੭॥
Namo Geet. Geet.ae / Namo T.aan T.aanae
ਗੀਤਾਂ ਦੇ ਗੀਤ (ਗੀਤਾਂ ਦੀ ਕੋਮਲਤਾ), ਨਮਸਕਾਰ ਹੈ। ਤਾਨਾ ਦੀ ਤਾਨ (ਤਾਨਾ ਦੇ ਰਸ), ਨਮਸਕਾਰ ਹੈ।
Song of the songs, I bow to You (Supreme Song). Melodious Note of the melodies, I bow to You.

ਨਮੋ ਨ੍ਰਿੱਤ ਨ੍ਰਿੱਤੇ ॥ ਨਮੋ ਨਾਦ ਨਾਦੇ ॥
Namo Nirt Nirt.ae / Namo Naad. Naad.ae
ਨਾਚਾਂ ਦੇ ਨਾਚ (ਨਾਚ ਨਚਾਉਣ ਵਾਲੇ), ਨਮਸਕਾਰ ਹੈ। ਨਮਸਕਾਰ ਹੈ, ਸ਼ਬਦ-ਧੁਨ ਦੀ ਮਹਾਨ ਸ਼ਬਦ-ਧੁਨ। (ਤੂੰ ਮਹਾ ਨਾਚ ਹੈਂ, ਸੁੰਦਰ ਆਵਾਜ਼ ਹੈਂ)।
Dance of the dances, I bow to You (Supreme Dancer). Melody of the melodies, I bow to You (Super melody).

ਨਮੋ ਪਾਨ ਪਾਨੇ ॥ ਨਮੋ ਬਾਦ ਬਾਦੇ ॥੪੮॥
Namo Paan Paanae / Namo Baad. Baad.ae
ਨਮਸਕਾਰ ਹੈ ਹੱਥ ਦੇ ਹੱਥ (ਹੱਥ ਦੇ ਹੁਨਰ) ਵਾਲੇ। ਨਮਸਕਾਰ ਹੈ (ਸਾਜ਼) ਵਜਾਉਣ ਵਾਲੇ।
ਢੋਲ ਜਾਂ ਹੋਰ ਸਾਜ਼ ਵਜਾਉਣ ਵਾਲਾ ਤੇ ਇਹਨਾ ਦੀ ਆਵਾਜ਼ ਦੀ ਸੁੰਦਰਤਾ ਵੀ ਤੂੰ ਹੀ ਹੈਂ। ਸੰਸਾਰ ਦੀ ਰਚਨਾ ਕਰਨ, ਤੇ ਇਹਨੂੰ ਚਲਾਉਣ ਵਾਲਾ ਤੂੰ ਹੈਂ।
Hand of the hands, I bow to You (Art or delicacy of the hands). I bow to You the Player of players. (Player of the musical instruments, drums etc. You create the music and manage it too).

ਅਨੰਗੀ ਅਨਾਮੇ ॥ ਸਮਸਤੀ ਸਰੂਪੇ ॥
Anan:gee Anaamae / Samast.ee Saroopae
ਤੇਰੇ ਅੰਗ ਨਹੀ, ਨਾਮ ਨਹੀ। ਸਾਰੇ ਸਰੂਪ ਤੇਰੇ ਹਨ।
ਤੇਰਾ ਪੰਜ-ਤੱਤ ਸਰੀਰ ਨਹੀ। ਸਾਰਿਆਂ ਦੇ ਅੰਗ: ਸਰੀਰ, ਤੇ ਸਾਰੇ ਨਾਮ ਤੇਰੇ ਹਨ - ਸਭ ਤੂੰ ਹੀ ਹੈਂ।
You are above body, and above name. All the forms are Yours. (All bodies and names are Yours).

ਪ੍ਰਭੰਗੀ ਪ੍ਰਮਾਥੇ ॥ ਸਮਸਤੀ ਬਿਭੂਤੇ ॥੪੯॥
Pr;bhan:gee Pr;maathae / Samast.ee Bibhoot.ae
ਪਰਲੈ ਲੈ ਆਉਣ ਵਾਲਾ ਹੈਂ, ਸਭ ਤਬਾਹ ਕਰ ਦੇਣ ਵਾਲਾ ਹੈਂ। ਸਾਰਿਆਂ ਲਈ ਸਭ ਸ਼ਕਤੀਆਂ (ਅੱਠੇ ਸਿਧੀਆਂ, ਕਰਾਮਾਤਾਂ) ਹੈਂ।
You are the Destroyer of all, and the Killer of everyone. You are the Giver of all powers (Miracles).

ਕਲੰਕੰ ਬਿਨਾ ਨੇਕਲੰਕੀ ਸਰੂਪੇ ॥
Kalan:kan: Binaa Nae--kalan:kee Saroopae
ਕਿਸੇ ਕਲੰਕ ਬਿਨਾ ਹੈਂ, ਕਲੰਕ ਰਹਿਤ ਸਰੂਪ ਹੈਂ।

You are the Blameless, and the Pure Form.

ਨਮੋ ਰਾਜ ਰਾਜੇਸ੍ਵਰੰ ਪਰਮ ਰੂਪੇ ॥੫੦॥
Namo Raaj Raajae-sv;arn: Param Roopae
ਨਮਸਕਾਰ ਹੈ, ਰਾਜਿਆਂ ਦੇ ਮਹਾਂ ਰਾਜੇ, ਸਾਰਿਆਂ ਤੋਂ ਮਹਾਨ।
I bow to the King of kings, the Supreme-Beauty.

ਨਮੋ ਜੋਗ ਜੋਗੇਸ੍ਵਰੰ ਪਰਮ ਸਿੱਧੇ ॥
Namo Jog Jogae-sv;rn: Param Sidhae
ਨਮਸਕਾਰ ਹੈ ਜੋਗੀਆਂ ਦੇ ਮਹਾਨ ਜੋਗੀ, ਸਿਧਾਂ (ਕਰਾਮਾਤੀਆਂ) ਦੇ ਮਹਾਨ ਕਰਾਮਾਤੀ।
I bow to You the Greatest Yogi of all, the Supreme Miracle Maker.

ਨਮੋ ਰਾਜ ਰਾਜੇਸ੍ਵਰੰ ਪਰਮ ਬ੍ਰਿਧੇ ॥੫੧॥
Namo Raj Rajae-sv;rn: Param Br;idh:ae
ਨਮਸਕਾਰ ਹੈ ਰਾਜਿਆਂ ਦੇ ਮਹਾਨ ਰਾਜੇ, ਮਹਾਨ ਬਜ਼ੁਰਗ।
I bow to You the King of kings, the Great-Elderly (Old One, Wise-One).

ਨਮੋ ਸਸਤ੍ਰਪਾਣੇ ॥ ਨਮੋ ਅਸਤ੍ਰਮਾਣੇ ॥
Namo Sastr; Paan.ae / Namo Astr; Maan.ae
ਨਮਸਕਾਰ ਹੈ ਹੱਥੀਂ-ਸ਼ਸਤਰ ਵਾਲੇ। ਨਮਸਕਾਰ ਹੈ ਅਸਤਰ (ਸੁਟਣੇ-ਸ਼ਸਤਰ) ਮਾਣਨ ਵਾਲੇ।
I bow to You the Bearer of arms, and the Enjoyer of the throwing-weapons.

ਨਮੋ ਪਰਮ ਗਿਆਤਾ ॥ ਨਮੋ ਲੋਕ ਮਾਤਾ ॥੫੨॥
Namo Parm Giaat.aa / Namo Lok Maat.aa
ਨਮਸਕਾਰ ਹੈ ਮਹਾਨ ਗਿਆਨ-ਵਾਨ। ਨਮਸਕਾਰ ਹੈ, ਜਗਤ ਮਾਤਾ।
I bow to You, the great Knowledgeable. I bow to You the Mother of the world.

ਅਭੇਖੀ ਅਭਰਮੀ ਅਭੋਗੀ ਅਭੁਗਤੇ ॥
Abhaekhee Abharmee Abhogee Abhugt.ae
ਤੂੰ ਭੇਖ (ਖਾਸ ਪਹਿਰਾਵੇ ਤੋਂ, ਸਰੀਰ) ਰਹਿਤ, ਭਰਮ (ਵਹਿਮ) ਰਹਿਤ, ਭੋਗੇ ਜਾਣ (ਹੰਡਾਉਣ) ਦੇ ਅਸਰ ਤੋਂ ਮੁਕਤ ਹੈਂ।
You are above the dresses (Forms), free from delusions (Doubts), indulgences (Enjoyment of His Creation), and unaffected by such involvements.

ਨਮੋ ਜੋਗ ਜੋਗੇਸ੍ਵਰੰ ਪਰਮ ਜੁਗਤੇ ॥੫੩॥
Namo Jog Jogae-sv;arn: Parm Jugt.ae
ਨਮਸਕਾਰ ਹੈ ਜੋਗੀਆਂ ਦੇ ਮਹਾਨ ਜੋਗੀ, ਉੱਤਮ ਜੁਗਤੀਆਂ (ਤਰੀਕਿਆਂ) ਵਾਲੇ।
I bow to you, the Greatest of the Yogis, and the Master of all Techniques (All techniques to realize You are lower to the recitation of Your Name).

ਨਮੋ ਨਿੱਤ ਨਾਰਾਇਣੇ ਕ੍ਰੂਰ ਕਰਮੇ ॥
Namo Nit. Naaraa-e-n.ae Kr;oor Karmae
ਨਮਾਸਕਾਰ ਹੈ ਸਦਾ-ਪਾਲਿਕ, ਅਤੇ ਨਾਲ ਹੀ ਕਰੜੇ (ਕਠੋਰ) ਕਰਮ ਕਰਨ (ਮਾਰ ਦੇਣ) ਵਾਲੇ (ਨਾਰਾਇਣ – ਵਿਸ਼ਨੂੰ ਜੋ ਪਾਲਕ ਹੈ। ਮਾਰਨਾ ਸ਼ਿਵ ਦਾ ਕੰਮ ਹੈ)।
I bow to You, the Protector and the Destroyer of all.

ਨਮੋ ਪ੍ਰੇਤ ਅਪ੍ਰੇਤ ਦੇਵੇ ਸੁਧਰਮੇ ॥੫੪॥
Namo pr;aet. apr;aet. d.aevae sudh:armae
ਨਮਸਕਾਰ ਹੈ ਭੂਤਾਂ ਅਤੇ ਚੰਗੀਆਂ ਰੂਹਾਂ ਦੇ ਪਰਕਾਸ਼: ਸਰੂਪ, ਚੰਗਾ ਅਸੂਲ ਨਿਭਾਉਣ ਵਾਲੇ।
ਪਰੇਤ – ਭੂਤ: ਭਟਕਦੀ ਮਾੜੀ ਆਤਮਾ; ਅਪਰੇਤ – ਚੰਗੀ ਪਵਿਤਰ ਆਤਮਾ; ਦੇਵ – ਪਰਕਾਸ਼)।
I bow to You the Lord of ghosts and good spirits, and the Person with Dharma (Good discipline).

ਨਮੋ ਰੋਗ ਹਰਤਾ ॥ ਨਮੋ ਰਾਗ ਰੂਪੇ ॥
Namo Rog Hart.aa / Namo Raag Roopae
ਨਮਸਕਾਰ ਹੈ ਰੋਗ ਹਟਾਉਣ ਵਾਲੇ। ਨਮਸਕਾਰ ਹੈ ਰਾਗ (ਪਿਆਰ) ਦੀ ਮੂਰਤ।
I bow to the Healer of diseses. I bow to the Love-Manifest (Embodiment of Love).

ਨਮੋ ਸਾਹ ਸਾਹੰ ॥ ਨਮੋ ਭੂਪ ਭੂਪੇ ॥੫੫॥
Namo Saah Saahan: / Namo Bhuup Bhuupae
ਨਮਸਕਾਰ ਹੈ ਸ਼ਾਹਾਂ ਦੇ ਪਾਤਿਸ਼ਾਹ। ਨਮਸਕਾਰ ਹੈ ਰਾਜਿਆਂ ਦੇ ਰਾਜੇ।
I bow to the King of kings, and the Ruler of rulers.

ਨਮੋ ਦਾਨ ਦਾਨੇ ॥ ਨਮੋ ਮਾਨ ਮਾਨੇ ॥
Namo d.aan d.aanae / Namo maan maanae
ਨਮਸਕਾਰ ਹੈ ਦਾਨੀਆਂ ਦੇ ਦਾਨੀ। ਨਮਸਕਾਰ ਹੈ ਮਾਣਯੋਗਾਂ ਦੇ ਮਾਣਯੋਗ।
Obeisance to the Great Giver I bow to the most Revered One.

ਨਮੋ ਰੋਗ ਰੋਗੇ ॥ ਨਮਸਤੰ ਇਸਨਾਨੰ ॥
Namo Rog Rogae / namast.n: isnan-n:
ਨਮਸਕਾਰ ਹੈ, ਰੋਗਾਂ ਦੇ ਰੋਗ (ਰੋਗ ਮਾਰ ਮੁਕਾਉਣ ਵਾਲੇ)। ਨਮਸਕਾਰ ਹੈ ਰੋਗ ਮਿਟਣ ਤੇ ਇਸ਼ਨਾਨ ਬਖਸ਼ਣ ਵਾਲੇ ਨੂੰ – ਬੀਮਾਰੀ ਤੋਂ ਉਠ ਕੇ ਪਹਿਲਾ ਇਸ਼ਨਾਨ।
Disease of diseases (Disease remover, a cure), I bow to You. I bow to the “Cause of Bath” (the bath marking recovery from disease).

ਨਮੋ ਮੰਤ੍ਰ ਮੰਤ੍ਰੰ ॥ ਨਮੋ ਜੰਤ੍ਰ ਜੰਤ੍ਰੰ ॥
Namo Man:t.r; Man:tr;n: / Namo Jant.r; Jantr;n
ਨਮਸਕਾਰ ਹੈ, ਮੰਤਰ ਦੇ ਵੀ ਮਹਾਨ ਮੰਤਰ (ਬੀਜ-ਮੰਤਰ, ਗੁਰ-ਮੰਤਰ। ਤੇਰੇ ਨਾਮ ਦਾ ਜਾਪ ਸਭ ਤੋਂ ਉੱਚਾ

ਮੰਤਰ ਹੈ)। ਨਮਸਕਾਰ ਹੈ, ਜੰਤਰਾਂ ਦੇ ਜੰਤਰ (ਧਾਗੇ, ਤਵੀਤ, ਤੁੱਛ ਹਨ, ਤੂੰ ਮਹਾਨ ਹੈਂ)।
I bow to You, Supreme to the mantras (Your Name is the Greatest Mantra). I bow to You, Supreme to the charms (Your Name is the greatest Talisman).

ਨਮੋ ਇਸਟ ਇਸਟੇ ॥ ਨਮੋ ਤੰਤ੍ਰ ਤੰਤ੍ਰੰ ॥੫੭॥
Namo ist istae / Namo t.antr; tantr;n:
ਨਮਸਕਾਰ ਹੈ ਪੂਜਨੀਕਾਂ ਦੇ ਪੂਜਨੀਕ (ਗੁਰੂਦੇਵ)। ਨਮਸਕਾਰ ਹੇ ਤੰਤਰਾਂ ਦੇ ਤੰਤਰ (ਟੂਣੇ ਵਗ਼ੈਰਾ ਹੇਚ ਹਨ, ਤੂੰ ਮਹਾਨ ਹੈਂ)।
ਮੰਤਰ – ਰਟਨ ਇਕ ਤੁੱਕ ਦਾ; ਜੰਤਰ – ਧਾਗੇ ਤਵੀਤ; ਤੰਤਰ – ਜਾਦੂ–ਟੂਣੇ।
I bow to You the greatest of deities. I bow to You the greatest of Tantras - magical-offerings (Spells: magical techniques, such as used to control others or spirits, or for the fulfillment of wishes).

ਸਦਾ ਸੱਚਿਦਾਨੰਦ ਸਰਬੰ ਪ੍ਰਣਾਸੀ ॥
Sad.aa sachd.aa-nan:d sarban: pr;an.aasee
ਤੂੰ ਸਦਾ "ਸੱਤ ਚਿੱਤ ਆਨੰਦ" (ਸੱਚ: ਕਾਇਮ, ਚੇਤੰਨ, ਆਨੰਦ), ਅਤੇ ਸਭ ਦਾ ਨਾਸ ਕਰਨ ਵਾਲਾ ਹੈਂ।
You are the Immortal - "Truth, Awareness, Bliss" (God), and the Cause of destruction.

ਅਨੂਪੇ ਅਰੂਪੇ ਸਮਸਤੁਲ ਨਿਵਾਸੀ ॥੫੮॥
Anoopae aroopae samast.ul-e nivaasee
ਬੇਮਿਸਾਲ (ਲਾਸਾਨੀ, ਹੋਰ ਨਹੀ ਤੇਰੇ ਵਰਗਾ), ਅਤੇ ਰੂਪ ਰਹਿਤ, ਤੂੰ ਸਭ ਵਿਚ ਵਸਦਾ ਹੈਂ।
There is none other like You (Unique), You are Formless, and present all over (Omnipresent).

ਸਦਾ ਸਿਧਦਾ ਬੁਧਦਾ ਬ੍ਰਿਧ ਕਰਤਾ ॥
Sad.aa sidh:d.aa budh:d.aa br;idh: kart.aa
ਤੂੰ ਸਦਾ ਹੀ ਆਤਮਿਕ ਸ਼ਕਤੀਆਂ, ਅਕਲ–ਬੁਧ, ਤਰੱਕੀ ਬਖਸ਼ਣ ਵਾਲਾ ਹੈਂ।
You are Giver of spiritual attainments, wisdom, and success.

ਅਧੋ ਉਰਧ ਅਰਧੰ ਅਘੰ ਓਘ ਹਰਤਾ ॥੫੯॥
Adh:o ourdh: ardh:an: aghan: oagh hart.aa
ਤੂੰ ਅਕਾਸ਼, ਪਾਤਾਲ, ਧਰਤੀ ਤੇ (ਹਰ ਥਾਂ) ਸਾਰੇ ਪਾਪ ਨਾਸ ਕਰਨ ਵਾਲਾ ਹੈਂ।
ਅਧੋ – ਹੇਠਾਂ, ਪਾਤਾਲ। ਉਰਧ – ਉੱਤੇ, ਆਕਾਸ਼। ਅਰਧੰ – ਵਿਚਕਾਰ, ਧਰਤੀ, ਜਾਂ ਧਰਤੀ ਅਤੇ ਆਕਾਸ਼ ਦੇ ਵਿਚਕਰਲੀ ਥਾਂ। ਅਘੰ – ਪਾਪ। ਓਘ – ਢੇਰ, ਬੇਅੰਤ, ਸਾਰੇ। ਹਰਤਾ – ਨਾਸ ਕਰਨ ਵਾਲਾ।
You destroy the sins in the sky, nether world (bottom of the earth), and land (Everywhere), and You give success (Promote i.e. evolve everything).

ਪਰੰ ਪਰਮ ਪਰਮੇਸ੍ਵਰੰ ਪ੍ਰੋਛ ਪਾਲੰ ॥
Parn parm Parmaesv;arn: prochh paalan:
ਤੂੰ ਵੱਡਿਓਂ ਵੱਡਾ ਪਰਮੇਸ਼ਰ, ਪ੍ਰੋਛ (ਗੁਪਤ) ਪਾਲਣਾ ਕਰਦਾ ਹੈਂ।
O God, You are Highest of the high (Supreme), and invisibly nurse everyone.

ਸਦਾ ਸਰਬਦਾ ਸਿੱਧਿ ਦਾਤਾ ਦਿਆਲੰ ॥੬੦॥
Sad.aa sarabd.aa sidh d.aat.aa d.eaalan:
ਤੂੰ ਸਦਾ ਹੀ ਸਿਧੀਆਂ (ਚਮਤਕਾਰ, ਆਤਮਿਕ ਸ਼ਕਤੀਆਂ) ਦੇਣ ਵਾਲਾ, ਦਿਆਲੂ ਹੈਂ।
You are Kind and give miraculous powers ever and to everyone.

ਅਛੇਦੀ ਅਭੇਦੀ ਅਨਾਮੰ ਅਕਾਮੰ ॥
Achhaed.ee abhaed.ee anaaman: akaaman:
ਤੂੰ ਨਾ ਛੇਕੇ (ਵਿਨ੍ਹੇਂ, ਤੋੜੇ), ਨਾ ਭੰਨੇ ਜਾ ਸਕਣ ਵਾਲਾ, ਕਿਸੇ ਖਾਸ ਨਾਮ ਰਹਿਤ, ਕਾਮਨਾ (ਇਛਾ) ਰਹਿਤ, ਹੈਂ। (ਸਾਰੇ ਨਾਮ ਤੇਰੇ ਹਨ)।
None can hurt, or injure You (Immortal). You are above names and desires (All names are Yours).

ਸਮਸਤੋ ਪਰਾਜੀ ਸਮਸਤਸਤੁ ਧਾਮੰ ॥੬੧॥
Samast.o paraajee smast.sat.t.u dh:aaman:
ਤੂੰ ਸਭਨਾ ਨੂ ਜਿੱਤਣ ਵਾਲਾ (ਪਰਾਜੀ) ਹੈਂ, ਸਭਨਾ ਵਿਚ ਤੇਰਾ ਧਾਮ (ਘਰ, ਟਿਕਾਣਾ) ਹੈ।
You are the Supreme Winner (Conqueror), and every place is Your residence (You are everywhere).

ਤੇਰਾ ਜੋਰੁ ॥ ਚਾਚਰੀ ਛੰਦ ॥
T.aeraa jor / Chaacharee Chhand.
ਤੇਰੀ ਸ਼ਕਤੀ ਸਦਕਾ, ਚਾਚਰੀ ਛੰਦ ਉਚਾਰਿਆ।
By virtue of Your Power (Might), I composed the Chachree Chhand.

ਜਲੇ ਹੈਂ ॥ ਥਲੇ ਹੈਂ ॥
Jalae haan’ / Thalae haaen:
ਪਾਣੀ ਵਿਚ ਹੈਂ। ਧਰਤੀ ਤੇ ਹੈਂ।
You are in water, and on land.

ਅਭੀਤ ਹੈਂ ॥ ਅਭੇ ਹੈਂ ॥ ॥੬੨॥
Abheet. haaen’ / Abhae haaen’
ਨਿਡਰ ਹੈਂ। ਭੇਦ ਰਹਿਤ ਹੈਂ (ਤੇਰਾ ਭੇਦ ਕੋਈ ਨਹੀ ਪਾ ਸਕਦਾ)।
You are Fearless, no one can understand Your Mystery.

ਪ੍ਰਭੂ ਹੈਂ ॥ ਅਜੂ ਹੈਂ ॥
Pr;abhoo haan' / Ajoo haaaen:
ਮਾਲਿਕ ਹੈਂ। ਜਨਮ ਰਹਿਤ ਹੈਂ।
You are the Lord, and Birthless (Self-created).

ਅਦੇਸ ਹੈਂ ॥ ਅਭੇਸ ਹੈਂ ॥੬੩॥
Ad.aes haaen' / Abhaes haaen'
ਦੇਸ ਰਹਿਤ ਹੈਂ। ਭੇਸ ਰਹਿਤ ਹੈਂ। (ਹਰ ਦੇਸ, ਭੇਸ ਵਿਚ ਤੂੰ ਹੈਂ)।
You are above the countries (All countries: places, are Yours). You are dress-less: Formless.

ਭੁਜੰਗ ਪ੍ਰਯਾਤ ਛੰਦ ॥
Bhujan:g pr;yaat. chhand.
ਇਹ ਭੁਜੰਗ ਪ੍ਰਯਾਤ ਨਾਮ ਦਾ ਛੰਦ ਹੈ।
This is "Bhujang Pr;yaat" named poetry.

ਅਗਾਧੇ ਅਬਾਧੇ ॥ ਅਨੰਦੀ ਸਰੂਪੇ ॥
Agaadh:ae abaadh:ae / Anan:d.ee saroopae
ਗਾਹ ਰਿਹਿਤ (ਪਹੁੰਚ ਰਹਿਤ, ਅਥਾਹ) ਹੈਂ। ਬਾਧਾ ਰਹਿਤ (ਨਾਸ ਰਹਿਤ) ਹੈਂ। ਤੂੰ ਪੂਰਨ ਆਨੰਦ ਹੈਂ।
You are Immeasurable, with no obstacles on Your Way. You are a Bliss.

ਨਮੋ ਸਰਬ ਮਾਨੇ ॥ ਸਮਸਤੀ ਨਿਧਾਨੇ ॥੬੪॥
Namo sarab maanae / Samast.ee nidh:aanae
ਸਾਰਿਆਂ ਦਾ ਮਾਣਯੋਗ ਹੈਂ, ਅਤੇ ਹਰ ਇਕ ਦਾ ਖਜ਼ਾਨਾ ਹੈਂ।
All revere You. You are the Treasure for everyone.

ਨਮਸਤ੍ਵੰ ਨ੍ਰਿਨਾਥੇ ॥ ਨਮਸਤ੍ਵੰ ਪ੍ਰਮਾਥੇ ॥
Namast.v;an: nirnathae / Namast.v;an: parmaathae
ਨਮਸਕਾਰ ਹੈ ਬਿਨਾ ਕਿਸੇ ਨਾਥ ਦੇ (ਸਿਰ ਤੇ ਕੋਈ ਹੋਰ ਮਾਲਿਕ ਨਹੀ। ਸਭ ਦਾ ਮਾਲਿਕ ਤੂੰ ਹੈਂ)। ਸਭ ਨੂੰ ਮਸਲ ਦੇਣ ਵਾਲੇ (ਸਭ ਤੇ ਹਾਕਮ), ਨਮਸਕਾਰ ਹੈ।
You are above any master (You are the Master of all), and are the Destroyer of everyone.

ਨਮਸਤ੍ਵੰ ਅਗੰਜੇ ॥ ਨਮਸਤ੍ਵੰ ਅਭੰਜੇ ॥੬੫॥
Namast.v;an: agan:jae / Namast.v;an: Abhan:jae
ਨਮਸਕਾਰ ਹੈ, ਨਾ ਜਿੱਤੇ ਜਾਣ ਵਾਲੇ। ਨਮਸਕਾਰ ਹੈ ਨਾ ਤੋੜੇ ਭੰਨੇ ਜਾ ਸਕਣ ਵਾਲੇ।
Unconquerable (Invincible: none can win You) I bow to You. I bow to You Indestructible (Immortal).

ਨਮਸਤ੍ਵੰ ਅਕਾਲੇ ॥ ਨਮਸਤ੍ਵੰ ਅਪਾਲੇ ॥
Namast.v;an: akaalae / Namast.v;an: apaalae
ਨਾਮਕਾਰ ਹੈ, ਵਕਤ (ਮੌਤ) ਤੋਂ ਮੁੱਕਤ। ਨਮਸਕਾਰ ਹੈ ਪਾਲਣਾ ਰਹਿਤ।
ਕੋਈ ਤੈਨੂੰ ਪਾਲੇ ਇਹਦੀ ਤੈਨੂੰ ਲੋੜ ਨਹੀ। ਕਾਲ, ਦਾ ਅਰਥ ਮੌਤ ਵੀ ਹੈ।
I bow to You, the Timeless (Not bound by the time). I bow to You are Unsupported One (Needs no, provider or nurse).

ਨਮੋ ਸਰਬ ਦੇਸੇ ॥ ਨਮੋ ਸਰਬ ਭੇਸੇ ॥੬੬॥
Namo sarab d.aesae / Namo sarab bhaesae
ਨਮਸਕਾਰ ਹੈ, ਸਾਰੇ ਦੇਸਾਂ ਵਿਚ (ਹਰ ਥਾਂ) ਮੌਜੂਦ ਨੂੰ। ਨਮਸਕਾਰ ਹੈ ਸਾਰੇ ਭੇਸਾਂ ਵਾਲੇ ਨੂੰ (ਸਾਰੇ ਵੇਸਾਂ ਵਿਚ ਤੂੰ ਹੈਂ)।
I bow to the Lord of all places. I bow to the One to Whom all dresses (clothes: garbs, appearances) belong.

ਨਮੋ ਰਾਜ ਰਾਜੇ ॥ ਨਮੋ ਸਾਜ ਸਾਜੇ ॥
Namo raaj raajae / Namo saaj saajae
ਰਾਜਿਆਂ ਦੇ ਰਾਜੇ, ਨਮਸਕਾਰ ਹੈ। ਸਾਰੀ ਰਚਨਾ ਦੇ ਰਚਣ ਵਾਲੇ, ਨਮਸਕਾਰ ਹੈ।
I bow to the King of kings, the Creator of all.

ਨਮੋ ਸ਼ਾਹ ਸ਼ਾਹੇ ॥ ਨਮੋ ਮਾਹ ਮਾਹੇ ॥੬੭॥
Namo shah shaahae / Namo maah maahae
ਸ਼ਾਹਾਂ ਦੇ ਸ਼ਾਹ, ਨਮਸਕਾਰ ਹੈ। ਚੰਦਾਂ ਦੇ ਚੰਦ, ਨਮਸਕਾਰ ਹੈ (ਚੰਦਾਂ ਦੀ ਚਾਨਣੀ ਤੇਰੇ ਤੋਂ ਹੈ)।
I bow to the Supreme Monarch, Moon of the moons (The source of light to the moons).

ਨਮੋ ਗੀਤ ਗੀਤੇ ॥ ਨਮੋ ਪ੍ਰੀਤ ਪ੍ਰੀਤੇ ॥
Namo geet. geet.ae / Namo preet. preet.ae
ਨਮਸਕਾਰ ਹੈ, ਗੀਤਾਂ ਦੇ ਮਹਾਨ ਗੀਤ (ਗੀਤ ਦਾ ਰਸ, ਅਨੰਦ)। ਨਮਸਕਾਰ ਹੈ ਪਰੀਤਾਂ ਦੀ ਮਹਾਨ ਪਰੀਤ (ਉੱਤਮ ਪਿਆਰ)।
I bow to the Supreme Song (Essence: Creator of the songs). I bow to the Super-Love (Source of love).

ਨਮੋ ਰੋਖ ਰੋਖੇ ॥ ਨਮੋ ਸੋਖ ਸੋਖੇ ॥੬੮॥
Namo rokh rokhae / Namo sokh sokhae
ਨਮਸਕਾਰ ਹੈ, ਗ਼ੁੱਸੇ: ਮਹਾਨ ਗ਼ੁੱਸੇ ਵਾਲੇ। ਨਮਸਕਾਰ ਹੈ, ਸੋਕੇ ਦੇ ਮਹਾਨ ਸੋਕੇ (ਸੁਕਾ ਦੇਣ, ਨਾਸ ਕਰ ਦੇਣ ਵਾਲੇ)।
I bow to the Super-Anger (Source of anger), Supreme Destroyer.

ਨਮੋ ਸਰਬ ਰੋਗੇ ॥ ਨਮੋ ਸਰਬ ਭੋਗੇ ॥

Namo sarab rogae / Namo sarab bhogae

ਸਭਨਾ ਦੇ ਰੋਗ (ਸਭਨਾ ਨੂੰ ਰੋਗੀ ਕਰ ਦੇਣ ਵਾਲੇ), ਨਮਸਕਾਰ। ਸਭਨਾ ਨੂੰ ਭੋਗਣ (ਮਾਣਨ) ਵਾਲੇ, ਨਮਸਕਾਰ।

I bow to the Super-Disease (Source of afflictions: maladies). I bow to the Enjoyer of everything (Gives joy to all).

ਨਮੋ ਸਰਬ ਜੀਤੰ ॥ ਨਮੋ ਸਰਬ ਭੀਤੰ ॥੬੯॥

Namo sarab jeet.an: / Namo sarab bheet.an:

ਨਮਸਕਾਰ, ਸਭ ਨੂੰ ਜਿਤ ਲੈਣ ਵਾਲੇ। ਨਮਸਕਾਰ, ਸਾਰਿਆਂ ਦੇ ਡਰ (ਕਿ ਸਭ ਤੈਥੋਂ ਡਰਦੇ ਹਨ)।

I bow to the Supreme Conqueror, the Fear of all.

ਨਮੋ ਸਰਬ ਗਿਆਨੰ ॥ ਨਮੋ ਪਰਮ ਤਾਨੰ ॥

Namo sarab giaanan: / Namo param taanan:

ਸਭਨਾ ਨੂੰ ਜਾਣਨ ਵਾਲੇ, ਨਮਸਕਾਰ ਹੈ। ਨਮਸਕਾਰ ਹੈ, ਮਹਾਨ ਸ਼ਕਤੀ ਵਾਲੇ।

I bow to You the All Knowing (Omniscient), the Omnipotent (All Powerful) I bow to You.

ਨਮੋ ਸਰਬ ਮੰਤ੍ਰੰ ॥ ਨਮੋ ਸਰਬ ਜੰਤ੍ਰੰ ॥੭੦॥

Namo sarab mant.r;an: / Namo sarab jant.r;an:

ਨਮਸਕਾਰ ਹੈ, ਕਿ ਤੂੰ ਸਾਰਿਆਂ ਦਾ ਜਾਪ-ਮੰਤਰ ਹੈਂ। ਨਮਸਕਾਰ ਹੈ, ਕਿ ਸਭ ਨੂੰ ਧਾਗੇ-ਤਵੀਤਾਂ ਦੀ ਥਾਂ ਤੂੰ ਹੀ ਹੈਂ।

I bow to You the Supreme-Mantra (Source of all mantras: Your Name is the greatest of all mantras). I bow to the Supreme-Jantra (Super-Charm).

ਨਮੋ ਸਰਬ ਦ੍ਰਿੱਸੰ ॥ ਨਮੋ ਸਰਬ ਕ੍ਰਿੱਸੰ ॥

Namo sarab d.r:issan: / Namo sarab kr;issan:

ਨਮਸਕਾਰ ਹੈ, ਸਾਰਿਆਂ ਨੂੰ ਦੇਖਣ (ਧਿਆਨ ਰੱਖਣ) ਵਾਲੇ। ਨਮਸਕਾਰ ਹੈ, ਸਾਰਿਆਂ ਨੂੰ ਆਪਣੇ ਵੱਲ ਖਿਚਣ ਵਾਲੇ (ਸਭ ਦੇ ਧਿਆਨ ਵਿਚ ਵੱਸਣ ਵਾਲੇ)।

Protector (Caretaker, keeps an eye on everyone) of all, I bow to You.
I bow to You the Attraction of all.

ਨਮੋ ਸਰਬ ਰੰਗੇ ॥ ਤ੍ਰਿਭੰਗੀ ਅਨੰਗੇ ॥੭੧॥

Namo sarab ran:gae / T.ribhan:gee anan:gae

ਹਰ ਰੰਗ ਰੂਪ ਵਿਚ ਵਸਣ ਵਾਲੇ, ਨਮਸਕਾਰ ਹੈ। ਤਿੰਨੇ ਤਾਪ ਨਾਸ ਕਰਨ ਵਾਲੇ, ਅੰਗ ਰਹਿਤ, ਨਮਸਕਾਰ ਹੈ।
ਤ੍ਰਿਭੰਗੀ - ਤਿਨ ਤਾਪ: ਆਧਿ, ਬਿਆਧ, ਉਪਾਧ।

I bow to Him Who exists in all colors (states of the mind), and is the Destroyer of all afflictions.

ਨਮੋ ਜੀਵ ਜੀਵੰ ॥ ਨਮੋ ਬੀਜ ਬੀਜੇ ॥
Namo jeev jeevan: / Namo beej beejae
ਜੀਵਾਂ ਦੀ ਜਿੰਦ-ਜਾਨ, ਨਮਸਕਾਰ ਹੈ। ਬੀਜਾਂ ਦੇ ਬੀਜ (ਬੀਜਾਂ ਦੀ ਜਾਨ, ਉੱਗਣ ਸ਼ਕਤੀ), ਨਮਸਕਾਰ ਹੈ।
I bow to the Spirit (Life) of all living beings, Who is the Essence (Power to grow) of all seeds.

ਅਖਿੱਜੇ ਅਭਿੱਜੇ ॥ ਸਮਸਤੰ ਪ੍ਰਸਿੱਜੇ ॥੭੨॥
Akhijjae abhijjae / samast,an: pr;asijjae
ਤੂੰ ਖਿਝਦਾ ਨਹੀ, ਭਿੱਜਦਾ (ਹਿਲ-ਮਿਲ ਜਾਂਦਾ) ਨਹੀ। ਸਭਨਾ ਉੱਤੇ ਪਸੀਜਦਾ ਹੈਂ।
You don't get irritated, or attached (Become friendly). You are Gracious to all.

ਕ੍ਰਿਪਾਲੰ ਸਰੂਪੇ ॥ ਕੁਕਰਮੰ ਪ੍ਰਣਾਸੀ ॥
Kr;ipaalan: saroopae / Kukarman: pr;n.aasee
ਤੂੰ ਕਿਰਪਾ ਸਰੂਪ (ਕਿਰਪਾਲੂ) ਹੈਂ। ਮੰਦੇ ਕੰਮਾ (ਪਾਪਾਂ) ਦਾ ਨਾਸ ਕਰਦਾ ਹੈਂ।
You are Compassionate (Kind). You remove (Destroy) the sins.

ਸਦਾ ਸਰਬਦਾ ਰਿਧਿ ਸਿਧੰ ਨਿਵਾਸੀ ॥੭੩॥
Sad.aa sarabd.aa ridhe sidhan: nivaasee
ਸਦਾ, ਸਦਾ ਹੀ ਰਿਧੀਆਂ ਸਿਧੀਆਂ (ਕਰਾਮਾਤਾਂ) ਤੇਰੇ ਵਿਚ ਵਸਦੀਆਂ ਹਨ।
Ever the miracles abide (manifest, stay) in You.

ਚਰਪਟ ਛੰਦ ॥ ਤ੍ਵ ਪ੍ਰਸਾਦਿ ॥
Charpat chhand. / Tav; par;saad.
ਚਰਪਟ ਛੰਦ। ਤੁਹਾਡੀ ਕਿਰਪਾ ਦੇ ਨਾਲ ਉਚਾਰਿਆ।
Charpat Chhand, composed by Your Grace.

ਅੰਮ੍ਰਿਤ ਕਰਮੇ ॥ ਅੰਬ੍ਰਿਤ ਧਰਮੇ ॥
Amrit. karmae / An:br;it. dh:armae
ਤੂੰ ਅਮਰ (ਸਦਾ ਕਾਇਮ, ਪਵਿਤੱਰ) ਕੰਮ ਕਰਨ ਵਾਲਾ ਹੈਂ। ਤੇਰਾ ਧਰਮ (ਅਸੂਲ) ਵਿਘਨ ਰਹਿਤ ਹੈ।
Your deeds are immortal (True). Your discipline is unpurturbed (Pure).

ਅਖੱਲ ਜੋਗੇ ॥ ਅਚੱਲ ਭੋਗੇ ॥੭੪॥
Akhall jogae / Achall bhogae
ਤੂੰ ਸਾਰੇ ਜਗਤ ਦੇ ਨਾਲ ਮਿਲਿਆ ਹੋਇਆ ਹੈਂ। ਤੂੰ ਸਥਿਰ (ਨਾ ਚਲੇ ਜਾਣ ਵਾਲੇ, ਕਾਇਮ) ਭੋਗ ਕਰਨ ਵਾਲਾ: ਮਾਨਣ ਵਾਲਾ ਹੈਂ)।
You are attached to the worldly things. You are Constant Enjoyer of the Creation.

ਅਚੱਲ ਰਾਜੇ ॥ ਅਟੱਲ ਸਾਜੇ ॥
Achall raajae / Atall saajae
ਜੋ ਚਲਿਆ ਨਹੀ ਜਾਂਦਾ ਉਹ (ਸਦਾ ਕਾਇਮ) ਤੇਰਾ ਰਾਜ ਹੈ। ਜੋ ਟਲਦੀ ਨਹੀ (ਅਮਰ), ਐਸੀ ਤੇਰੀ ਸਾਜਣਾ ਹੈ।
Immortal is Your Kingdom. Constant (Unchanged) is Your Creation.

ਅਖੱਲ ਧਰਮੰ ॥ ਅਲੱਖ ਕਰਮੰ ॥੭੫॥
Akhall dharman: / Alakh karman:
ਤੇਰੇ ਧਰਮ (ਅਸੂਲ) ਵਿਚ ਕੋਈ ਕਮੀ ਨਹੀ – ਸੰਸਾਰ ਇਸ ਵਿਚ ਬੱਝਾ ਹੋਇਆ ਹੈ। ਅਲਖ – ਲਖੇ: ਦੇਖੇ, ਸਮਝੇ, ਨਹੀ ਜਾ ਸਕਦੇ ਤੇਰੇ ਕਰਮ – ਤੇਰੀ ਕਿਰਪਾ ਬੇਅੰਤ ਹੈ।
Your Dharma (Discipline, righteousness) is complete (abiding). Unseen are Your blessings.

ਸਰਬੰ ਦਾਤਾ ॥ ਸਰਬੰ ਗਿਆਤਾ ॥
Sarban: daat.aa / Sarban: giaat.aa
ਤੂੰ ਸਭਨਾ ਨੂੰ ਦਾਤਾਂ ਦੇਣ ਵਾਲਾ ਹੈਂ। ਤੂੰ ਸਭਨਾ ਨੂੰ ਜਾਣਨ ਵਾਲਾ ਹੈਂ।
You are the Giver, and You know everyone (You are aware of the deeds of others).

ਸਰਬੰ ਭਾਨੇ ॥ ਸਰਬੰ ਮਾਨੇ ॥੭੬॥
Sarban: bhaanae / Sarban: maanae
ਤੂੰ ਸਭਨਾ ਦਾ ਸੂਰਜ ਹੈਂ, ਰੋਸ਼ਨੀ (ਗਿਆਨ) ਦਿੰਦਾ ਹੈਂ। ਸਾਰੇ ਤੈਨੂੰ ਮੰਨਦੇ (ਪੂਜਦੇ) ਹਨ।
You are the sun to others (Light i.e. the Knowledge-Giver).

ਸਰਬੰ ਪ੍ਰਾਣੰ ॥ ਸਰਬੰ ਤ੍ਰਾਣੰ ॥
Sarban: pr;aan.an: / Sarban: t.r;aan.an:
ਤੂੰ ਸਾਰਿਆਂ ਦੇ ਪਰਾਣ ਹੈਂ। ਸਭ ਦੀ ਤਾਣ (ਆਸਰਾ) ਹੈਂ।
You are the Soul, and Strength to others.

ਸਰਬੰ ਭੁਗਤਾ ॥ ਸਰਬੰ ਜੁਗਤਾ ॥੭੭॥
Sarban: bhugt.aa / Sarban: jugt.aa
ਤੂੰ ਸਭ ਨੂੰ ਭੋਗਣ ਵਾਲਾ (ਹਾਕਮ) ਹੈਂ। ਸਭਨਾ ਦੇ ਨਾਲ ਸੰਜੁਗਤ (ਮਿਲਿਆ, ਨਾਲ, ਅੰਗ–ਸੰਗ) ਹੈਂ।
You are the "Enjoyer of All," and one with everything.

ਸਰਬੰ ਦੇਵੰ ॥ ਸਰਬੰ ਭੇਵੰ ॥
Sarban: daevan: / Sarban: Sarban: bhaevan:
ਤੂੰ ਸਾਰਿਆਂ ਦਾ ਦੇਵ (ਜੋਤ–ਸਰੂਪ, ਰੋਸ਼ਨੀ, ਪੂਜਣ ਜੋਗ) ਹੈਂ। ਸਭ ਦੇ ਭੇਦ (ਮਨ ਦੀ) ਜਾਣਦਾ ਹੈਂ।
You are the Deity to everyone, and You are the "Knower of All."

ਸਰਬੰ ਕਾਲੇ ॥ ਸਰਬੰ ਪਾਲੇ ॥੭੮॥
Sarban: kaalae / Sarban: paalae
ਤੂੰ ਸਭਨਾ ਦਾ ਕਾਲ (ਮੌਤ) ਹੈਂ। ਸਭਨਾ ਨੂੰ ਪਾਲਦਾ ਵੀ ਤੂੰ ਹੀ ਹੈਂ।
You are "Death to Every one," and yet You sustain all.

ਰੂਆਲ ਛੰਦ ॥ ਤ੍ਵ ਪ੍ਰਸਾਦਿ ॥
Roo-aal chhand / T.av parsaad.e
ਰੁਆਲ ਛੰਦ, ਤੇਰੀ ਕਿਰਪਾ ਦੇ ਨਾਲ ਲਿਖਿਆ।
Roo-aal Chhand written with Your Grace.

ਆਦਿ ਰੂਪ ਅਨਾਦਿ ਮੂਰਤਿ ਅਜੋਨਿ ਪੁਰਖ ਅਪਾਰ ॥
Aad.e roop anad.e moorat.-e ajone purakh apar
ਤੂੰ ਸ਼ੁਰੂ (ਮੁੱਢ) ਤੋਂ ਹੈਂ – ਸਭ ਕੁਝ ਦੇ ਸ਼ੁਰੂ ਤੋਂ ਪਹਿਲਾਂ ਦਾ, ਤੇਰਾ ਆਪਣਾ ਮੁੱਢ (ਆਰੰਭ) ਕੋਈ ਨਹੀ, ਜਨਮ ਵਿਚ ਨਹੀ ਆਉਂਦਾ, ਬੇਅੰਤ ਪੁਰਖ (ਹਸਤੀ) ਹੈਂ।
You are the Starting-Being (Primordial Being) - from before the beginning of the time, Beyond Birth (Do not Incarnate), and Limitless.

ਸਰਬ ਮਾਨ ਤ੍ਰਿਮਾਨ ਦੇਵ ਅਭੇਵ ਆਦਿ ਉਦਾਰ ॥
Sarab maan tr;imaan d.ev abhaev aad.e oud.aar
ਤੂੰ ਸਾਰਿਆਂ ਦਾ ਮਾਨਜੋਗ ਹੈਂ, ਤਰਿਲੋਕੀ (ਤਿਨ ਲੋਕ – ਧਰਤੀ, ਆਕਾਸ਼, ਪਾਤਾਲ) ਦਾ ਪੂਜਣ ਜੋਗ ਹੈਂ, ਤੇਰਾ ਭੇਦ ਨਹੀ ਪਾਇਆ ਜਾ ਸਕਦਾ, ਸ਼ੁਰੂ ਤੋਂ ਹੀ ਸਖੀ–ਸੁਭਾ ਹੈਂ (ਸਭ ਦਾ ਮੁਢ ਤੇ ਸਖੀ ਹੈਂ)।
All revere You, You are worshipped in the three worlds (earth, sky, nether world: bottom of the earth), a Secret-Unsolved, and Big generous from the beginning.

ਸਰਬ ਪਾਲਕ ਸਰਬ ਘਾਲਕ ਸਰਬ ਕੋ ਪੁਨਿ ਕਾਲ ॥
Sarab paalak sarab ghaalak sarab ko punne kaal
ਤੂੰ ਸਭ ਨੂੰ ਪਾਲਣ, ਘੱਲਣ (ਜਨਮ ਦੇਣ), ਅਤੇ ਅੰਤ ਨੂੰ ਮਾਰਣ ਵਾਲਾ ਹੈਂ।
You sustain everyone, You send the people here (Cause of their births), and in the end You are their Destroyer.

ਜੱਤ੍ਰ ਤੱਤ੍ਰ ਬਿਰਾਜਹੀ ਅਵਧੂਤ ਰੂਪ ਰਿਸਾਲ ॥੭੯॥
Jat.t.ar; t.at.t.ar; biraaj-hee avdh:oot. roop risaal
ਤੂੰ ਇਥੇ ਉਥੇ (ਹਰ ਥਾਂ) ਮੌਜੂਦ ਹੈਂ, ਤੇਰਾ ਕਿਸੇ ਦੇ ਨਾਲ ਸੰਬੰਧ ਨਹੀ, ਭਰ ਸਭ ਰਸ (ਆਨੰਦ) ਮਾਣਨ ਵਾਲਾ ਵੀ ਤੂੰ ਹੀ ਹੈਂ।
You are present here and there: everywhere (Omnipresent), and yet You are not attached to anyone (Detached), but still you are the "Enjoyer of All."

ਨਾਮ ਠਾਮ ਨ ਜਾਤਿ ਜਾਕਰ ਰੂਪ ਰੰਗ ਨ ਰੇਖ
Naam Th:aam naa jaat. jaakar roop ran:g naa raekh
ਤੇਰਾ ਨਾਮ, ਟਿਕਾਣਾ, ਜ਼ਾਤ, ਰੂਪ-ਰੰਗ, ਅਤੇ ਨਾ ਰੂਪ-ਰੇਖਾ (ਚਿਹਨ-ਚੱਕਰ) ਹਨ।
You are without a name, place, caste, color, and are Formless.

ਆਦਿ ਪੁਰਖ ਉਦਾਰ ਮੂਰਤਿ ਅਜੋਨਿ ਆਦਿ ਅਸੇਖ ॥
Aad.-e purkh oud.aar moorat.-e ajone aad.e asaekh
ਤੂੰ ਮੁੱਢਲਾ ਪੁਰਖ (ਹਸਤੀ) ਅਤੇ ਖੁਲ੍ਹੇ ਦਿਲ ਦਾ ਹੈਂ, ਤੂੰ ਜੂਨਾ (ਜਨਮ) ਵਿਚ ਨਹੀ ਆਉਂਦਾ, ਸਭ ਕਾਸੇ ਦਾ ਆਰੰਭ (ਸ਼ੁਰੂ) ਅਤੇ ਸੰਪੂਰਨ ਹੈਂ।
You are the cause of everything right from the beginning (Primal Being), big hearted, You do not get born, but You are the origin (Beginning) of everything, and are complete.

ਦੇਸ ਔਰ ਨ ਭੇਸ ਜਾਕਰ ਰੂਪ ਰੇਖ ਨ ਰਾਗ ॥
D.aes aur naa bhaes jaakar roop raekh naa raag
ਤੇਰਾ ਦੇਸ ਨਹੀ, ਭੇਸ ਨਹੀ, ਸ਼ਕਲ-ਸੂਰਤ ਨਹੀ, ਨਾ ਹੀ ਤੈਨੂੰ ਕਿਸੇ ਦੇ ਨਾਲ ਮੋਹ ਹੈ।
He is the One without a specific place and dress (Appearance). He is Formless and Detached - Not attached to anyone. (Not bound to one place, He is everywhere. He has no specific appearance every appearance is His).

ਜੱਤ੍ਰ ਤੱਤ੍ਰ ਦਿਸਾ ਵਿਸਾ ਹੁਇ ਫੈਲਿਓ ਅਨੁਰਾਗ ॥੮੦॥
Jat.r; t.at.r; d.isaa vissa hu-e phaaeleoa anuraag
ਇਥੇ ਉਥੇ, ਹਰ ਪਾਸੇ, ਫੈਲਿਆ ਹੋਇਆ ਹੈਂ ਪਿਆਰ-ਰੂਪ ਹੋਕੇ।
Here, there, everywhere, You are the love prevailing in all the directions.

ਨਾਮ ਕਾਮ ਬਿਹੀਨ ਪੇਖਤ ਧਾਮ ਹੂੰ ਨਹਿ ਜਾਹਿ ॥
Naaam kaam biheen paekhat. dh:aam hoon: nahe jaahe
ਉਹਨੂੰ ਨਾਮ ਅਤੇ ਇੱਛਾ ਰਿਹਤ ਦੇਖਦੇ ਹਾਂ, ਘਰ-ਘਾਟ ਵੀ ਨਹੀ ਜਿਸਦਾ।
We think of Him as Nameless, Desireless, and Placeless. (All names, desires and places are His).

ਸਰਬ ਮਾਨ ਸਰਬੱਤ੍ਰ ਮਾਨ ਸਦੈਵ ਮਾਨਤ ਤਾਹਿ ॥
Sarab maam sarbat.t.r; maan sad.aaev maanat. t.aahe
ਤੂੰ ਸਭਨਾ ਦਾ ਮਾਨਯੋਗ ਹੈਂ, ਹਰ ਥਾਂ ਤੇਰੀ ਮਾਨਤਾ ਹੈ, ਸਦਾ ਹੀ ਤੇਰੀ ਮਾਨਤਾ ਹੈ।
All revere You, You are revered everywhere, You are revered always.

ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ ॥
Aek moorat.-e anaek d.arsan keen roop anaek
ਉਹ ਇਕ ਰੂਪ (ਇਕ ਹਸਤੀ) ਹੈ, ਉਹਦੇ ਦਰਸ਼ਨ-ਸਰੂਪਾਂ ਦਾ ਅੰਤ ਨਹੀ ਕਿਉਂ ਜੋ ਉਹ ਆਪਣੀ ਰਚਨਾ ਦੇ

ਵਿਚ ਬੇਅੰਤ ਸਰੂਪਾਂ (ਸ਼ਕਲਾਂ) ਵਿਚ ਜ਼ਾਹਿਰ ਹੈ।
He is One, and still seen as many, because in His Creation all the forms are His.

ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰਿ ਏਕ ॥੯੧॥
Khael khael akhael khaelan an:t. ko phir aek
ਉਹ ਖੇਡ ਖੇਡ ਕੇ (ਜਗਤ ਦੀ ਖੇਡ) ਜਦ ਇਹਨੂੰ ਅਨ-ਖੇਡ (ਪਰਲੋ) ਕਰ ਦਿੰਦਾ ਹੈ, ਤਾਂ ਉਹਦੀ ਰਚਨਾ ਉਸ ਵਿਚ ਵਾਪਸ ਅਲੋਪ ਹੋ ਜਾਣ ਦੇ ਕਾਰਣ ਉਹ ਮੁੜ ਇਕ ਹੋ ਜਾਂਦਾ ਹੈ।
When, after playing the play of Creation He ends it, everything goes back into Him, and again He becomes One.

ਦੇਵ ਭੇਵ ਨ ਜਾਨਹੀ ਜਿਹ ਬੇਦ ਅਉਰ ਕਤੇਬ ॥
D.aev bhaev jaanhee jeh baed aour kataeb
ਦੇਵਤੇ ਭੇਦ ਨਹੀ ਜਾਣਦੇ ਜਿਸ ਦਾ, ਵੇਦ ਅਤੇ ਕਤੇਬ ਵੀ ਇਹ ਨਹੀ ਜਾਣਦੇ।
ਵੇਦ - ਚਾਰ ਵੇਦ: ਸਾਮ, ਯਜੁਰ, ਰਿਗ, ਅਥਰਵਨ; ਕਤੇਬ - ਚਾਰ ਕਿਤਾਬਾਂ: ਕੁਰਾਨ, ਅੰਜੀਲ, ਤੌਰੇਤ, ਜ਼ੰਬੂਰ।
His Mystery is not known to gods, Vedas, and Kateb - Qouran and other books related to this.

ਰੂਪ ਰੰਗ ਨ ਜਾਤਿ ਪਾਤਿ ਸੁ ਜਾਨਈ ਕਿਹ ਜੇਬ ॥
Roop ran:g naa jaat.e paat.e su jaanaee keh jaeb
ਜਿਸਦਾ ਰੂਪ ਰੰਗ, ਜ਼ਾਤ (ਜਾਤੀਆਂ, ਕਿਸਮਾਂ) ਗੋਤ ਨਹੀ, ਉਹ ਆਪ ਹੀ ਜਾਣਦਾ ਹੈ ਕਿ ਉਹਦੀ ਸ਼ੁਹਬਾ ਕੈਸੀ ਹੈ।
Greatness of the One Who is without color, form, caste, sub-caste, etc. can only be known to that One only.

ਤਾਤ ਮਾਤ ਨ ਜਾਤ ਜਾਕਰ ਜਨਮ ਮਰਨ ਬਿਹੀਨ ॥
T.aat.at. maat. naa jaat. jaakar-e janam maran biheen
ਪਿਤਾ, ਨਾ ਮਾਤਾ, ਨਾ ਜ਼ਾਤ (ਅਤੇ, ਜਾਤ - ਸੰਤਾਨ) ਹੈ ਉਸਦੀ, ਜਨਮ, ਮਰਣ ਤੋਂ ਬਿਨਾ ਹੈ।
He has no father, mother, caste (or children), and is above birth and death.

ਚੱਕ੍ਰ ਬੱਕ੍ਰ ਫਿਰੈ ਚੱਤ੍ਰ ਚੱਕ ਮਾਨਹੀ ਪੁਰ ਤੀਨ ॥੯੨॥
Chakkr; bakkr; phiraae chat.t.r; chakk maanhee pur t.een
ਉਹਦਾ ਚੱਕਰ ਟੇਢਾ (ਤਿਰਛਾ, ਭਿਆਨਕ) ਫਿਰਦਾ ਹੈ (ਅਟੱਲ ਹੁੱਕਮ। ਮੌਤ) ਚਾਰੋਂ ਬੰਨੇ, ਅਤੇ ਮੰਨਦੀਆਂ ਹਨ ਤਿੰਨੇ ਪੁਰੀਆਂ (ਧਰਤੀ,ਆਕਾਸ਼, ਪਾਤਲ) ਉਹਨੂੰ।
His terrifying sharp-ring (Sharp circular-throwing weapon) works in all four directions, and the three worlds (earth, sky, nether world), revere Him.

ਲੋਕ ਚਉਦਹ ਕੇ ਬਿਖੈ ਜਗ ਜਾਪਹੀ ਜਿੰਹ ਜਾਪ ॥
Lok choud.ah kae bikhaae jagg jaapahee jeh jaap
ਲੋਕਾਂ (ਭਵਨਾ, ਮੰਡਲਾਂ) ਚੌਦਾਂ ਦੇ ਵਿਚ ਜਗਤ ਜਪਦਾ ਹੈ ਉਹਦਾ ਨਾਮ। (ਇਸਲਾਮਿਕ ਮੱਤ ਅਨੁਸਾਰ ਆਕਾਸ਼ ਚੌਦਾਂ ਹਨ। ਹਿੰਦੂ ਮੱਤ ਸੱਤ ਲੋਕ ਧਰਤੀ ਤੋਂ ਉੱਪਰ ਅਤੇ ਸੱਤ ਧਰਤੀ ਤੋਂ ਹੇਠਾਂ ਮੰਨਦਾ ਹੈ)।
In all the fourteen levels (Mandals, worlds - In the universe), He is revered. (In the Hindu and Islamic philosophy, there are seven levels below the earth and seven above it).

ਆਦਿ ਦੇਵ ਅਨਾਦਿ ਮੂਰਤਿ ਥਾਪਿਓ ਸਬੈ ਜਿੰਹ ਥਾਪ ॥
Aad.e d.aev anaad.e moorat.-e thaapeou sabaae jeh thaap
ਉਹ ਆਰੰਭ ਤੋਂ ਜੋਤ-ਸਰੂਪ (ਪੂਜਣ ਯੋਗ) ਸ਼ੁਰੂ ਤੋਂ ਵੀ ਪਹਿਲਾਂ ਦੀ ਮੂਰਤ (ਹਸਤੀ) ਹੈ, ਕਿ ਜਿਸ ਨੇ (ਆਪਣੇ ਤੋਂ ਬਾਅਦ ਆਪ) ਇਹ ਰਚਨਾ ਰਚੀ।
You have been the Worshipful Being since before the beginning of the time, and You created everything.

ਪਰਮ ਰੂਪ ਪੁਨੀਤ ਮੂਰਤਿ ਪੂਰਨ ਪੁਰਖੁ ਅਪਾਰ ॥
Param roop puneet. moorat.-e pooran purkhu apaar
ਵਾਹਿਗੁਰੂ ਸਭ ਤੋਂ ਉੱਚੀ ਹਸਤੀ, ਪਵਿੱਤਰ-ਸਰੂਪ, ਪੂਰਨ-ਪੁਰਸ਼ (ਸਭ ਵਿਚ ਮੌਜੂਦ), ਬੇਅੰਤ ਹੈ।
God is Supreme, the Purest-Form (Immaculate, Truth), Complete (Perfect-Being), and Limitless (All Pervading).

ਸਰਬ ਬਿਸ੍ਵ ਰਚਿਓ ਸੁਯੰਭਵ ਗੜਨ ਭੰਜਨਹਾਰ ॥੮੩॥
Sarab bisv; rachoa suyan:bhav gar.an bhan:jan-haar
ਉਹਨੇ ਸਾਰਾ ਵਿਸ਼ਵ (ਸੰਸਾਰ) ਰਚਿਆ ਹੈ, ਭਰ ਉਹਨੇ ਆਪਣੇ ਆਪ ਨੂੰ ਆਪੇ ਹੀ ਬਣਾਇਆ ਹੈ, ਅਤੇ ਉਹ ਸਭ ਨੂੰ ਘੜਨ (ਰਚਣ) ਤੇ ਭੰਨਣ (ਮਾਰਣ) ਵਾਲਾ ਹੈ।
He has created whole of the Universe, but He Himself is Self-Created, and He is the Creator and the Destroyer.

ਕਾਲ ਹੀਨ ਕਲਾ ਸੰਜੁਗਤਿ ਅਕਾਲ ਪੁਰਖ ਅਦੇਸ ॥
Kaal heen kalla san:jugat.-e akaal purukh ad.aes
ਉਹਨੂੰ ਮੌਤ ਨਹੀ, ਸਭ ਕੁਛ ਕਰਨ ਦੀ ਸ਼ਕਤੀ ਰਖਦਾ ਹੈ, ਅਤੇ ਮੌਤ ਰਹਿਤ ਹਸਤੀ ਦਾ ਕੋਈ ਇਕ ਟਿਕਾਣਾ ਨਹੀ (ਦੇਸ਼ ਕਾਲ - ਅਸਥਾਨ ਤੇ ਸਮੇਂ ਤੋਂ, ਮੁੱਕਤ ਹੈ)।
He is the Deathless Being, has the power to create everything, is Immortal, Akaal-Purakh (not bound by time), and has no specific place (He is present all over).

ਧਰਮ ਧਾਮ ਸੁ ਭਰਮ ਰਹਿਤ ਅਭੂਤ ਅਲਖ ਅਭੇਸ ॥
Dh:aram dh:aam su bharam rahet abhoot. alakh abhaes
ਉਹ ਧਰਮ ਦਾ ਘਰ (ਸੋਮਾ) ਬਿਨਾ ਕਿਸੇ ਭਰਮ ਦੇ (ਸੱਚੀਂ ਹੀ) ਹੈ, ਤੱਤਾਂ ਤੋਂ ਨਹੀ ਬਣਿਆ (ਸਰੀਰ ਨਹੀ), ਸੋ ਉਹ ਦੇਖਿਆ ਨਹੀ ਜਾ ਸਕਦਾ, ਅਤੇ ਉਹਦਾ ਕੋਈ ਵੇਸ (ਪਹਿਰਾਵਾ, ਰੂਪ) ਨਹੀ।

He is the source of Dharma (Discipline, righteousness) and is the Truth (He really is, there is no illusion about it). He is not made of elements (Is without body) and so He cannot be seen, and has no dress (appearance, form).

ਅੰਗ ਰਾਗ ਨ ਰੰਗ ਜਾਕਹਿ ਜਾਤਿ ਪਾਤਿ ਨ ਨਾਮ ॥
An;g raag naa ran:g jaak-he jaat.e paat.e naa naam
ਉਹਦਾ, ਮੋਹ ਦਾ ਕਾਰਣ ਸਰੀਰ ਨਹੀ ਹੈ, ਰੰਗ-ਰੂਪ ਨਹੀ, ਨਾ ਜ਼ਾਤ ਗੋਤ ਅਤੇ ਨਾ ਹੀ ਨਾਮ ਹੈ।
He is without a body, has no attachment, no color, no caste or sub caste (Clan), and is without name.

ਗਰਬ ਗੰਜਨ ਦੁਸਟ ਭੰਜਨ ਮੁਕਤਿ ਦਾਇਕ ਕਾਮ ॥੯੪॥
Garab gan:jan d.ust bhan:jan mukat.-e d.aaik kaam
ਉਹ, ਹੰਕਾਰ ਤੋੜਨ ਵਾਲਾ, ਦੁਸ਼ਮਣ ਭੰਨਣ-ਮਾਰਣ ਵਾਲਾ, ਇੱਛਾਵਾਂ ਤੋਂ ਮੁੱਕਤੀ ਦੇਣ ਵਾਲਾ ਹੈ (ਇੱਛਾ ਪੂਰੀ ਕਰਨ ਵਾਲਾ ਹੈ)।
He is the remover of ego, breaker of evil, and liberator from desires (He Fulfills desires).

ਆਪ ਰੂਪ ਅਮੀਕ ਅਨ ਉਸਤਤਿ ਏਕ ਪੁਰਖ ਅਵਧੂਤ ॥
Aap roop ameek ann oust.at.-e aek purkh avdh:oot.
ਉਹ ਸਵੈ-ਸਰੂਪ (ਆਪੇ ਨੂੰ ਖੁਦ ਬਣਾਇਆ): ਜਨਮਿਆ ਨਹੀ, ਗਹਿਰ-ਗੰਭੀਰ (ਡੂੰਘਾ-ਸਮਝਣ ਤੋਂ ਪਰ੍ਹੇ), ਉਸਤਤ ਕਰਨ ਤੋਂ ਉੱਪਰ ਹੈ - ਉਸਤਤ ਕੀਤੀ ਨਹੀ ਜਾ ਸਕਦੀ, ਅਤੇ ਇਕ ਪੁਰਖ (ਸਭਨਾ ਵਿਚ ਰਚਿਆ, ਹਸਤੀ) ਹੈ ਜਿਸ ਨੂੰ ਸੰਸਾਰ ਦੀ ਪਕੜ ਨਹੀ।
He is Self-Created, too deep to understand, beyond praise, and the Detached Being.

ਗਰਬ ਗੰਜਨ ਸਰਬ ਭੰਜਨ ਆਦਿ ਰੂਪ ਅਸੂਤ ॥
Garab gan:jan sarab bhan:jan aad.e roop asoot.
ਉਹ ਹੰਕਾਰ ਤੋੜਦਾ, ਸਾਰਿਆਂ ਨੂੰ ਮਾਰਣ ਵਾਲਾ (ਸਜ਼ਾ ਦੇਣ ਵਾਲਾ, ਨਿਆਂ ਕਰਣ ਵਾਲਾ), ਮੁੱਢਲਾ-ਪੁਰਸ਼ ਅਤੇ ਪਰਸੂਤ (ਜਨਮ) ਤੋਂ ਰਹਿਤ ਹੈ।
He is destroyer of ego, killer of all, from the beginning (Primordial Being), and Self-Created.

ਅੰਗ ਹੀਨ ਅਭੰਗ ਅਨਾਤਮ ਏਕ ਪੁਰਖ ਅਪਾਰ ॥
An:g heen abhan:g anaat.am aek purkh apaar
ਉਹ ਸਰੀਰ ਰਹਿਤ ਹੈ, ਅਬਿਨਾਸ਼ੀ (ਨਾਸ਼ ਰਹਿਤ, ਮੌਤ ਨਹੀ), ਆਤਮਾ ਦੀ ਉਹਦੇ ਤੋਂ ਅਲੱਗ ਆਪਣੀ ਹੋਂਦ ਨਹੀ), ਇਕ ਹਸਤੀ ਹੈ ਕਿ ਜਿਸ ਦਾ ਕੋਈ ਪਾਰਾਵਾਰ ਨਹੀ: ਬੇਅੰਤ ਹੈ। (ਉਹਦੇ ਬਿਨਾ ਆਤਮਾ ਕੋਈ ਅਲਗ ਵਸਤ ਨਹੀ। ਪਰਮ-ਆਤਮਾ ਹੈ)।
He has no body - Bodiless, He cannot be destroyed - Indestructible, He is deathless - Immortal, the Supreme-Soul - the source of soul to everyone, and is

Limitless Being - Infinite.

ਸਰਬ ਲਾਇਕ ਸਰਬ ਘਾਇਕ ਸਰਬ ਕੋ ਪ੍ਰਤਿਪਾਰ ॥੮੫॥
Sarab laaik sarab ghaaik sarab ko pr;t.ipaar
ਉਹ ਸਭ ਕੁਝ ਕਰਣ ਯੋਗ ਹੈ, ਸਭਨਾ ਦਾ ਅੰਤ ਕਰਨ ਵਾਲਾ ਹੈ ਅਤੇ ਪਾਲਣ ਵਾਲਾ ਵੀ।
He can do everything (Omnipotent), He is the destroyer of all, and as well the sustainer of everything.

ਸਰਬ ਗੰਤਾ ਸਰਬ ਹੰਤਾ ਸਰਬ ਤੇ ਅਨਭੇਖ ॥
Sarab gan:t.aa sarab han:t.aa sarab t.ae anbhaekh
ਉਹਦੀ ਸਭਨਾ ਤਕ ਗੰਮਤਾ (ਪਹੁੰਚ) ਹੈ: ਕੋਈ ਉਸ ਤੋਂ ਬਾਹਰ ਨਹੀ, ਸਭ ਮਿਟਾ (ਮਾਰ) ਸਕਦਾ ਹੈ, ਅਤੇ ਹੈ ਉਹ ਸਭਨਾ ਤੋਂ ਅਲਗ ਵੇਸ (ਹਸਤੀ)।
Nothing is out of His reach, He can destroy everything, and He keeps Himself separate from everyone (Unattached, distinct).

ਸਰਬ ਸਾਸਤ੍ਰ ਨ ਜਾਨਹੀ ਜਿੰਹ ਰੂਪ ਰੰਗੁ ਅਰੁ ਰੇਖ ॥
Sarab sast;r; naa jaanhee jeh roop ran:g aru raekh
ਕੁੱਲ ਧਰਮ ਗਰੰਥ ਨਹੀ ਜਾਣਦੇ ਉਹਦੀ ਸ਼ਕਲ, ਰੰਗ, ਅਤੇ ਚਿਹਰਾ-ਮਿਹਰਾ।
All the religious books (Scriptures) do not know His appearance, color, and form.

ਪਰਮ ਬੇਦ ਪੁਰਾਣ ਜਾਕਹਿ ਨੇਤ ਭਾਖਤ ਨਿੱਤ ॥
Parm baed. puraan. jaak-he naet. bhaakhat. nitt.t.
ਉਸ ਮਹਾਨ ਪੁਰਖ ਬਾਰੇ ਉੱਤਮ ਧਰਮ ਗਰੰਥ ਵੇਦ ਸ਼ਾਸਤਰ ਨੇਤ ਨੇਤ ਕਹਿੰਦੇ ਹਨ ਹਮੇਸ਼ਾ ਹੀ।
ਨੇਤ – ਨੇਤਿ ਨੇਤਿ: ਉਹ ਇਹ ਨਹੀ, ਇਹ ਨਹੀ: ਅਜਿਹਾ ਕੋਈ ਦੂਸਰਾ ਨਹੀ, ਉਹ ਬੇਅੰਤ ਹੈ।
Supreme Vedas and Puranas, constantly claim, “He is not this, He is not this.” (These do not know what He is).

ਕੋਟਿ ਸਿੰਮ੍ਰਿਤ ਪੁਰਾਨ ਸਾਸਤ੍ਰ ਨ ਆਵਈ ਵਹੁ ਚਿੱਤਿ ॥੮੬॥
Kote sin:mr;it. puraan sast.r; naa aavaee vahu chit.t.e
ਭਾਵੇਂ ਕਰੋੜਾਂ ਸਿਮ੍ਰਿਤੀਆਂ, ਪੁਰਾਣਾਂ, ਸ਼ਾਸਤਰਾਂ ਦਾ ਗਿਆਨ ਪਰਾਪਤ ਕਰ ਲਵੋ, ਵਾਹਿਗੁਰੂ ਨੂੰ – ਉਹਦੀ ਰੂਪ ਰੇਖਾ, ਵਡੱਪਣ, ਵਗ਼ੈਰਾ, ਤੁਸੀ ਧਿਆਨ ਵਿਚ ਨਹੀ ਲਿਆ ਸਕਦੇ।
Even with the knowledge of the millions of the books of religious philosophy, you cannot bring God into your imagination (Mind).

ਮਧੁਭਾਰ ਛੰਦ ॥ ਤ੍ਵ ਪ੍ਰਸਾਦਿ ॥
Madh:ubhaar chhand. / T.av parsaad.
ਮਧੁਭਾਰ, ਨਾਮ ਦਾ ਛੰਦ। ਵਾਹਿਗੁਰੂ ਦੀ ਕਿਰਪਾ ਦੇ ਨਾਲ ਲਿਖਿਆ।
Poetry named Madhubhar Chhand. Written by the Grace of God.

ਗੁਨ ਗਨ ਉਦਾਰ ॥ ਮਹਿਮਾ ਅਪਾਰ ॥
Gunn gann oud.aar / Mehmaa apaar
(ਤੂੰ) ਗੁਣਾ ਦਾ ਗਨ: ਖਜ਼ਾਨਾ, ਸਖੀ (ਖੁਲ੍ਹੇ, ਵੱਡੇ ਮਨ ਦਾ) ਹੈਂ। ਵਡਿਆਈ ਬੇਅੰਤ ਹੈ ਤੇਰੀ।
He is the Treasure of Virtues, Big Hearted (Broad Minded), and His praise (Grace) is endless.

ਆਸਨ ਅਭੰਗ ॥ ਉਪਮਾ ਅਨੰਗ ॥੯੭॥
Asan Abhan:g / oupmaa anan:g
ਤੇਰਾ ਆਸਣ ਡੋਲਦਾ ਨਹੀ – ਅਮਰ ਹੈਂ, ਤੇਰਾ ਹੁਕਮ ਅਟੱਲ ਹੈ। ਤੇਰੀ ਵਡਿਆਈ ਸਰੀਰ–ਰਹਿਤ ਹੈ। (ਲਾਸਾਨੀ, ਲਾਸ਼ਰੀਕ ਹੈ, ਹੋਰ ਨਹੀ ਕੋਈ ਤੇਰੇ ਵਰਗਾ)।
ਕੋਈ ਹੋਰ ਅਜਿਹਾ ਨਹੀ ਕਿ ਜਿਸ ਦੇ ਨਾਲ ਮੁਕਾਬਲਾ ਕਰ ਕੇ ਦਸਿਆ ਜਾ ਸਕੇ ਜੋ ਤੂੰ ਕਿੱਡਾ ਵੱਡਾ ਹੈਂ।
No one can disturb His seat - He is Constant, Eternal, Immortal. None equals His praise - No other equals Him.

ਅਨਭਉ ਪ੍ਰਕਾਸ ॥ ਨਿਸਦਿਨ ਅਨਾਸ ॥
Annbhou pr;akas / Nisd.in anaas
ਅਨਭਵ ਪਰਕਾਸ਼ ਹੈਂ – ਤੇਰਾ ਗਿਆਨ ਤੈਨੂੰ ਆਪਣੇ ਆਪ ਤੋਂ ਹੀ ਹੈ। ਦਿਨੇ ਰਾਤ: ਸਦਾ ਹੀ, ਨਾਸ਼ ਰਹਿਤ ਹੈਂ – ਅਮਰ ਹੈਂ। ਇਕ ਸਾਰ ਰਹਿੰਦਾ ਹੈਂ।
The knowledge of Your Self is to You only - only You know Your Self. Nobody can ever destroy You.

ਆਜਾਨੁ ਬਾਹੁ ॥ ਸਾਹਾਨ ਸਾਹੁ ॥੯੮॥
Aajaan baahu / saahan saahu
ਜਨਮ–ਢੰਗ (ਰਚਨਾ) ਰੱਖਣ ਵਾਲਾ ਹੈਂ ਆਪਣੇ ਹੱਥ। ਸ਼ਾਹਾਂ ਦਾ ਸ਼ਾਹ ਹੈਂ।
The ways (Methods) of birth (Creation) are in Your hands. You are the King of kings.

ਰਾਜਾਨ ਰਾਜ ॥ ਭਾਨਾਨ ਭਾਨ ॥
Raajaan raaj / Bhaanaan bhaan
ਤੂੰ ਮਹਾਰਾਜਾ ਹੈਂ ਰਾਜਿਆਂ ਦੇ ਉੱਤੇ। ਸੂਰਜਾਂ ਦਾ ਸੂਰਜ ਹੈਂ, ਇਹਨਾ ਨੂੰ ਰੋਸ਼ਨੀ ਦੇਣ ਵਾਲਾ।
You are the Monarch of monarchs, the Sun of suns. (The monarchs serve You. The suns get light and heat from You).

ਦੇਵਾਨ ਦੇਵ ॥ ਉਪਮਾ ਮਹਾਨ ॥੯੯॥
D.aevaan d.aev / Oupmaa mahaan
ਦੇਵਤਿਆਂ ਦਾ ਵੀ ਪੂਜਣ ਯੋਗ ਹੈਂ। ਤੇਰੀ ਵਡਿਆਈ ਮਹਾਨ ਹੈ।
You are God of gods. Your appreciation (Glory) is great.

ਇੰਦ੍ਰਾਨ ਇੰਦ੍ਰ ॥ ਬਾਲਾਨ ਬਾਲ ॥
Ind.r;aan Ind.r; / Baalaan baal
ਇੰਦਰ ਦੇਵਤਿਆਂ ਦਾ ਵੀ ਪੂਜਣ ਯੋਗ ਹੈਂ। ਬਾਲਕਾਂ ਵਿਚ ਵੀ ਤੂੰ ਹੀ ਵੱਸਦਾ ਹੈਂ।
You are God of god Indra - God of gods. You are a Child of child – Innocent. (In the Hindu mythology Indra is the god of rain, and is the king of gods).

ਰੰਕਾਨ ਰੰਕ ॥ ਕਾਲਾਨ ਕਾਲ ॥੯੦॥
Ran:kaan ran;k / Kaalaan kaal
ਗ਼ਰੀਬਾਂ ਦਾ ਗ਼ਰੀਬ: ਇਹਨਾ ਵਿਚ ਵੀ ਤੇਰਾ ਨੂਰ ਹੈ। ਮੌਤ ਦੀ ਮੌਤ: ਮੌਤ ਵੀ ਤੇਰੇ ਹੁਕਮ ਵਿਚ ਹੈ।
You are Poorest of the poor - Supreme poor. Your Grace is in the poor. You are Death of death - death is under Your control.

ਅਨਭੂਤ ਅੰਗ ॥ ਆਭਾ ਅਭੰਗ ॥
Anbhoot an:g / Aabhaa abhan:g
ਤੇਰਾ ਪੰਜ–ਭੂਤਕ ਸਰੀਰ ਨਹੀ (ਜਲ, ਅਗਨ, ਪਵਨ, ਧਰਤੀ, ਆਕਾਸ਼ ਦਾ ਨਹੀ ਬਣਿਆ ਹੋਇਆ)। ਤੇਰੀ ਸ਼ਾਨ ਵਿਗੜਦੀ ਨਹੀ: ਸਦਾ ਕਾਇਮ, ਹੈ।
You don't have the body made of five elements. Your Glory is for ever (Indestructible).

ਗਤਿ ਮਿਤਿ ਅਪਾਰ ॥ ਗੁਨ ਗਨ ਉਦਾਰ ॥੯੧॥
Gat.t.e mit.t.e apaar / Gunn gann oud.aar
ਤੇਰੀ ਹਾਲਤ, ਇਹਦਾ ਲੇਖਾ ਜੋਖਾ (ਗਿਣਤੀ ਮਿਣਤੀ) ਬੇਅੰਤ ਹੈ – ਲੇਖੇ ਤੋਂ ਉੱਪਰ ਹੈਂ। ਤੂੰ ਗੁਣਾ ਦਾ ਖਜ਼ਾਨਾ, ਸਖੀ ਹੈਂ।
Your "State and Limit" (Condition, Glory) is Unlimited i.e. Limitless. You are the "Treasure of Virtues" (Merits), and Kind - Gracious.

ਮੁਨਿ ਗਨ ਪ੍ਰਨਾਮ ॥ ਨਿਰਭੈ ਨਿਕਾਮ ॥
Munne gann pr;anaam / Nirbhaae nikaam
ਮੁਨੀਆਂ: ਰਿਸ਼ੀਆਂ, ਦੇ ਇਕੱਠ ਤੈਨੂੰ ਮੱਥੇ ਟੇਕਦੇ ਹਨ। ਨਿਡਰ ਹੈਂ, ਇੱਛਾਵਾਂ ਰਹਿਤ ਹੈਂ।
The groups of Munnis (Saints. Saints who do not speak) bow to You. You are fearless and without desires.

ਅਤਿ ਦੁਤਿ ਪ੍ਰਚੰਡ ॥ ਮਿਤਿ ਗਤਿ ਅਖੰਡ ॥੯੨॥
At.t.e d.ut.t.e pr;achand / Mit.t.e gat.t.e akhand
ਤੇਰਾ ਦੁਤਿ (ਤੇਜ–ਪ੍ਰਤਾਪ) ਪਰਬਲ ਹੈ (ਝੱਲਿਆ ਨਹੀ ਜਾਂਦਾ)। ਤੇਰੀ ਗਿਣਤੀ–ਮਿਣਤੀ: ਅਵਸਥਾ, ਸਦਾ ਇਕ ਸਾਰ ਹੈ।
Your Glory is great (Unbearable). Your "State: Condition," (Glory) is forevere.

ਆਲਿਸਜ ਕਰਮ ॥ ਆਦ੍ਰਿਸਜ ਧਰਮ ॥
Aalisya karam / Aadr;issya d.h:arm
ਤੇਰੇ ਕੰਮ-ਕਾਰ ਚੁਸਤੀ ਦੇ ਹਨ - ਤੈਨੂੰ ਆਪਣੇ ਕੰਮਾਂ ਵਿਚ ਉਚੇਚਾ ਉੱਦਮ ਕਰਨ ਦੀ ਲੋੜ ਨਹੀ। ਆਦਰਸ਼: ਮਿਸਾਲ, ਹੈ ਤੇਰਾ ਧਰਮ (ਫ਼ਰਜ਼ ਨਿਭਾਉਣਾ, ਅਸੂਲ)।
ਆਲਿਸਯ - ਆਲਸ ਰਹਿਤ, ਉਚੇਚੇ ਉੱਦਮ ਬਿਨਾ, ਸਹਿਜ-ਸੁਭਾ ਚਲਦੇ ਜਾਂਦੇ ਹਨ ਤੇਰੇ ਕੰਮ।
Your deeds are smart - You need not bother about Your activities, these continue on their own. None can see (check) Your Dharma: discipline - Everything is under Your Invisible-discipline.

ਸਰਬਾ ਭਰਣਾਢਯ ॥ ਅਨਡੰਡ ਬਾਢਯ ॥੯੩॥
Sarbaa bharn.aa-dhya / Andan:d baadhya
ਸਭ ਦਾ ਸ਼ੰਗਾਰ ਹੈਂ। ਤਾੜਨਾ (ਸਜ਼ਾ) ਰਹਿਤ ਹੈਂ ਯਕੀਨੀ ਤੌਰ ਤੇ, ਕੋਈ ਤੈਨੂੰ ਤਾੜ ਝਾੜ ਨਹੀ ਸਕਦਾ।
ਭਰਣਾਢਯ = ਆਭਰਣ + ਆਢਯ; ਆਭਰਣ - ਗਹਿਣੇ, ਸਜਾਵਟ; ਆਢਯ - ਭਰਪੂਰ। ਅਨਡੰਡ - ਸਜ਼ਾ, ਤਾੜਨਾ ਬਗ਼ੈਰ। ਬਾਢਯ - ਯਕੀਨੀ ਤੌਰ ਤੇ, ਸਚਮੁਚ।
You are the Beauty (Charm, adoration) of all. None can punish (Reprimand) You.

ਚਾਚਰੀ ਛੰਦ ॥ ਤ੍ਵ ਪ੍ਰਸਾਦਿ ॥
Chaachree Chhand. Tav Parsaad.
ਚਾਚਰੀ ਛੰਦ। ਤੇਰੀ ਕਿਰਪਾ ਦੇ ਨਾਲ ਉਚਾਰਨ ਕੀਤਾ।
Chaachree Chhand, written by Your Grace.

ਗੋਬਿੰਦੇ ॥ ਮੁਕੰਦੇ ॥ ਉਦਾਰੇ ॥ ਅਪਾਰੇ ॥੯੪॥
Gobind.ae. Mukand.ae. Oud.aarae. Apaarae
ਧਰਤੀ ਦੇ ਜੀਵਾਂ ਦੇ ਮਨ ਦੀ ਜਾਣਨ ਵਾਲਾ ਹੈਂ। ਮੁਕਤੀ ਦੇਣ ਵਾਲਾ ਹੈਂ। ਦਾਨੀ ਹੈਂ। ਬੇਅੰਤ ਹੈਂ।
You are the Knower of the Minds, Liberator, Big Hearted, and Limitless.

ਹਰੀਅੰ ॥ ਕਰੀਅੰ ॥ ਨ੍ਰਿਨਾਮੇ ॥ ਅਕਾਮੇ ॥੯੫॥
Hareean: Kareean: Nr;naamae Akaamae
ਸਭ ਨੂੰ ਮਾਰਣ ਵਾਲਾ ਹੈਂ। ਪੈਦਾ ਕਰਣ ਵਾਲਾ ਵੀ ਤੂੰ ਹੀ ਹੈਂ। ਤੇਰਾ ਕੋਈ ਖਾਸ ਨਾਮ ਨਹੀ - ਸਾਰੇ ਨਾਮ ਤੇਰੇ ਹੀ ਹਨ। ਤੂੰ ਕਾਮਨਾ (ਇੱਛਾਵਾਂ) ਰਹਿਤ ਹੈਂ।
You are the Destroyer, Compassionate, Nameless, Desireless.

ਭੁਜੰਗ ਪ੍ਰਯਾਤ ਛੰਦ ॥
Bhujang pr;yaat. chhand.
ਭੁਜੰਗ ਪ੍ਰਯਾਤ ਨਾਮ ਦਾ ਛੰਦ।
Bhujang Pr;yaat type of poetry.

ਚੱਤ੍ਰ ਚੱਕ੍ਰ ਕਰਤਾ ॥ ਚੱਤ੍ਰ ਚੱਕ੍ਰ ਹਰਤਾ ॥
Chat.t.r; chakkr; kart.aa / Chat.t.r; chakkr; hart.aa
ਦਿਸ਼ਾਵਾਂ ਚਾਰਾਂ ਵਿਚ ਰਚਨਾ ਕਰਨ ਵਾਲਾ ਹੈਂ ਤੂੰ ਚਾਰੇ ਦਿਸ਼ਾਵਾਂ ਵਿਚ ਤੂੰ ਹੀ ਮਾਰਣ ਵਾਲਾ ਹੈਂ।
You are the Creator in all directions. In all directions, You are the Destroyer.

ਚੱਤ੍ਰ ਚੱਕ੍ਰ ਦਾਨੇ ॥ ਚੱਤ੍ਰ ਚੱਕ੍ਰ ਜਾਨੇ ॥੯੬॥
Chat.t.r; chakkr; d.aanae / Chat.t.r; chakkr; Jaanae
ਚਾਰੇ ਦਿਸ਼ਾਵਾਂ ਵਿਚ ਤੂੰ ਹੀ ਦਾਨੀ ਹੈਂ। ਚਾਰੇ ਦਿਸ਼ਾਵਾਂ ਵਿਚ ਜਾਣਨ ਵਾਲਾ ਹੈਂ (ਸਭਨਾ ਦੇ ਮਨਾ ਦੀ)।
You are the Giver in all directions. In all directions You are the Knower of the hearts (Minds).

ਚੱਤ੍ਰ ਚੱਕ੍ਰ ਵਰਤੀ ॥ ਚੱਤ੍ਰ ਚੱਕ੍ਰ ਭਰਤੀ ॥
Chat.t.r; chakkr; vart.ee / Chat.t.r; chakkr; bhart.ee
ਚਾਰੇ ਪਾਸੇ ਵਰਤਣ ਵਾਲਾ (ਰਹਿਣ ਵਾਲਾ, ਮੌਜੂਦ) ਹੈਂ। ਚਾਰੇ ਪਾਸੇ ਭਰਣ (ਪਾਲਣ) ਵਾਲਾ ਹੈਂ।
You are present in all four directions. In all four directions You are the Provider.

ਚੱਤ੍ਰ ਚੱਕ੍ਰ ਪਾਲੇ ॥ ਚੱਤ੍ਰ ਚੱਕ੍ਰ ਕਾਲੇ ॥੯੭॥
Chat.t.r; chakkr; paalae / Chat.t.r; chakkr; kaalae
ਚਾਰੇ ਬੰਨੇ ਪਾਲਣ ਵਾਲਾ ਹੈਂ। ਹਰ ਪਾਸੇ ਤੂੰ ਹੀ ਮਾਰਣ ਵਾਲਾ ਹੈਂ।
You are the Provider in all four directions. In all four directions You are the Destroyer.

ਚੱਤ੍ਰ ਚੱਕ੍ਰ ਪਾਸੇ ॥ ਚੱਤ੍ਰ ਚੱਕ੍ਰ ਵਾਸੇ ॥
Chat.t.r; chakkr; paasae / Chat.t.r; chakkr; vaasae
ਚਾਰੋਂ ਬੰਨੇ ਤੂੰ ਸਭ ਕੁਝ ਤੋਂ ਇਕ ਪਾਸੇ ਹੈਂ – ਕਿਸੇ ਨਾਲ ਤੈਨੂੰ ਮੋਹ ਨਹੀ। ਚਾਰੋ ਪਾਸੇ ਤੂੰ ਵੱਸ ਰਿਹਾ ਹੈਂ।
You are detached in all directions. In all four directions You are there (Pervading).

ਚੱਤ੍ਰ ਚੱਕ੍ਰ ਮਾਨਯੈ ॥ ਚੱਤ੍ਰ ਚੱਕ੍ਰ ਦਾਨਯੈ ॥੯੮॥
Chat.t.r; chakkr; maanyaae / Chat.t.r; chakkr; d,aanyaae
ਚਾਰੋ ਬੰਨੇ ਤੈਨੂੰ ਮੰਨੀਦਾ ਹੈ। ਹਰ ਦਿਸ਼ਾ ਵਿਚ ਤੂੰ ਹੀ ਦਾਨ ਕਰਦਾ ਹੈਂ ਸਭ ਕੁਝ।
You are revered (Worshipped) in all four directions. In all four directions You are the Giver.

ਚਾਚਰੀ ਛੰਦ ॥
Chaachree Chhand.
ਚਾਚਰੀ ਨਾਮ ਦਾ ਛੰਦ।
Poetry named Chaachree Chhand.

ਨ ਸੱਤ੍ਰੈ ॥ ਨ ਮਿੱਤ੍ਰੈ ॥ ਨ ਭਰਮੰ ॥ ਨ ਭਿੱਤ੍ਰੈ ॥੯੯॥
Naa sat.t.r;aae / Naa mit.t.r;aae / Naa bharman: / Naa bhit.t.r;aae
ਨਾ ਦੁਸ਼ਮਣ ਹੈ, ਨਾ ਹੀ ਮਿੱਤਰ ਹੈ ਤੇਰਾ (ਕਿਉਂ ਜੋ ਤੇਰੇ ਵਰਗਾ ਦੂਸਰਾ ਕੋਈ ਹੋਰ ਹੈ ਹੀ ਨਹੀ)। ਨਾ ਤੈਨੂੰ ਕੋਈ ਭਰਮ-ਭੁਲੇਖਾ ਹੈ (ਕਿ ਤੂੰ ਹੈਂ ਕੀ)। ਨਾ ਤੈਨੂੰ ਕੋਈ ਭਿੱਤ੍ਰ: ਦੁਚਿੱਤੀ ਹੈ।

ਭਿੱਤ੍ਰ: ਭਿਤਿ - ਤੋਟ, ਕੰਧ, ਪੜਦਾ, ਭਰਮ। ਇਹਦਾ ਅਰਥ "ਭੈਭੀਤ ਹੋਣਾ" ਪਹਿਲੀ ਤੁਕ ਦੇ ਨਾਲ ਢੁਕਦਾ ਨਹੀ।

You have no enemies, no friends. You are free from doubts (Delusions), and free from double-mindedness.

ਨ ਕਰਮੰ ॥ ਨ ਕਾਏ ॥ ਅਜਨਮੰ ॥ ਅਜਾਏ ॥੧੦੦॥
Naa karman: / Naa kae / Ajanman: / Ajaa-ae
ਤੇਰੇ ਤੇ ਕਰਮਾਂ ਦਾ ਕੋਈ ਅਸਰ ਨਹੀ। ਤੇਰੀ ਕਾਇਆ: ਸਰੀਰ, ਨਹੀ। ਤੈਨੂੰ ਜਨਮ ਨਹੀ। ਅਜਾਏ ਹੈਂ (ਜਣਨ ਵਾਲੀ ਨਹੀ: ਤੂੰ ਇਸਤਰੀ ਤੋਂ ਨਹੀ ਜਨਮਿਆ)।

You are above the effect of actions (Deeds), are Bodiless (above the body), above birth, and needed no woman to give You birth.

ਨ ਚਿੱਤ੍ਰੈ ॥ ਨ ਮਿੱਤ੍ਰੈ ॥ ਪਰੇ ਹੈਂ ॥ ਪਵਿੱਤ੍ਰੈ ॥੧੦੧॥
Naa chit.t.-r;aae./ Naa mit.t.r;aae/ Parae haaen'/ Pavit.t.r;aae
ਤੇਰੀ ਕੋਈ ਤਸਵੀਰ ਨਹੀ, ਨਾ ਹੀ ਤੇਰਾ ਮਿੱਤਰ ਹੈ, ਤੂੰ ਇਹਨਾ ਸਭ ਗੱਲਾਂ ਤੋਂ ਪਰ੍ਹੇ ਹੈਂ - ਕੋਈ ਵਾਸਤਾ ਨਹੀ, ਅਤੇ ਪੂਰਾ ਨਿਰਮਲ: ਸਾਫ਼-ਸੁਥਰਾ, ਸ਼ੁਧ ਹੈਂ।

ਦੂਸਰਾ ਤੇਰੇ ਵਰਗਾ ਹੋਵੇ, ਤੈਨੂੰ ਜਾਣੇ, ਤਾਂ ਹੀ ਤੇਰੀ ਤਸਵੀਰ ਬਣਾਵੇ।

You are above pictures (Appearance or form) and friends, Highest (Transcendent. Immanent), and the Purest (Immaculate).

ਪ੍ਰਿਥੀਸੈ ॥ ਅਦੀਸੈ ॥ ਅਦ੍ਰਿਸੈ ॥ ਅਕ੍ਰਿਸੈ ॥੧੦੨॥
Pr;itheesaae / Ad.eesaae / Ad.r;issaae / Akr;issae
ਧਰਤੀ ਦਾ ਮਾਲਿਕ ਹੈਂ (ਪ੍ਰਿਥ + ਈਸ) ਆਰੰਭ ਤੋਂ ਹੈਂ।(ਆਦ + ਈਸ)। ਨਾ ਦਿੱਸਣ ਵਾਲਾ ਹੈਂ। ਤੂੰ ਲਿੱਸਾ, ਕਮਜ਼ੋਰ ਨਹੀ।

You are the Lord of Land - planet earth), and from the beginning -Primordial. You cannot be seen - Invisible, and are not weak - You Are Mighty.

ਭਗਵਤੀ ਛੰਦ ॥ ਤ੍ਵ ਪ੍ਰਸਾਦਿ ਕਥਤੇ ॥
Bhagvat.ee chhand. / T.av pr;asaad.e kathat.ae
ਭਗਵਤੀ ਛੰਦ। ਤੇਰੀ ਕਿਰਪਾ ਦੇ ਨਾਲ ਕਿਹਾ।
Bhagwati Chhand, composed by His Grace.

ਕਿ ਆਛਿੱਜ ਦੇਸੈ ॥ ਕਿ ਆਭਿੱਜ ਭੇਸੈ ॥
ke aachhij d.aesaae / ke aabhij bhaesaae
ਤੇਰਾ ਦੇਸ (ਤੂੰ) ਪੁਰਾਣਾ ਹੋਣ ਵਾਲਾ ਨਹੀ - ਤੂੰ ਨਾਸ ਨਹੀ ਹੋ ਸਕਦਾ। ਨਾ ਵਿਗਾੜੇ ਜਾ ਸਕਣ ਵਾਲਾ ਤੇਰਾ ਵੇਸ

ਹੈ – ਪਹਿਰਾਵਾ ਦੇਖਕੇ ਪਤੀਜਦਾ ਨਹੀ (ਤੈਨੂੰ ਕੋਈ ਧੋਖਾ ਨਹੀ ਦੇ ਸਕਦਾ)।
Your place (Existence) does not wear down (decay, Immortal). Your dress (Appearance) cannot be damaged (destroyed. You stay unchanged).

ਕਿ ਆਗੰਜ ਕਰਮੈ ॥ ਕਿ ਆਭੰਜ ਭਰਮੈ ॥੧੦੩॥
Ke aagan:j karmaae / Ke aabhan:j bharmaae
ਤੂੰ ਜਿੱਤਿਆ ਨਹੀ ਜਾ ਸਕਦਾ ਧਰਮ-ਕਰਮ – ਕਰਮ ਕਾਂਡ ਦੇ ਨਾਲ। ਵਹਿਮ-ਭਰਮ ਤੈਨੂੰ ਭੰਨਦੇ (ਡੋਲਾਂਦੇ) ਨਹੀ।
You cannot be appeased by actions (rituals). You are not affected by doubts (Duality of the people).

ਕਿ ਆਭਿਜ ਲੋਕੈ ॥ ਕਿ ਆਦਿਤ ਸੋਕੈ ॥
Ke aabhij lokaae / Ke aad.it. sokaae
ਨਾਸ ਨਾ ਹੋਣ ਵਾਲੇ ਲੋਕ (ਮੰਡਲ, ਥਾਂ, ਟਿਕਾਣੇ) ਦਾ ਹੈਂ। ਤੂੰ ਆਦਿਤਯ (ਸੂਰਜ) ਨੂੰ ਸੁਕਾ ਦੇਵੇਂ (ਕਿ ਜੋ ਸਭ ਕੁਝ ਸੁਕਾ ਦਿੰਦਾ ਹੈ)।
You belong to the place - existence, Mandals: level, that cannot be destroyed (You are Immortal). You can dry up even the sun (that dries up everything).

ਕਿ ਅਵਧੂਤ ਬਰਨੈ ॥ ਕਿ ਬਿਭੂਤ ਕਰਨੈ ॥੧੦੪॥
Ke avdh:oot. barnaae / Ke bibhoot. karnaae
ਅਵਧੂਤ (ਬੇਲਾਗ) ਹੈਂ ਰੰਗ ਤੋਂ – ਤੈਨੂੰ ਮਾਇਆ ਮੋਹ ਨਹੀ ਸਕਦੀ। ਤੂੰ ਧਨ-ਪਦਾਰਥ, ਤੇਜ-ਪਰਤਾਪ, ਦੇਣ ਵਾਲਾ ਹੈਂ।
The worldly things – Maya: the mundane, cannot allure (attract) You. You are the Giver of everything, including the name and fame.

ਕਿ ਰਾਜੰ ਪ੍ਰਭਾ ਹੈਂ ॥ ਕਿ ਧਰਮੰ ਧੁਜਾ ਹੈਂ॥
Ke raajan: pr;abhaa haaen' / Ke dh:arman: dh:ujaa haaen'
ਰਾਜਿਆਂ ਦਾ ਤੇਜ-ਪਰਤਾਪ ਤੂੰ ਹੀ ਹੈਂ। ਤੂੰ ਧਰਮ ਦੀ ਸ਼ਾਨ (ਨਿਸ਼ਾਨ, ਝੰਡਾ) ਹੈਂ।
You are the Glory of kings. You are the Flag (Standard, Ensign) of Dharma (Ethics, righteousness, discipline, principles).

ਕਿ ਆਸੋਕ ਬਰਨੈ ॥ ਕਿ ਸਰਬਾ ਅਭਰਨੈ ॥੧੦੫॥
Ke aasok barnaae / Ke sarbaa abharnaae
ਚਿੰਤਾ ਰਹਿਤ ਰੰਗ: ਸਰੂਪ, ਵਾਲਾ ਹੈਂ। ਤੂੰ ਸਭ ਦਾ ਗਹਿਣਾ: ਸ਼ੋਭਾ, ਹੈਂ।
You have no worries. You are the Grace and Glory to all.

ਕਿ ਜਗਤੰ ਕ੍ਰਿਤੀ ਹੈਂ ॥ ਕਿ ਛਤ੍ਰੰ ਛਤ੍ਰੀ ਹੈਂ ॥
Ke jagt.an: kr;it.ee haaen' / Ke chhat.r;n: chhat.ree haaen'
ਕਿ ਜਗਤ ਨੂੰ ਕਰਨ (ਪੈਦਾ) ਵਾਲਾ ਹੈ। ਕਿ ਸੂਰਮਿਆਂ ਦਾ ਸੂਰਮਾ ਹੈਂ।

You are the Creator of the universe, and the Bravest One (The courage and bravery comes from You).

ਕਿ ਬ੍ਰਹਮੰ ਸਰੂਪੈ ॥ ਕਿ ਅਨਭਉ ਅਨੂਪੈ ॥੧੦੬॥
Ke br;ahman: saroopaae / Ke anbhou anoopaae
ਤੇਰਾ ਸਰੂਪ ਬ੍ਰਹਮੰ (ਸੁੰਦਰਤਾ ਦਾ ਸੋਮਾ) ਹੈ। ਤੇਰਾ ਅਨਭਵ (ਮਨ ਤੋਂ ਗਿਆਨ ਉੱਪਜਣਾ) ਬੇਮਿਸਾਲ ਹੈ।
You are the Supreme-Beauty – the Fountain of Beauty, the Source of beauty to all. Your Understanding (Intuition) is unparalleled, unique.

ਕਿ ਆਦਿ ਅਦੇਵ ਹੈਂ ॥ ਕਿ ਆਪਿ ਅਭੇਵ ਹੈਂ ॥
ke aad.e ad.aev haaen' / Ke aape abhaev haaen'
ਤੂੰ ਆਰੰਭ ਤੋਂ ਹੈਂ, ਤੈਥੋਂ ਉੱਤੇ ਕੋਈ ਹੋਰ ਦੇਵਤਾ ਨਹੀ (ਅਦੇਵ)। ਤੇਰਾ ਭੇਦ ਕੋਈ ਨਹੀ ਪਾ ਸਕਦਾ।
You are from the beginning, there is none other (Worshipful) above You.

ਕਿ ਚਿੱਤ੍ਰੰ ਬਿਹੀਨੈ ॥ ਕਿ ਏਕੈ ਅਧੀਨੈ ॥੧੦੭॥
Ke chit.r;n: biheenaae / Ke aekaae adh:eenaae
ਤੇਰੀ ਤਸਵੀਰ ਬਣ ਨਹੀ ਸਕਦੀ। ਤੂੰ ਆਪ ਆਪਣੇ ਵੱਸ ਵਿਚ ਹੈਂ।
You are above picture (Form), and are Self-Controlled.

ਕਿ ਰੋਜ਼ੀ ਰਜ਼ਾਕੈ ॥ ਰਹੀਮੈ ਰਹਾਕੈ ॥
Ke rozee rzaakaae / raheemaae rihaakaae
ਕਿ ਰੋਜ਼ੀ, ਰਿਜ਼ਕ ਦੇਣ ਵਾਲਾ ਹੈਂ। ਰਹਿਮ ਕਰਨ ਵਾਲਾ, ਰਿਹਾਈ: ਮੁੱਕਤੀ, ਦੇਣ ਵਾਲਾ ਹੈਂ।
You are the giver of subsistence (Provisions, job, avocation), Kind and the Liberator.

ਕਿ ਪਾਕ ਬਿਐਬ ਹੈਂ ॥ ਕਿ ਗ਼ੈਬੁਲ ਗ਼ੈਬ ਹੈਂ ॥੧੦੮॥
Ke paak be-aaeb haaen' / ke g.aaebul g.aaeb haaen'
ਪਵਿਤੱਰ ਹੈਂ, ਬੁਰਾਈ ਕੋਈ ਨਹੀ। ਤੂੰ ਪੜਦੇ ਤੋਂ ਪੜਦੇ ਵਾਲਾ (ਛੁਪਿਆ ਹੋਇਆ) ਹੈਂ।
You are the Purest and Spotless (Blameless). You are a Great Mystery.

ਕਿ ਅਫ਼ਵੁਲ ਗੁਨਾਹ ਹੈਂ ॥ ਕਿ ਸ਼ਾਹਾਨ ਸ਼ਾਹ ਹੈਂ ॥
Ke aphvul gunaah haaen' / Ke shaahaan shaah haaen'
ਬਖਸ਼ ਦੇਣ ਵਾਲਾ ਹੈਂ ਪਾਪਾਂ ਨੂੰ। ਬਾਦਸ਼ਾਹਾਂ ਦਾ ਬਾਦਸ਼ਾਹ ਹੈਂ।
You forgive sinners, and are King of kings.

ਕਿ ਕਾਰਨ ਕੁਨਿੰਦ ਹੈਂ ॥ ਕਿ ਰੋਜ਼ੀ ਦਿਹੰਦ ਹੈਂ ॥੧੦੯॥
Ke karan kunind. haaen' / Ke rozee dehan:d. haaen'
ਸਬੱਬ ਬਣਾਉਣ ਵਾਲਾ ਹੈਂ। ਰੋਜ਼ੀ ਦੇਣ ਵਾਲਾ ਹੈਂ।
You Create the occasions (Provide chances. Fulfill desires), and give subsistence:

provisions.

ਕਿ ਰਾਜ਼ਕ ਰਹੀਮ ਹੈਂ ॥ ਕਿ ਕਰਮੰ ਕਰੀਮ ਹੈਂ ॥
Ke razak raheem haaen' / Ke karman: kareem haaen'
ਰੋਜ਼ੀ ਦੇਣ ਵਾਲਾ, ਰਹਿਮ ਕਰਨ ਵਾਲਾ ਹੈਂ। ਦਿਆਲੂ, ਕਿਰਪਾਲੂ ਹੈਂ।
You are the Provider, Kind, Compassionate, and Benevolent.

ਕਿ ਸਰਬੰ ਕਲੀ ਹੈਂ ॥ ਕਿ ਸਰਬੰ ਦਲੀ ਹੈਂ ॥੧੧੦॥
Ke sarban: kalee haaen' / Ke sarban: d.alee haaen'
ਤੂੰ ਸਰਬ ਕਲਾ ਭਰਪੂਰ ਹੈਂ – ਸਰਬ ਸ਼ਕਤੀਮਾਨ: ਸਾਰੀਆਂ ਤਾਕਤਾਂ ਦਾ ਮਾਲਿਕ) ਹੈਂ। ਤੂ ਸਭਨਾ ਨੂੰ ਖਤਮ ਕਰਨ ਵਾਲਾ ਹੈਂ।
You are All Powerful (Omnipotent), and the Destroyer of all.

ਕਿ ਸਰਬੱਤ੍ਰ ਮਾਨਿਯੈ ॥ ਕਿ ਸਰਬੱਤ੍ਰ ਦਾਨਿਯੈ ॥
Ke sarbat.t.r; maaniyaae / Ke sarbat.t.r; d.aaniyaae
ਸਾਰੇ ਥਾਵਾਂ ਤੇ ਤੈਨੂੰ ਮੰਨਦੇ (ਪੂਜਦੇ) ਹਨ। ਹਰ ਥਾਂ ਤੂੰ ਦਾਨ ਦਿੰਦਾ ਹੈਂ।
You are worshipped everywhere, and are the Giver everywhere.

ਕਿ ਸਰਬੱਤ੍ਰ ਗਉਨੈ ॥ ਕਿ ਸਰਬੱਤ੍ਰ ਭਉਨੈ ॥੧੧੧॥
Ke sarbat.t.r; gaounaae / Ke sarbat.t.r; bhounaae
ਹਰ ਥਾਂ ਪਹੁੰਚਿਆ ਹੋਇਆ ਹੈਂ। ਹਰ ਥਾਂ ਤੇਰਾ ਭਵਨ (ਘਰ, ਅਸਥਾਨ) ਹੈ, ਤੂੰ ਹਰ ਥਾਂ ਹੈਂ।
You are present everywhere, every place is Yours.

ਕਿ ਸਰਬੱਤ੍ਰ ਦੇਸੈ ॥ ਕਿ ਸਰਬੱਤ੍ਰ ਭੇਸੈ ॥
Ke sarbat.t.r; d.aesaae / Ke sarbat.t.r; bhaesaae
ਤੂੰ ਹਰ ਦੇਸ (ਅਸਥਾਨ) ਮੌਜੂਦ ਹੈਂ। ਇਹ ਸਭ ਪਹਿਰਾਵੇ ਤੇਰੇ ਹੀ ਹਨ।
You are in every country (Place), all the dresses (Appearances, forms) are Yours.

ਕਿ ਸਰਬੱਤ੍ਰ ਰਾਜੈ ॥ ਕਿ ਸਰਬੱਤ੍ਰ ਸਾਜੈ ॥੧੧੨॥
Ke sarbat.t.r; raajaae / Ke sarbat.t.r; saajaae
ਹਰ ਥਾਂ ਤੇ ਤੇਰਾ ਹੀ ਰਾਜ-ਪਰਤਾਪ ਹੈ। ਤੂੰ ਹਰ ਥਾਂ ਦੀ ਰਚਨਾ ਕਰਨ ਵਾਲਾ ਹੈਂ।
You are the King everywhere, You Create everything.

ਕਿ ਸਰਬੱਤ੍ਰ ਦੀਨੈ ॥ ਕਿ ਸਰਬੱਤ੍ਰ ਲੀਨੈ ॥
Ke sarbat.t.r; d.eenaae / Ke sarbat.t.r; leenaae
ਤੂੰ ਸਭ ਨੂੰ ਦਿੰਦਾ (ਦਾਤਾਂ) ਹੈਂ। ਤੂੰ ਹਰ ਥਾਂ ਮੌਜੂਦ ਹੈਂ।
You are the Giver to all, and are present everywhere.

ਕਿ ਸਰਬੱਤ੍ਰ ਜਾਹੋ ॥ ਕਿ ਸਰਬੱਤ੍ਰ ਭਾਹੋ ॥੧੧੩॥
Ke sarbat.t.r; jaaho / Ke sarbat.t.r; bhaaho
ਤੂੰ ਹਰ ਥਾਂ ਜਾਹੋਜਲਾਲ: ਤੇਜ-ਪਰਤਾਪ, ਵਾਲਾ ਹੈਂ। ਹਰ ਥਾਂ ਤੇਰਾ ਪਰਕਾਸ਼ (ਪਰਤਾਪ) ਹੈ।
Your Glory (Splendor) is everywhere. Everywhere is your Grace (Light, radiance)

ਕਿ ਸਰਬੱਤ੍ਰ ਦੇਸੈ ॥ ਕਿ ਸਰਬੱਤ੍ਰ ਭੇਸੈ ॥
Ke sarbat.t.r; d.aesaae / Ke sarbat.t.r; bhaesaae
ਤੂੰ ਸਾਰੇ ਦੇਸਾਂ ਵਿਚ ਹੈਂ। ਹਰ ਵੇਸ ਵਿਚ ਤੂੰ ਹੀ ਹੈਂ।
You are in all regions (Places), in every form You are there.

ਕਿ ਸਰਬੱਤ੍ਰ ਕਾਲੈ ॥ ਕਿ ਸਰਬੱਤ੍ਰ ਪਾਲੈ ॥੧੧੪॥
Ke sarbat.t.r; kaalaae / Ke sarbat.t.r; paalaae
ਤੂੰ ਸਭਨਾ ਦੀ ਮੌਤ ਹੈਂ, ਅਤੇ ਸਭ ਨੂੰ ਪਾਲਣ ਵਾਲਾ ਵੀ ਤੂੰ ਹੀ ਹੈਂ।
You are the Death to all, and are the Sustainer of everyone.

ਕਿ ਸਰਬੱਤ੍ਰ ਹੰਤਾ ॥ ਕਿ ਸਰਬੱਤ੍ਰ ਗੰਤਾ ॥
Ke sarbat.t.r; han:t.aa / Ke sarbat.t.r; gan:t.aa
ਤੂੰ ਸਭ ਨੂੰ ਮਾਰ ਮੁਕਾਣ ਵਾਲਾ ਹੈਂ। ਸਭ ਥਾਂ ਗੰਤਾ: ਪਹੁੰਚ, ਵਾਲਾ ਹੈਂ।
You are the Destroyer of all, and can reach everywhere.

ਕਿ ਸਰਬੱਤ੍ਰ ਭੇਖੀ ॥ ਕਿ ਸਰਬੱਤ੍ਰ ਪੇਖੀ ॥੧੧੫॥
Ke sarbat.t.r; bhaekhee / Ke sarbat.t.r; paekhee
ਹਰ ਪਹਿਰਾਵੇ ਵਿਚ ਤੂੰ ਹੈਂ। ਸਭ ਦੀ ਦੇਖ-ਭਾਲ ਤੂੰ ਕਰਦਾ ਹੈਂ।
In every form You are there. You take care of everyone.

ਕਿ ਸਰਬੱਤ੍ਰ ਕਾਜੈ ॥ ਕਿ ਸਰਬੱਤ੍ਰ ਰਾਜੈ ॥
Ke sarbat.t.r; kaajaae / Ke sarbat.t.r; raajaae
ਹਰ ਥਾਂ ਤੇਰੇ ਕੀਤੇ ਕੰਮ ਹੀ ਦਿਸਦੇ ਹਨ। ਹਰ ਥਾਂ ਤੇਰਾ ਹੀ ਪਰਤਾਪ ਹੈ।
Everywhere it is Your Creation, You are the King (Your Glory is) everywhere.

ਕਿ ਸਰਬੱਤ੍ਰ ਸੋਖੈ ॥ ਕਿ ਸਰਬੱਤ੍ਰ ਪੋਖੈ ॥੧੧੬॥
Ke sarbat.t.r; sokhaae / Ke sarbat.t.r; pokhaae
ਹਰ ਥਾਂ ਸੁਕਾ ਦੇਣ ਵਾਲਾ (ਨਾਸ ਕਰ ਦੇਣ ਵਾਲਾ) ਹੈਂ। ਹਰ ਥਾਂ ਪਾਲਣ ਵਾਲਾ ਤੂੰ ਹੀ ਹੈਂ।
You dry up everything (Destroy), Everywhere You are the Sustainer.

ਕਿ ਸਰਬੱਤ੍ਰ ਤ੍ਰਾਣੈ ॥ ਕਿ ਸਰਬੱਤ੍ਰ ਪ੍ਰਾਣੈ ॥
Ke sarbat.t.r; t.r;aan.aae / Ke sarbat.t.r; pr;aan.aae
ਹਰ ਥਾਂ ਤੇਰੀ ਸ਼ਕਤੀ ਵਰਤ ਰਹੀ ਹੈ। ਹਰ ਥਾਂ ਤੇਰੀ ਬਖਸ਼ੀ ਜਿੰਦ ਦਿਸਦੀ ਹੈ।

Your Strength prevails everywhere (All Mighty). Everywhere it is the soul (Life) blessed by You (You are the life of everything).

ਕਿ ਸਰਬੱਤ੍ਰ ਦੇਸੈ ॥ ਕਿ ਸਰਬੱਤ੍ਰ ਭੇਸੈ ॥੧੧੭॥
Ke sarbat.t.r; daesaae / Ke sarbat.t.r; bhaesaae
ਹਰ ਥਾਂ ਤੂੰ ਹੀ ਹੈਂ। ਹਰ ਵੇਸ ਵਿਚ ਤੂੰ ਹੀ ਹੈਂ।
You are at every place. In different forms, You are everywhere.

ਕਿ ਸਰਬੱਤ੍ਰ ਮਾਨਿਯੈਂ ॥ ਸਦੈਵੰ ਪ੍ਰਧਾਨਿਯੈਂ ॥
Ke sarbat.t.r; maani-yaaen'/ Sd.aaevan: pr;dh:aani-yaaen'
ਹਰ ਥਾਂ ਤੇਰੀ ਹੀ ਮਾਨਤਾ (ਪੂਜਾ) ਹੈ। ਸਦਾ, ਹਰ ਥਾਂ, ਤੂੰ ਹੀ ਪਰਧਾਨ-ਪੁਰਸ਼: ਮੁਖੀ, ਹੈਂ।
You are revered everywhere. Everywhere You are the Supreme Being.

ਕਿ ਸਰਬੱਤ੍ਰ ਜਾਪਿਯੈ ॥ ਕਿ ਸਰਬੱਤ੍ਰ ਥਾਪਿਯੈ ॥੧੧੮॥
Ke sarbat.t.r; jaapiyaae / Ke sarbat.t.r; thaapiyaae
ਹਰ ਥਾਂ ਤੇਰਾ ਹੀ ਜਾਪ ਹੁੰਦਾ ਹੈ। ਹਰ ਥਾਂ ਤੈਨੂੰ ਹੀ ਥਾਪਿਆ: ਰੱਖਿਆ ਜਾਂਦਾ ਹੈ (ਮੰਦਰ ਵਿਚ ਮੂਰਤੀ ਵਾਂਙ ਰੱਖਿਆ ਜਾਣਾ। ਤੇਰੀ ਬੰਦਗੀ ਹੁੰਦੀ ਹੈ)।
Your Name is recited everywhere (Worshipped). Everywhere You are established (Exist i.e. revered).

ਕਿ ਸਰਬੱਤ੍ਰ ਭਾਨੈ ॥ ਕਿ ਸਰਬੱਤ੍ਰ ਮਾਨੈ ॥
Ke sarbat.t.r; bhaanaae / Ke sarbat.t.r; maanaae
ਤੂੰ ਸਭਨਾ ਲਈ ਸੂਰਜ: ਤੇਜ-ਪਰਤਾਪ, ਹੈਂ। ਹਰ ਥਾਂ ਤੇਰੀ ਪੂਜਾ ਹੁੰਦੀ ਹੈ।
You are the Sun (Glory) to everyone. You are worshipped everywhere.

ਕਿ ਸਰਬੱਤ੍ਰ ਇੰਦ੍ਰੈ ॥ ਕਿ ਸਰਬੱਤ੍ਰ ਚੰਦ੍ਰੈ ॥੧੧੯॥
Ke sarbat.t.r; In:d.r;aae / Ke sarbat.t.r; chand.r;aae
ਤੂੰ ਹਰ ਥਾਂ ਇੰਦ: ਰਾਜਾ (ਤੇਰਾ ਪਰਤਾਪ), ਹੈਂ। ਹਰ ਥਾਂ ਤੂੰ ਚੰਦਰਮਾ: ਸੀਤਲ-ਸਰੂਪ (ਸ਼ਾਂਤੀ), ਹੈਂ।
Your Kingdom (Glory) is everywhere. Everywhere You are the Moon (Your Coolness and Calmness is everywhere).

ਕਿ ਸਰਬੰ ਕਲੀਮੈ ॥ ਕਿ ਪਰਮੰ ਫ਼ਹੀਮੈ ॥
Ke sarban: kaleemaae / Ke parman: faheemaae
ਸਭਨਾ ਦੇ ਵਿਚ ਬੋਲਣਾ ਤੇਰਾ ਹੈ। ਕਿ ਉੱਚੀ ਅਕਲ ਵਾਲਾ (ਅਕਲਮੰਦ) ਹੈਂ।
You are the source of speech to all. You are the Wisest Being.

ਕਿ ਆਕਿਲ ਅਲਾਮੈ ॥ ਕਿ ਸਾਹਿਬ ਕਲਾਮੈ ॥੧੨੦॥
Ke aakal alaamaae / Ke saahib klaamaae
ਅਕਲਮੰਦ ਅਤੇ ਆਲਮ: ਵਿਦਵਾਨ, ਹੈਂ। ਬੋਲਣ ਦਾ ਧਨੀ ਹੈਂ (ਹਰ ਇਕ ਵਿਚ ਬੋਲਣਾ ਤੇਰਾ ਹੀ ਹੈ)।

You are the most intelligent, and the Greatest Scholar (Wise Being). You are the Master of Speech. (You are the source of all intelligence, wisdom, and speech).

ਕਿ ਹੁਸਨਲ ਵਜੂ ਹੈਂ ॥ ਤਮਾਮੁਲ ਰੁਜੂ ਹੈਂ ॥
Ke husnal vajoo haaen' / T.maamul rujoo haaen'
ਸੁੰਦਰਤਾ ਦੀ ਵਜੂ: ਨੁਹਾਰ (ਚੇਹਰੇ), ਵਾਲਾ ਹੈਂ। ਤੂੰ ਸਭਨਾ ਵੱਲ ਰਜੂਹ (ਧਿਆਨ ਦੇਣਾ) ਹੁੰਦਾ ਹੈਂ।
You are the Great Beauty. You care for all.

ਹਮੇਸੁਲ ਸਲਾਮੈਂ ॥ ਸਲੀਖਤ ਮੁਦਾਮੈਂ ॥੧੨੧॥
Hamaesul slaamaaen' / Saleekhat. mud.aamaaen'
ਤੂੰ ਸਦਾ ਸਲਾਮਤ (ਥਿਰ, ਕਾਇਮ) ਹੈਂ। ਸਲੀਕਾ (ਤਰੀਕਾ) ਤੇਰਾ ਸਦਾ ਦਾ ਹੈ (ਕਾਇਮ, ਇਕ ਸਾਰ)।
You are ever existent (Immortal). Your Ways are constant: unchanged.

ਗ਼ਨੀਮੁਲ ਸ਼ਿਕਸਤੈ ॥ ਗ਼ਰੀਬੁਲ ਪਰਸਤੈ ॥
G.aneemul shakast.aae / G.areebul parast.aae
ਦੁਸ਼ਮਣਾ ਨੂੰ ਹਾਰ ਦੇਣ ਵਾਲਾ ਹੈਂ। ਗ਼ਰੀਬ-ਪਰਵਰ ਹੈਂ (ਕਮਜ਼ੋਰਾਂ: ਨਿਮਾਣਿਆਂ, ਨੂੰ ਪਾਲਣ ਵਾਲਾ, ਮਾਣ ਦੇਣ ਵਾਲਾ ਹੈਂ)।
You surrender the enemies. You protect the poor.

ਬਿਲੰਦੁਲ ਮਕਾਨੈਂ ॥ ਜ਼ਮੀਨੁਲ ਜ਼ਮਾਨੈਂ ॥੧੨੨॥
Biland.ul makaa-naaen' / Zameenul zmaa-naaen'
ਉੱਚਾ ਹੈ ਮੁਕਾਮ ਤੇਰਾ (ਟਿਕਾਣਾ ਸਭਨਾ ਤੋਂ ਉੱਚਾ ਹੈਂ। ਤੇਰੇ ਵਰਗਾ ਹੋਰ ਕੋਈ ਨਹੀ)। ਤੂੰ ਸੰਸਾਰ ਵਿਚ ਹਰ ਸਮੇ ਹੈਂ।
You are the Highest (None is equal to You). You are ever present on the earth.

ਤਮੀਜ਼ੁਲ ਤਮਾਮੈਂ ॥ ਰੁਜੂਅਲ ਨਿਧਾਨੈਂ ॥
T.ameezul t.amaa-maaen' / Rujoo-al nidh:aanaaen'
ਤੂੰ ਸਭਨਾ ਦੀ ਤਮੀਜ਼: ਸਲੀਕਾ (ਚੰਗਾ ਢੰਗ ਤਰੀਕਾ), ਹੈਂ। ਹਰ ਇਕ ਵੱਲ ਰਜੂਹ (ਧਿਆਨ) ਕਰਨ ਦਾ ਖਜ਼ਾਨਾ ਹੈਂ।
You are the Good Manners (Ethics) of all. You are the Treasure of Attention for everyone.

ਹਰੀਫੁਲ ਅਜੀਮੈਂ ॥ ਰਜ਼ਾਇਕ ਯਕੀਨੈਂ ॥੧੨੩॥
Hareephul ajeemaaen' / Razaaik Yakee-naaen'
ਤੂੰ ਦੁਸ਼ਮਣ ਹੈਂ ਵੱਡਾ ਭਾਰੀ। ਰਿਜ਼ਕ ਦੇਣ ਵਾਲਾ ਹੈਂ ਯਕੀਨੀ (ਸ਼ਰਤੀਆ, ਸੱਚੀਂ ਹੀ)।
You are the Mighty Opponent, and as well a Great Provider.

ਅਨੇਕੁਲ ਤਰੰਗ ਹੈਂ ॥ ਅਭੇਦ ਹੈਂ ਅਭੰਗ ਹੈਂ ॥

Anaekul t.aran:g haaen' / Abhaed. haaen abhan:g haaen'

ਬੇਅੰਤ ਲਹਿਰਾਂ ਹੈਂ (ਸਮੁੰਦਰ ਦੀਆਂ – ਜੀਵ ਤੇਰੀਆਂ ਲਹਿਰਾਂ ਹਨ)। ਭਰ, ਤੇਰਾ ਭੇਦ ਨਹੀ ਮਿਲ ਸਕਦਾ, ਤੂੰ ਨਾਸ–ਰਹਿਤ ਹੈਂ (ਲਹਿਰਾਂ ਮਿਟ ਜਾਂਦੀਆਂ ਹਨ ਭਰ ਤੂੰ ਕਾਇਮ ਰਹਿੰਦਾ ਹੈਂ)।

You are Countless Waves (You are like a huge ocean and its living beings are your waves). You are a Mystery, and are not destructible (You are Immortal).

ਅਜ਼ੀਜ਼ੁਲ ਨਿਵਾਜ਼ ਹੈਂ ॥ ਗ਼ਨੀਮੁਲ ਖ਼ਿਰਾਜ ਹੈਂ ॥੧੨੪॥

Azeezul nivaaz haaen' / G.aneemul khiraaj haaen'

ਆਪਣੇ ਪਿਆਰਿਆਂ ਨੂੰ ਮਾਣ ਦਿੰਦਾ ਹੈਂ। ਦੁਸ਼ਮਣਾ ਤੋਂ ਚੱਟੀ ਲੈਂਦਾ (ਸਜ਼ਾ ਦਿੰਦਾ) ਹੈਂ।

You give Glory to all who love You, and punish the enemies.

ਨਿਰੁਕਤ ਸਰੂਪ ਹੈਂ ॥ ਤ੍ਰਿਮੁਕਤਿ ਬਿਭੂਤ ਹੈਂ ॥

Nirukt. saroop haaen' / T.r;imukte bibhoot. haaen'

ਬਿਆਨ ਨਾ ਕੀਤੇ ਜਾ ਸਕਣ ਵਾਲਾ ਸਰੂਪ (ਹਸਤੀ) ਹੈਂ ਤੂੰ। ਮਾਇਆ ਦੇ ਤਿੰਨਾ ਗੁਣਾਂ ਤੋਂ ਮੁੱਕਤ (ਉੱਚਾ) ਤੇਰਾ ਬਿਭੂਤ (ਤੇਜ ਪਰਤਾਪ) ਹੈ।

You are Indescribable Being (Cannot be described). You have Great Glory and are above the worldly attachments.

ਪ੍ਰਭੁਗਤਿ ਪ੍ਰਭਾ ਹੈਂ ॥ ਸੁਜੁਗਤਿ ਸੁਧਾ ਹੈਂ ॥੧੨੫॥

Pr;abhugat-e pr;bhaa haaen' / Su jugat.-e sudh:aa haaen.

ਚੰਗੀ ਤਰ੍ਹਾਂ ਭੁਗਤੇ ਜਾਣ ਵਾਲਾ ਤੇਜ ਹੈਂ (ਭੁਗਤਦੇ ਚੰਗੀ ਤਰ੍ਹਾਂ ਸਭ ਤੇਰਾ ਪਰਤਾਪ ਹਨ)। ਤੂੰ ਚੰਗੀ ਤਰ੍ਹਾਂ ਮਿਲਿਆ ਹੋਇਆ ਮਹਾਨ–ਰਸ ਹੈਂ (ਤੂੰ ਇਕ ਮਹਾਨ ਰਸ ਹੈਂ ਜੋ ਸਾਰੇ ਚੰਗੀ ਤਰ੍ਹਾਂ ਮਾਣਦੇ ਹਨ)।

All enjoy Your Glory well. You are well blended Great Essence (You are the Essence present in all).

ਸਦੈਵੰ ਸਰੂਪ ਹੈਂ ॥ ਅਭੇਦੀ ਅਨੂਪ ਹੈਂ ॥

Sad.aaevan: saroop haaen' / Abhaed.ee anoop haaen'

ਸਦਾ ਕਾਇਮ ਹੈਂ। ਤੇਰਾ ਭੇਦ ਨਹੀ – ਕੋਈ ਸ਼ੱਕ ਨਹੀ ਕਿ ਤੂੰ ਇਕ ਹੀ ਹੈਂ। ਰਚਨਾ ਦੇ ਨਾਲ ਇਕਮਿਕ ਹੈਂ, ਅਨੂਪ ਹੈਂ – ਵਚਿੱਤਰ ਹੈਂ; ਤੇਰੇ ਵਰਗਾ ਹੋਰ ਨਹੀ – ਲਾਸ਼ਰੀਕ ਹੈਂ।

You are always there (Ever-Existent), one with the Creation, and none other is like You (Unique).

ਸਮਸਤੋ ਪਰਾਜ ਹੈਂ ॥ ਸਦਾ ਸਰਬ ਸਾਜ ਹੈਂ ॥੧੨੬॥

Samast.o praaj haaen' / Sad.aa sarab saaj haaen'

ਸਭ ਨੂੰ ਹਰਾ ਦੇਣ ਵਾਲਾ ਹੈਂ। ਸਭਨਾ ਨੂੰ ਸਾਜ ਦੇਣ: ਬਣਾਉਣ, ਵਾਲਾ ਹੈਂ।

You defeat all, You are always the Creator of everyone.

ਸਮਸਤੁਲ ਸਲਾਮ ਹੈਂ ॥ ਸਦੈਵਲ ਅਕਾਮ ਹੈਂ ॥
Samast.ul slaam haaen' / Sad.aaeval akaam haaen'
ਸਭ ਦੀ ਸਲਾਮਤੀ (ਸੁਖ) ਦਾ ਆਧਾਰ ਹੈਂ। ਸਦਾ ਹੀ ਇੱਛਾ ਰਹਿਤ ਹੈਂ।
You are support of the welfare of everyone. You are ever Desireless.

ਨ੍ਰਿਬਾਧ ਸਰੂਪ ਹੈਂ ॥ ਅਗਾਧਿ ਹੈਂ ਅਨੂਪ ਹੈਂ ॥੧੨੭॥
Nr;ibaadh: saroop haaen' / Agaadh:e haaen' anoop haaen'
ਤੇਰੇ ਰਾਹ ਵਿਚ ਕੋਈ ਬਾਧਾ: ਰੁਕਾਵਟ, ਨਹੀ ਪਾ ਸਕਦਾ। ਬੇਅੰਤ ਹੈਂ, ਬੇਮਿਸਾਲ ਹੈਂ – ਤੇਰੇ ਵਰਗਾ ਹੋਰ ਨਹੀ।
There is no obstacle to Your ways. You are Limitless (Immense), and Unique (Incomparable).

ਓਅੰ ਆਦਿ ਰੂਪੇ ॥ ਅਨਾਦਿ ਸਰੂਪੈ ॥
Oa-an: aad.e roopae / Anaade saroopaae
ਤੂੰ ਪਰਮ–ਆਤਮਾ ਹੈਂ (ਸਭ ਦੀ ਆਤਮਾ), ਮੁੱਢਲੀ ਹਸਤੀ ਵਾਹਿਗੁਰੂ ਜੀ, ਅਤੇ ਆਦ ਰਹਿਤ ਹਸਤੀ ਹੈਂ (ਤੇਰੇ ਆਰੰਭ ਦਾ ਪਤਾ ਨਹੀ)।
You are from the beginning, and Yourself are the Beginningless.

ਅਨੰਗੀ ਅਨਾਮੇ ॥ ਤ੍ਰਿਭੰਗੀ ਤ੍ਰਿਕਾਮੇ ॥੧੨੮॥
A-nan:gee anaamae / T.r;ibhan:gee tr;ikaamae
ਤੇਰਾ ਅੰਗ (ਸਰੀਰ) ਨਹੀ, ਨਾਮ ਨਹੀ (ਸਭ ਸਰੀਰ, ਨਾਮ, ਤੇਰੇ ਹਨ)। ਤਿੰਨੇ: ਧਰਤੀ, ਆਕਾਸ਼, ਪਾਤਾਲ, ਭੰਗ (ਨਾਸ) ਕਰਨ ਵਾਲਾ ਹੈਂ, ਅਤੇ ਇਹਨਾ ਤਿੰਨੀ ਥਾਈਂ ਹੀ ਸਭ ਦੀ ਇਛਾ ਵੀ ਤੂੰ ਹੀ ਪੂਰੀ ਕਰਦਾ ਹੈਂ।।
You are Bodiless, nameless, destroyer of the three worlds – sky, land, nether world, and desireless.

ਤ੍ਰਿਬਰਗੰ ਤ੍ਰਿਬਾਧੇ ॥ ਅਗੰਜੇ ਅਗਾਧੇ ॥
T.r;ibargan: tr;ibaa-dh:ae / Agan:jae agaadh:ae
ਤਿੰਨੇ ਪਦਾਰਥ – ਧਰਮ, ਪਦਾਰਥ, ਕਾਮਨਾਵਾਂ, ਤੇਰੇ ਵਿਚ ਮੌਜੂਦ ਹਨ। ਧਰਤੀ, ਆਕਾਸ਼, ਪਾਤਾਲ, ਇਹਨਾ ਤਿੰਨਾ ਉੱਤੇ ਤੇਰੀ ਰੋਕ (ਹੁਕਮ) ਹੈ। ਤੂੰ ਜਿੱਤਿਆ ਨਹੀ ਜਾ ਸਕਦਾ, ਤੇਰੀ ਥਾਹ (ਅੰਤ) ਨਹੀ ਪਾਈ ਜਾ ਸਕਦੀ।

ਤ੍ਰਿਬਰਗੰ – ਉਹਦੇ ਵਿਚ ਤਿਨ ਚੀਜ਼ਾਂ ਹਨ – *ਧਰਮ:* ਅਸੂਲ; *ਅਰਥ:* ਪਦਾਰਥ; *ਕਾਮ:* ਕਾਮਨਾ, ਇਛਾਵਾਂ। ਤ੍ਰਿਬਾਧੇ – ਤਿੰਨਾਂ ਥਾਵਾਂ: ਧਰਤੀ, ਅਕਾਸ਼. ਪਾਤਾਲ, ਤੇ ਬਾਧਾ: ਰੋਕ। ਇਹਦਾ ਅਰਥ ਤਿਨ ਤਾਪ ਮਿਟਾਉਣ ਵਾਲਾ ਵੀ ਕੀਤਾ ਗਿਆ ਹੈ। ਅਗੰਜੇ – ਜਿੱਤਿਆ ਨਹੀ ਜਾ ਸਕਦਾ। ਅਗਾਧੇ – ਗਾਹ: ਥਾਹ, ਨਹੀ ਪਾਈ ਜਾ ਸਕਦੀ।

You are Three Boons. Under Your Control are three worlds. None can conquer You, You are Limitless.

Three Boons - 1. Dharma - discipline, ethics, righteousness 2. Wealth: worldly things or gains; 3. Fulfilment of desires.

Three Worlds - earth, sky, and nether world: bottom of the earth.

ਸੁਭੰ ਸਰਬ ਭਾਗੇ ॥ ਸੁ ਸਰਬਾ ਅਨੁਰਾਗੇ ॥੧੨੯॥
Subhan: sarab bhaagae / Su sarbaa anuraagae
ਹਰ ਤਰ੍ਹਾਂ ਸੁੰਦਰਤਾ ਹੈਂ (ਸੁਭਾਇਮਾਨ ਹੈਂ ਸਾਰੇ ਹੀ)। ਤੂੰ ਸਾਰਾ ਹੀ ਪਿਆਰ-ਰੂਪ ਹੈਂ (ਸਭ ਨੂੰ ਪਿਆਰਦਾ ਹੈਂ)।
You are the Beauty in every aspect (You are present all over). You love everyone.

ਤ੍ਰਿਭੁਗਤ ਸਰੂਪ ਹੈਂ ॥ ਅਛਿੱਜ ਹੈਂ ਅਛੂਤ ਹੈਂ ॥
T.r;ibhugat. saroop haaen' / Achhij haaen' achhoot. haaen'
ਤਿਨਾ ਲੋਕਾਂ (ਧਰਤੀ, ਆਕਾਸ਼, ਪਾਤਾਲ) ਦੇ ਜੀਵਾਂ ਦੇ ਮਾਨਣ ਵਾਲੀ ਹੈ ਤੇਰੀ ਹਸਤੀ। ਤੂੰ ਛਿਜਦਾ ਨਹੀ (ਪੁਰਾਣਾ ਨਹੀ ਹੁੰਦਾ, ਘਸਦਾ-ਫਟਦਾ ਨਹੀ), ਅਤੇ ਨਾ ਹੀ ਤੂੰ ਛੂਹਿਆ ਜਾ ਸਕਦਾ ਹੈਂ।
You are the Enjoyer of the three worlds. You don't get weared out (Aged, old, rubbed off, torn), and none can touch You.

ਕਿ ਨਰਕੰ ਪ੍ਰਣਾਸ ਹੈਂ ॥ ਪ੍ਰਿਥੀਉਲ ਪ੍ਰਵਾਸ ਹੈਂ ॥੧੩੦॥
Ke narkan: pr;an.aas haaen' / Pr;itheeul pr;avaas haaen'
ਤੂੰ ਨਰਕ ਦਾ ਨਾਸ ਕਰਦਾ ਹੈਂ (ਕਿਸੇ ਦੇ ਨਰਕ ਦਾ ਵਾਸਾ ਮਿਟਾ ਦੇਣ ਵਾਲਾ ਹੈਂ)। ਤੂੰ ਧਰਤੀ ਉੱਤੇ ਮੁਸਾਫ਼ਿਰ: ਪਰਦੇਸੀ, ਹੈਂ (ਜੀਵਾਂ ਦੇ ਰੂਪ ਵਿਚ। ਜੀਵਾਂ ਨੂੰ ਮਰਣ-ਜੱਮਣ ਦਾ ਚੱਕਰ ਹੈ)।
You are the Destroyer of Hell - Liberate the people from hell. On the earth, You are like a visitor: unattached. (In the form of all beings who come here for a short time and then go away, You are a visitor on the earth).

ਨਿਰੁਕਤਿ ਪ੍ਰਭਾ ਹੈਂ ॥ ਸਦੈਵੰ ਸਦਾ ਹੈਂ ॥
Niruk.te pr;abhaa haaen' / Sad.aaevan: sad.aa haaen'
ਦੱਸੀ ਨਹੀ ਜਾ ਸਕਦੀ ਤੇਰੀ ਸ਼ੋਭਾ (ਤੇਜ)। ਸਦਾ ਸਦਾ ਹੀ ਤੂੰ ਹੈਂ।
Your Glory is above description. You are for ever here: Immortal.

ਬਿਭੁਗਤਿ ਸਰੂਪ ਹੈਂ ॥ ਪ੍ਰਜੁਗਤਿ ਅਨੂਪ ਹੈਂ ॥੧੩੧॥
Bibhugat.-e saroop haaen' / Pr;ajugat.-e anoop haaen;
ਤੂੰ ਅਜਿਹੀ ਹਸਤੀ ਹੈਂ ਕਿ ਸਾਰੇ (ਤੇਰਾ ਦਿੱਤਾ ਸੁਖ) ਭੁਗਤਦੇ: ਮਾਣਦੇ, ਹਨ। ਤੂੰ ਸਾਰਿਆਂ ਵਿਚ ਮਿਲਿਆ ਹੋਇਆ ਹੈਂ, ਭਰ ਹੈਂ ਤੂੰ ਸਭ ਤੋਂ ਨਿਰਾਲਾ (ਵਖਰਾ)।
You are the Giver of Boons for all. You are present in everything, and You are Unique.

ਨਿਰੁਕਤਿ ਸਦਾ ਹੈਂ ॥ ਬਿਭੁਗਤਿ ਪ੍ਰਭਾ ਹੈਂ ॥
Nirukt.e sad.aa haaen' / Bibhgat.-e pr;abhaa haaen'
ਦੱਸਿਆ ਨਹੀ ਜਾ ਸਕਦਾ ਕਦੇ ਵੀ ਤੇਰੇ ਬਾਰੇ। ਸਾਰੇ ਮਾਣਦੇ ਹਨ ਤੇਰੀ ਸ਼ੋਭਾ ਨੂੰ।
None can ever tell anything about You, but all enjoy Your Glory.

ਅਨਉਕਤਿ ਸਰੂਪ ਹੈਂ ॥ ਪ੍ਰਜੁਗਤਿ ਅਨੂਪ ਹੈਂ ॥੧੩੨॥
Ann oukat.-e saroop haaen. / Pr;ajugat.-e anoop haaen'
ਬਿਆਨ ਨਹੀ ਕੀਤਾ ਜਾ ਸਕਦਾ ਤੇਰਾ ਸਰੂਪ। ਸਭ ਵਿਚ ਮਿਲਿਆ ਹੋਇਆ ਬੇਮਿਸਾਲ ਹੈਂ।
Nobody can describe You. You are there in everything, and are Unique.

ਚਾਚਰੀ ਛੰਦ ॥
Chaacharee chhand
ਚਾਚਰੀ ਨਾਮ ਦਾ ਛੰਦ।
Chaachree type of poetry.

ਅਭੰਗ ਹੈਂ ॥ ਅਨੰਗ ਹੈਂ ॥
Abhan:g haaen'/ Anan:g
ਨਾਸ ਰਹਿਤ ਹੈਂ। ਸਰੀਰ ਰਹਿਤ ਹੈਂ।
You are Immortal, and above body (Without a body).

ਅਭੇਖ ਹੈਂ ॥ ਅਲੇਖ ਹੈਂ ॥੧੩੩॥
Abhaekh haaen' / Alaekh haaen'
ਕਿਸੇ ਖਾਸ ਇਕ ਪਹਿਰਾਵੇ ਰਹਿਤ ਹੈਂ। ਤੂੰ ਲੇਖਾਂ – ਮੱਥੇ ਤੇ ਲਿਖੇ ਭਾਗਾਂ ਤੋਂ ਰਹਿਤ ਹੈਂ, ਤੂੰ ਲਿਖਣ ਵਿਚ ਨਹੀ ਆ ਸਕਦਾ।
You are above appearance (Form), beyond description (or destiny).
(All forms are Yours, and You are the destiny of all).

ਅਭਰਮ ਹੈਂ ॥ ਅਕਰਮ ਹੈਂ ॥
Abharm haaen' / Akarm haaen'
ਤੂੰ ਭਰਮਾ ਤੋਂ ਰਹਿਤ ਹੈਂ। ਤੂੰ ਕਰਮਾ ਤੋਂ ਰਹਿਤ ਹੈਂ (ਕਰਮਾ ਦੀ ਬੰਦਸ਼ ਨਹੀ)।
You are above doubts or duality. You are not bound to the deeds - You are above the effect of what You do.

ਅਨਾਦਿ ਹੈਂ ॥ ਜੁਗਾਦਿ ਹੈਂ ॥੧੩੪॥
Anaad. haaen' / Jugaad. haaen'
ਵਕਤ ਦੇ ਪਹਿਲਾਂ ਤੋਂ ਤੂੰ ਹੈਂ। ਜੁਗਾਂ (ਦੇ ਪਹਿਲਾਂ) ਤੋ ਤੂੰ ਹੈਂ।
You have been since before the beginning of the time, or the time-periods (aeons).

ਅਜੈ ਹੈਂ ॥ ਅਬੈ ਹੈਂ ॥
Ajaae haaen'/ Abaae haaen'
ਜਿੱਤਿਆ ਨਹੀ ਜਾ ਸਕਦਾ ਤੈਨੂੰ। ਨਾਸ ਨਹੀ ਕੀਤਾ ਜਾ ਸਕਦਾ ਤੈਨੂੰ।
You are Unconquerable, and Immortal.

ਅਭੂਤ ਹੈਂ ॥ ਅਧੂਤ ਹੈਂ ॥੧੩੫॥
Abhoot. haaen'/ Adh:oot. haaen'
ਤੂੰ ਪੰਜਾਂ ਤਤਾਂ ਦਾ ਬਣਿਆ ਨਹੀ (ਸਰੀਰ ਰਹਿਤ ਹੈਂ)। ਤੂੰ ਹਿੱਲਣ ਤੋਂ ਰਹਿਤ ਹੈਂ (ਸਦਾ ਕਾਇਮ)।
You are not made of elements. You are ever set: established, Unchangeable (Ever uniform, constant).

ਅਨਾਸ ਹੈਂ ॥ ਉਦਾਸ ਹੈਂ ॥
Anaas haaen'/ oud.aas haaen'
ਨਾਸ ਹੋਣ ਤੋਂ ਰਹਿਤ ਹੈਂ। ਉਪਰਾਮ ਹੈਂ (ਤੇਰਾ ਮਨ ਸਭ ਗੱਲਾਂ ਤੋਂ ਇਕ ਬੰਨੇ ਹੈ)।
You are Indestructible, You are detached from everything.

ਅਧੰਧ ਹੈਂ ॥ ਅਬੰਧ ਹੈਂ ॥੧੩੬॥
Adh:an:dh: haaen'/ Aban:dh: haaen'
ਤੈਨੂੰ ਕੋਈ ਧੰਦੇ ਝਮੇਲੇ ਨਹੀ। ਤੈਨੂੰ ਕੋਈ ਬੰਧਨ ਨਹੀ।
You are free from botherations (Entanglements). You have no bindings.

ਅਭਗਤ ਹੈਂ ॥ ਬਿਰਕਤ ਹੈਂ ॥
Abhagat. haaen'/ Birakt. haaen'
ਮੋਹ-ਪਿਆਰ ਨਹੀ ਤੈਨੂੰ ਵਿਰਕਤ ਹੈਂ (ਦੁਨੀਆ ਦੀ ਪਕੜ ਤੋਂ ਮੁਕਤ ਹੈਂ)।
You have no devotion for anyone (You are equally attached to all), and are unattached.

ਅਨਾਸ ਹੈਂ ॥ ਪ੍ਰਕਾਸ ਹੈਂ ॥੧੩੭॥
Anaas haaen'/ Pr;akaas haaen'
ਨਾਸ ਰਹਿਤ ਹੈਂ (ਅਮਰ)। ਪਰਕਾਸ਼ (ਰੋਸ਼ਨੀ, ਜੋਤ ਸਰੂਪ) ਹੈਂ।
You are free from destruction, and are Light (Radiance, Glow).

ਨਿਚਿੰਤ ਹੈਂ ॥ ਸੁਨਿੰਤ ਹੈਂ ॥
Nichin:t. haaen'/ Sunin:t. haaen'
ਚਿੰਤਾ ਰਹਿਤ ਹੈਂ। ਸੁਣਨ ਵਾਲਾ ਹੈਂ ਸਭ ਦੀ।
ਸੁਨਿਤ - ਸਦਾ ਕਾਇਮ ਹੈਂ। ਜਾਂ, ਸਭ ਦੀ ਸੁਣਦਾ ਹੈਂ।
You are free from worry or anxiety. You exist always, (or, You listen to everyone).

ਅਲਿੱਖ ਹੈਂ ॥ ਅਦਿੱਖ ਹੈਂ ॥੧੩੮॥
Alikh haaen'/ Ad.ikh haaen'
ਤੂੰ ਲਿਖਤ ਵਿਚ ਨਹੀ ਲਿਆਂਦਾ ਜਾ ਸਕਦਾ। ਤੂੰ ਦਿਸਦਾ ਨਹੀ।
You are beyond description, and Invisible.

ਅਲੇਖ ਹੈਂ ॥ ਅਭੇਖ ਹੈਂ ॥

Alaekh haaen' haaen'/ Abhaekh haaen'

ਤੈਨੂੰ ਲਿਖੇ ਵਿਚ ਲਿਆਂਦਾ ਨਹੀ ਜਾ ਸਕਦਾ। ਤੂੰ ਭੇਖਾਂ – ਵੇਸਾਂ, ਪਹਿਰਾਵਿਆਂ, ਤੋਂ ਉੱਪਰ ਹੈਂ।

You cannot be described in writing. You are above a dress - without an appearance, or form.

ਅਢਾਹ ਹੈਂ ॥ ਅਗਾਹ ਹੈਂ ॥੧੩੯॥

Adhaah haaen'/ Agaah haaen'

ਤੈਨੂੰ ਕੋਈ ਢਾਹ–ਡੇਗ, ਮਿਟਾ, ਨਹੀ ਸਕਦਾ। ਗਾਹ ਤੋਂ ਪਰ੍ਹੇ: ਬੇਅੰਤ, ਹੈਂ ਤੂੰ।

None can destroy You. You are Limitless.

ਅਸੰਭ ਹੈਂ ॥ ਅਗੰਭ ਹੈਂ ॥

Asan:bh haaen'/ Agan:bh haaen'

ਤੂੰ ਜਨਮ ਵਿਚ ਨਹੀ ਆਉਂਦਾ (ਸੰਭਾਵਨਾ, ਵਿਚਾਰ, ਤੋਂ ਪਰ੍ਹੇ ਹੈਂ)।
ਅਗੰਭ – ਅਗਮਯ: ਵਿਚਾਰ ਦੀ ਪਹੁੰਚ ਤੋਂ ਉੱਪਰ, ਹੈਂ।

You are beyond birth (or are above thinking or comprehension). You are Unimaginable i.e. out of reach.

ਅਨੀਲ ਹੈਂ ॥ ਅਨਾਦਿ ਹੈਂ ॥੧੪੦॥

Aneel haaen'/ Anaad.e haaen'

ਰੰਗ–ਰੂਪ ਤੋਂ ਪਰ੍ਹੇ, ਬੇਅੰਤ, ਹੈਂ।। ਆਦਿ ਤੋਂ ਵੀ ਪਹਿਲਾਂ ਦਾ ਹੈਂ, ਤੇਰੇ ਆਰੰਭ ਦਾ ਪਤਾ ਨਹੀ।

You are beyond calculation (count, estimation), color or appearance, and are Limitless. You are Beginningless.

ਅਨਿੱਤ ਹੈਂ ॥ ਸੁਨਿੱਤ ਹੈਂ ॥

Anit.t. haaen'/ Sunit.t. haaen'

ਤੂੰ ਨਿਤ ਦਿਸਦੀਆਂ ਚੀਜ਼ਾਂ ਵਰਗਾ ਨਹੀ, ਹੈਂ ਤੂੰ ਸਦਾ ਕਾਇਮ।

You are not like things visible (are unusual), and exist always.

ਅਜਾਤ ਹੈਂ ॥ ਅਜਾਦ ਹੈਂ ॥੧੪੧॥

Ajaat. haaen'/ Ajaad. haaen'

ਤੂੰ ਆਪ ਅਜਾਤ: ਜਨਮ ਰਹਿਤ, ਹੈਂ। ਅਜਾਦ: ਜਨਮ ਰਹਿਤ ਹੈਂ, ਭਰ ਸਭ ਦਾ ਮੁੱਢ ਹੈਂ।

You are unborn, beyond birth, but are the beginning of all.

ਚਰਪਟ ਛੰਦ ॥ ਤ੍ਵ ਪ੍ਰਸਾਦਿ ॥

Charpat chhand. / T.av pr;asaad.e

ਚਰਪਟ ਛੰਦ। ਤੇਰੀ ਕਿਰਪਾ ਦੇ ਨਾਲ ਉਚਾਰਿਆ।

“Charpat Chhand” type of poetry, composed by Your Grace.

ਸਰਬੰ ਹੰਤਾ ॥ ਸਰਬੰ ਗੰਤਾ ॥
Sarban: han:t.aa / Sarban: gan:t.aa
ਸਭ ਨੂੰ ਮਾਰਣ ਵਾਲਾ ਹੈਂ। ਸਭਨਾ ਤਕ ਤੇਰੀ ਪਹੁੰਚ ਹੈ (ਤੇਰੇ ਹੁਕਮ ਤੋਂ ਬਾਹਰ ਕੋਈ ਨਹੀ)।
You are the Destroyer of all. You can reach everywhere.

ਸਰਬੰ ਖਿਆਤਾ ॥ ਸਰਬੰ ਗਿਆਤਾ ॥੧੪੨॥
Sarban: kheaat.aa / Sarban: geat.aa
ਤੂੰ ਸਭਨਾ ਤੋਂ ਪਰਸਿਧ ਹੈਂ। ਸਭ ਦੀਆਂ ਤੂੰ ਜਾਣਦਾ ਹੈਂ (ਤੈਨੂੰ ਸਭ ਦਾ ਗਿਆਨ ਹੈ)।
You are the Famous, and Know everyone.

ਸਰਬੰ ਹਰਤਾ ॥ ਸਰਬੰ ਕਰਤਾ ॥
Sarban: hart.aa / Sarban: kart.aa
ਸਭ ਨੂੰ ਮਾਰਦਾ ਹੈਂ। ਸਭ ਨੂੰ ਪੈਦਾ ਕਰਦਾ ਹੈਂ।
You are the Universal Killer, and Cause of Birth to all.

ਸਰਬੰ ਪ੍ਰਾਣੰ ॥ ਸਰਬੰ ਤ੍ਰਾਣੰ ॥੧੪੩॥
Sarban: pr;aan.-n: / Sarban: t.r;aan.-n:
ਸਭ ਦੇ ਪਰਾਣ ਹੈਂ। ਸਾਰਿਆਂ ਦੀ ਤਾਕਤ ਹੈਂ (ਮਾਣ ਤਾਣ, ਰੱਖਿਆ ਹੈਂ)।
You are the Life and Soul of everyone, and the Strength of all.

ਸਰਬੰ ਕਰਮੰ ॥ ਸਰਬੰ ਧਰਮੰ ॥
Sarban: karman: / Sarban: dharman:
ਸਾਰੇ ਕੰਮ ਤੂੰ ਆਪ ਕਰਦਾ ਹੈਂ। ਸਾਰੇ ਫਰਜ਼ ਤੂੰ ਆਪ ਨਿਭਾਉਂਦਾ ਹੈਂ।
You are in all actions, and in all Dharma: right disciplines.

ਸਰਬੰ ਜੁਗਤਾ ॥ ਸਰਬੰ ਮੁਕਤਾ ॥੧੪੪॥
Sarban: jugt.aa / Sarban: mukt.aa
ਤੂੰ ਸਭ ਵਿਚ ਸਮਾਇਆ ਹੋਇਆ ਹੈਂ। ਭਰ ਫ਼ੇਰ ਵੀ ਤੂੰ ਸਭ ਤੋਂ ਅਲਗ ਹੈਂ।
You are merged with all, and still detached.

ਰਸਾਵਲ ਛੰਦ ॥ ਤ੍ਵ ਪ੍ਰਸਾਦਿ ॥
Rasaaval chhand. / T.av pr;asaad.e
ਰਸਾਵਲ ਛੰਦ। ਤੇਰੀ ਕਿਰਪਾ ਦੇ ਨਾਲ ਉਚਾਰਨ ਕੀਤਾ।
Rasaval chhand, composed by Your Grace.

ਨਮੋ ਨਰਕ ਨਾਸੇ ॥ ਸਦੈਵੰ ਪ੍ਰਕਾਸੇ ॥
Namo nark naasae / Sad.aaevan: pr;akaasae
ਨਮਸਕਾਰ ਹੈ ਨਰਕ (ਦਾ ਭੋਗਣਾ) ਮਿਟਾਉਣ ਵਾਲੇ, ਸਦਾ ਨੂਰ : ਪਰਕਾਸ਼ (ਗਿਆਨ), ਜੀਉ।
I bow to You, the Deliverer (Savior) from hell, You are the Constant Light

(Knowledge).

ਅਨੰਗੰ ਸਰੂਪੇ ॥ ਅਭੰਗੰ ਬਿਭੂਤੇ ॥੧੪੫॥
Anan:gan saroopae / Abhan:gan: bibhoot.ae
ਸਰੀਰ ਰਹਿਤ ਹਸਤੀ ਹੈ ਤੇਰੀ। ਨਾਸ ਰਹਿਤ ਤੇਜ-ਪਰਤਾਪ ਹੈ ਤੇਰਾ।
You are above body, and Immortal is Your Glory.

ਪ੍ਰਮਾਥੰ ਪ੍ਰਮਾਥੇ ॥ ਸਦਾ ਸਰਬ ਸਾਥੇ ॥
Pr;amaathan: pr;maathae / Sad.aa sarab saathae
ਜੋ ਹੋਰਾਂ ਨੂੰ ਦੁਖੀ ਕਰਦੇ ਹਨ, ਉਹਨਾ ਨੂੰ ਦੁਖ-ਸਜ਼ਾ ਦੇਣ ਵਾਲਾ ਹੈਂ ਤੂੰ। ਸਦਾ ਹੀ ਸਾਰਿਆਂ ਦਾ ਸਾਥ ਦੇਣ ਵਾਲਾ (ਸਹਾਈ, ਰਖਿਆ ਕਰਨ ਵਾਲਾ) ਹੈਂ।
You destroy those who torment others. You are always there to protect all.

ਅਗਾਧ ਸਰੂਪੇ ॥ ਨ੍ਰਿਬਾਧ ਬਿਭੂਤੇ ॥੧੪੬॥
Agaadh: saroopae / Nr;ibaadh: bibhoot.ae
ਬੇਅੰਤ ਹੈਂ। ਰੁਕਾਵਟ ਨਹੀ ਪਾ ਸਕਦਾ ਕੋਈ ਤੇਰੇ ਤੇਜ-ਪਰਤਾਪ ਵਿਚ।
You are the Limitless Being. Nobody can interfere with Your Glory.

ਅਨੰਗੀ ਅਨਾਮੇ ॥ ਤ੍ਰਿਭੰਗੀ ਤ੍ਰਿਕਾਮੇ ॥
Anan:gee anaamae / T.r;ibhan:gee t.r;ikaamae
ਸਰੀਰ ਰਹਿਤ, ਨਾਮ ਰਹਿਤ ਹੈਂ। ਤਿੰਨੇ ਭਵਨਾਂ - ਧਰਤੀ, ਆਕਾਸ਼, ਪਾਤਾਲ, ਦਾ ਨਾਸ ਕਰਨ ਵਾਲਾ, ਭਰ ਤਿੰਨੇ ਭਵਨਾ ਦੇ ਜੀਵਾਂ ਦੀਆਂ ਇਛਾਵਾਂ ਪੂਰੀਆਂ ਕਰਨ ਵਾਲਾ ਹੈਂ।

ਤ੍ਰਿਭੰਗੀ - ਤਿਨੇ ਭਵਨ: ਧਰਤੀ, ਆਕਾਸ਼, ਪਾਤਾਲ। ਜਾਂ, ਆਤਮਿਕ, ਮਨ ਦੇ; ਸਰਰਿਕ; ਤੇ ਕੁਦਰਤੀ, ਤਿਨ ਕਿਸਮ ਦੇ ਦੁੱਖ।

ਤ੍ਰਿਕਾਮੇ - ਤਿੰਨੇ ਭਵਨਾ ਦੇ ਲੋਕਾਂ ਦੀਆਂ ਇਛਾਵਾਂ ਪੂਰੀਆਂ ਕਰਦਾ ਹੈਂ।

You are higher to the body and name, the Destroyer of afflictions in the three worlds, and love everyone.

ਨ੍ਰਿਭੰਗੀ ਸਰੂਪੇ ॥ ਸਰਬੰਗੀ ਅਨੂਪੇ ॥੧੪੭॥
Nr:ibhan:gee saroopae / Sarban:gee anoopae
ਨਾਸ ਰਹਿਤ ਹਸਤੀ ਹੈ ਤੇਰੀ। ਸਾਰੇ ਅੰਗ (ਸਰੀਰ) ਬੇਮਿਸਾਲ ਵਾਲਾ ਹੈਂ - ਅਜਿਹੇ ਅੰਗ ਹੋਰ ਕਿਸੇ ਦੇ ਨਹੀ।
You are the Immortal Being, and none has limbs (Body) like You.

ਨ ਪੋਤ੍ਰੈ ਨ ਪੁੱਤ੍ਰੈ ॥ ਨ ਸੱਤ੍ਰੈ ਨ ਮਿੱਤ੍ਰੈ ॥
Naa pot.r;aae naa put.t.r;aae / Naa sat.t.r;aae naa mitr;aae
ਨਾ ਪੋਤਰਾ, ਨਾ ਪੁੱਤਰ ਹੈ ਤੇਰਾ। ਨਾ ਕੋਈ ਸ਼ੱਤਰੂ (ਦੁਸ਼ਮਣ), ਨਾ ਮਿੱਤਰ ਹੈ।
You have not got (are free from) sons or grandsons, enemies, or friends.

ਨ ਤਾਤੈ ਨ ਮਾਤੈ ॥ ਨ ਜਾਤੈ ਨ ਪਾਤੈ ॥੧੪੮॥

Naa t.aat.aae naa maat.aae / Naa jaat.aae naa paat.aae

ਨਾ ਪਿਤਾ, ਨਾ ਮਾਤਾ ਹੈ ਤੇਰੀ। ਨਾ ਤੇਰੀ ਜ਼ਾਤ, ਨਾ ਗੋਤ: ਕੁੱਲ, ਹੈ।

You are not bound by the father or mother, caste, sub-caste or clan: family.

ਨ੍ਰਿਸਾਕੰ ਸਰੀਕ ਹੈਂ ॥ ਅਮਿਤੋ ਅਮੀਕ ਹੈਂ ॥

Nr;isaakan: sareek haaen' / Amit.o ameek haaen'

ਕੋਈ ਸਾਕ ਨਹੀ, ਸ਼ਰੀਕ ਨਹੀ ਤੇਰਾ – ਕਿਸੇ ਦਾ ਸਾਕ ਨਹੀ, ਸਭ ਦਾ ਸਾਂਝੀਵਾਲ ਹੈਂ। ਮਿਣਤੀ ਤੋਂ ਬਾਹਰ (ਬੇਅੰਤ) ਹੈਂ, ਬਹੁਤ ਗਹਿਰਾ (ਅਥਾਹ) ਹੈਂ।

You are free from relatives and rivals. You are Immense, and too deep (Limitless).

ਸਦੈਵੰ ਪ੍ਰਭਾ ਹੈਂ ॥ ਅਜੈ ਹੈਂ ਅਜਾ ਹੈਂ ॥੧੪੯॥

Sad.aaevan: pr;abhaa haaen' / Ajaae haaen' ajaa haaen'

ਸਦਾ ਤੇਜ–ਪਰਤਾਪ ਤੇਰਾ ਕਾਇਮ ਹੈ। ਅਜਿਤ ਹੈਂ, ਜਨਮ–ਰਹਿਤ ਹੈਂ।

Your Glory is ever constant. You are Unconquerable and free from birth.

ਭਗਵਤੀ ਛੰਦ ॥ ਤ੍ਵ ਪ੍ਰਸਾਦਿ ॥

Bhagvat.ee chhand. / T.av Parsaad

ਭਗਵਤੀ ਛੰਦ। ਤੇਰੀ ਕਿਰਪਾ ਦੇ ਨਾਲ ਉਚਾਰਿਆ।

Bhagwati Chhand, written by Your Grace.

ਕਿ ਜ਼ਾਹਰ ਜ਼ਹੂਰ ਹੈਂ ॥ ਕਿ ਹਾਜ਼ਰ ਹਜ਼ੂਰ ਹੈਂ ॥

Ke zaahar zahoor haaen' / Ke haazar hazoor haaen'

ਦਿਸਦੀ ਜੋਤ (ਜ਼ਹੂਰ – ਪਰਤੱਖ, ਪਰਕਾਸ਼ਮਾਨ) ਹੈਂ। ਹਾਜ਼ਰ ਹੈਂ ਸਾਹਿਬ ਮੇਰੇ ਹਰ ਥਾਂ ਤੂੰ।

Your manifestation is visible all over. You are present everywhere.

ਹਮੇਸੁਲ ਸਲਾਮ ਹੈਂ ॥ ਸਮਸਤੁਲ ਕਲਾਮ ਹੈਂ ॥੧੫੦॥

Hamaesul slaam haaen' / Samast.ul kalaam haaen'

ਤੂੰ ਸਦਾ ਸਲਾਮਤ ਹੈਂ। ਸਭ ਕਲਾਮ (ਜ਼ਿਕਰ) ਕਰਦੇ ਹਨ ਤੇਰਾ।

You are Immortal, all praise You.

ਕਿ ਸਾਹਿਬ ਦਿਮਾਗ਼ ਹੈਂ ॥ ਕਿ ਹੁਸਨਲ ਚਰਾਗ਼ ਹੈਂ ॥

Ke sahib d.imaag. haaen' / Ik husnal chraag. haaen'

ਤੂੰ ਬੜਾ ਅਕਲਮੰਦ ਹੈਂ। ਤੂੰ ਸੁਹਣਪ ਦਾ ਸੂਰਜ ਹੈਂ।

You are the Wisest, and the Source of Beauty.

ਕਿ ਕਾਮਲ ਕਰੀਮ ਹੈਂ ॥ ਕਿ ਰਾਜ਼ਕ ਰਹੀਮ ਹੈਂ ॥੧੫੧॥
Ke kaamal kareem haaen' / Ke razak raheem haaen'
ਤੂੰ ਬੜਾ ਕਿਰਪਾਲੂ ਹੈਂ। ਰਿਜ਼ਕ (ਰੋਜ਼ੀ) ਦੇਣ ਵਾਲਾ ਤੇ ਰਹਿਮ ਕਰਨ ਵਾਲਾ ਹੈਂ।
You are Kindest, Sustainer (Provider), and Merciful.

ਕਿ ਰੋਜ਼ੀ ਦਿਹਿੰਦ ਹੈਂ ॥ ਕਿ ਰਾਜ਼ਕ ਰਹਿੰਦ ਹੈਂ ॥
Ke rozee d.ihin:d. haaen' / Ke razak rahin:d. haaen'
ਤੂੰ ਰੋਜ਼ੀ ਦੇਣ ਵਾਲਾ ਹੈਂ। ਰੋਜ਼ੀ ਅਤੇ ਰਹਾਈ (ਮੁੱਕਤੀ) ਦੇਣ ਵਾਲਾ ਹੈਂ।
You are the Provider, Sustainer, and Liberator.

ਕਰੀਮੁਲ ਕਮਾਲ ਹੈਂ ॥ ਕਿ ਹੁਸਨਲ ਜਮਾਲ ਹੈਂ ॥੧੫੨॥
Kareemul kamaal haaen' / Ke husnal jamaal haaen'
ਮਿਹਰਬਾਨ ਹੈਂ ਕਮਾਲ ਦਾ ਤੂੰ। ਸੁਹਣਪ ਦੀ ਛੱਬ ਵਾਲਾ ਹੈਂ।
You are wonderfully Compassionate, and are the Beauty Manifest (Beauty of the Glory).

ਗ਼ਨੀਮੁਲ ਖ਼ਿਰਾਜ ਹੈਂ ॥ ਗ਼ਰੀਬੁਲ ਨਿਵਾਜ਼ ਹੈਂ ॥
G.aneemul khiraaj haaen' / G.areebul nivaaz haaen'
ਵੈਰੀਆਂ ਨੂੰ ਖਰਾਜ (ਚੱਟੀ, ਡੰਨ) ਲਾਉਂਣ ਵਾਲਾ ਹੈਂ। ਗ਼ਰੀਬਾਂ ਨੂੰ ਨਿਵਾਜਦੇ (ਸੰਭਾਲਦ, ਇਜ਼ੱਤ ਬਖਸ਼ਦੇ) ਹੋ।
You levy the enemies - fine, punish them. You honor the poor.

ਹਰੀਫ਼ੁਲ ਸ਼ਿਕੰਨ ਹੈਂ ॥ ਹਿਰਾਸੁਲ ਫਿਕੰਨ ਹੈਂ ॥੧੫੩॥
Hareeful shikan:n haaen' / Hirasul fikan:n haaen'
ਦੁਸ਼ਮਣਾ ਨੂੰ ਭੰਨ ਤੋੜ ਦੇਣ ਵਾਲਾ ਹੈਂ। ਡਰ ਨੂੰ ਪਰ੍ਹੇ ਹਿਟਾ ਦੇਣ ਵਾਲਾ ਹੈਂ।
You destroy the enemy, and remove fear.

ਕਲੰਕੰ ਪ੍ਰਣਾਸ ਹੈਂ ॥ ਸਮਸਤੁਲ ਨਿਵਾਸ ਹੈਂ ॥
Kalan:kan: pr;n.aas haaen' / Samast.ul nivaas haaen'
ਦਾਗ਼ ਦੋਸ਼ ਮੇਟ ਦੇਣ ਵਾਲਾ ਹੈਂ। ਹਰ ਇਕ ਦੇ ਵਿਚ ਵਸਣ ਵਾਲਾ ਹੈਂ ਤੂੰ।
You clean off the blames, and manifest in everyone.

ਅਗੰਜੁਲ ਗਨੀਮ ਹੈਂ ॥ ਰਜ਼ਾਇਕ ਰਹੀਮ ਹੈਂ ॥੧੫੪॥
Agan:jul ganeem haaen' / Razaa-ik raheem haaen'
ਨਹੀ ਜਿਤ ਸਕਦੇ ਵੈਰੀ ਤੈਨੂੰ। ਰਿਜ਼ਕ ਦੇਣ ਵਾਲਾ, ਅਤੇ ਤਰਸ ਕਰਨ ਵਾਲਾ ਹੈਂ।
Enemies cannot conquer You. You are the Provider and Merciful.

ਸਮਸਤੁਲ ਜੁਬਾਂ ਹੈਂ ॥ ਕਿ ਸਾਹਿਬ ਕਿਰਾਂ ਹੈਂ ॥
Samast.ul jubaan' haaen' / Ke sahib kiraan' haaen'
ਸਭਨਾ ਦੇ ਅੰਦਰ ਬੋਲਣ ਵਲਾ ਤੂੰ ਆਪ ਹੈਂ। ਤੂੰ ਮਾਲਿਕ, ਹੱਦ-ਰਹਿਤ (ਬੇਹੱਦ, ਉੱਚੇ) ਪਰਤਾਪ ਵਾਲਾ ਹੈਂ।

You are the voice of all, the Master with Great Glory.

ਕਿ ਨਰਕੰ ਪ੍ਰਣਾਸ ਹੈਂ ॥ ਬਹਿਸਤੁਲ ਨਿਵਾਸ ਹੈਂ ॥੧੫੫॥
Ke narkan: pr;aas haaen' / Bahist.ul nivaas haaen'
ਤੂੰ ਨਰਕ ਹਟਾ-ਮਿਟਾ ਦਿੰਦਾ ਹੈਂ (ਲੋਕਾਂ ਦਾ)। ਸਵਰਗ ਵਿਚ ਰਹਿੰਦਾ ਹੈਂ (ਸਵਰਗ ਦਿੰਦਾ ਹੈਂ)।
You save from hell, and bless with heaven.

ਕਿ ਸਰਬੁਲ ਗਵੰਨ ਹੈਂ ॥ ਹਮੇਸੁਲ ਰਵੰਨ ਹੈਂ ॥
Ke sarabul gavan:n haaen' / Hamaesul ravan:n haaen'
ਹਰ ਥਾਂ ਪਹੁੰਚ ਹੈ ਤੇਰੀ। ਸਦਾ ਰਮਣ (ਆਨੰਦ) ਹੈਂ। (ਰਮਣ-ਰਮਣਾ, ਜਪਣਾ, ਜਪਣ-ਯੋਗ ਹੈਂ)।
You prevail everywhere. You are the Bliss, and revered by everyone.

ਤਮਾਮੁਲ ਤਮੀਜ਼ ਹੈਂ ॥ ਸਮਸਤੁਲ ਅਜ਼ੀਜ਼ ਹੈਂ ॥੧੫੬॥
T.amaamul tameez haaen' / Samast.ul azeez haaen'
ਸਾਰਿਆਂ ਦੀ ਪਰਖ ਹੈ ਤੈਨੂੰ (ਪਰਖ ਕਰਨ ਦੀ ਤਾਕਤ ਬਖਸ਼ਦਾ ਹੈਂ)। ਸਭ ਦਾ ਪਿਆਰਾ ਹੈਂ ਤੂੰ।
You are the source of wisdom to make distinction between one and the other thing. You are loved by everyone

ਪਰੰ ਪਰਮ ਈਸ ਹੈਂ ॥ ਸਮਸਤੁਲ ਅਦੀਸ ਹੈਂ ॥
Paran: param ees haaen' / Samast.ul ad.ees haaen'
ਤੂੰ ਵੱਡਿਉਂ ਵੱਡਾ ਈਸ਼ਵਰ (ਮਾਲਿਕ) ਹੈਂ। ਤੂੰ ਸਭ ਦਾ ਸ਼ੁਰੂ ਤੋਂ ਮਾਲਿਕ (ਅਦੀਸ – ਆਦਿ + ਈਸ) ਹੈਂ।
You are the Greatest Master. You are the Lord of all.

ਅਦੇਸੁਲ ਅਲੇਖ ਹੈਂ ॥ ਹਮੇਸੁਲ ਅਭੇਖ ਹੈਂ ॥੧੫੭॥
Ad.aesul alaekh haaen' / Hamaesul abhaekh haaen'
ਦੇਸ ਰਹਿਤ, ਲਿਖਣ ਵਿਚ ਔਣੋਂ, ਰਹਿਤ ਹੈਂ। ਸਦਾ ਹੀ ਵੇਸ ਰਹਿਤ ਹੈਂ।
You have no fixed place, You cannot be sketched (Described), and You have no set dress: are above Appearance.

ਜ਼ਮੀਨੁਲ ਜ਼ਮਾ ਹੈਂ ॥ ਅਮੀਕੁਲ ਇਮਾ ਹੈਂ ॥
Zameenul zamaa haaen' / Ameekul imaa haaen.
ਜ਼ਮੀਨ ਤੇ: ਹਰ ਥਾਂ, ਹਰ ਜ਼ਮਾਨੇ (ਵਕਤ) ਮੌਜੂਦ ਹੈਂ। ਡੂੰਘੇ ਹਨ ਤੇਰੇ ਇਸ਼ਾਰੇ: ਰਮਜ਼ਾਂ – ਤੇਰਾ ਭੇਦ ਕੋਈ ਪਾ ਨਹੀ ਸਕਦਾ।
You are at every place, and present at every time. Your Mystery is deeper to the signs hinting at You.

ਕਰੀਮੁਲ ਕਮਾਲ ਹੈਂ ॥ ਕਿ ਜੁਰਅਤਿ ਜਮਾਲ ਹੈਂ ॥੧੫੮॥
Kareemul kamaal haaen' / Ke jurat.t.e jamaal haaen'
ਤੂੰ ਕਮਾਲ ਦਾ (ਬੜਾ) ਕਿਰਪਾਲੂ ਹੈਂ। ਤੇਰੀ ਦਲੇਰੀ (ਵਡ-ਦਿਲੀ) ਅਤੇ ਤੇਰਾ ਤੇਜ-ਪਰਤਾਪ ਹੈ।

You are a Wonderful Compassion (Kindness), and a Great Courage.

ਕਿ ਅਚਲੰ ਪ੍ਰਕਾਸ ਹੈਂ ॥ ਕਿ ਅਮਿਤੋ ਸੁਬਾਸ ਹੈਂ ॥
Ke achlan: pr;akaas haaen' / Ke amit.o subaas haaen'
ਸਦਾ-ਕਾਇਮ ਨੂਰ ਵਾਲਾ ਹੈਂ। ਤੂੰ ਬੇਹਦ ਖੁਸ਼ਬੂ ਹੈਂ।
You are an ever Constant Light (Giver of Wisdom), a Limitless Fragrance.

ਕਿ ਅਜਬ ਸਰੂਪ ਹੈਂ ॥ ਕਿ ਅਮਿਤੋ ਬਿਭੂਤ ਹੈਂ ॥੧੫੯॥
Ke ajab saroop haaen' / Ke amit.o bibhoot. haaen'
ਅਜੀਬ (ਅਸਚਰਜ, ਹੈਰਾਨ ਕਰਨ ਵਾਲਾ) ਸਰੂਪ: ਹਸਤੀ, ਹੈਂ। ਹੱਦ ਰਿਹਤ ਤੇਜ-ਪਰਤਾਪ ਹੈਂ।
You are a Super (Wonderful) Beauty, a Limitless Glory.

ਕਿ ਅਮਿਤੋ ਪਸਾ ਹੈਂ ॥ ਕਿ ਆਤਮ ਪ੍ਰਭਾ ਹੈਂ ॥
Ke amit.o pasaa haaen' / Ke at.am pr;abhaa haaen'
ਬੇਹਦ ਪਸਾਰਾ (ਰਚਨਾ) ਹੈਂ। ਆਪੇ-ਪਰਕਾਸ਼ ਹੈਂ (ਤੇਰਾ ਵਜੂਦ: ਹਸਤੀ, ਪਰਕਾਸ਼ ਹੈ। ਆਤਮ ਪਸਾ - ਤੇਰਾ ਜਨਮ ਆਪਣੇ ਆਪ ਤੋਂ ਹੈ।
You are the Creation-Limitless. Your Self is the Light (You are Self-Born).

ਕਿ ਅਚਲੰ ਅਨੰਗ ਹੈਂ ॥ ਕਿ ਅਮਿਤੋ ਅਭੰਗ ਹੈਂ ॥੧੬੦॥
Ke achlan: anan:g haaen' / Ke amit.o abhan:g haaen'
ਸਦਾ ਕਾਇਮ (ਅਮਰ), ਦੇਹੀ (ਸਰੀਰ) ਰਹਿਤ ਹੈਂ। ਬੇਅੰਤ ਹੈਂ, ਤੂੰ ਨਾਸ ਹੋਣ ਵਾਲਾ ਨਹੀ।
You are Immortal, Bodiless, Limitless, and Indestructible.

ਮਧੁਭਾਰ ਛੰਦ ॥ ਤ੍ਵ ਪ੍ਰਸਾਦਿ ॥
Madh:ubhaar chhand. / T.av pr;asaad.
ਮਧੁਭਾਰ ਛੰਦ। ਤੇਰੀ ਕਿਰਪਾ ਦੇ ਨਾਲ ਉਚਾਰਿਆ।
Madhubaar Chhand, composed by Your Grace.

ਮੁਨਿ ਮਨਿ ਪ੍ਰਨਾਮ ॥ ਗੁਨਿ ਗਨ ਮੁਦਾਮ ॥
Munne manne pr;anaam / Gunne gann mud.aam
ਰਿਸ਼ੀ (ਤਪਸਵੀ) ਮਨ ਅੰਦਰ ਤੈਨੂੰ ਨਮਸਕਾਰ ਕਰਦੇ ਹਨ। ਗੁਣਾ ਦਾ ਖਜ਼ਾਨਾ (ਸਮੂਹ) ਹੈਂ ਸਦਾ ਹੀ ਤੂੰ।
Silent-Worshippers (Saints who keep silent) bow to You in their minds (recite Your Name). You are ever the Treasure of Merits.

ਅਰਿ ਬਰ ਅਗੰਜ ॥ ਹਰਿ ਨਰ ਪ੍ਰਭੰਜ ॥੧੬੧॥
Arre barr agan:j / Harr-e narr pr;abhan:j
ਵੈਰੀ ਵੱਡੇ ਵੀ ਜਿਤ ਨਹੀ ਸਕਦੇ ਤੈਨੂੰ। ਤੂੰ ਨਰਸਿੰਘ (ਸਭ ਬੰਦਿਆਂ ਦਾ ਮਾਲਿਕ) ਹੈਂ, ਅਤੇ ਸਭ ਨੂੰ ਨਾਸ ਕਰਨ ਦੀ ਸ਼ਕਤੀ ਰਖਦਾ ਹੈਂ।
Even Your great enemies cannot win You. You are the Master of the people and

can destroy them.

ਅਨ ਗਨ ਪ੍ਰਨਾਮ ॥ ਮੁਨਿ ਮਨਿ ਸਲਾਮ ॥
Ann gann pr;anaam / munne manne salaam
ਅਣਗਿਣਤ ਪਰਣਾਮ ਕਰਦੇ ਹਨ ਤੈਨੂੰ। ਰਿਸ਼ੀ ਮਨ ਅੰਦਰ ਤੈਨੂੰ ਸਲਾਮ (ਪਰਣਾਮ) ਕਰਦੇ ਹਨ।
Numberless bow to You. Silent-saints bow to You in their hearts (Minds).

ਹਰਿ ਨਰ ਅਖੰਡ ॥ ਬਰ ਨਰ ਅਮੰਡ ॥੧੬੨॥
Harr-e narr akhan:d / Barr narr aman:d
ਨਰਸਿੰਘ ਸਰੂਪ, ਸੰਪੂਰਨ ਹੈਂ (ਸਰੇਸ਼ਠ, ਨਾਸ ਰਹਿਤ ਹੈਂ)। ਬਲਵਾਨ ਪੁਰਖ ਹੈਂ, ਕਿਸੇ ਸਜਾਵਟ ਦੀ ਲੋੜ ਨਹੀ ਤੈਨੂੰ।

ਹਰਿ ਨਰ – ਨਰਸਿੰਘ। ਹਰਿ, ਸ਼ੇਰ, ਤੇ ਨਰ ਦਾ ਅਰਥ ਹੈ ਮਨੁਖ। ਸ਼ੇਰਆਦਮੀ: ਮੂੰਹ–ਸਿਰ, ਬਾਹਵਾਂ ਸ਼ੇਰ ਦੀਆਂ, ਧੜ ਮਨੁਖ ਦਾ। ਇਹਨੇ ਭਗਤ ਪ੍ਰਹਿਲਾਦ ਦੇ ਪਿਤਾ ਹਰਨਾਖਸ਼ ਨੂੰ ਪਾੜ ਕੇ ਮਾਰ ਦਿੱਤਾ ਸੀ। ਇਹਦਾ ਅਰਥ ਪਰਮਾਤਮਾ, ਅਤੇ ਉੱਤਮ ਮਨੁਖ ਵੀ ਹੈ।
You are the Master of the people, You are Indestructible.

ਅਨਭਵ ਅਨਾਸ ॥ ਮੁਨਿ ਮਨਿ ਪ੍ਰਕਾਸ ॥
Anbhav anaas / munne manne pr;akaas
ਤੈਨੂੰ ਗਿਆਨ ਆਪਣੇ ਆਪ ਤੋਂ ਹੈ, ਅਤੇ ਨਾਸ ਰਹਿਤ ਹੈਂ। ਤਪਸਵੀਆਂ ਦੇ ਮਨਾ ਵਿਚ ਪਰਕਾਸ਼ (ਗਿਆਨ) ਕਰਦਾ ਹੈਂ।
Your knowledge is from Your own Self (Self-Enlightened), and are Indestructible. You are the Source of Knowledge to the silent-saints.

ਗੁਨਿ ਗਨ ਪ੍ਰਨਾਮ ॥ ਜਲ ਥਲ ਮੁਦਾਮ ॥੧੬੩॥
Gunne gann pr;anaam / Jall thall mud.aam
ਸਾਰੇ ਗੁਣਾ ਦੇ ਸਮੂਹ (ਖਜ਼ਾਨੇ) ਵਾਹਿਗੁਰੂ, ਤੈਨੂੰ ਪਰਣਾਮ ਹੈ। ਪਾਣੀ ਅਤੇ ਜ਼ਮੀਨ ਉੱਤੇ ਤੂੰ ਹਰ ਸਮੇ ਹੈਂ।
O God, the Treasure of Virtues, I bow to You. All the time You are there in the water and on land (Everywhere).

ਅਨਛਿੱਜ ਅੰਗ ॥ ਆਸਨ ਅਭੰਗ ॥
Anchhij an:g / Aasan abhan:g
ਤੇਰਾ ਸਰੂਪ (ਹਸਤੀ) ਘਸਦਾ: ਪੁਰਾਣਾ, ਨਹੀ ਹੁੰਦਾ। ਤਖਤ ਤੇਰਾ ਡੋਲਦਾ, ਟੁਟਦਾ, ਨਹੀ (ਅਟੱਲ ਹੈਂ)।
Your Being does not age - wear out, and get old. Your Seat is Immortal (You are Eternal).

ਉਪਮਾ ਅਪਾਰ ॥ ਗਤਿ ਮਿਤਿ ਉਦਾਰ ॥੧੬੪॥
Oupmaa apaar / Gat.t.e mit.t.e oud.aar
ਤੇਰੀ ਵਡਿਆਈ ਬੇਅੰਤ ਹੈ। ਤੇਰੀ ਅਵਸਥਾ (ਗਤੀ), ਅਤੇ ਮਾਪ (ਅੰਦਾਜ਼ਾ), ਬੜੀ ਵਿਸ਼ਾਲ (ਵੱਡੀ) ਗੱਲ ਹੈ ਬਿਆਨ ਕਰਨਾ।

Your Glory is Great. Your State is Indescribable.

ਜਲ ਥਲ ਅਮੰਡ ॥ ਦਿਸ ਵਿਸ ਅਭੰਡ ॥

Jall thall aman:d / D.is vis abhan:d

ਪਾਣੀ ਵਿਚ, ਜ਼ਮੀਨ ਤੇ, ਪੂਰੇ ਹੁਸਨ-ਜੋਬਨ ਵਿਚ ਹੈਂ (ਕਿਸੇ ਸਜਾਵਟ-ਸ਼ੰਗਾਰ ਦੀ ਲੋੜ ਨਹੀ ਤੈਨੂੰ)। ਹਰ ਦਿਸ਼ਾ ਅਤੇ ਉਪ-ਦਿਸ਼ਾ (ਕੋਨੇ), ਤੈਨੂੰ ਕੋਈ ਭੰਡ ਨਹੀ ਸਕਦਾ। (ਅਭੰਡ - ਇਹਦਾ ਅਰਥ, ਔਰਤ ਤੋਂ ਨਾ ਜਨਮਿਆ, ਵੀ ਹੈ)।

In the water or on land, Your Glory is Great. In all directions, there is none who can belittle, You.

ਜਲ ਥਲ ਮਹੰਤ ॥ ਦਿਸ ਵਿਸ ਬਿਅੰਤ ॥੧੬੫॥

Jall thall mahan:t. / D.is vis be-an:t.

ਪਾਣੀ, ਧਰਤੀ ਉੱਤੇ (ਹਰ ਪਾਸੇ) ਤੂੰ ਸਭ ਤੋਂ ਵੱਡਾ ਹੈਂ। ਹਰ ਪਾਸੇ ਤੂੰ ਬੇਅੰਤ ਹੈਂ।

You are the Greatest in the water or on Land. In all directions, Unlimited: Supreme, You are.

ਅਨਭਵ ਅਨਾਸ ॥ ਧ੍ਰਿਤਧਰ ਧੁਰਾਸ ॥

Anbhav anaas / Dh:r;it. dh:ar dh:uraas

ਤੈਨੂੰ ਸਾਰਾ ਗਿਆਨ ਆਪਣੇ ਤੋਂ ਹੀ ਹੈ, ਤੂੰ ਨਾਸ ਰਹਿਤ ਹੈਂ। ਧੀਰਜ ਵਾਲਾ, ਧਰਤੀ ਦਾ ਧਰ: ਆਸਰਾ, ਹੈਂ (ਧਰਤੀ ਦਾ ਸਰਦਾਰ ਹੈਂ)।

You are Self-Enlightened, Indestructible. You are top in patience, and are center and support of the earth (Support of the living beings).

ਆਜਾਨ ਬਾਹੁ ॥ ਏਕੈ ਸਦਾਹੁ ॥੧੬੬॥

Aajaan bahu / aekaae sad.aahu

ਰਚਨਾ ਦੇ ਵਸੀਲੇ ਵਾਹੁਣ ਵਾਲਾ ਹੈਂ (ਰਚਨਾ ਤੇਰੇ ਵੱਸ ਹੈ, ਤੂੰ ਇਹਨੂੰ ਸਭ ਕੁਝ ਦਿੰਦਾ ਹੈਂ)। ਇਕ ਤੂੰ ਹੀ ਹੈਂ ਸਦਾ।

You provide and control the Creation, and are Immortal.

ੳਅੰਕਾਰ ਆਦਿ ॥ ਕਥਨੀ ਅਨਾਦਿ ॥

Oan:kaar aad.e / Kathnee anaad.e

ਵਾਹਿਗੁਰੂ, ਇਕ ਸਾਰ ਸਾਰੇ ਵਰਤ ਰਿਹਾ ਹੈਂ, ਤੂੰ ਮੁਢ ਤੋਂ ਹੈਂ (ਸਭ ਦਾ ਮੂਲ)। ਬਿਆਨ ਕੀਤਿਆਂ ਵੀ ਤੂੰ ਸ਼ੁਰੂ-ਰਹਿਤ ਹੈਂ: ਤੇਰਾ ਸ਼ੁਰੂ ਲਭ ਨਹੀ ਸਕਦਾ।

ਜੱਦ ਤੋਂ ਸਮੇ ਦਾ ਪਤਾ ਹੈ, ਤੱਦ ਤੋਂ ਹੀ ਤੇਰੇ ਸ਼ੁਰੂ ਹੋਣ ਬਾਰੇ ਬਿਆਨ ਕੀਤਾ: ਦੱਸਿਆ, ਜਾ ਰਿਹਾ ਹੈ, ਭਰ ਕੋਈ ਦੱਸ ਨਹੀ ਸਕਦਾ।

You are the Beginning of all (Pervading all over right from the beginning). No one can tell about Your Beginning.

ਖਲ ਖੰਡ ਖਿਆਲ ॥ ਗੁਰ ਬਰ ਅਕਾਲ ॥੧੬੭॥

Khall khan:d kheaal / Gurbar akaal

ਦੁਸ਼ਟ: ਜ਼ਾਲਮ, ਦਾ ਨਾਸ ਖਿਆਲ (ਫੁਰਨੇ, ਪੱਲ) ਭਰ ਵਿਚ ਕਰ ਦਿੰਦਾ ਹੈਂ। ਗੁਰੂ ਹੈਂ ਵਰ: ਮਹਾਨ, ਸਭ ਤੋਂ ਵੱਡਾ, ਤੂੰ ਵਕਤ ਤੋਂ ਉੱਪਰ ਹੈਂ (ਤੈਨੂੰ ਮੌਤ ਨਹੀ)।

You destroy the evil ones just by thought (in a moment). You are very powerful (Mighty), and not bound by the time (Deathless).

ਘਰ ਘਰਿ ਪ੍ਨਾਮ ॥ ਚਿਤ ਚਰਨ ਨਾਮ ॥

Ghar ghar-e pr;anaam / Chit. charan naam

ਘਰ ਘਰ ਵਿਚ ਤੈਨੂੰ ਨਮਸਕਾਰ ਕੀਤੀ ਜਾਂਦੀ ਹੈ। ਹਰ ਚਿਤ ਵਿਚ ਤੇਰੇ ਚਰਨ ਤੇ ਨਾਮ (ਤੂੰ) ਵੱਸਦੇ ਹਨ।

You are worshipped in every house (Everywhere). You are there in every heart.

ਅਨਛਿੱਜ ਗਾਤ ॥ ਆਜਿਜ ਨ ਬਾਤ ॥੧੬੮॥

Anchhij gaat. / Aajij naa baat.

ਪੁਰਾਣਾ ਨਹੀ ਹੁੰਦਾ ਤੇਰਾ ਸਰੂਪ (ਤੇਰੀ ਗਤੀ, ਹੋਂਦ)। ਤੂੰ ਆਜਿਜ਼ (ਮੁਹਤਾਜ) ਨਹੀ ਕਿਸੇ ਗੱਲੇ।

You don’t get worn out (Old). You do not become dependent on anyone.

ਅਨਝੰਝ ਗਾਤ ॥ ਅਨਰੰਜ ਬਾਤ ॥

Anjhan:j gaat. / Anran:j baat.

ਝੰਜਟਾਂ ਤੋਂ ਇਕ ਪਾਸੇ ਹੈ ਤੇਰੀ ਹੋਂਦ (ਸਰੂਪ)। ਗ਼ੁੱਸੇ ਤੋਂ ਬਿਨਾ ਤੇਰੀਆਂ ਗੱਲਾਂ ਹਨ।

You are above the worldly problems. Your working is anger-free.

ਅਨਟੁਟ ਭੰਡਾਰ ॥ ਅਨਠਟ ਅਪਾਰ ॥੧੬੯॥

Antut bhan:daar / Anth:at apaar

ਤੇਰੇ ਭੰਡਾਰੇ ਮੁੱਕਦੇ ਨਹੀ। ਤੈਨੂੰ ਕੋਈ ਟਿਕਾ, (ਥਾਪ, ਮੂਰਤੀ ਵਾਂਙ) ਨਹੀ ਸਕਦਾ, ਤੂੰ ਬੇਅੰਤ ਹੈਂ।

Your Provisions are endless. No one can fix You at one spot, You are everywhere (All Pervading).

ਆਡੀਠ ਧਰਮ ॥ ਅਤਿ ਢੀਠ ਕਰਮ ॥

An:deeth: dh:aram / At.t.e dheeth: karam

ਤੇਰਾ ਆਪਣੇ ਫ਼ਰਜ਼ਾਂ ਨੂੰ ਪੂਰਾ ਕਰਨਾ ਕਿਸੇ ਹੋਰ ਵਿਚ ਨਹੀ (ਮਿਸਾਲ ਨਹੀ)। ਬੜੇ ਦਲੇਰੀ ਵਾਲੇ ਹਨ ਕੰਮ ਤੇਰੇ (ਜਗਤ ਦੀ ਸੰਭਾਲ ਬੜੇ ਧਿਆਨ ਨਾਲ ਕਰਦਾ ਹੈਂ)।

In Your Dharma (Discipline, ethics, righteousness) none equals You. You work very boldly (Control the Creation boldly).

ਅਣਬ੍ਰਣ ਅਨੰਤ ॥ ਦਾਤਾ ਮਹੰਤ ॥੧੭੦॥

An.br;an. anan:t. / D.aat.aa mahan:t.

ਤੇਰੇ ਉੱਤੇ ਚੋਟ ਨਹੀ ਹੋ ਸਕਦੀ – ਕੋਈ ਤੈਨੂੰ ਨੁਕਸਾਨ ਨਹੀ ਪਹੁੰਚਾ ਸਕਦਾ, ਬੇਅੰਤ ਹੈਂ। ਤੂੰ ਦਾਨੀ ਹੈਂ ਸਭ ਤੋਂ ਵੱਡਾ।

ਅਣਬ੍ਰਣ- ਅਨਵਰਣ: ਤੇਰੇ ਤੇ ਕੋਈ ਵਾਰ ਨਹੀ ਕਰ ਸਕਦਾ। ਇਹਦਾ ਅਰਥ, ਰੰਗ-ਰੂਪ ਰਹਿਤ ਵੀ ਕਰਦੇ ਹਨ।
None can hurt You, You are Limitless. You are a Great Giver.

ਹਰਿਬੋਲਮਨਾ ਛੰਦ ॥ ਤ੍ਵ ਪ੍ਰਸਾਦਿ ॥
Har-e-bolmanaa chhand. / T.av pr;asaad.
ਹਰਬੋਲਮਨਾ ਛੰਦ। ਤੇਰੀ ਕਿਰਪਾ ਦੇ ਨਾਲ ਉਚਾਰਿਆ।
Harbolmanaa Chhand, composed by Your Grace.

ਕਰੁਣਾਲਯ ਹੈਂ ॥ ਅਰਿ ਘਾਲਯ ਹੈਂ ॥
Karun.aalya haaen' / Arr-e ghaalya haaen'
ਤੂੰ ਦਿਆ ਦਾ ਘਰ ਹੈਂ। ਦੁਸ਼ਮਣ ਦਾ ਨਾਸ ਕਰਨ ਵਾਲਾ ਹੈਂ।
You are Kind. You destroy the enemy.

ਖਲ ਖੰਡਨ ਹੈਂ ॥ ਮਹਿ ਮੰਡਨ ਹੈਂ ॥੧੭੧॥
Khall khan:dan: haaen' / Mahe man:dan haaen'
ਦੁਸ਼ਟ ਖਤਮ ਕਰਨ ਵਾਲਾ ਹੈਂ। ਧਰਤੀ ਸ਼ੰਗਾਰਣ ਸਵਾਰਣ ਵਾਲਾ ਹੈਂ।
You destroy the evil doers. You beautify (Glorify) the earth.

ਜਗਤੇਸ੍ਵਰ ਹੈਂ ॥ ਪਰਮੇਸ੍ਵਰ ਹੈਂ ॥
Jagt.aesv;ar haaen' / Parmaesv;ar haaen'
ਜਗਤ ਦਾ ਈਸ਼ਵਰ: ਮਾਲਿਕ, ਹੈਂ। ਤੂੰ ਪਰਮ ਈਸ਼ਵਰ (ਮਹਾਨ ਮਾਲਿਕ) ਹੈਂ।
You are the Master of the universe. You are the Great Master.

ਕਲਿ ਕਾਰਣ ਹੈਂ ॥ ਸਰਬ ਉਬਾਰਣ ਹੈਂ ॥੧੭੨॥
Kall-e kaaran. haaen' / Sarab oubaaran. haaen'
ਕਲਾ (ਕਲੇਸ਼) ਦਾ ਕਾਰਣ ਤੂੰ ਹੈਂ (ਕਲਾ-ਕਲੇਸ਼ ਤੇਰੇ ਵੱਸ, ਤੇਰੇ ਹੁਕਮ ਦੇ ਨਾਲ ਹਨ)। ਸਭ ਨੂੰ ਉਬਾਰਦਾ (ਬਚਾਉਂਦਾ) ਵੀ ਤੂੰ ਹੈਂ।
You are the Trouble-Maker - All troubles are by Your Will - under Your Control. As well, You are the Protector of all.

ਧ੍ਰਿਤ ਕੇ ਧਰਣ ਹੈਂ ॥ ਜਗ ਕੇ ਕਰਣ ਹੈਂ ॥
Dh:r;it. kae dha:r;an. haen' / Jagg kae karan. haaen'
ਧਰਤੀ ਦਾ ਆਸਰਾ ਤੂੰ ਹੈਂ। ਜਗਤ ਦੇ ਬਣਾਉਣ ਵਾਲਾ ਹੈਂ।
You are the Support of the world, and the Creator of the universe.

ਮਨ ਮਾਨਿਯ ਹੈਂ ॥ ਜਗ ਜਾਨਿਯ ਹੈਂ ॥੧੭੩॥
Mann maaneya haaen' / Jagg janeya haaen'
ਸਭ ਮਨਾਂ ਦਾ ਮਾਣਨ ਯੋਗ ਹੈਂ। ਜਗਤ ਦਾ ਜਾਣਨ ਯੋਗ ਹੈਂ।

In all the hearts, You are worshipped. In whole of the world, everyone knows You.

ਸਰਬੰ ਭਰ ਹੈਂ ॥ ਸਰਬੰ ਕਰ ਹੈਂ ॥
Sarban: bharr haaen’ / Saraban: karr haaaen’
ਸਭਨਾ ਨੂ ਪਾਲਣ ਵਾਲਾ ਹੈਂ। ਸਭਨਾ ਨੂੰ ਰਚਣ ਵਾਲਾ ਹੈਂ।
You are Sustainer, and the Creator of all.

ਸਰਬ ਪਾਸਿਯ ਹੈਂ ॥ ਸਰਬ ਨਾਸਿਯ ਹੈਂ ॥੧੭੪॥
Sarab paaseya haaen’ / Sarab naaseya haaen’
ਸਭ ਦੇ ਕੋਲ (ਨੇੜੇ) ਹੈਂ। ਸਭਨਾ ਨੂੰ ਮਾਰਣ ਵਾਲਾ ਹੈਂ।
You are close-by (Protector of) everyone, and as well You destroy all.

ਕਰੁਣਾਕਰ ਹੈਂ ॥ ਬਿਸ੍ਵੰਭਰ ਹੈਂ ॥
Karn.aakar haen’ / Bisv;an:bhar haaen’
ਦਿਆ ਦਾ ਸੋਮਾ ਹੈਂ। ਸਾਰੇ ਜਗਤ ਨੂੰ ਪਾਲਣ ਵਾਲਾ ਹੈਂ।
You are the Source of Kindness, and the Sustainer of the whole world.

ਸਰਬੇਸ੍ਵਰ ਹੈਂ ॥ ਜਗਤੇਸ੍ਵਰ ਹੈਂ ॥੧੭੫॥
Sarbaesv;ar haaen’ / Jagt.aesv;ar haaen’
ਸਭ ਕੁਝ ਦਾ ਈਸ਼ਵਰ (ਮਾਲਿਕ) ਹੈਂ। ਜਗਤ ਦਾ ਈਸ਼ਵਰ ਹੈਂ।
You are the Master of everyone, and of the whole world.

ਬ੍ਰਹਮੰਡਸ ਹੈਂ ॥ ਖਲ ਖੰਡਸ ਹੈਂ ॥
Br;ahmandas haaen’ / Khall khan:das haaen’
ਸੰਸਾਰ ਦਾ ਮਾਲਿਕ ਹੈਂ। ਦੁਸ਼ਟਾਂ ਦੇ ਟੋਟੇ ਕਰ ਦੇਣ ਵਾਲਾ ਹੈਂ।
You are the Master of the universe, and the Destroyer of the enemies.

ਪਰ ਤੇ ਪਰ ਹੈਂ ॥ ਕਰੁਣਾਕਰ ਹੈਂ ॥੧੭੬॥
Parr t.ae parr haaen’ / Karun.aakar haaen’
ਉੱਚੇ ਤੋਂ ਉੱਚਾ (ਵੱਡੇ ਤੋਂ ਵੱਡਾ) ਹੈਂ। ਤਰਸ (ਦਿਆ) ਦਾ ਸੋਮਾ ਹੈਂ।
You are the Greatest of the great, and the source of compassion (Kindness).

ਅਜਪਾ ਜਪ ਹੈਂ ॥ ਅਥਪਾ ਥਪ ਹੈਂ ॥
Ajappaa japp haaen’ / Athappaa thapp haaen’
ਜਾਪ ਤੋਂ ਅਜਪਾ: ਜਪਣ ਦੀ ਪਹੁੰਚ ਤੋਂ ਪਰ੍ਹੇ ਹੈਂ – ਤੂੰ ਸਹਿਜ–ਜਾਪ ਹੈਂ। ਤੂੰ ਥਾਪੇ ਜਾਣ ਤੋਂ ਅਥਪਾ ਹੈਂ – ਮੰਦਰ ਵਿਚ ਮੂਰਤੀ ਵਾਂਙ ਟਿਕਾਏ ਜਾਣ ਤੋਂ ਪਰ੍ਹੇ ਹੈਂ (ਤੈਨੂੰ ਕੋਈ ਥਾਪ ਨਹੀ ਸਕਦਾ)।।
You are an Effortless-Meditation - Beyond the reach of the recitation of Your Name even. You cannot be set (fixed to one place) - You are all over.

ਅਕ੍ਰਿਤਾ ਕ੍ਰਿਤ ਹੈਂ ॥ ਅਮ੍ਰਿਤਾ ਮ੍ਰਿਤ ਹੈਂ ॥੧੭੭॥
Akr;it.aa kr;it. haaen’ / Amr;it.aa mr;it haaen’
ਤੂੰ ਕ੍ਰਿਤ ਅਕ੍ਰਿਤ ਹੈਂ: ਤੈਨੂੰ ਮੂਰਤੀਮਾਨ (ਰਚਿਆ) ਨਹੀ ਜਾ ਸਕਦਾ। ਤੂੰ ਮ੍ਰਿਤ ਅਮ੍ਰਿਤ ਹੈਂ: ਤੂੰ ਅਮਰ – ਨਾ ਮਰਣ ਵਾਲਾ, ਹੈਂ।
No one can create You. You are beyond death.

ਅੰਮ੍ਰਿਤਾ ਮ੍ਰਿਤ ਹੈਂ ॥ ਕਰਣਾ ਕ੍ਰਿਤ ਹੈਂ ॥
Amr;it.aa mr;it haaen’ / Karn.aa kr;it. haaen’
ਮੌਤ ਤੋਂ ਨਾ ਮਰਣ ਵਾਲਾ: ਅਮਰ, ਹੈਂ। ਤਰਸ ਦੀ ਕ੍ਰਿਤ (ਮੂਰਤ) ਹੈਂ।
You are beyond death, and are Compassionate.

ਅਕ੍ਰਿਤਾ ਕ੍ਰਿਤ ਹੈਂ ॥ ਧਰਣੀ ਧ੍ਰਿਤ ਹੈਂ ॥੧੭੮॥
Akr;it.aa kr;it. haaen’ / Dh:arn.ee dh:rit. haaen’
ਤੂੰ ਨਾ ਬਣਾਏ ਜਾ ਸਕਣ ਵਾਲਾ, ਬਣਾਉਣ ਤੋਂ ਉੱਪਰ ਹੈਂ – ਕੋਈ ਤੇਰੀ ਰਚਨਾ ਨਹੀ ਕਰ ਸਕਦਾ। ਤੂੰ ਧਰਤੀ ਦਾ ਆਸਰਾ ਹੈਂ।
You are beyond creation, and the support of world.

ਅਮ੍ਰਿਤੇਸ੍ਵਰ ਹੈਂ ॥ ਪਰਮੇਸ੍ਵਰ ਹੈਂ ॥
Amr;it.aesv;ar haaen’ / Par;maesv;ar haaen’
ਅੰਮ੍ਰਿਤ ਦਾ ਸਵਾਮੀ ਹੈਂ (ਅਮ੍ਰਿਤ + ਈਸ਼ਵਰ ਹੈਂ) – ਜੀਵਾਂ ਦਾ ਸਦਾ ਜੀਂਵਦੇ ਰਹਿਣਾ ਤੇਰੇ ਵੱਸ ਹੈ। ਤੂੰ ਮਹਾਨ ਮਾਲਿਕ ਹੈਂ।
You are the Master of Immortality - You are not mortal. You are the Great Master.

ਅਕ੍ਰਿਤਾ ਕ੍ਰਿਤ ਹੈਂ ॥ ਅਮ੍ਰਿਤਾ ਮ੍ਰਿਤ ਹੈਂ ॥੧੭੯॥
Akr;it.aa kr;it. haaen’ / Amr;it.aa mr;it. haaen’
ਬਣਾ ਨਹੀ ਸਕਦਾ ਤੇਰੀ ਮੂਰਤ ਕੋਈ। ਤੈਨੂੰ ਮਾਰ ਨਹੀ ਸਕਦੀ ਮੌਤ: ਅਮਰ ਹੈਂ।
No one can create You. You are beyond death.

ਅਜਬਾ ਕ੍ਰਿਤ ਹੈਂ ॥ ਅਮ੍ਰਿਤਾ ਮ੍ਰਿਤ ਹੈਂ ॥
Ajabaa kri;t. haaen’ / Amr;it.aa mr;it haaen’
ਅਸਚਰਜ (ਕਮਾਲ ਦੀ) ਮੂਰਤ ਹੈਂ। ਮੌਤ ਤੈਨੂੰ ਮਾਰ ਨਹੀ ਸਕਦੀ: ਅਮਰ ਹੈਂ।
You are the Unique Creation. Death cannot touch You (You are Immortal).

ਨਰ ਨਾਇਕ ਹੈਂ ॥ ਖਲ ਘਾਇਕ ਹੈਂ ॥੧੮੦॥
Narr naa-ik haaen’ / Khall ghaa-ik haaen’
ਮਨੁਖਾਂ ਦਾ ਆਗੂ: ਮਾਲਿਕ, ਹੈਂ। ਦੁਸ਼ਟਾਂ ਨੂੰ ਮਾਰਣ ਵਾਲਾ ਹੈਂ।
You are the Master of the people, and Destroyer of the evil ones.

ਬਿਸ੍ੰਭਰ ਹੈਂ ॥ ਕਰੁਣਾਲਯ ਹੈਂ ॥
Bisv;an:bhar haae' / Kr;un.aalya haaen'
ਤੂੰ ਪਾਲਣ ਵਾਲਾ ਹੈਂ। ਤਰਸ ਦਾ ਘਰ ਹੈਂ।
You are Sustainer, and the Treasure of Compassion.

ਨ੍ਰਿਪ ਨਾਇਕ ਹੈਂ ॥ ਸਰਬ ਪਾਇਕ ਹੈਂ ॥੧੮੧॥
Nr;ip naa-ik haaen' / Sarab paa-ik haaen'
ਰਾਜਿਆਂ ਦਾ ਆਗੂ: ਮਾਲਿਕ ਹੈਂ। ਸਭ ਨੂੰ ਪਾਲਣ ਵਾਲਾ ਹੈਂ।
You are the Leader of kings, the Sustainer of all.

ਭਵ ਭੰਜਨ ਹੈਂ ॥ ਅਰਿ ਗੰਜਨ ਹੈਂ ॥
Bhav bhan:jan haaen' / Arr-e gan:jan haaen'
ਜਨਮ ਦੇ ਗੇੜ ਨੂੰ ਖਤਮ ਕਰਣ ਵਾਲਾ ਹੈਂ। ਵੈਰੀ ਨੂੰ ਹਰਾ ਦੇਣ ਵਾਲਾ ਹੈਂ।
You are the Liberator from the cycle of birth and death (from reincarnation), and the Destroyer of the enemies.

ਰਿਪੁ ਤਾਪਨ ਹੈਂ ॥ ਜਪੁ ਜਾਪਨ ਹੈਂ ॥੧੮੨॥
Ripu t.aapan haaen' / Jappu jaapan haaen'
ਵੈਰੀਆਂ ਨੂੰ ਤਪਾਉਣ (ਦੁਖ ਦੇਣ) ਵਾਲਾ ਹੈਂ। ਤੂੰ ਜਪਣ ਯੋਗ ਜਾਪ ਹੈਂ – ਆਪਣਾ ਜਾਪ ਕਰਾ ਦੇਣ ਵਾਲਾ ਤੂੰ ਆਪ ਹੀ ਹੈਂ।
You punish the enemies, and are the Mantra - the formula for recitation: Worshipful.

ਅਕਲੰ ਕ੍ਰਿਤ ਹੈਂ ॥ ਸਰਬਾ ਕ੍ਰਿਤ ਹੈਂ ॥
Aklan: kr;it haaen' / Sarba kr;it. haaen'
ਅਕਲੰਕ-ਮੂਰਤ: ਕਲੰਕ ਰਹਿਤ-ਦੋਸ਼ ਰਹਿਤ ਹੈਂ। ਸੰਪੂਰਨ ਸਰੂਪ: ਮੁਕੱਮਲ ਹਸਤੀ, ਹੈਂ।
None can defame You, and You are the Perfect Being.

ਕਰਤਾ ਕਰ ਹੈਂ ॥ ਹਰਤਾ ਹਰਿ ਹੈਂ ॥੧੮੩॥
Kart.aa karr haaen' / Hart.aa harr-e haaen'
ਸਭ ਰਚਨਾ ਕਰ ਦੇਣ ਵਾਲਾ (ਬਰਹਮਾ) ਹੈਂ। ਨਾਸ ਕਰ ਦੇਣ ਵਾਲਾ (ਸ਼ਿਵ ਜੀ) ਹੈਂ।
You are the Creator of the creator - Creator of Brahma, who is said to do creation. You are the Destroyer of the destroyer - Destroyer of Shiva - who is said to destroy this creation.

ਪਰਮਾਤਮ ਹੈਂ ॥ ਸਰਬਾਤਮ ਹੈਂ ॥
Parmaat.am haaen' / Sarab at.am haaen'
ਤੂੰ ਪਰਮ ਆਤਮਾ (ਸਭ ਤੋਂ ਉੱਚੀ ਆਤਮਾ) ਹੈਂ। ਸਭ ਦੀ ਆਤਮਾ-ਚੇਤਨ-ਸੱਤਾ, ਹੈਂ।
You are Supreme Soul, and the soul of everyone - consciousness of the souls.

ਆਤਮ ਬਸ ਹੈਂ ॥ ਜਸ ਕੇ ਜਸ ਹੈਂ ॥੧੮੪॥
Aat.am ba-ss haaen' / Jass kae jass haen'
ਤੂੰ ਵੱਸ ਹੈਂ ਆਪਣੇ ਆਪ ਦੇ। ਉੱਤਮ ਕੀਰਤੀ ਵਾਲਾ ਹੈਂ।
You are in the control of Your own Self, and are of the Supreme Glory.

ਭੁਜੰਗ ਪ੍ਰਯਾਤ ਛੰਦ ॥
Bhujan:g pr;yaat. chhand.
ਇਸ ਛੰਦ ਦਾ ਨਾਮ ਭੁਜੰਗ-ਪ੍ਰਯਾਤ ਹੈ।
This is Bhujag Pryaat Chhand.

ਨਮੋ ਸੂਰਜ ਸੂਰਜੇ ਨਮੋ ਚੰਦ੍ਰ ਚੰਦ੍ਰੇ ॥
Namo sooraj soorjae namo chan:d.r; chand.r;ay
ਨਮਸਕਾਰ ਹੈ ਸੂਰਜ ਨੂੰ ਰੋਸ਼ਨੀ: ਚਮਕ, ਦੇਣ ਵਾਲੇ, ਚੰਦਰਮਾ ਨੂੰ ਚਾਨਣੀ ਦੇਣ ਵਾਲੇ।
I bow to You the Sun of suns - the Giver of heat and light to the suns, and bow to You the Moon of moons - light and calmness of the moons.

ਨਮੋ ਰਾਜ ਰਾਜੇ ਨਮੋ ਇੰਦ੍ਰ ਇੰਦ੍ਰੇ ॥
Namo raaj raajae namo Ind.r; Ind.r;ae
ਨਮਸਕਾਰ ਹੈ ਰਾਜਿਆਂ ਦੇ ਮਹਾ ਰਾਜੇ, ਇੰਦਰ (ਦੇਵਤਿਆਂ ਦਾ ਰਾਜਾ) ਦੇ ਮਹਾਂ ਇੰਦਰ।
I bow to You the King of kings, and Indra of Indra (Indra is said to be the king of gods).

ਨਮੋ ਅੰਧਕਾਰੇ ਨਮੋ ਤੇਜ ਤੇਜੇ ॥
Namo andh:kaarae namo taej taejae
ਨਮਸਕਾਰ ਹੈ ਘੁੱਪ-ਹਨੇਰੇ, ਅਤੇ ਚਾਨਣ ਦੇ ਮਹਾਂ ਚਾਨਣ।
I bow to You the Darkness, and the Light of lights - I bow to You the Manifestation (Cause) of darkness and light.

ਨਮੋ ਬ੍ਰਿੰਦ ਬ੍ਰਿੰਦੇ ਨਮੋ ਬੀਜ ਬੀਜੇ ॥੧੮੫॥
Namo br;ind. br;ind.ae namo beej beejae
ਨਮਸਕਾਰ ਹੈ (ਜੀਵਾਂ ਦੇ) ਗਰੋਹਾਂ ਦੇ ਗਰੋਹ, ਅਤੇ ਇਹਨਾ ਦੇ ਬੀਜ-ਸਰੂਪ (ਸਿਮਟਿਆ ਹੋਇਆ ਰੂਪ - ਮੌਲਿਕਤਾ: ਵਧਣ-ਫੁਲਣ, ਦੀ ਸ਼ਕਤੀ)।
I bow to You the Congregation of congregations (Controller of the population), and the origin of all seeds (Power of seeds to grow and develop).

ਨਮੋ ਰਾਜਸੰ ਤਾਮਸੰ ਸਾਂਤ ਰੂਪੇ ॥
Namo raajsan: t.aamsan: saan't. roopae
ਨਮਸਕਾਰ ਹੈ ਰਜੋ ਗੁਣ, ਤਮੋ ਗੁਣ, ਅਤੇ ਸ਼ਾਂਤ (ਸਤੋ ਗੁਣ) ਵਾਲੇ।
ਰਜੋ - ਰਾਜਿਆਂ ਵਰਗੇ ਗੁਣ: ਤੇਜ਼ੀ, ਹਰਕਤ, ਉੱਦਮ। ਤਮੋ - ਹਨੇਰਾ ਤਥਾ ਕਮੀਨਿਆਂ ਵਰਗੇ ਗੁਣ। ਸਤੋ

– ਸ਼ਾਂਤੀ, ਸੰਤਾਂ ਵਰਗੇ ਗੁਣ। ਇਹ ਮਾਇਆ ਦੇ ਤਿਨ ਗੁਣ ਹਨ, ਜਗਤ ਇਹਨਾ ਦੇ ਵੱਸ ਹੈ। ਮਾਇਆ ਇਹਨਾ ਤਿਨ ਗੁਣਾ ਦਾ ਨਾਮ ਹੈ। ਇਹ ਤਿਨ ਗੁਣ ਮਾਇਆ ਦਾ ਸਰੂਪ ਹਨ।

I bow to You the three qualities of the world – purity: virtues; ego; and evilness: without viles.

ਨਮੋ ਪਰਮ ਤੱਤੰ ਅਤੱਤੰ ਸਰੂਪੇ ॥

Namo param t.at.t.an: at.at.t.an: saroopae

ਨਮਸਕਾਰ ਹੈ ਪਰਮ ਤੱਤ (ਪਰਮ ਆਤਮਾ), ਤੇਰਾ ਸਰੂਪ ਤੱਤ ਰਹਿਤ ਹੈ।

I bow to You the Supreme Essence, Elementless-Being (not made of five elements, Bodiless).

ਨਮੋ ਜੋਗ ਜੋਗੇ ਨਮੋ ਗਿਆਨ ਗਿਆਨੇ ॥

Namo jog jogae namo giaan giaanae

ਨਮਸਕਾਰ ਹੈ ਜੋਗੀਆਂ ਦੇ ਮਹਾਨ ਜੋਗੀ, ਅਤੇ ਗਿਆਨੀਆਂ ਦੇ ਮਹਾਨ ਗਿਆਨੀ।

I bow to You the Greatest of the Yogis, and a Great Intellectual Being - the Wise One.

ਨਮੋ ਮੰਤ੍ਰ ਮੰਤ੍ਰੇ ਨਮੋ ਧਿਆਨ ਧਿਆਨੇ ॥੧੯੬॥

Namo man:t.r; man:t.r;ae namo dh:iaan dh:iaanae

ਨਮਸਕਾਰ ਹੈ ਮੰਤਰਾਂ ਦੇ ਮਹਾਂ ਮੰਤਰ, ਅਤੇ ਮੰਤਰਾਂ ਉੱਤੇ ਧਿਆਨ ਟਿਕਾਉਣ ਦੇ ਮਹਾਂ ਧਿਆਨ।

I bow to You the Greatest of the Mantras - only Your Name is the formula for recitation. I bow to You Meditation of the meditations - You are the only object for meditation.

ਨਮੋ ਜੁਧ ਜੁਧੇ ਨਮੋ ਗਿਆਨ ਗਿਆਨੇ ॥

Namo judh: judh:ae namo giaan giaanae

ਨਮਸਕਾਰ ਹੈ ਜੁੱਧਾਂ ਦੇ ਮਹਾਨ ਜੁੱਧ, ਅਤੇ ਗਿਆਨਾਂ ਦੇ ਮਹਾਂ ਗਿਆਨ।

I bow to You the Greatest of the Wars (Fight against evils), and to the Highest Knowledge.

ਨਮੋ ਭੋਜ ਭੋਜੇ ਨਮੋ ਪਾਨ ਪਾਨੇ ॥

Namo bhoj bhojae namo paan paanae

ਨਮਸਕਾਰ ਹੈ ਭੋਜਨਾ ਦੇ ਉੱਤਮ ਭੋਜਨ, ਅਤੇ ਪੀਣ ਦੀਆਂ ਵਸਤਾਂ ਦੇ ਤੱਤ। (ਤੂੰ ਸਭ ਨੂੰ ਆਹਾਰ: ਜਲ–ਭੋਜਨ, ਬਖਸ਼ਦਾ ਹੈਂ)।

I bow to You the Food of foods, and the Drink of drinks (Source of foods, essence of drinks. The Sustainer of the world).

ਨਮੋ ਕਲਹ ਕਰਤਾ ਨਮੋ ਸਾਂਤ ਰੂਪੇ ॥
Namo kallah kart.aa namo saant. roopae
ਨਮਸਕਾਰ ਹੈ ਕਲੇਸ਼ (ਝਗੜਾ) ਦੇਣ ਵਾਲੇ, ਅਤੇ ਸ਼ਾਂਤੀ-ਸਰੂਪ ਨੂੰ।
I bow to You the Source of trouble (Discord, strife, are under Your Will), and the Peace Manifest (Embodiment of Peace).

ਨਮੋ ਇੰਦ੍ਰ ਇੰਦ੍ਰੇ ਅਨਾਦੰ ਬਿਭੂਤੇ ॥੧੯੭॥
Namo Indr; Indr;ae anaad.an bibhoot.ae
ਨਮਸਕਾਰ ਹੈ ਇੰਦਰ ਦੇ ਇੰਦਰ (ਦੇਵਤਿਆਂ ਦੇ ਰਾਜੇ ਦਾ ਰਾਜਾ), ਕਿ ਆਰੰਭ ਨਹੀ ਮਿਲਦਾ ਜਿਸ ਦੇ ਤੇਜ-ਪਰਤਾਪ ਦਾ।
I bow to You Indra of Indra - King of Indra, and to the Glory Without a Beginning. (Indra is the king of gods).

ਕਲੰਕਾਰ ਰੂਪੇ ਅਲੰਕਾਰ ਅਲੰਕੇ ॥
Kalan:kaar roopae alan:kaar alan:kae
ਕਲੰਕ (ਐਬ, ਬੁਰਾਈ) ਰਹਿਤ ਹੈ ਤੇਰਾ ਸਰੂਪ (ਹੋਂਦ), ਗਹਿਣਿਆਂ ਦਾ ਗਹਿਣਾਂ - ਬਹੁਤ ਸੁੰਦਰ, ਹੈਂ ਤੂੰ। (ਤੂੰ ਸੁੰਦਰਤਾ ਬਖਸ਼ਦਾ ਹੈਂ)।
You are the Spotless Being: the Ornament of ornaments - the Embodiment of Beauty.

ਨਮੋ ਆਸ ਆਸੇ ਨਮੋ ਬਾਂਕ ਬੰਕੇ ॥
Namo aas aasae namo baan:k ban:kae
ਨਮਾਕਾਰ ਹੈ ਆਸਾਂ ਉਮੀਦਾਂ ਦੇ ਆਸਰੇ, ਅਤੇ ਬਾਂਕਿਆਂ ਚੋਂ ਬਾਂਕੇ (ਛਬੀ ਵਾਲਾ ਸੁੰਦਰ)।
I bow to You Hope of the hopes, and to the Top Grace (Elegant, Most Beautiful).

ਅਭੰਗੀ ਸਰੂਪੇ ਅਨੰਗੀ ਅਨਾਮੇ ॥
Abhan:gee saroopae anan:gee anaamae
ਤੂੰ ਸਾਬਤ ਸੂਰਤ (ਨਾਸ ਰਹਿਤ) ਹੈਂ, ਤੂੰ ਅੰਗ ਰਹਿਤ (ਬਿਨਾ ਸਰੀਰ) ਹੈਂ, ਤੇਰਾ ਨਾਮ ਨਹੀ।
You are Indestructible, Bodiless, and Nameless.

ਤ੍ਰਿਭੰਗੀ ਤ੍ਰਿਕਾਲੇ ਅਨੰਗੀ ਅਕਾਮੇ ॥੧੯੮॥
T.r;ibhan:gee t.r;ikaalae ann:gee akaamae
ਤੂੰ ਤਿੰਨਾ ਨੂੰ (ਧਰਤੀ, ਆਕਾਸ਼, ਪਾਤਾਲ) ਨਾਸ ਕਰਨ ਵਾਲਾ ਹੈਂ, ਤਿੰਨੇ ਸਮੇ (ਭੂਤ, ਵਰਤਮਾਨ, ਭਵਿਖ - ਕੱਲ, ਅੱਜ, ਭਲਕੇ) ਕਾਇਮ ਹੈਂ, ਸਰੀਰ ਰਿਹਤ ਹੈਂ, ਕਾਮ (ਇਛਾਵਾਂ) ਰਹਿਤ ਹੈਂ।
ਸਭ ਅਸਥਾਨ ਅਤੇ ਸਮਾ ਤੇਰੇ ਹੁਕਮ ਵਿਚ: ਤੇਰੇ ਵੱਸ ਹਨ।
You are the Destroyer of the three worlds. You are there in the present, past, and future (Exist at all the times). You are Bodiless, and Desireless.

ਏਕ ਅਛਰੀ ਛੰਦ ॥

Aek Achhree Chhand.

ਛੰਦ ਦਾ ਨਾਮ ਹੈ। (ਇਕ ਇਕ ਅਖਰ ਵਾਲਾ ਛੰਦ)।

This is the name of Chhand (Style of poetry named Aek-Achhree - word by word).

ਅਜੈ ॥ ਅਲੈ ॥ ਅਭੈ ॥ ਅਬੈ ॥੧੮੯॥

Ajaae / Alaae / Abhaae / Abaae

ਤੈਨੂੰ ਕੋਈ ਜਿਤ ਨਹੀ ਸਕਦਾ। ਤੂੰ ਨਾਸ ਨਹੀ ਹੁੰਦਾ। ਨਿਡਰ ਹੈਂ। ਤੈਨੂੰ ਮੌਤ (ਤਬਦੀਲੀ) ਨਹੀ।

Nobody can conquer You, You do not get destroyed, You are Fearless, and You do not change.

ਅਭੂ ॥ ਅਜੂ ॥ ਅਨਾਸ ॥ ਅਕਾਸ ॥੧੯੦॥

Abhoo / Ajoo / Anaas / Akaas

ਤੈਨੂੰ ਜਨਮ ਨਹੀ। ਥਿਰ ਹੈਂ: ਟਿਕਾਉ ਵਿਚ ਹੈਂ। ਤੂੰ ਨਾਸ ਨਹੀ ਹੁੰਦਾ। ਸਾਰੇ ਛਾਇਆ ਹੋਇਆ ਹੈਂ।
(ਅਭੂ – ਜਨਮਦਾ ਨਹੀ। ਅਭੂਤ – ਤੱਤਾਂ ਤੋਂ ਰਹਿਤ ਹੈ। ਅਜੂ – ਅਚੱਲ ਜਾਂ ਅਜਨਮ)।

You do not get born, exist constantly, are above destruction, and are All-Pervading.

ਅਗੰਜ ॥ ਅਭੰਜ ॥ ਅਲੱਖ ॥ ਅਭੱਖ ॥੧੯੧॥

Agan:j / Abhan:j / Alakh / Abhakh

ਤੈਨੂੰ ਕੋਈ ਜਿਤ ਨਹੀ ਸਕਦਾ। ਤੈਨੂੰ ਕੋਈ ਤੋੜ:ਨਾਸ, ਨਹੀ ਕਰ ਸਕਦਾ। ਤੂੰ ਦਿਸਦਾ ਨਹੀ। ਤੈਨੂੰ ਕਿਸੇ ਖੁਰਾਕ ਦੀ ਲੋੜ ਨਹੀ।

None can win You, no one can harm You, You are invisible, You don’t need any food - Sustenance.

ਅਕਾਲ ॥ ਦਿਆਲ ॥ ਅਲੇਖ ॥ ਅਭੇਖ ॥੧੯੨॥

Akaal / D.iaal / Alaekh / Abhaekh

ਤੂੰ ਮੌਤ ਤੋਂ ਪਰ੍ਹੇ ਹੈਂ। ਦਿਆਲੂ ਹੈਂ। ਲਿਖਣ ਵਿਚ ਨਹੀ ਆ ਸਕਦਾ। ਵੇਸ ਰਹਿਤ ਹੈਂ।

You are above death, are kind, You cannot be described, and are free from any dress - appearance.

ਅਨਾਮ ॥ ਅਕਾਮ ॥ ਅਗਾਹ ॥ ਅਢਾਹ ॥੧੯੩॥

Anaam / Akaam / Agaah / Adhaah

ਨਾਮ ਰਹਿਤ ਹੈਂ। ਕਾਮਨਾ: ਇੱਛਾ, ਰਹਿਤ ਹੈਂ। ਅਥਾਹ ਹੈਂ: ਬੇਅੰਤ। ਢਾਇਆ: ਡੇਗਿਆ, ਨਹੀ ਜਾ ਸਕਦਾ।

You are Nameless, Desireless, Immeasurable - Limitless, Indestructible.

ਅਨਾਥੇ ॥ ਪ੍ਰਮਾਥੇ ॥ ਅਜੋਨੀ ॥ ਅਮੋਨੀ ॥੧੯੪॥
Anaathae / Pr;amaathae / Ajonee / Amonee
ਤੇਰੇ ਉੱਤੇ ਕੋਈ ਹੋਰ ਤੇਰਾ ਮਾਲਿਕ ਨਹੀ। ਸਭ ਮਥਨ (ਨਾਸ) ਕਰਨ ਵਾਲਾ ਹੈਂ। ਤੂੰ ਜਨਮ ਵਿਚ ਨਹੀ ਆਉਂਦਾ। ਤੂੰ ਚੁੱਪ ਧਾਰੀ ਨਹੀ ਹੈਂ।
There is no Master above You, You are the Destroyer, free from birth, and You do not observe the silence – You are not like silent saints (Are active).

ਨ ਰਾਗੇ ॥ ਨ ਰੰਗੇ ॥ ਨ ਰੂਪੇ ॥ ਨ ਰੇਖੇ ॥੧੯੫॥
Naa raagae / Naa ran:gae / Naa roopae / Naa raekhae
ਤੈਨੂੰ ਮੋਹ ਨਹੀ। ਤੇਰਾ ਰੰਗ ਨਹੀ। ਰੂਪ ਨਹੀ। ਰੇਖਾ: ਚਿਨ੍ਹ, ਨਹੀ (ਚਿਹਰਾ-ਮਿਹਰਾ ਨਹੀ)।
You are free from attachments, colorless, and above form or appearance.

ਅਕਰਮੰ ॥ ਅਭਰਮੰ ॥ ਅਗੰਜੇ ॥ ਅਲੇਖੇ ॥੧੯੬॥
Akarman: / Abharman: / Agan:jae / Alaekhae
ਤੂੰ ਕਰਮਾਂ (ਸੰਸਾਰ ਅਤੇ ਧਰਮ ਦੇ ਕੰਮ) ਤੋਂ ਉੱਪਰ ਹੈਂ। ਤੈਨੂੰ ਕੋਈ ਸ਼ੱਕ-ਸ਼ੁਭਾ ਨਹੀ – ਤੈਨੂੰ ਆਪਣੇ ਆਪ ਤੇ ਵਿਸ਼ਵਾਸ ਹੈ। ਤੈਨੂੰ ਕੋਈ ਜਿਤ ਨਹੀ ਸਕਦਾ। ਤੂੰ ਲੇਖਾਂ (ਕਰਮਾਂ, ਮੱਥੇ ਦੇ ਲੇਖਾਂ) ਵਿਚ ਨਹੀ ਆਉਂਦਾ।
You are above actions: deeds, You have no doubts (about Yourself - are decisive - resolute), none can win You, You are not effected by destiny.

ਭੁਜੰਗ ਪ੍ਰਯਾਤ ਛੰਦ ॥
Bhujan:g pr;ayaat. chhand.
ਛੰਦ ਦਾ ਨਾਮ ਭੁਜੰਗ ਪ੍ਰਯਾਤ ਹੈ।
Name of this Chhand is Bhujag Priyaat

ਨਮਸਤੁਲ ਪ੍ਰਣਾਮੇ ਸਮਸਤੁਲ ਪ੍ਰਣਾਸੇ ॥
Namast.ul pr;aamae samast.ul pr;n.aasae
ਨਮਸਕਾਰ ਕਰਣ ਜੋਗ ਨੂੰ ਨਮਸਕਾਰ, ਸਭਨਾ ਨੂੰ ਮਿਟਾ ਦੇਣਾ ਜਿਸ ਦੇ ਹਥ ਵੱਸ ਹੈ।
I bow to the Venerable, the Destroyer of everything.

ਅਗੰਜੁਲ ਅਨਾਮੇ ਸਮਸਤੁਲ ਨਿਵਾਸੇ ॥
Agan:jul anaamae samast.ul nivaasae
ਤੂੰ ਜਿਤਿਆ ਨਹੀ ਜਾ ਸਕਦਾ ਨਾਮ-ਰਹਿਤ (ਪਰਮਾਤਮਾ), ਅਤੇ ਸਾਰਿਆਂ ਦੇ ਵਿਚ ਰਹਿੰਦਾ ਹੈ।
No one can win You the Nameless, You exist in everyone.

ਨ੍ਰਿਕਾਮੰ ਬਿਭੂਤੇ ਸਮਸਤੁਲ ਸਰੂਪੇ ॥
Nr;ikaaman: bibhoot.ae smast.ul saroopae
ਕਾਮਨਾ (ਇੱਛਾ) ਰਹਿਤ ਹੈ ਉਹ ਕਿ ਜਿਸਦਾ ਸਭ ਤੇਜ-ਪਰਤਾਪ ਹੈ, ਅਤੇ ਉਹ ਸਭਨਾ ਦਾ ਸਰੂਪ ਹੈ – ਸਭ ਉਹਦਾ ਰੂਪ ਹਨ।
Your are free from the desire for Glory, and You are the Form of all.

ਕੁਕਰਮੰ ਪ੍ਰਣਾਸੀ ਸੁਧਰਮੰ ਬਿਭੂਤੇ ॥੧੯੭॥
Kukarman: pr;n.aasee sudh:arman: bibhoot.ae
ਉਹ ਕੁਕਰਮੀਆਂ (ਬੁਰਿਆਂ) ਨੂੰ ਖਤਮ ਕਰਦਾ ਹੈ, ਧਰਮ ਕਮਾਉਣਾ (ਫ਼ਰਜ਼ ਪਛਾਣਨਾ) ਉਹਦਾ ਤੇਜ-ਪਰਤਾਪ ਹੈ।
He destroys the evils (Sins). His Dharma (Right-discipline, principles) is His Glory.

ਸਦਾ ਸੱਚਿਦਾਨੰਦ ਸੱਤ੍ਰੰ ਪ੍ਰਣਾਸੀ ॥
Sad.aa sached.aa-nan:d. sat.t.r;an: pr;n.aasee
ਉਹ ਸਦਾ ਹੀ ਸੱਤ-ਚਿਤ-ਆਨੰਦ ਹੈ, ਅਤੇ ਵੈਰੀਆਂ ਨੂੰ ਨਾਸ ਕਰਨ ਵਾਲਾ ਹੈ।
ਸੱਚਿਦਾਨੰਦ: ਸੱਤ, ਚਿਤ, ਆਨੰਦ - ਵਾਹਿਗੁਰੂ। ਸੱਤ - ਹਸਤੀ, ਕਿ ਜੋ ਸਚ ਹੈ। ਚਿਤ - ਚੇਤੰਨ, ਪੂਰੇ ਗਿਆਨ ਵਾਲਾ, ਜੋ ਸਭ ਕੁਝ ਜਾਣਦਾ ਹੈ। ਆਨੰਦ - ਆਨੰਦ ਸਰੂਪ, ਜੋ ਸਦਾ ਖਿੜਾਉ, ਖੁਸ਼ੀ ਵਿਚ ਰਹਿੰਦਾ ਹੈ)।
You are ever the Truth (Ever Existent, Immortal), Consciousness (All Knowing), Bliss (Joy), and the Destroyer of Enemies.

ਕਰੀਮੁਲ ਕੁਨਿੰਦਾ ਸਮਸਤੁਲ ਨਿਵਾਸੀ ॥
Kareemul kunin:d.aa samast.ul nivaasee
ਤੂੰ ਬਖਸ਼ਿਸ਼ ਕਰਨ ਵਾਲਾ ਹੈਂ, ਸਭਨਾ ਵਿਚ ਤੇਰਾ ਟਿਕਾਣਾ ਹੈ।
You are ever Kind, and are there in everyone.

ਅਜਾਇਬ ਬਿਭੂਤੇ ਗਜਾਇਬ ਗਨੀਮੇ ॥
Ajaaib bibhoot.ae gajaaib ganeemae
ਅਜੀਬ (ਅਦਭੁਤ, ਅਸਚਰਜ) ਤੇਰਾ ਤੇਜ-ਪਰਤਾਪ ਹੈ, ਗਜ਼ਬ (ਕਹਿਰ) ਢਾਹੁੰਦਾ ਹੈਂ ਦੁਸ਼ਮਣਾ (ਦੋਖੀਆਂ) ਉੱਤੇ।
Your Glory is unique, You punish the evil doers (Tyrants).

ਹਰੀਅੰ ਕਰੀਅੰ ਕਰੀਮੁਲ ਰਹੀਮੇ ॥੧੯੮॥
Hareean: kareean: kareemul raheemae
ਹਰੀ (ਹਰਾਉਣ: ਜਿਤ ਲੈਣ, ਨਾਸ ਕਰਨ ਵਾਲਾ) ਹੈਂ, ਕਿਰਪਾ ਭਰਿਆ ਰਹਿਮ ਕਰਨ ਵਾਲਾ ਹੈਂ।
You are the Destroyer, and as well compassionate and kind.

ਚੱਤ੍ਰ ਚੱਕ੍ਰ ਵਰਤੀ ਚੱਤ੍ਰ ਚੱਕ੍ਰ ਭੁਗਤੇ ॥
Chat.t.r; chakkr; vart.ee chat.t.r; chakkar; bhugt.ae
ਚਹੁੰ ਪਾਸੀਂ (ਸਾਰੀ ਰਚਨਾ ਵਿਚ) ਮੌਜੂਦ ਹੈਂ, ਚਾਰੋਂ ਪਾਸੇ ਭੋਗਦਾ ਹੈਂ - ਆਨੰਦ ਮਾਣਦਾ ਹੈਂ, ਤੇਰਾ ਹੁਕਮ ਚੱਲਦਾ ਹੈ, ਰਾਜ ਕਰਦਾ ਹੈਂ।
You exist in all directions (in Creation), and You are the Enjoyer of it – Creation, everywhere.

ਸੁਯੰਭਵ ਸੁਭੰ ਸਰਬਦਾ ਸਰਬ ਜੁਗਤੇ ॥
Suyan:bhav subhan: sarbd.aa sarb jugt.ae
ਆਪਣੇ ਆਪ ਤੋਂ ਪਰਗਟਿਆ ਹੈਂ, ਸ਼ੁਭ (ਸੁੰਦਰ) ਹੈਂ, ਸਦਾ ਹੀ ਸਭ ਵਿਚ ਸੰਜੁਗਤ (ਮਿਲਿਆ ਹੋਇਆ) ਹੈਂ।
You are Self-Created, a Beauty, and are always one with His Creation.

ਦੁਕਾਲੰ ਪ੍ਰਣਾਸੀ ਦਿਆਲੰ ਸਰੂਪੇ ॥
D.ukaalan: pr;n.aasee d.iyaalan: saroopae
ਦੋਨੋ ਕਾਲ (ਦੋਨੋ ਵੇਲੇ: ਮਰਣ ਅਤੇ ਜਨਮ ਦਾ ਦੁਖ) ਕੱਟਣ ਵਾਲਾ ਹੈਂ, ਤੂੰ ਕਿਰਪਾ-ਸਰੂਪ: ਕਿਰਪਾਲੂ, ਹੈਂ।
You liberate from the pain of birth and death, and are the Kind Being.

ਸਦਾ ਅੰਗ ਸੰਗੇ ਅਭੰਗੰ ਬਿਭੂਤੇ ॥੧੯੯॥
Sad.aa an:g san:gae abhan:gan: bibhoot.ae
ਤੂੰ ਹਮੇਸ਼ਾ ਅੰਗ ਸੰਗ (ਨਾਲ) ਹੈਂ, ਨਾਸ ਨਹੀ ਹੁੰਦਾ ਤੇਰਾ ਤੇਜ-ਪਰਤਾਪ।
He is always with everyone, and is of the Immortal Glory.

ੴ ਵਾਹਿਗੁਰੂ ਜੀ ਕੀ ਫਤਹ ॥
ਪਾਤਿਸ਼ਾਹੀ ੧੦॥

ਤ੍ਵ ਪ੍ਰਸਾਦਿ ਸਵੱਯੇ

ਸਰਬ ਵਿਆਪਿਕ, ਸਰਬ ਸ਼ਕਤੀਮਾਨ, ਵਾਹਿਗੁਰੂ ਜੀ ਦੀ ਫ਼ਤਿਹ।
ਸਵੱਯੇ, ਤੁਹਾਡੀ ਕਿਰਪਾ ਦੇ ਨਾਲ ਲਿਖੇ । ਪਾਤਿਸ਼ਾਹੀ ਦੱਸਵੀਂ।
Ik-Oankaar Vaaheguroo jee kee Fateh / Paat.shaahee 10.

T.AV PARSAAD. SVAYAE

Victory to the All Pervading God, Who is everywhere.
This style of the poetry written by His Grace. Tenth Guru.

ਸ੍ਰਾਵਗ ਸੁੱਧ ਸਮੂਹ ਸਿਧਾਨ ਕੇ ਦੇਖਿ ਫਿਰਿਓ ਘਰ ਜੋਗ ਜਤੀ ਕੇ ॥
Sr'aavag sudh: smooh sidhaan kae daekh phireo ghar jog jat.ee kae
ਸੁੱਧ: ਸੁਚ-ਸੰਜਮ ਵਾਲੇ, ਸ੍ਰਾਵਗ: ਬੁਧ-ਭਿਖਸ਼ੂ, ਅਤੇ ਸਿੱਧਾਂ (ਕਰਾਮਾਤੀ ਲੋਕਾਂ) ਦੇ ਇਕੱਠ, ਦੇਖ ਚੁੱਕਿਆ ਹਾਂ ਜੋਗੀਆਂ ਤੇ ਬਰਹਮਚਾਰੀਆਂ ਦੇ ਡੇਰੇ ਵੀ।
I have watched the pure Budh-saints, gatherings of adepts, and the places of the Yogis and celebates.

ਸੂਰ ਸੁਰਾਰਦਨ ਸੁੱਧ ਸੁਧਾਦਿਕ ਸੰਤ ਸਮੂਹ ਅਨੇਕ ਮਤੀ ਕੇ ॥
Soor suraard.an sudh: sudh:ad.ik san:t. smooh anaek mat.ee kae
ਬਹਾਦੁਰ, ਸੁਰਾਰਦਨ: ਦੈਂਤ (ਦੇਵਤੇ ਮਾਰਨ ਵਾਲੇ), ਸੱਚੇ-ਸੁੱਚੇ ਸੁਧਾਦਿਕ: ਦੇਵਤੇ (ਅੰਮ੍ਰਿਤ ਪੀਣ ਵਾਲੇ), ਅਨੇਕਾਂ ਮੱਤਾਂ ਵਾਲੇ ਸਾਰੇ ਸੰਤ ਜਨ ਵੀ ਦੇਖੇ ਹਨ।
I have also seen the heroes, demons, Godly persons, and the saints of all sorts.

ਸਾਰੇ ਹੀ ਦੇਸ ਕੋ ਦੇਖਿ ਰਹਿਓ ਮਤ ਕੋਊ ਨ ਦੇਖੀਅਤ ਪ੍ਰਾਨਪਤੀ ਕੇ ॥
Saarae hee d.aes ko d.aekh raheau mat.t. kaoo naa d.aekheeat. Praan Pat.ee kae
ਦੇਸ ਦੇ ਸਾਰੇ ਹੀ ਮੱਤਾਂ ਦੇ ਲੋਕ ਦੇਖ ਲਏ ਹਨ, ਭਰ ਕੋਈ ਇਕ ਵੀ ਅਜਿਹਾ ਨਹੀ ਦੇਖਿਆ ਕਿ ਜੋ ਪਰਾਣ-ਪਤੀ (ਪਰਮਾਤਮਾ) ਦਾ ਬਣੇ।
I studied the followers of all faiths, but did not find a single person devoted to God.

ਸ੍ਰੀ ਭਗਵਾਨ ਕੀ ਭਾਇ ਕ੍ਰਿਪਾ ਹੂ ਤੇ ਏਕ ਰਤੀ ਬਿਨੁ ਏਕ ਰਤੀ ਕੇ ॥੧॥ (੨੧)
Sr;ee Bhagvaan kee bhaae kr;ipaa hoo t.ae aek rat.ee binu aek rat.ee kae
ਕੋਈ, ਸ੍ਰੀ ਵਾਹਿਗੁਰੂ ਜੀ ਤੇ ਭਾਇ: ਸ਼ਰਧਾ (ਭਾਉ), ਉਹਨਾ ਦੀ ਕਿਰਪਾ, ਅਤੇ ਰਤੀ: ਉਹਨਾ ਦੇਨਾਲ ਪਰੇਮ, ਦੇ ਬਿਨਾ ਇਕ ਰੱਤੀ ਦਾ ਵੀ ਨਹੀ।
Any one, without the faith in God, His Mercy, and His love, is not worth an iota (Fraction) of anything.

ਮਾਤੇ ਮਤੰਗ ਜਰੇ ਜਰ ਸੰਗ ਅਨੂਪ ਉਤੰਗ ਸੁਰੰਗ ਸਵਾਰੇ ॥
Maat.ae mat.ang jarae jar sang anoop out.an:g suran:g svaarae
ਕਿਸੇ ਕੋਲ ਬੇਮਿਸਾਲ (ਜਿਨ੍ਹਾਂ ਵਰਗੇ ਹੋਰ ਨਹੀ) ਉਤੰਗ: ਉੱਚੇ, ਸੁਰੰਗ: ਸੋਹਣੇ ਰੰਗ ਦੇ, ਮਾਤੇ (ਮਸਤ) ਮਤੰਗ: ਹਾਥੀ, ਸੋਨੇ ਦੇ ਨਾਲ ਜੜੇ ਹੋਏ ਹੋਣ,
If there is someone with wonderful, nice colored, gold laden (decorated with golden ornaments), high, intoxicated elephants,

ਕੋਟ ਤੁਰੰਗ ਕੁਰੰਗ ਸੇ ਕੂਦਤ ਪਉਨ ਕੇ ਗਉਨ ਕੋ ਜਾਤ ਨਿਵਾਰੇ ॥
Kot t.ran:g kuran:g sae kood.at poun kae goun ko jaat. nivaarae
ਕਰੋੜਾਂ ਤੁਰੰਗ: ਘੋੜੇ, ਕਿ ਜੋ ਕੁਰੰਗ: ਹਿਰਨਾਂ ਵਾਂਙ, ਕੁੱਦਦੇ ਹਨ, ਅਤੇ ਹਵਾ ਦੇ ਗਉਨ: ਵੇਗ, ਨੂੰ ਵੀ ਨਿਵਾਰੇ: ਪਿਛੇ ਪਾਈ ਜਾਣ ਵਾਲੇ ਹੋਣ,
One may have countless horses who jump like deers, and leave behind the fast wind as well,

ਭਾਰੀ ਭੁਜਾਨ ਕੇ ਭੂਪ ਭਲੀ ਬਿਧਿ ਨਿਆਵਤ ਸੀਸ ਨ ਜਾਤ ਬਿਚਾਰੇ ॥
Bhaaree bhujaan kae bhoop bhalee bidh:e niaavat. sees naa jaat. bichaarae
ਉਹਦੇ ਅੱਗੇ ਤਕੜੀਆਂ ਭੁਜਾ: ਬਾਹਵਾਂ ਵਾਲੇ (ਤਾਕਤਵਰ), ਰਾਜੇ ਚੰਗੀ ਤਰ੍ਹਾਂ ਝੁੱਕ ਕੇ ਇੰਦਾਂ ਮੱਥਾ ਟੇਕਦੇ ਹੋਣ ਕਿ ਜੋ ਸੋਚਣਾ ਵੀ ਮੁਸ਼ਕਿਲ ਹੈ,
If the powerful monarchs bow before him respectfully beyond any belief,

ਏਤੇ ਭਏ ਤੁ ਕਹਾ ਭਏ ਭੂਪਤਿ ਅੰਤ ਕੌ ਨਾਂਗੇ ਹੀ ਪਾਂਇ ਪਧਾਰੇ ॥੨॥
Aet.ae bh-ae t.u k-haa bh-ae bhoopat.e a-n:t. kaou naan'gae hee paan'-e padh:aarae
ਜੇਕਰ ਇੰਦਾਂ ਦੇ ਤਾਕਤਵਰ ਰਾਜੇ ਬਣ ਵੀ ਗਏ ਤਾਂ ਕੀ ਹੋਇਆ, ਉਹ ਮਰ ਕੇ ਤਾਂ ਇਥੋਂ ਨੰਗੇ ਪੈਰੀਂ ਹੀ ਗਏ।
What then if someone became such a powerful king, in the end he left (after death) with bare feet.

ਜੀਤ ਫਿਰੈ ਸਭ ਦੇਸ ਦਿਸਾਨ ਕੋ ਬਾਜਤ ਢੋਲ ਮ੍ਰਿਦੰਗ ਨਗਾਰੇ ॥
Jeet. phiraae sabh d.aes d.issan ko baajat. dhol mr;id.ang nagaarae
ਜਿਹੜੇ, ਦੇਸਾਂ ਪਰਦੇਸਾਂ ਨੂੰ ਜਿੱਤਦੇ ਫਿਰੇ, ਅਤੇ ਜਿੱਤਾਂ ਦੀਆਂ ਧੁੱਮਾਂ ਵਿਚ ਢੋਲ, ਮਰਿਦੰਗ (ਢੋਲਕੀਆਂ) ਅਤੇ ਨਗਾਰੇ ਵੱਜੇ।
Those who kept conquering their own and other countries, and the drums of their victories kept beating.

ਗੁੰਜਤ ਗੂੜ੍ਹ ਗਜਾਨ ਕੇ ਸੁੰਦਰ ਹਿੰਸਤ ਹੀ ਹਯਰਾਜ ਹਜਾਰੇ ॥
Gun:jat. goor: gajaan kae sun:d.ar hin:sat. hee h-yraaj hajaarae
ਜਿਨ੍ਹਾਂ ਦੇ ਸੋਹਣੇ ਗਜਾਨ: ਹਾਥੀਆਂ ਦੇ, ਗੂੜ੍ਹ: ਟੋਲੇ, ਗੂੰਜਦੇ, ਅਤੇਹਜ਼ਾਰਾਂ ਹਯਰਾਜ: ਰਾਜ-ਘੋੜੇ (ਘੋੜਿਆਂ ਦੇ ਰਾਜੇ), ਹਿਣਕਦੇ ਹੋਣ,
Those with the herds of impressive elephants trumpting, and thousands of king-

horses neighing,

ਭੂਤ ਭਵਿੱਖ ਭਵਾਨ ਕੇ ਭੂਪਤ ਕਉਨ ਗਨੈ ਨਹੀਂ ਜਾਤ ਬਿਚਾਰੇ ॥
Bhoot. bhavikkh bhvaan kae bhoopat. koun ganaae naheen' jaat. bichaarae
ਬੀਤੇ, ਆਉਣ ਵਾਲੇ, ਅਤੇ ਹੁਣ ਦੇ ਸਮੇ ਦੇ ਰਾਜੇ, ਕੌਣ ਗਿਣੇ, ਕਿ ਜਿਨ੍ਹਾ ਦੀ ਗਿਣਤੀ ਬਾਰੇ ਅੰਦਾਜ਼ਾ ਲਾਉਣਾ ਕਠਨ ਹੈ,
The kings of the past, present, and future, hard to count and impossible to make an estimate,

ਸ੍ਰੀ ਪਤਿ ਸ੍ਰੀ ਭਗਵਾਨ ਭਜੇ ਬਿਨੁ ਅੰਤ ਕਉ ਅੰਤ ਕੇ ਧਾਮ ਸਿਧਾਰੇ ॥੩॥
Sr;eepat.-e Sr;ee Bhagwan bhajae binnu a-n:t kou a-n:t. kae dh.aam sidh:aarae.
ਸ੍ਰੀ ਪਤਿ: ਮਾਇਆ ਦੇ ਪਤੀ ਭਗਵਾਨ (ਨਾਸ਼-ਰਹਿਤ, ਦਾਤਾ, ਭਾਗਾਂ ਵਾਲਾ, ਪਰਮਾਤਮਾ) ਨੂੰ ਜਪਣ ਦੇ ਬਿਨਾ ਇਹੋ ਜਿਹੇ ਸਾਰੇ ਮੌਤ ਦੇ ਟਿਕਾਣੇ ਚਲੇ ਗਏ।
Without reciting the Name of God, all such people went to the place of death: died.

ਤੀਰਥ ਨਾਨ ਦਇਆ ਦਮ ਦਾਨ ਸੁ ਸੰਜਮ ਨੇਮ ਅਨੇਕ ਬਿਸੇਖੈ ॥
T.irath naan d.eaa d.amm d.aan su san:jamm naem anaek bisaekhaae
ਕੋਈ ਤੀਰਥ ਇਸ਼ਨਾਨ, ਤਰਸ, ਦਮ: ਮਨ ਨੂੰ ਵਿਕਾਰਾਂ ਤੋਂ ਰੋਕਣਾ, ਦਾਨ, ਸੰਜਮ: ਮਨ ਟਿਕਾਉਣ ਦੇ ਅਸੂਲ, ਅਜਿਹੇ ਬੇਅੰਤ ਬਿਸੇਖ: ਉੱਚੇ, ਨੇਮ ਧਾਰ ਲਵੇ,
May be one adopts high disciplines of bathing at shrines, compassion, methods to concentrate on God, and the mind-control,

ਬੇਦ ਪੁਰਾਨ ਕਤੇਬ ਕੁਰਾਨ ਜ਼ਮੀਨ ਜ਼ਮਾਨ ਸਬਾਨ ਕੇ ਪੇਖੈ ॥
Baed. Puraan Kat.aeb Kuraan zameen zamaan sabaan kae paekhaae
ਵੇਦ, ਪੁਰਾਨ, ਕੁਰਾਨ, ਇਹਦੇ ਨਾਲ ਦੀਆਂ ਹੋਰ ਪੁਸਤਕਾਂ, ਤੇ ਹੋਰ ਪੁਸਤਕਾਂ ਕਿ ਜੋ ਧਰਤੀ ਉੱਤੇ ਅਤੇ ਸਮੇ ਅਨੁਸਾਰ ਹੋਈਆਂ ਹਨ, ਕੋਈ ਪੜ੍ਹ ਲਵੇ,
Someone may read Vedas, Puranas, Koran and books related to these, and other books that came to the world at different periods,

ਪਉਨ ਅਹਾਰ ਜਤੀ ਜਤ ਧਾਰ ਸਬੈ ਸੁ ਬਿਚਾਰ ਹਜਾਰ ਕ ਦੇਖੈ ॥
Poun ahaar jat.ee jat.t. dhaar sabaae su bichaar hajaar ka d.aekhaae
ਉਹ ਜੋ ਹਵਾ ਹੀ ਖਾਂਦੇ ਹਨ (ਅੰਨ ਨਹੀ ਖਾਂਦੇ), ਜਤੀ ਕਿ ਜੋ ਬਰਹਮਚਾਰੀ ਰਹਿੰਦੇ ਹਨ, ਇਹੋ ਜਿਹੇ, ਹਜ਼ਾਰਾਂ ਵਿਚਾਰ ਕਰ ਦੇਖਣ,
Those who just subsist on air, the celibates who practice the sex-control, may contemplate thousands of times,

ਸ੍ਰੀ ਭਗਵਾਨ ਭਜੇ ਬਿਨੁ ਭੂਪਤਿ ਏਕ ਰਤੀ ਬਿਨੁ ਏਕ ਨ ਲੇਖੈ ॥੪॥
Sr;ee Bhagvaan bhajae binu bhoopat.-e aek rat.ee binu aek naa laekhaaae
ਭਗਵਾਨ (ਲਛਮੀ: ਮਾਇਆ ਦੇ ਪਤੀ, ਵਾਹਿਗੁਰੂ) ਦਾ ਭਜਨ ਕੀਤੇ ਬਿਨਾ, ਭਾਵੇਂ ਉਹ ਰਾਜਾ ਹੋਵੇ, ਵਾਹਿਗੁਰੂ-ਪਰੇਮ ਤੋਂ ਬਿਨਾ ਉਹਦੇ ਮਿਲਣ ਦਾ ਕੀਤਾ ਇਕ ਢੰਗ ਵੀ ਕਿਸੇ ਲੇਖੇ ਨਹੀ।
Without reciting the Name of God, even though he be a king, any effort to meet Him leads to nowhere.

ਸੁੱਧ ਸਿਪਾਹ ਦੁਰੰਤ ਦੁਬਾਹ ਸੁ ਸਾਜਿ ਸਨਾਹ ਦੁਰਜਾਨ ਦਲੈਂਗੇ ॥
Sudh: sipaah d.urant. dubaah su saaje snaah d.urjaan d.alaaen'gae
ਸਿੱਖੇ ਹੋਏ ਸਿਪਾਹੀ, ਦੁਰੰਤ: ਨਾ ਜਿੱਤੇ ਜਾਣ ਵਾਲੇ, ਦੁਬਾਹ: ਜਿਨ੍ਹਾਂ ਦੀ ਝਾਲ ਨਾ ਝੱਲੀ ਜਾ ਸਕੇ, ਪਹਿਨ ਕੇ ਸਨਾਹ: ਸੰਜੋਅ (ਲੋਹੇ ਦੇ ਕਪੜੇ), ਦੁਰਜਾਨ: ਦੁਸ਼ਮਣਾ ਨੂੰ, ਮਾਰ ਮੁਕਾਉਣ ਵਾਲੇ ਹੋਣ,
The trained soldiers who are unconquerable, very impressive, wearing armor, and they destroy enemies,

ਭਾਰੀ ਗੁਮਾਨ ਭਰੇ ਮਨ ਮੈਂ ਕਰ ਪਰਬਤ ਪੰਖ ਹਲੇ ਨ ਹਲੈਂਗੇ ॥
Bhaaree gumaan bharae mann maaen' karr parbat. pan:kh halae naa halaaen'gae
ਬਹੁਤ ਹੰਕਾਰ ਭਰਿਆ ਹੋਵੇ ਮਨ ਦੇ ਅੰਦਰ, ਕਿ ਸਾਹਮਣਿਉਂ ਪਹਾੜ ਭਾਵੇਂ ਪਰ ਲਾ ਕੇ ਉਡ ਜਾਣ, ਭਰ ਇਹ ਨਾ ਹਿੱਲੇ ਨਾ ਹਿੱਲਣਗੇ,
They be filled with pride that the mountains may move, but they will not,

ਤੋਰਿ ਅਰੀਨ ਮਰੋਰਿ ਮਵਾਸਨ ਮਾਤੇ ਮਤੰਗਨਿ ਮਾਨ ਮਲੈਂਗੇ ॥
T.or-e areen maror-e mavasan maat.ae mat.an:gan-e maan malaaen'gae
ਉਹ ਭੰਨ-ਤੋੜ ਕੇ ਅਰੀਨ: ਅੜੀਅਲ (ਵੈਰੀ), ਤੋੜ-ਮਰੋੜ ਕੇ ਮਵਾਸਨ: ਦੁਸ਼ਮਣ, ਮਾਤੇ: ਮਸਤ, ਮਤੰਗਨ: ਹਾਥੀਆਂ, ਦਾ ਵੀ ਮਾਣ ਮਲ ਦੇਣ ਵਾਲੇ ਹੋਣ,
They be strong enough to kill the stubborn opponents, crush the enemies, and even destroy the ego of the elephants,

ਸ੍ਰੀ ਪਤਿ ਸ੍ਰੀ ਭਗਵਾਨ ਕ੍ਰਿਪਾ ਬਿਨੁ ਤਿਆਗਿ ਜਹਾਨ ਨਿਦਾਨ ਚਲੈਂਗੇ ॥੫॥
Sr;ee Pat.-e Sr;ee Bhagvaan kr;ipaa binu t.iaage jahaan nid.aan chalaaen'gae
ਸ੍ਰੀ ਪਤਿ: ਮਾਇਆ-ਪਤੀ, ਸ੍ਰੀ ਭਗਵਾਨ ਜੀ ਦੀ ਕਿਰਪਾ ਦੇ ਬਿਨਾ, ਅਜਿਹੇ ਵੀ ਛੱਡ ਦੁਨੀਆਂ, ਨਿਦਾਨ: ਅੰਤ ਨੂੰ, ਤੁਰ ਜਾਣਗੇ।
Without the Kindness of God, in the end, they will as well leave this world and go away.

ਬੀਰ ਅਪਾਰ ਬਡੇ ਬਰਿਆਰ ਅਬਿਚਾਰਹਿ ਸਾਰ ਕੀ ਧਾਰ ਭਛੱਯਾ ॥
Bee-r apaar badae bar-e-aar abchaarhe saar kee dh:aar bhachhayaa
ਉਹ ਯੋਧੇ ਵੱਡੇ, ਬੜੇ ਬਰਿਆਰ: ਬਲਵਾਨ, ਕਿ ਜੋ ਅਬਿਚਾਰਹਿ: ਬਿਨ ਸੋਚੇ (ਬੇਪਰਵਾਹ ਹੋ), ਸਾਰ: ਲੋਹੇ (ਤਲਵਾਰ) ਦੀ ਧਾਰ, ਭੱਛਯਾ: ਭੱਖਦੇ (ਖਾਂਦੇ, ਸਹਾਰਦੇ) ਹਨ,

Those brave, and very strong ones, who fearlessly face the sword,

ਤੋਰਤ ਦੇਸ ਮਲਿੰਦ ਮਵਾਸਨ ਮਾਤੇ ਗਜਾਨ ਕੇ ਮਾਨ ਮਲੱਯਾ ॥
T.orat. d.aes malin:d. mavaasan maat.ae gajaan kae maan mala-yaa
ਉਹ ਜੋ ਦੇਸ਼ਾਂ ਨੂੰ ਤੋੜ ਦੇਣ (ਜਿਤ ਲੈਣ), ਮੱਲ ਦੇਣ ਮਵਾਸਨ: ਦੁਸ਼ਮਣ, ਅਤੇ ਦੱਲ-ਮੱਲ ਦੇਣ ਮਸਤ ਹਾਥੀਆਂ ਦਾ ਮਾਣ,
Those who can win the countries, destroy their enemies, and finish the pride of the intoxicated elephants,

ਗਾੜ੍ਹੇ ਗੜ੍ਹਾਨ ਕੇ ਤੋੜਨਹਾਰ ਸੁ ਬਾਤਨ ਹੀਂ ਚਕ ਚਾਰ ਲਵੱਯਾ ॥
Gar:h;ae gar:haan kae t.or:anhaar su baat.an heen' chakk chaar lava-yaa
ਮਜ਼ਬੂਤ ਕਿਲੇ ਤੋੜ ਦੇਣ ਵਾਲੇ, ਕਿ ਜੋ ਗੱਲੀਂ-ਬਾਤੀਂ ਹੀ ਚਾਰੇ ਚੱਕ: ਚਾਰੇ ਬੰਨਿਆਂ ਦੀ ਧਰਤੀ (ਦੁਨੀਆ), ਜਿਤ ਲੈਣ,
Those who can break through the strong forts, and in a moment can take the land all around them - win the world,

ਸਾਹਿਬੁ ਸ੍ਰੀ ਸਭ ਕੋ ਸਿਰਨਾਇਕ ਜਾਚਕ ਅਨੇਕ ਸੁ ਏਕ ਦਿਵੱਯਾ ॥੬॥
Saahibu Sar;ee sabh ko si-r-naa-ik jachak anaek su aek diva-yaa
ਸਾਹਿਬ ਸ੍ਰੀ: ਲੱਛਮੀ (ਮਾਇਆ) ਦਾ ਪਤੀ (ਪਰਮਾਤਮਾ), ਸਾਰਿਆਂ ਦਾ ਸਿਰ ਨਾਇਕ: ਸਿਰ ਤੇ ਮਾਲਿਕ ਹੈ, ਅਤੇ ਉੱਪਰ ਦਿਤਿਆਂ ਵਰਗੇ ਕਈ ਜੋਧੇ ਇਹਦੇ ਦਰਵਾਜ਼ੇ ਤੋਂ ਮੰਗਦੇ ਹਨ, ਭਰ ਦੇਣ ਵਾਲਾ ਇਕ ਉਹ ਆਪ ਹੀ ਹੈ।
Many brave people as described above, beg at the door of the Lord, and the Giver is only He.

ਦਾਨਵ ਦੇਵ ਫਨਿੰਦ ਨਿਸਾਚਰ ਭੂਤ ਭਵਿੱਖ ਭਵਾਨ ਜਪੈਂਗੇ ॥
D.aanav d.aev phanind. nisaachar bhoot. bhavikh bhawaan japaaen'gae
ਦਾਨਵ: ਰਾਕਸ਼ਸ਼ (ਦੈਂਤ), ਦੇਵਤੇ, ਫਨਿੰਦ: ਫਨੀਅਰ (ਸ਼ੇਸ਼ਨਾਗ), ਨਿਸਾਚਰ: ਰਾਤੀਂ ਫਿਰਦੇ (ਭੂਤ ਪਰੇਤ), ਲੰਘੇ ਸਮੇ ਤੁਹਾਨੂੰ ਜਪਦੇ ਰਹੇ, ਆਉਣ ਵਾਲੇ ਸਮੇ ਜਪਣਗੇ, ਅਤੇ ਹੁਣ ਜਪਦੇ ਹਨ।
Demons, gods, Shesh-Naag (King-serpent - mythological support of the world), and the elements (spirits, ghosts), had been, are, and will ever recite Your Name.

ਜੀਵ ਜਿਤੇ ਜਲ ਮੈ ਥਲ ਮੈ ਪਲ ਹੀ ਪਲ ਮੈ ਸਭ ਥਾਪ ਥਪੈਂਗੇ ॥
Jeev jit.ae jall maae thall maae pall hee pall maae sabh thaap thapaaen'gae
ਜੀਵ-ਜੰਤੂ ਜਿਤਨੇ ਵੀ ਹਨ ਧਰਤੀ ਅਤੇ ਪਾਣੀ ਵਿਚ, ਵਾਹਿਗੁਰੂ ਜੀ ਇਹਨਾ ਨੂੰ ਪਲ ਭਰ ਦੇ ਵਿਚ ਬਣਾਉਂਦੇ ਰਚਦੇ ਰਹਿਣਗੇ।
The Lord will ever be creating in a moment all the animals on the land and in the water.

ਪੁੰਨ ਪ੍ਰਤਾਪਨ ਬਾਢ ਜੈਤ ਧੁਨ ਪਾਪਨ ਕੇ ਬਹੁ ਪੁੰਜ ਖਪੈਂਗੇ ॥
Pun:n part.aapan baadh jaaet. dh:unn papan kae bahu pun:j khapaaen'gae
ਭਲੇ ਕੰਮਾਂ ਦੇ ਪਰਤਾਪ ਦੇ ਨਾਲ ਬਾਢ: ਵਧੇਗੀ, ਜੈਤ ਧੁਨ: ਜੈ ਜੈਕਾਰ ਦੀ ਆਵਾਜ਼, ਅਤੇ ਪਾਪਾਂ ਦੇ ਢੇਰ ਨਾਸ਼ ਹੋ ਜਾਣਗੇ।
By the virtue of good deeds (and recitation of His Name), the appreciation (Recognition) will ever grow, and all the sins will get washed away.

ਸਾਧ ਸਮੂਹ ਪ੍ਰਸੰਨ ਫਿਰੈ ਜਗ ਸਤ੍ਰ ਸਭੈ ਅਵਲੋਕ ਚਪੈਂਗੇ ॥੭॥
Saadh: smooh pr;asan:n phiraae jagg sat.r; sabhaae avlok chapaaen'gae
ਚੰਗੇ ਬੰਦੇ (ਗੁਰਮੁਖ) ਸਾਰੇ ਹੀ ਸੰਸਾਰ ਦੇ ਅੰਦਰ ਖੁਸ਼ ਫਿਰਨਗੇ, ਅਤੇ ਇਹਨਾ ਨੂੰ ਅਵਲੋਕ: ਦੇਖ ਕੇ, ਸਾਰੇ ਦੁਸ਼ਮਣ ਸ਼ਰਮਿੰਦੇ ਹੋਣਗੇ।
Good people (God-Oriented) will ever be happy in the world, and their enemies will get ashamed to see them so.

ਮਾਨਵ ਇੰਦ੍ਰ ਗਜਿੰਦ੍ਰ ਨਰਾਧਪ ਜੌਨ ਤ੍ਰਿਲੋਕ ਕੋ ਰਾਜ ਕਰੈਂਗੇ ॥
Maanav In:d.r; gajin:d.r; naraadh:ap jaoun t.r;ilok ko raaj karaaen'gae
ਮਨੁਖ – ਇੰਦਰ–ਦੇਵਤੇ ਵਰਗੇ ਉੱਚੇ, ਗਜ–ਰਾਜ (ਹਾਥੀ–ਰਾਜਾ, ਈਰਾਵਤ ਹਾਥੀ) ਦੇ ਮਾਲਕ ਨਰਾਧਪ: ਰਾਜੇ, ਕਿ ਜੋ ਤ੍ਰਿਲੋਕ: ਧਰਤੀ ਅਕਾਸ਼ ਪਤਾਲ (ਸਾਰੀ ਧਰਤੀ), ਦਾ ਰਾਜ ਕਰਦੇ ਹੋਣ,
The known people like god Indra, monarchs who keep GajIndar (King-elephants) and rule the whole world,

ਕੋਟਿ ਇਸਨਾਨ ਗਜਾਦਿਕ ਦਾਨ ਅਨੇਕ ਸੁਅੰਬਰ ਸਾਜ ਬਰੈਂਗੇ ॥
Kote isnaan gajaad.ik d.aan anaek su-an'bar saaj baraaen'gae
ਕਰੋੜਾਂ ਤੀਰਥ–ਇਸ਼ਨਾਨ ਕਰਨ ਅਤੇ ਹਾਥੀ ਦਾਨ ਕਰਨ ਵਾਲੇ, ਅਨੇਕਾਂ ਕਿ ਜੋ ਸੁਅੰਬਰ (ਆਪਣਾ ਵਰ ਆਪ ਚੁਣਨਾ) ਰਚ ਕੇ ਵਿਆਹ ਕਰਾਉਂਦੇ ਹੋਣ,
Those who bathe at the numberless shrines and give elephants in charity, and those who are great enough to set up self-spouse-selecting functions to marry,

ਬ੍ਰਹਮ ਮਹੇਸਰ ਬਿਸਨ ਸਚੀਪਤਿ ਅੰਤ ਫਸੇ ਜਮ ਫਾਸ ਪਰੈਂਗੇ ॥
Br;ahm Mahaesar Bisan Sacheepat.-e a-n:t. phasae jamm phaas praaen'gae
ਉੱਪਰ ਦੱਸੇ ਲੋਕ, ਕੀ ਬਰਹਮਾ, ਸ਼ਿਵ ਜੀ, ਵਿਸ਼ਨੂ, "ਸੱਚੀ" ਦਾ ਪਤੀ (ਇੰਦਰ), ਵਰਗਿਆਂ ਨੂੰ ਵੀ ਅੰਤ ਨੂੰ ਮਰਨਾ ਹੁੰਦਾ ਹੈ।
What of the above said people, even Brahma, Shiva, Vishnu, and Indra too, will die in the end.

ਜੇ ਨਰ ਸ੍ਰੀ ਪਤਿ ਕੇ ਪ੍ਰਸ ਹੈਂ ਪਗ ਤੇ ਨਰ ਫੇਰ ਨ ਦੇਹ ਧਰੈਂਗੇ ॥੮॥
Jae narr Sr;ee Pat.t.-e kae pr;ass haaen' pagg t.ae narr phaer naa d.aeh dh:araaen'gae
ਭਰ ਉਹ ਕਿ ਜੋ "ਸ੍ਰੀ ਪਤਿ" (ਮਾਇਆ: ਰਚਨਾ, ਦਾ ਪਤੀ। ਵਾਹਿਗੁਰੂ) ਦੇ ਚਰਨੀ ਲੱਗਦੇ ਹਨ, ਉਹ ਜਨਮ–

ਮਰਣ ਤੋਂ ਮੁੱਕਤ ਹੋ ਜਾਂਦੇ ਹਨ।

But, those who seek the refuge of the Lord, get liberated and do not get born again.

ਕਹਾ ਭਯੋ ਜੋ ਦੋਊ ਲੋਚਨ ਮੂੰਦ ਕੈ ਬੈਠਿ ਰਹਿਓ ਬਕ ਧਿਆਨ ਲਗਾਇਓ ॥

Kahaa bhayo jo d.o-oo lochan moon:d. kaae baaeth:e rahe-o bakk dh:iaan lagaa-eo

ਕੀ ਹੋਇਆ ਜੇ ਦੋਨੋ ਲੋਚਨ: ਅਖੀਆਂ, ਮੀਟ ਕੇ ਬੈਠਾ ਰਿਹਾ, ਬਕ: ਬਗ਼ਲੇ ਵਾਂਙ, ਧਿਆਨ ਟਿਕਾ ਕੇ (ਦਿਖਾਵਾ ਕੀਤਾ),

What if a person keeps sitting with both the eyes closed and the mind fixed like a crane on fish (Practiced hypocrisy),

ਨ੍ਹਾਤ ਫਿਰਿਓ ਲੀਏ ਸਾਤ ਸਮੁਦ੍ਰਨਿ ਲੋਕ ਗਯੋ ਪਰਲੋਕ ਗਵਾਇਓ ॥

Nh;aat. phirio leeae saat. samud.r;ne lok gayo parlok gavaa-eo

(ਦਿਖਾਵੇ ਕਰਦਾ) ਨ੍ਹਾਉਂਦਾ ਫਿਰਿਆ ਸੱਤ ਸਮੁੰਦਰ (ਦੁਨੀਆ ਭਰ ਦੇ ਤੀਰਥ), ਇਹਨੇ ਨਾ ਇਸ ਦੁਨੀਆ (ਜੀਵਨ) ਨੂੰ ਚਜ ਦੇ ਨਾਲ ਭੋਗਿਆ, ਨਾ ਹੀ ਮੁਕਤੀ ਪਰਾਪਤ ਕੀਤੀ।

(In hypocrisy) he kept bathing at the seven seas (Shrines the world over), neither he made right use of his life here, nor he achieved the liberation.

ਬਾਸ ਕੀਓ ਬਿਖਿਆਨ ਸੋ ਬੈਠ ਕੈ ਐਸੇ ਹੀ ਐਸੇ ਸੁ ਬੈਸ ਬਿਤਾਇਓ ॥

bass keeo bikhiaan so baaeth: kaae aaesae hee aaesae su baaes bit.aa-eo

ਵਾਸਾ ਕੀਤਾ ਵਿਸ਼ਿਆਂ (ਮਾੜੇ ਕੰਮਾਂ) ਦੇ ਨਾਲ, ਐਵੇਂ ਹੀ ਬੈਸ: ਉਮਰ, ਗਵਾ ਲਈ।

He kept company of evils, and wasted his life for nothing.

ਸਾਚੁ ਕਹੋਂ ਸੁਨ ਲੇਹੁ ਸਭੈ ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ ॥੯॥

Saach kahon’ sunn laehu sabhaae jinn praem keeo t.in hee Pr;abh paa-eo

ਸੱਚ ਕਹਿੰਦਾ ਹਾਂ, ਸਾਰੇ ਸੁਣ ਲਵੋ, ਪਰਮਾਤਮਾ ਸਿਰਫ਼ ਉਹਨੂੰ ਹੀ ਮਿਲਦਾ ਹੈ ਕਿ ਜੋ ਉਹਨੂੰ ਮਨੋ ਪਰੇਮ ਕਰੇ (ਦਿਖਾਵਿਆਂ ਦੇ ਨਾਲ ਨਹੀ)।

I say the truth, listen everybody, only he realizes God who loves Him truely (not by hypocrisy).

ਕਾਹੂ ਲੈ ਪਾਹਨ ਪੂਜ ਧਰਯੋ ਸਿਰ ਕਾਹੂ ਲੈ ਲਿੰਗ ਗਰੇ ਲਟਕਾਇਓ ॥

Kaahoo laae pahan pooj dh:areo si-r kahoo laae lin:g garae latkaa-eo ਕਿਸੇ ਨੇ ਪਾਹਨ: ਪੱਥਰ (ਮੂਰਤੀ), ਪੂਜਣ-ਯੋਗ ਜਾਣ ਕੇ ਸਿਰ ਉੱਤੇ ਰੱਖ ਲਿਆ (ਉਹਦੇ ਪੈਰਾਂ ਉੱਤੇ ਆਪਣਾ ਸਿਰ ਟਿਕਾ ਦਿੱਤਾ), ਕਿਸੇ ਨੇ ਸ਼ਿਵਲਿੰਗ ਆਪਣੇ ਗਲ ਵਿਚ ਲਟਕਾ ਲਿਆ (ਪੂਜਯ ਜਾਣ ਕੇ)।

Considering worth worship, someone bows to the stone idol, and the other hangs Shivling (Oval stone symbolizing Shiva) from his neck.

ਕਾਹੂ ਲਖਿਓ ਹਰਿ ਅਵਾਚੀ ਦਿਸਾ ਮਹਿ ਕਾਹੂ ਪਛਾਹ ਕੋ ਸੀਸੁ ਨਿਵਾਇਓ ॥
Kahoo lakheo Har-e avaachee d.issaa mahe kaahoo pachhah ko seesu nivaa-eo
ਕਿਸੇ ਨੇ (ਹਿੰਦੂ) ਹਰੀ: ਪਰਮਾਤਮਾ ਨੂੰ, ਅਵਾਚੀ ਦਿਸਾ: ਦੱਖਣ (ਦਵਾਰਕਾ, ਕਰਿਸ਼ਨ ਜੀ ਦੇ ਸ਼ਹਿਰ) ਵੱਲ ਦੇਖਿਆ: ਸਮਝਿਆ, ਕੋਈ (ਮੁਸਲਮਾਨ) ਉਹਨੂੰ ਪਛਾਹ: ਪਛਮ (ਕਾਅਬੇ) ਵੱਲ, ਮੰਨਦਾ ਹੈ।
Hindus think God is in the South - towards Dwarka: the town of Lord Krishna, and Muslims presume Him to be in the West - In the direction of Kaba, their Holy Shrine.

ਕੋਊ ਬੁਤਾਨ ਕੋ ਪੂਜਤ ਹੈ ਪਸੁ ਕੋਊ ਮ੍ਰਿਤਾਨ ਕੋ ਪੂਜਨ ਧਾਇਓ ॥
Ko-oo but.aan ko poojat. haae passu ko-oo mr;it.aan ko poojan dh:aa-eo
ਕੋਈ ਪਸੂ-ਬੁਧੀ ਵਾਲਾ ਬੁੱਤਾਂ ਨੂੰ ਰੱਬ ਸਮਝ ਕੇ ਪੂਜਦਾ ਹੈ, ਕੋਈ ਮਰਿਆਂ (ਕਬਰਾਂ) ਨੂੰ ਪੂਜਣ ਲਈ ਭੱਜਦਾ ਹੈ।
Some unwise person (keeps up to) worships the idol, and the other one runs to worship the dead (Graves).

ਕੂਰ ਕ੍ਰਿਆ ਉਰਝਿਓ ਸਭ ਹੀ ਜਗ ਸ੍ਰੀ ਭਗਵਾਨ ਕੋ ਭੇਦੁ ਨ ਪਾਇਓ ॥੧੦॥
Koor kr;iaa ourjheo sabh hee jagg Sr;ee Bhagvaan kaa bhaed. naa paa-eo
ਸਾਰਾ ਜਗਤ ਝੂਠੇ ਕੰਮਾਂ ਵਿਚ ਰੁਝਿਆ ਹੋਇਆ ਹੈ, ਕਿਸੇ ਨੇ ਵੀ ਵਾਹਿਗੁਰੂ ਦੇ ਬਾਰੇ ਸਚਾਈ ਨੂੰ ਜਾਣਨ ਦਾ ਜਤਨ ਨਹੀ ਕੀਤਾ।
Whole of the world is engaged in the useless things, and no one tried to realize the Truth about God.

ਰਹਰਾਸਿ ਸਾਹਿਬ

RAHRAASE SAHIB

ਸਿੱਧਾ ਰਸਤਾ - ਨੇਕੀ ਦਾ ਰਾਹ।

The right path.

ਸੋ ਦਰੁ ਰਾਗੁ ਆਸਾ ਮਹਲਾ ੧

so dar raag aasaa mehlaa 1

ਵਾਹਿਗੁਰੂ ਜੀ ਦਾ ਘਰ, ਰਾਗ ਆਸਾ, ਮਹਲਾ ਪਹਿਲਾ।

God's Place, Raag Aasaa, First Guru

ੴ ਸਤਿਗੁਰ ਪ੍ਰਸਾਦਿ ॥

ik-oNkaar satgur parsaad.

ਸਭ ਵਸਤਾਂ ਅੰਦਰ ਵੱਸਦੇ ਵਾਹਿਗੁਰੂ ਜੀ, ਜਿਸਦਾ ਗਿਆਨ ਸੱਚੇ ਗੁਰੂ ਜੀ ਦੀ ਕਿਰਪਾ ਦੇ ਨਾਲ ਹੁੰਦਾ ਹੈ।

All Pervading God, realized by the Grace of the True Guru.

ਸੋ ਦਰੁ ਤੇਰਾ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ ॥

so dar tayraa kayhaa so ghar kayhaa jit bahi sarab samaalay.

ਉਹ ਘਰ-ਦਰ ਕਿਹੋ ਜਿਹਾ ਹੈ ਕਿ ਜਿਥੇ ਬੈਠ ਕੇ ਤੂੰ ਸਾਰਿਆਂ ਦੀ ਸੰਭਾਲ ਕਰਦਾ ਹੈਂ! ਕਮਾਲ ਹੈ ਤੇਰਾ ਆਪਣੇ ਕੀਤੇ ਨੂੰ ਸੰਭਾਲਣਾ!

What like is that place where from you take care of everyone! The wonder is Your taking care of Your Creation!

ਵਾਜੇ ਤੇਰੇ ਨਾਦ ਅਨੇਕ ਅਸੰਖਾ ਕੇਤੇ ਤੇਰੇ ਵਾਵਣਹਾਰੇ ॥

vaajay tayray naad anayk asankhaa kaytay tayray vaavanhaaray.

ਉੱਥੇ ਤੇਰੇ ਕਰੋੜਾਂ ਸਾਜ਼ ਵੱਜਦੇ, ਅਤੇ ਕਰੋੜਾਂ ਹੀ ਤੇਰੇ ਵਜਾਉਣ ਵਾਲੇ ਹਨ - ਤੇਰੀ ਸਿਫ਼ਤ ਹੋ ਰਹੀ ਹੈ।

Your countless musical instruments resound there, and countless are Your musicians - Your praise is being sung.

ਕੇਤੇ ਤੇਰੇ ਰਾਗ ਪਰੀ ਸਿਉ ਕਹੀਅਹਿ ਕੇਤੇ ਤੇਰੇ ਗਾਵਣਹਾਰੇ ॥

kaytay tayray raag paree si-o kahee-ahi kaytay tayray gaavanhaaray.

ਕਿੰਨੇ ਹੀ ਤੇਰੇ ਗੁਣ ਰਾਗ, ਰਾਗਨੀਆਂ ਦੇ ਸਮੇਤ ਗਾਏ ਜਾਂਦੇ ਹਨ, ਅਨੇਕਾਂ ਤੈਨੂੰ ਗਾਉਣ ਵਾਲੇ ਹਨ, ਸਭ ਤੇਰੇ ਗੁਣ ਗਾਉਂਦੇ ਹਨ!

So many musical measures and sub-measures are rendered in Your praise, and so many are the singers, all sing Your virtues!

ਗਾਵਨਿ ਤੁਧਨੋ ਪਵਣੁ ਪਾਣੀ ਬੈਸੰਤਰੁ ਗਾਵੈ ਰਾਜਾ ਧਰਮੁ ਦੁਆਰੇ ॥

gaavan tuDhno pavan paanee baisantar gaavai raajaa Dharam du-aaray.

ਹਵਾ, ਪਾਣੀ ਅਤੇ ਅੱਗ ਤੇਰੇ ਗੁਣ ਗਾਉਂਦੇ ਹਨ, ਅਤੇ ਧਰਮਰਾਜ: ਇਨਸਾਫ਼ ਕਰਨ ਵਾਲਾ ਦੇਵਤਾ, ਤੇਰੇ ਬੂਹੇ

ਉੱਤੇ ਖੜਾ ਤੇਰੀ ਵੱਡਿਆਈ ਕਰਦਾ ਹੈ।

The wind, water and fire praise You, and Dharamraj: god of justice, sings at Your door.

ਗਾਵਨਿ ਤੁਧਨੋ ਚਿਤੁ ਗੁਪਤੁ ਲਿਖਿ ਜਾਣਨਿ ਲਿਖਿ ਲਿਖਿ ਧਰਮੁ ਬੀਚਾਰੇ ॥

gaavan tuDhno chit gupat likh jaanan likh likh Dharam beechaaray.

ਚਿਤਰ ਤੇ ਗੁੱਪਤ: ਧਰਮਰਾਜ ਦੇ ਦੂਤ, ਜੋ ਲੇਖਾ ਲਿਖਦੇ ਹਨ, ਅਤੇ ਜਿਨ੍ਹਾਂ ਦਾ ਲਿਖਿਆ ਧਰਮਰਾਜ ਵਿਚਾਰਦਾ ਹੈ, ਉਹ ਵੀ ਤੇਰਾ ਜੱਸ ਗਾਉਂਦੇ ਹਨ।

Chittar and Guptt: the two messengers of Dharamraj, whose records Dharamraj consults, also sing Your praise. (Chittar and Guptt, the two record-keeper gods. Dharamraj – god of judgment).

ਗਾਵਨਿ ਤੁਧਨੋ ਈਸਰੁ ਬ੍ਰਹਮਾ ਦੇਵੀ ਸੋਹਨਿ ਤੇਰੇ ਸਦਾ ਸਵਾਰੇ ॥

gaavan tuDhno eesar barahmaa dayvee sohan tayray sadaa savaaray.

ਜਿਨ੍ਹਾਂ ਨੂੰ ਤੂੰ ਮਾਣ ਬਖਸ਼ਦਾ ਹੈਂ – ਸ਼ਿਵ ਜੀ, ਬਰਹਮਾ, ਅਤੇ ਦੇਵੀਆਂ, ਸਦਾ ਤੈਨੂੰ ਗਾਇਨ ਕਰਦੇ ਹੀ ਸੋਹਣੇ ਲੱਗਦੇ ਹਨ।

Your adorned gods: Shiva, Brahma, and goddesses, look nice (Beautiful) singing Your praise.

ਗਾਵਨਿ ਤੁਧਨੋ ਇੰਦ੍ਰ ਇੰਦ੍ਰਾਸਣਿ ਬੈਠੇ ਦੇਵਤਿਆ ਦਰਿ ਨਾਲੇ ॥

gaavan tuDhno indar indaraasan baithay dayviti-aa dar naalay.

ਤਖਤ ਉੱਤੇ ਬੈਠਾ ਇੰਦਰ, ਦੇਵਤਿਆਂ ਸਮੇਤ ਤੇਰੇ ਹਜ਼ੂਰ ਤੇਰੇ ਗੁਣ ਗਾਉਂਦਾ ਹੈ।

Indra, seated on his throne, sings Your praise with the other gods.

ਗਾਵਨਿ ਤੁਧਨੋ ਸਿਧ ਸਮਾਧੀ ਅੰਦਰਿ ਗਾਵਨਿ ਤੁਧਨੋ ਸਾਧ ਬੀਚਾਰੇ ॥

gaavan tuDhno siDh samaaDhee andar gaavan tuDhno saaDh beechaaray.

ਸਿਧ: ਕਰਾਮਾਤੀ ਸੰਤ, ਆਪਣੇ ਧਿਆਨ ਦੇ ਅੰਦਰ, ਅਤੇ ਸਾਧੂ ਆਪਣੀ ਸੋਚ–ਵਿਚਾਰ ਵਿਚ, ਤੇਰਾ ਨਾਮ ਜਪਦੇ ਹਨ।

The adepts in their meditation, and saints in their contemplation, sing Your praise.

ਗਾਵਨਿ ਤੁਧਨੋ ਜਤੀ ਸਤੀ ਸੰਤੋਖੀ ਗਾਵਨਿ ਤੁਧਨੋ ਵੀਰ ਕਰਾਰੇ ॥

gaavan tuDhno jatee satee santokhee gaavan tuDhno veer karaaray.

ਤੈਨੂੰ ਗਾਉਂਦੇ ਹਨ ਜਤੀ: ਕਾਮ ਜਿਨ੍ਹਾਂ ਦੇ ਵੱਸ ਹੈ, ਸਤੀ: ਜੋ ਸੱਚ ਨਿਭਾਉਂਦੇ ਹਨ, ਸਬਰ ਕਰਨ ਵਾਲੇ, ਅਤੇ ਤਕੜੇ ਯੋਧੇ: ਬਹਾਦੁਰ, ਵੀ।

Those with sex-control (abstinents), truthful people, those with contentment, and fearless warriors too, sing Your praise.

ਗਾਵਨਿ ਤੁਧਨੋ ਪੰਡਿਤ ਪੜਨਿ ਰਖੀਸੁਰ ਜੁਗੁ ਜੁਗੁ ਵੇਦਾ ਨਾਲੇ ॥

gaavan tuDhno pandit parhan rakheesur jug jug vaydaa naalay.

ਵਿਦਵਾਨ ਅਤੇ ਚੋਣਵੇਂ ਰਿਸ਼ੀ, ਜੁਗਾਂ ਜੁਗਾਂ ਤੋਂ, ਵੇਦਾਂ ਸਣੇ, ਤੇਰਾ ਜੱਸ ਗਾਉਂਦੇ ਹਨ।

Scholars and Rishis: Saints, and Vedas have been singing Your praise since the time immemorial.

ਗਾਵਨਿ ਤੁਧਨੋ ਮੋਹਣੀਆ ਮਨੁ ਮੋਹਨਿ ਸੁਰਗੁ ਮਛੁ ਪਇਆਲੇ ॥

gaavan tuDhno mohnee-aa man mohan surag machh pa-i-aalay.

ਮਨ ਨੂੰ ਮੋਹ ਲੈਣ ਵਾਲੀਆਂ ਸੁੰਦਰੀਆਂ: ਦੇਵੀਆਂ, ਸਵਰਗ, ਮੱਛ: ਧਰਤੀ, ਅਤੇ ਪਿਆਲੇ: ਪਾਤਾਲ, ਤੇਰੇ ਗੁਣ ਗਾਉਂਦੇ ਹਨ।

The captivating beauties: goddesses, heaven, earth and nether-regions (Bottoms of earths) sing Your praise.

ਗਾਵਨਿ ਤੁਧਨੋ ਰਤਨ ਉਪਾਏ ਤੇਰੇ ਅਠਸਠਿ ਤੀਰਥ ਨਾਲੇ ॥

gaavan tuDhno ratan upaa-ay tayray athsath tirath naalay.

ਤੇਰੇ ਬਣਾਏ ਰਤਨ: ਮਹਾਪੁਰਸ਼, ਸਾਰੇ ਤੀਰਥਾਂ ਸਮੇਤ ਤੈਨੂੰ ਧਿਆਉਂਦੇ ਹਨ।

Jewels (the evolved people), created by You, along with 68 places of pilgrimages, sing Your praise.

ਗਾਵਨਿ ਤੁਧਨੋ ਜੋਧ ਮਹਾਬਲ ਸੂਰਾ ਗਾਵਨਿ ਤੁਧਨੋ ਖਾਣੀ ਚਾਰੇ ॥

gaavan tuDhno joDh mahaabal sooraa gaavan tuDhno khaanee chaaray.

ਬੜੇ ਤਕੜੇ ਜੋਧੇ, ਬਲਵਾਨ-ਬਹਾਦੁਰ, ਧਰਤੀ ਦੀਆਂ ਖੁਦਾਨਾ ਚੋਂ ਉੱਪਜ – ਭਾਵ ਹਰ ਚੀਜ਼, ਹਰ ਕਿਸਮ ਦੇ ਜਾਨਦਾਰ, ਇਹ ਸਭ ਕੁਝ ਤੈਨੂੰ ਗਾਉਂਦਾ ਹੈ।

The mighty warriors, super-heroes, minerals (produce from the mines) i.e. everything, and all types of living beings, sing Your praise.

ਗਾਵਨਿ ਤੁਧਨੋ ਖੰਡ ਮੰਡਲ ਬ੍ਰਹਮੰਡਾ ਕਰਿ ਕਰਿ ਰਖੇ ਤੇਰੇ ਧਾਰੇ ॥

gaavan tuDhno khand mandal barahmandaa kar kar rakhay tayray Dhaaray.

ਸਾਰੀਆਂ ਧਰਤੀਆਂ, ਰਚਨਾ ਦੇ ਮੰਡਲ: ਪੱਧਰ, ਅਤੇ ਸਾਰਾ ਸੰਸਾਰ, ਕਿ ਜੋ ਤੂੰ ਬਣਾ ਬਣਾਕੇ ਇਕ ਨਯਮ ਵਿਚ ਬਨ੍ਹ ਕੇ ਚਲਾਉਂਦਾ ਹੈਂ, ਤੈਨੂੰ ਗਾਉਂਦੇ ਹਨ।

All the worlds, solar-systems, and universe, that You have created and bound in Your Order, chant Your Glories.

ਸੇਈ ਤੁਧਨੋ ਗਾਵਨਿ ਜੋ ਤੁਧੁ ਭਾਵਨਿ ਰਤੇ ਤੇਰੇ ਭਗਤ ਰਸਾਲੇ ॥

say-ee tuDhno gaavan jo tuDh bhaavan ratay tayray bhagat rasaalay.

ਉਹ ਹੀ ਤੇਰੇ ਗੁਣ ਗਾਉਂਦੇ ਹਨ ਕਿ ਜੋ ਤੈਨੂੰ ਚੰਗੇ ਲੱਗਦੇ ਹਨ, ਅਤੇ ਉਹ ਹਨ ਤੇਰੇ ਪਰੇਮੀ ਭਗਤ।

Only those accepted by You can sing Your praise, and such are Your devotees.

ਹੋਰਿ ਕੇਤੇ ਤੁਧਨੋ ਗਾਵਨਿ ਸੇ ਮੈ ਚਿਤਿ ਨ ਆਵਨਿ ਨਾਨਕੁ ਕਿਆ ਬੀਚਾਰੇ ॥
hor kaytay tuDhno gaavan say mai chit na aavan naanak ki-aa beechaaray.
ਨਾਨਕ, ਹੋਰ ਕਿੰਨੇ ਕੁ ਤੈਨੂੰ ਗਾਉਂਦੇ ਹਨ ਕੀ ਵਿਚਾਰ ਕਰਾਂ, ਮੈਂ ਤਾਂ ਅੰਦਾਜ਼ਾ ਵੀ ਨਹੀ ਲਾ ਸਕਦਾ!
Nanak, how many more sing You, how can I contemplate on this, I cannot even think of it!

ਸੋਈ ਸੋਈ ਸਦਾ ਸਚੁ ਸਾਹਿਬੁ ਸਾਚਾ ਸਾਚੀ ਨਾਈ ॥
so-ee so-ee sadaa sach saahib saachaa saachee naa-ee.
ਉਹ ਸੱਚਾ ਵਾਹਿਗੁਰੂ ਹਮੇਸ਼ਾ ਕਾਇਮ ਹੈ, ਵੱਡੀ ਸਚਾਈ ਉਹ ਆਪ ਤੇ ਉਹਦਾ ਨਾਮ ਹੈ।
Only the Lord is immortal, and the real truth is He and His Name.

ਹੈ ਭੀ ਹੋਸੀ ਜਾਇ ਨ ਜਾਸੀ ਰਚਨਾ ਜਿਨਿ ਰਚਾਈ ॥
hai bhee hosee jaa-i naa jaasee rachnaa jin rachaa-ee.
ਉਹ ਕਿ ਜਿਸ ਨੇ ਸੰਸਾਰ ਬਣਾਇਆ ਹੈ, ਹੁਣ ਹੈ ਅਤੇ ਸਦਾ ਹੋਵੇਗਾ, ਕਿਤੇ ਜਾਇਗਾ ਨਹੀ – ਉਹਦਾ ਅੰਤ ਨਹੀ ਹੋਵੇਗਾ।
He Who created all, is, shall ever be, and will not go away - will not end: perish.

ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ ਮਾਇਆ ਜਿਨਿ ਉਪਾਈ ॥
rangee rangee bhaatee kar kar jinsee maa-i-aa jin upaa-ee.
ਕਈ ਤਰ੍ਹਾਂ ਦੇ ਨਾਲ ਵਾਹਿਗੁਰੂ ਨੇ ਰੰਗ-ਬਰੰਗੀਆਂ ਕਿਸਮਾਂ ਦੀਆਂ ਸੰਸਾਰ ਦੀਆਂ ਵਸਤਾਂ ਬਣਾਈਆਂ ਹਨ।
God has created things of the world of different kinds and styles.

ਕਰਿ ਕਰਿ ਦੇਖੈ ਕੀਤਾ ਆਪਣਾ ਜਿਉ ਤਿਸ ਦੀ ਵਡਿਆਈ ॥
kar kar daykhai keetaa aapnaa jiv tis dee vadi-aa-ee.
ਉਹਨੂੰ ਜਿੱਦਾਂ ਚੰਗਾ ਲੱਗਦਾ ਹੈ, ਆਪਣੀ ਰਚਨਾ ਦਾ ਅਨੰਦ ਮਾਣਦਾ ਹੈ।
He enjoys His Creation the way He likes.

ਜੋ ਤਿਸੁ ਭਾਵੈ ਸੋਈ ਕਰਸੀ ਫਿਰਿ ਹੁਕਮੁ ਨ ਕਰਣਾ ਜਾਈ ॥
jo tis bhaavai so-ee karsee fir hukam na karnaa jaa-ee.
ਜਿੱਦਾਂ ਉਹਨੂੰ ਚੰਗਾ ਲੱਗੇਗਾ ਕਰੇਗਾ, ਕੋਈ ਕਹਿ ਨਹੀ ਸਕਦਾ ਕਿ ਤੂੰ ਉੱਦਾਂ ਨਹੀ ਇੱਦਾਂ ਕਰ।
He will do according to His pleasure nobody can dictate Him.

ਸੋ ਪਾਤਿਸਾਹੁ ਸਾਹਾ ਪਤਿਸਾਹਿਬੁ ਨਾਨਕ ਰਹਣੁ ਰਜਾਈ ॥
so paatisaahu saahaa paatisaahib naanak rahan rajaa-ee.
ਉਹ ਪਾਤਿਸ਼ਾਹ, ਸ਼ਾਹਾਂ ਦਾ ਪਾਤਿਸ਼ਾਹ ਹੈ। ਨਾਨਕ, ਸਭ ਨੂੰ ਉਹਦੀ ਰਜ਼ਾ ਵਿਚ ਰਹਿਣਾ ਹੀ ਸ਼ੋਭਦਾ ਹੈ।
He is the King, King of kings. Nanak, it is right to accept His Will. ||

ਆਸਾ ਮਹਲਾ ੧ ॥
aasaa mehlaa 1.
ਆਸਾ ਮਹਲਾ ਪਹਿਲਾ।
Aasaa, First Mehla.

ਸੁਣਿ ਵਡਾ ਆਖੈ ਸਭੁ ਕੋਇ ॥
sun vadaa aakhai sabh ko-ay.
ਵਾਹਿਗੁਰੂ ਜੀ, ਦੂਜਿਆਂ ਤੋਂ ਸੁਣਕੇ ਸਭ ਕੋਈ ਤੁਹਾਨੂੰ ਵੱਡਾ ਆਖਦਾ ਹੈ।
Hearing of Your (God's) Greatness, everyone calls You Great.

ਕੇਵਡੁ ਵਡਾ ਡੀਠਾ ਹੋਇ ॥
kayvad vadaa deethaa ho-ay.
ਤੁਸੀਂ ਕਿੱਡੇ ਵੱਡੇ ਹੋ, ਕੋਈ ਤੁਹਾਨੂੰ ਦੇਖੇ ਤਾਂ ਦੱਸੇ।
But, how Great are You, only he can tell who sees You.

ਕੀਮਤਿ ਪਾਇ ਨ ਕਹਿਆ ਜਾਇ ॥
keemat paa-ay na kahi-aa jaa-ay.
ਤੁਹਾਡੀ ਕਦਰ ਕੀਮਤ ਕੋਈ ਜਾਣ ਨਹੀ ਸਕਦਾ, ਅਤੇ ਸੋ ਤੁਹਾਡੇ ਬਾਰੇ ਕੁਝ ਦੱਸ ਨਹੀ ਸਕਦਾ।
No one can realize Your Value, and none can tell anything about You.

ਕਹਣੈ ਵਾਲੇ ਤੇਰੇ ਰਹੇ ਸਮਾਇ ॥੧॥
kahnai vaalay tayray rahay samaa-ay. ||1||
ਜੋ ਤੁਹਾਡੇ ਬਾਰੇ ਦਸ ਸਕਦੇ ਹਨ, ਉਹ ਤੁਹਾਡੇ ਵਿਚ ਹੀ ਲੀਨ ਹੋ ਗਏ ਹੁੰਦੇ ਹਨ, ਦਸਣ ਕੀ!
Those who can describe You, they stay absorbed in You, how can they tell! ||1||

ਵਡੇ ਮੇਰੇ ਸਾਹਿਬਾ ਗਹਿਰ ਗੰਭੀਰਾ ਗੁਣੀ ਗਹੀਰਾ ॥
vaday mayray saahibaa gahir gambheeraa gunee gaheeraa.
ਮੇਰੇ ਵੱਡੇ ਸਾਹਿਬ, ਤੁਸੀਂ ਗੁਣਾ ਦੇ ਗਹਿਰ: ਡੂੰਘੇ, ਅਤੇ ਗੰਭੀਰ: ਸ਼ਾਂਤ, ਗਹੀਰ: ਗਹਿਰੇ (ਸਮੁੰਦਰ), ਹੋ।
My Great Master, You are the deep ocean of excellence.

ਕੋਇ ਨ ਜਾਣੈ ਤੇਰਾ ਕੇਤਾ ਕੇਵਡੁ ਚੀਰਾ ॥੧॥ ਰਹਾਉ ॥
ko-ay na jaanai tayraa kaytaa kayvad cheeraa||1||rahaa-o.
ਕੋਈ ਨਹੀ ਜਾਣਦਾ ਤੁਹਾਡਾ ਚੀਰ: ਆਰ-ਪਾਰ (ਚੌੜਾਈ, ਹੱਦ), ਕਿੰਨਾ ਕੁ ਹੈ। ਰਹਾਉ। (ਰਹਾਉ ਦਾ ਅਰਥ ਹੈ ਠਹਿਰਾਉ - ਠਹਿਰੋ ਅਤੇ ਇਸ ਨੂੰ ਵੀਚਾਰੋ)।
No one knows the vastness of Your Expanse. ||1||Pause||

ਸਭਿ ਸੁਰਤੀ ਮਿਲਿ ਸੁਰਤਿ ਕਮਾਈ ॥
sabh surtee mil surat kamaa-ee.
ਸਭ ਸੁਰਤਿਆਂ: ਭਜਨੀਕਾਂ ਨੇ, ਮਿਲ ਕੇ ਬੰਦਗੀ ਕੀਤੀ, ਤੁਹਾਨੂੰ ਜਾਣਨ ਲਈ।

All the worshippers worshipped You together, to know Your greatness.

ਸਭ ਕੀਮਤਿ ਮਿਲਿ ਕੀਮਤਿ ਪਾਈ ॥
sabh keemat mil keemat paa-ee.
ਸਾਰੇ ਪਾਰਖੂਆਂ ਨੇ ਤੁਹਾਨੂੰ ਜਾਣਨ ਲਈ ਮਿਲ ਕੇ ਪਰਖ ਕੀਤੀ।
All the evaluators got together and tried to evaluate You.

ਗਿਆਨੀ ਧਿਆਨੀ ਗੁਰ ਗੁਰਹਾਈ ॥
gi-aanee Dhi-aanee gur gurhaa-ee.
ਗਿਆਨਵਾਨਾ, ਸੁਰਤੀ ਜੋੜਨ ਵਾਲਿਆਂ, ਅਜਿਹੇ ਗੁਰ: ਵੱਡੇ, ਗੁਰਹਾਈ: ਗੁਰ–ਭਾਈਆਂ (ਵਡੇਰਿਆਂ), ਜਤਨ ਕੀਤੇ।
The learned people, the worshippers, such noble ones and the nobler still, tried to know You.

ਕਹਣੁ ਨ ਜਾਈ ਤੇਰੀ ਤਿਲੁ ਵਡਿਆਈ ॥੨॥
kahan na jaa-ee tayree til vadi-aa-ee. ||2||
ਕੋਈ ਤੁਹਾਡੀ ਇਕ ਤਿਲ ਭਰ ਵਡਿਆਈ ਵੀ ਨਹੀ ਦਸ ਸਕਿਆ।
Whatever may be done, no one can describe even a fraction of Your Greatness. ||2||

ਸਭਿ ਸਤ ਸਭਿ ਤਪ ਸਭਿ ਚੰਗਿਆਈਆ ॥
sabh sat sabh tap sabh chang-aa-ee-aa.
ਸਚਾਈ, ਤਪਸਿਆ, ਅਤੇ ਚੰਗਿਆਈਆਂ।
Truthfulness, austerity, and goodness,

ਸਿਧਾ ਪੁਰਖਾ ਕੀਆ ਵਡਿਆਈਆ ॥
siDhaa purkhaa kee-aa vadi-aa-ee-aa.
ਸਿਧਾਂ: ਚਮਤਕਾਰੀ ਪੁਰਸ਼ਾਂ, ਦੀਆਂ ਵੱਡਿਆਈਆਂ,
Great qualities of adepts,

ਤੁਧੁ ਵਿਣੁ ਸਿਧੀ ਕਿਨੈ ਨ ਪਾਈਆ ॥
tuDh vin siDhee kinai na paa-ee-aa.
ਭਾਵੇਂ ਕੁਝ ਵੀ ਹੋਵੇ, ਤੁਹਾਡੀ ਕਿਰਪਾ ਦੇ ਬਿਨਾ ਕੋਈ ਵੀ ਸਿੱਧੀ: ਸਿਧਾ ਰਾਹ (ਸੱਚਾ ਗਿਆਨ, ਸ਼ਕਤੀਆਂ), ਨਹੀ ਪਾ ਸਕਦਾ।
Without You, no one can find the right-path - realize You. (Sidhi - supernatural power: ability to know Him).

ਕਰਮਿ ਮਿਲੈ ਨਾਹੀ ਠਾਕਿ ਰਹਾਈਆ ॥੩॥
karam milai naahee thaak rahaa-ee-aa. ||3||
ਚੰਗੇ ਕਰਮਾ, ਤੁਹਾਡੀ ਕਿਰਪਾ ਦੇ ਨਾਲ ਇਹ ਸਭ ਕੁਝ ਪਰਾਪਤ ਹੁੰਦਾ ਹੈ, ਅਤੇ ਕੋਈ ਰੋਕ (ਠਾਕ) ਨਹੀ ਪਾ ਸਕਦਾ।
All this – Your realization, is achieved by good deeds, Your Grace, and no one can put any obstacle. ||3||

ਆਖਣ ਵਾਲਾ ਕਿਆ ਵੇਚਾਰਾ ॥
aakhan vaalaa ki-aa vaychaaraa.
ਇਹ ਬੰਦਾ ਵਿਚਾਰਾ ਤੁਹਾਡੇ ਗੁਣ ਕੀ ਗਾਉਂ ਸਕਦਾ ਹੈ !
What can the poor fellow praise You!

ਸਿਫਤੀ ਭਰੇ ਤੇਰੇ ਭੰਡਾਰਾ ॥
siftee bharay tayray bhandaaraa.
ਸਿਫ਼ਤਾਂ ਦੇ ਤੁਹਾਡੇ ਭੰਡਾਰ ਭਰੇ ਪਏ ਹਨ, ਬੇਅੰਤ ਤੁਹਾਡੀਆਂ ਸਿਫ਼ਤਾਂ ਕਰਦੇ ਹਨ।
Your treasures are overflowing with Your Praise – countless praise You.

ਜਿਸੁ ਤੂ ਦੇਹਿ ਤਿਸੈ ਕਿਆ ਚਾਰਾ ॥
jis too deh tisai ki-aa chaaraa.
ਕਿਸੇ ਦੇ ਜਤਨ (ਚਾਰਾ) ਵੱਸ ਕੁਝ ਨਹੀ, ਤੁਹਾਡੀ ਸਿਫ਼ਤ ਉਹ ਹੀ ਕਰੇਗਾ ਜਿਸ ਨੂੰ ਤੁਹਾਡੀ ਬਖਸ਼ਿਸ਼ ਹੋ ਜਾਵੇ।
Self-efforts can get nothing, Your praise comes through Your Blessing only.

ਨਾਨਕ ਸਚੁ ਸਵਾਰਣਹਾਰਾ ॥੪॥੨॥
naanak sach savaaranhaaraa. ||4||2||
ਨਾਨਕ, ਸੱਚ (ਤੁਹਾਡਾ ਨਾਮ) ਹੀ ਸਭ ਕੁਝ ਸਵਾਰਨ ਵਾਲਾ ਹੈ।
Nanak, the Truth (His Name) is the only Doer – sets things right. ||4||2||

ਆਸਾ ਮਹਲਾ ੧ ॥
aasaa mehlaa 1.
ਰਾਗ ਆਸਾ, ਮਹਲਾ ਪਹਿਲਾ।
Aasaa, First Mehla.

ਆਖਾ ਜੀਵਾ ਵਿਸਰੈ ਮਰਿ ਜਾਉ ॥
aakhaa jeevaa visrai mar jaa-o.
ਤੁਹਾਡੇ ਨਾਮ ਦਾ ਜਾਪ ਮੇਰਾ ਜੀਵਨ ਹੈ, ਅਤੇ ਤੁਹਾਨੂੰ ਭੁਲਾ ਦੇਣਾ ਮੌਤ।
Chanting Your Name is my life, and forgetting it is death.

ਆਖਣਿ ਅਉਖਾ ਸਾਚਾ ਨਾਉ ॥
aakhan a-ukhaa saachaa naa-o.
ਭਰ, ਨਾਮ-ਜਾਪ ਕਰਨਾ ਔਖੀ ਗੱਲ ਹੈ।
But, it is difficult to recite the True Name.

ਸਾਚੇ ਨਾਮ ਕੀ ਲਾਗੈ ਭੂਖ ॥
saachay naam kee laagai bhookh.
ਜੇਕਰ ਸੱਚੇ ਨਾਮ ਦੀ ਭੁਖ: ਚਾਉ, ਲੱਗ ਜਾਵੇ।
If one becomes hungry (eager), for the True Name,

ਉਤੁ ਭੂਖੈ ਖਾਇ ਚਲੀਅਹਿ ਦੂਖ ॥੧॥
ut bhookhai khaa-ay chalee-ahi dookh. ||1||
ਫ਼ੇਰ ਇਹ ਭੁਖ (ਪਰਮਾਤਮਾ ਦੀ ਪਰੀਤ) ਦੁਖਾਂ ਨੂੰ ਖਾ ਜਾਂਦੀ ਹੈ।
Then, such a hunger (Love of God) eats away all afflictions. ||1||

ਸੋ ਕਿਉ ਵਿਸਰੈ ਮੇਰੀ ਮਾਇ ॥
so ki-o visrai mayree maa-ay.
ਮੇਰੀ ਮਾਏ, ਤਾਂ ਫ਼ੇਰ ਅਜਿਹਾ ਨਾਮ ਕਿਉਂ ਭੁੱਲੇ,
Dear mother, then why should one forget such a Name,

ਸਾਚਾ ਸਾਹਿਬੁ ਸਾਚੈ ਨਾਇ ॥੧॥ ਰਹਾਉ ॥
saachaa saahib saachai naa-ay. ||1|| rahaa-o.
ਜੱਦ ਕਿ ਸਿਰਫ਼ ਸੱਚੇ ਵਾਹਿਗੁਰੂ ਦਾ ਨਾਮ ਹੀ ਸੱਚਾ - ਸਭ ਕੁਝ ਕਰਨ ਅਤੇ ਸੁਖ ਦੇਣ ਵਾਲਾ, ਹੈ। ਰਹਾਉ - ਠਹਿਰਾਉ।
When only the True Master's True Name is the Doer, giver of the boons. ||1||Pause||

ਸਾਚੇ ਨਾਮ ਕੀ ਤਿਲੁ ਵਡਿਆਈ ॥
saachay naam kee til vadi-aa-ee.
ਸੱਚੇ ਨਾਮ ਦੀ ਤਿਲ ਭਰ ਵਡਿਆਈ,
Trying to describe the Greatness of even a fraction of the True Name,

ਆਖਿ ਥਕੇ ਕੀਮਤਿ ਨਹੀ ਪਾਈ ॥
aakh thakay keemat nahee paa-ee.
ਆਖਣ ਵਾਲੇ ਆਖਦੇ: ਵੀਚਾਰਦੇ, ਹਾਰ ਗਏ, ਭਰ ਕੀਮਤ ਨਾ ਪਾ ਸਕੇ।
The people got weary of contemplating on this, but could not evaluate Him.

ਜੇ ਸਭਿ ਮਿਲਿ ਕੈ ਆਖਣ ਪਾਹਿ ॥
jay sabh mil kai aakhan paahi.
ਜੇ ਸਾਰੇ ਮਿਲ ਕੇ ਦਸਣ ਦਾ ਪਾਹਿ: ਜਤਨ, ਕਰਨ,
Even if all were to come together and try to tell,

ਵਡਾ ਨ ਹੋਵੈ ਘਾਟਿ ਨ ਜਾਇ ॥੨॥
vadaa na hovai ghaat na jaa-ay. ||2||
ਵਾਹਿਗੁਰੂ ਦੀ ਵਡਿਆਈ ਵਿਚ ਕੋਈ ਵਾਧ ਘਾਟ ਨਹੀ ਕਰ ਸਕੇਗਾ।
No one will be able to add, or take away the Greatness of the Lord. ||2||

ਨਾ ਓਹੁ ਮਰੈ ਨ ਹੋਵੈ ਸੋਗੁ ॥
naa oh marai na hovai sog.
ਪਰਮਾਤਮਾ ਮਰਦਾ ਨਹੀ ਅਤੇ ਨਾ ਹੀ ਉਹਦਾ ਸੋਗ ਮਨਾਉਣ ਦੀ ਲੋੜ ਪੈਂਦੀ ਹੈ।
The Lord does not die, and there is never a need to mourn Him.

ਦੇਦਾ ਰਹੈ ਨ ਚੂਕੈ ਭੋਗੁ ॥
daydaa rahai na chookai bhog.
ਉਹ ਦਾਤਾਂ ਦਿੰਦਾ ਰਹਿੰਦਾ ਹੈ, ਅਤੇ ਉਹਦਾ ਭੋਗੁ: ਭੰਡਾਰ, ਮੁੱਕਦਾ ਨਹੀ।
He keeps on giving, and His treasures never run out.

ਗੁਣੁ ਏਹੋ ਹੋਰੁ ਨਾਹੀ ਕੋਇ ॥
gun ayho hor naahee ko-ay.
ਦਾਤਾਂ ਦਈ ਜਾਣਾ ਉਹਦਾ ਗੁਣ ਹੈ, ਉਹਦੇ ਵਰਗਾ ਹੋਰ ਕੋਈ ਨਹੀ।
His Virtue is to give, and there is none other like Him.

ਨਾ ਕੋ ਹੋਆ ਨਾ ਕੋ ਹੋਇ ॥੩॥
naa ko ho-aa naa ko ho-ay. ||3||
ਨਾ ਕਦੇ ਕੋਈ ਉਹਦੇ ਵਰਗਾ ਹੋਇਆ ਹੈ, ਨਾ ਕਦੇ ਹੋਵੇਗਾ।
There has never been anyone like Him, and none will ever be. ||3||

ਜੇਵਡੁ ਆਪਿ ਤੇਵਡ ਤੇਰੀ ਦਾਤਿ ॥
jayvad aap tayvad tayree daat.
ਜਿੱਡੇ ਵੱਡੇ ਤੁਸੀਂ ਹੋ, ਉਡੀਆਂ ਵੱਡੀਆਂ ਹੀ ਤੁਹਾਡੀਆਂ ਦਾਤਾਂ ਹਨ।
As Great You are, so Great are Your Gifts.

ਜਿਨਿ ਦਿਨੁ ਕਰਿ ਕੈ ਕੀਤੀ ਰਾਤਿ ॥
jin din kar kai keetee raat.
ਤੁਸੀਂ ਕੰਮ ਕਰਨ ਲਈ ਦਿਨ ਬਣਾ, ਨਾਲ ਆਰਾਮ ਕਰਨ ਲਈ ਰਾਤ ਬਣਾਈ ਹੈ।
You created the day to work, and with it night to rest.

ਖਸਮੁ ਵਿਸਾਰਹਿ ਤੇ ਕਮਜਾਤਿ ॥
khasam visaareh tay kamjaat.
ਜੋ ਕੋਈ ਇਹੋ ਜਿਹੇ ਦਿਆਲੂ ਮਾਲਕ ਨੂੰ ਭੁੱਲੇ ਤਾਂ ਉਹ ਕਮੀਨਾ ਹੈ।
One who forgets such a kind Master is mean.

ਨਾਨਕ ਨਾਵੈ ਬਾਝੁ ਸਨਾਤਿ ॥੪॥੩॥
naanak naavai baajh sanaat. ||4||3||
ਨਾਨਕ, ਨਾਮ ਤੋਂ ਬਿਨਾ ਬੰਦਾ ਸਨਾਤਿ: ਮਹਾ-ਨੀਚ, ਹੈ।
Nanak, without His Name, a person is degraded one. ||4||3||

ਰਾਗੁ ਗੂਜਰੀ ਮਹਲਾ ੪ ॥
raag goojree mehlaa 4.
ਰਾਗ ਗੂਜਰੀ, ਮਹਲਾ ਚੌਥਾ।
Raag Goojaree, Fourth Mehl.

ਹਰਿ ਕੇ ਜਨ ਸਤਿਗੁਰ ਸਤਪੁਰਖਾ ਬਿਨਉ ਕਰਉ ਗੁਰ ਪਾਸਿ ॥
har kay jan satgur satpurkhaa bina-o kara-o gur paas.
ਵਾਹਿਗੁਰੂ ਦੇ ਪਿਆਰੇ ਸੱਚ ਦੀ ਮੂਰਤ ਸਤਿਗੁਰੂ ਜੀ, ਮੇਰੀ ਤੁਹਾਡੇ ਅੱਗੇ ਬੇਨਤੀ ਹੈ,
Beloved of the Lord the True Guru, I offer my humble prayer to you.

ਹਮ ਕੀਰੇ ਕਿਰਮ ਸਤਿਗੁਰ ਸਰਣਾਈ ਕਰਿ ਦਇਆ ਨਾਮੁ ਪਰਗਾਸਿ ॥੧॥
ham keeray kiram satgur sarnaa-ee kar da-i-aa naam pargaas. ||1||
ਮੈਂ ਕੀੜਾ ਮਕੌੜਾ, ਸਤਿਗੁਰ ਜੀ, ਤੁਹਾਡੀ ਸ਼ਰਨ ਹਾਂ, ਕਿਰਪਾ ਕਰਕੇ ਮੈਨੂੰ ਨਾਮ ਦਾ ਗਿਆਨ ਬਖਸ਼ੋ।
The True Guru, I am an insect - a worm, seeking your refuge, kindly bless me with realization of the Naam - the Name of God. ||1||

ਮੇਰੇ ਮੀਤ ਗੁਰਦੇਵ ਮੋ ਕਉ ਰਾਮ ਨਾਮੁ ਪਰਗਾਸਿ ॥
mayray meet gurdayv mo ka-o raam naam pargaas.
ਮੇਰੇ ਮਿੱਤਰ ਮਹਾਂ ਪੁਰਸ਼ ਗੁਰੂ ਜੀ, ਮੈਨੂੰ ਨਾਮ ਦਾ ਗਿਆਨ ਬਖਸ਼ੋ।
My friend divine Guru, please enlighten me with the Name of the Lord.

ਗੁਰਮਤਿ ਨਾਮੁ ਮੇਰਾ ਪ੍ਰਾਨ ਸਖਾਈ ਹਰਿ ਕੀਰਤਿ ਹਮਰੀ ਰਹਰਾਸਿ ॥੧॥ ਰਹਾਉ ॥
gurmat naam mayraa paraan sakhaa-ee har keerat hamree rahraas. ||1|| rahaa-o.
ਗੁਰੂ ਦਾ ਬਖਸ਼ਿਆ ਵਾਹਿਗੁਰੂ-ਨਾਮ, ਮੇਰੇ ਪਰਾਣਾਂ (ਸੁਅਸਾਂ) ਦਾ ਸਖਾਈ: ਸਹਾਰਾ, ਅਤੇ ਵਾਹਿਗੁਰੂ-ਕੀਰਤਨ ਮੇਰੇ ਜੀਵਨ ਦਾ ਰਹਰਾਸਿ: ਸਹੀ ਰਸਤਾ, ਬਣ ਜਾਵੇ। ਰਹਾਉ - ਠਹਿਰਾਉ।
The Name of the Lord bestowed on me by the Guru may become the support of my life, and His praise my life's true way. ||1||Pause||

ਹਰਿ ਜਨ ਕੇ ਵਡ ਭਾਗ ਵਡੇਰੇ ਜਿਨ ਹਰਿ ਹਰਿ ਸਰਧਾ ਹਰਿ ਪਿਆਸ ॥
har jan kay vad bhaag vadayray jin har har sarDhaa har pi-aas.
ਵਾਹਿਗੁਰੂ ਦੇ ਪਰੇਮੀਆਂ ਦੇ ਵੱਡੇ ਭਾਗ ਹਨ ਕਿ ਜਿਨ੍ਹਾਂ ਦੇ ਮਨ ਵਿਚ ਉਹਦੀ ਸ਼ਰਧਾ ਅਤੇ ਤਰੇਹ (ਪਿਆਸ) ਹੈ।
The person who loves God has great fortune, he has faith and longing for Him.

ਹਰਿ ਹਰਿ ਨਾਮੁ ਮਿਲੈ ਤ੍ਰਿਪਤਾਸਹਿ ਮਿਲਿ ਸੰਗਤਿ ਗੁਣ ਪਰਗਾਸਿ ॥੨॥
har har naam milai tariptaasahi mil sangat gun pargaas. ||2||
ਹਰੀ ਦਾ ਨਾਮ ਪਰਾਪਤ ਕਰਕੇ ਇਹਨਾ ਨੂੰ ਸ਼ਾਂਤੀ ਮਿਲਦੀ ਹੈ, ਅਤੇ ਗੁਰਮੁਖਾਂ ਦੀ ਸੰਗਤ ਦੇ ਨਾਲ ਇਹਨਾ ਦੇ ਵਿਚ ਚੰਗਿਆਈਆਂ ਆਉਂਦੀਆਂ ਹਨ।
Such persons get satiated on obtaining the Name of Hari: the Lord, and by joining the God-Oriented people virtues develop in them. ||2||

ਜਿਨ ਹਰਿ ਹਰਿ ਹਰਿ ਰਸੁ ਨਾਮੁ ਨ ਪਾਇਆ ਤੇ ਭਾਗਹੀਣ ਜਮ ਪਾਸਿ ॥
jin har har har ras naam na paa-i-aa tay bhaagheen jam paas.
ਜਿਨ੍ਹਾਂ ਵਾਹਿਗੁਰੂ ਦੇ ਨਾਮ ਦਾ ਸਵਾਦ ਨਹੀ ਮਾਣਿਆ ਉਹ ਬਦਕਿਸਮਤ ਹਨ ਤੇ ਜਮਾਂ ਦੇ ਵੱਸ ਪੈਣਗੇ।
Those who have not tasted the Name of the Lord are unfortunate, they shall be dealt with by the messengers of death.

ਜੋ ਸਤਿਗੁਰ ਸਰਣਿ ਸੰਗਤਿ ਨਹੀ ਆਏ ਧ੍ਰਿਗੁ ਜੀਵੇ ਧ੍ਰਿਗੁ ਜੀਵਾਸਿ ॥੩॥
jo satgur saran sangat nahee aa-ay Dharig jeevay Dharig jeevaas. ||3||
ਜੋ ਸਤਿਗੁਰ ਦੀ ਸ਼ਰਨ ਸੰਗਤ ਵਿਚ ਨਹੀ ਆਏ ਲਾਅਨਤ ਹੈ ਉਹਨਾ ਦਾ ਜੀਵਣ ਅਤੇ ਜੀਵਣ ਦੀ ਆਸ।
Those who did not come to the protection of the True Guru in the holy congregation, cursed are they and their hopes of living. ||3||

ਜਿਨ ਹਰਿ ਜਨ ਸਤਿਗੁਰ ਸੰਗਤਿ ਪਾਈ ਤਿਨ ਧੁਰਿ ਮਸਤਕਿ ਲਿਖਿਆ ਲਿਖਾਸਿ ॥
jin har jan satgur sangat paa-ee tin Dhur mastak likhi-aa likhaas.
ਜਿਸ ਵਾਹਿਗੁਰੂ ਦੇ ਸੇਵਕ ਨੇ ਸਤਿਗੁਰੂ ਦੀ ਸੰਗਤ ਪਾ ਲਈ ਹੈ, ਉਸ ਦੇ ਮੱਥੇ ਉੱਤੇ ਪਰਮਾਤਮਾ ਦੇ ਘਰੋਂ ਚੰਗੇ ਲੇਖ ਲਿਖੇ ਹੋਏ ਹਨ।
That servant of God who attained company of the True Guru, has such a destiny inscribed on his foreheads (He has the luck to meet the True Guru).

ਧਨੁ ਧੰਨੁ ਸਤਸੰਗਤਿ ਜਿਤੁ ਹਰਿ ਰਸੁ ਪਾਇਆ ਮਿਲਿ ਜਨ ਨਾਨਕ ਨਾਮੁ ਪਰਗਾਸਿ ॥੪॥੪॥
Dhan Dhan satsangat jit har ras paa-i-aa mil jan naanak naam pargaas. ||4||4||
ਸਤਸੰਗਤ ਧਨ ਹੈ ਕਿ ਜਿਸ ਤੋਂ ਵਾਹਿਗੁਰੂ ਦਾ ਸਵਾਦ (ਅਨੰਦ) ਮਿਲਦਾ ਹੈ। ਨਾਨਕ, ਸਤਿਸੰਗਤ ਵਿਚ ਪਰਮਾਤਮਾ ਦੇ ਪਰੇਮੀਆਂ ਨੂੰ ਮਿਲ ਕੇ ਪਰਮੇਸ਼ਰ ਦੇ ਨਾਮ ਦਾ ਗਿਆਨ ਪਰਾਪਤ ਹੁੰਦਾ ਹੈ।
Blessed is the True: God-Oriented, congregation where one gets the taste of the Lord. Nanak, meeting with His servants in the congregation, the Name of the Lord is realized. ||4||4||

ਰਾਗੁ ਗੂਜਰੀ ਮਹਲਾ ੫ ॥
raag goojree mehlaa 5.
ਰਾਗ ਗੂਜਰੀ, ਮਹਲਾ ਪੰਜਵਾਂ।
Raag Goojaree, Fifth Mehla.

ਕਾਹੇ ਰੇ ਮਨ ਚਿਤਵਹਿ ਉਦਮੁ ਜਾ ਆਹਰਿ ਹਰਿ ਜੀਉ ਪਰਿਆ ॥
kaahay ray man chitvahi udam jaa aahar har jee-o pari-aa.
ਮਨਾ ਤੈਨੂੰ ਰੋਜ਼ੀ ਲਈ ਆਹਰ ਕਰਨ ਦੀ ਕਿਉਂ ਚਿੰਤਾ ਹੈ ਕਿ ਜੱਦ ਵਾਹਿਗੁਰੂ ਨੂੰ ਆਪ ਹੀ ਤੇਰਾ ਆਹਰ: ਧਿਆਨ, ਹੈ।
O my mind, why do you worry for your living, when the Lord Himself is taking care of you!

ਸੈਲ ਪਥਰ ਮਹਿ ਜੰਤ ਉਪਾਏ ਤਾ ਕਾ ਰਿਜਕੁ ਆਗੈ ਕਰਿ ਧਰਿਆ ॥੧॥
sail pathar meh jant upaa-ay taa kaa rijak aagai kar Dhari-aa. ||1||
ਪਰਮਾਤਮਾ ਨੇ ਸਿਲਾਂ ਅਤੇ ਪਥਰਾਂ ਦੇ ਅੰਦਰ ਵੀ ਜੀਵ-ਜੰਤ ਪੈਦਾ ਕੀਤੇ ਹਨ ਅਤੇ ਇਹਨਾ ਦੇ ਲਈ ਉਹਨੇ ਪਹਿਲਾਂ ਹੀ ਰਿਜ਼ਕ ਤਿਆਰ ਕਰ ਰੱਖਿਆ ਹੈ।
He created the living beings even in the rocks and stones, and supplied their provisions before hand. ||1||

ਮੇਰੇ ਮਾਧਉ ਜੀ ਸਤਸੰਗਤਿ ਮਿਲੇ ਸੁ ਤਰਿਆ ॥
mayray maaDha-o jee satsangat milay so tari-aa.
ਮੇਰੇ ਮਾਧਉ ਜੀ: ਮਾਇਆ ਦੇ ਪਤੀ (ਪਰਮਾਤਮਾ) ਜੀ, ਜੋ ਸਤਸੰਗਤ ਪਰਾਪਤ ਕਰ ਲਵੇ ਉਹ ਤਰ ਜਾਂਦਾ ਹੈ।
My Master (of Mayaa - worldly things: God), one who joins the True congregation is saved.

ਗੁਰ ਪਰਸਾਦਿ ਪਰਮ ਪਦੁ ਪਾਇਆ ਸੂਕੇ ਕਾਸਟ ਹਰਿਆ ॥੧॥ ਰਹਾਉ ॥
gur parsaad param pad paa-i-aa sookay kaasat hari-aa. ||1|| rahaa-o.
ਗੁਰੂ ਦੀ ਕਿਰਪਾ ਦੇ ਨਾਲ ਉੱਚ-ਪਦਵੀ ਪਾ ਲਈ ਦੀ ਹੈ, ਅੱਤੇ ਸੁੱਕੀ ਕਾਸਟ: ਲੱਕੜੀ, ਵੀ ਹਰੀ ਹੋ ਜਾਂਦੀ ਹੈ। ਰਹਾਉ।
By Guru's Grace the supreme status is obtained, and even the dry wood becomes green: blossoms. ||1||Pause||

ਜਨਨਿ ਪਿਤਾ ਲੋਕ ਸੁਤ ਬਨਿਤਾ ਕੋਇ ਨ ਕਿਸ ਕੀ ਧਰਿਆ ॥
janan pitaa lok sut banitaa ko-ay na kis kee Dhari-aa.
ਜਨਨਿ: ਮਾਤਾ, ਪਿਤਾ, ਲੋਕ, ਸੁਤ: ਪੁੱਤਰ, ਬਨਿਤਾ: ਬੀਵੀ, ਕੋਈ ਵੀ ਕਿਸੇ ਦਾ ਧਰਿਆ: ਆਸਰਾ, ਨਹੀ।
Mother, father, friend, son or spouse, no one is the support of anyone else.

ਸਿਰਿ ਸਿਰਿ ਰਿਜਕੁ ਸੰਬਾਹੇ ਠਾਕੁਰੁ ਕਾਹੇ ਮਨ ਭਉ ਕਰਿਆ ॥੨॥

sir sir rijak sambaahay thaakur kaahay man bha-o kari-aa. ||2||

ਜੱਦ ਹਰ ਇਕ ਦਾ ਰਿਜ਼ਕ: ਰੋਜ਼ੀ, ਵਾਹਿਗੁਰੂ ਆਪ ਸੰਬਾਹੇ: ਪਹੁਚਾਂਦਾ ਹੈ, ਮਨਾ ਫ਼ੇਰ ਤੈਨੂੰ ਡਰ ਕਾਹਦਾ ਹੈ?

The Lord provides sustenance to everyone, then why should you worry, my mind? ||2||

ਊਡੇ ਊਡਿ ਆਵੈ ਸੈ ਕੋਸਾ ਤਿਸੁ ਪਾਛੈ ਬਚਰੇ ਛਰਿਆ ॥

ooday ood aavai sai kosaa tis paachhai bachray chhari-aa.

(ਇਕ ਕੂੰਜ) ਉੱਡ ਕੇ ਆ ਜਾਂਦੀ ਹੈ ਸੈਂਕੜੇ ਕੋਹ (3 ਮੀਲ ਦਾ ਇਕ ਕੋਹ), ਆਪਣੇ ਬੱਚੇ ਪਿੱਛੇ ਛੱਡ ਕੇ।

The crane flies hundreds of miles, leaving its young ones behind.

ਤਿਨ ਕਵਣੁ ਖਲਾਵੈ ਕਵਣੁ ਚੁਗਾਵੈ ਮਨ ਮਹਿ ਸਿਮਰਨੁ ਕਰਿਆ ॥੩॥

tin kavan khalaavai kavan chugaavai man meh simran kari-aa. ||3||

ਉਹਨਾ ਬੱਚਿਆਂ ਨੂੰ ਕਉਣ ਖਵਾਉਂਦਾ ਤੇ ਚੋਗਾ ਦਿੰਦਾ ਹੈ, ਕੂੰਜ ਮਨ ਵਿਚ ਹੀ ਉਹਨਾ ਦੀ ਸੰਭਾਲ ਲਈ ਵਾਹਿਗੁਰੂ ਨੂੰ ਬੇਨਤੀ ਕਰਦੀ ਰਹਿੰਦੀ ਹੈ।

Who provides feed to the chickens of a crane, in its mind it keeps praying to the Lord for their protection. ||3||

ਸਭਿ ਨਿਧਾਨ ਦਸ ਅਸਟ ਸਿਧਾਨ ਠਾਕੁਰ ਕਰ ਤਲ ਧਰਿਆ ॥

sabh niDhaan das asat sidhaan thaakur kar tal Dhari-aa.

ਸਾਰੇ ਨਿਧਾਨ: ਨਿੱਧੀਆਂ (ਖਜ਼ਾਨੇ), ਦਸ ਅਸਟ: ਅਠਾਰਾਂ, ਸਿਧਾਨ: ਸਿਧੀਆਂ (ਕਰਾਮਾਤਾਂ), ਵਾਹਿਗੁਰੂ ਜੀ ਤੁਹਾਡੇ ਕਰ: ਹੱਥ, ਤਲ: ਤਲੀ, ਤੇ ਪਈਆਂ ਹਨ (ਕੂੰਜ ਦੇ ਬੱਚੇ ਪਾਲਣੇ ਤਾਂ ਇਕ ਬੰਨੇ, ਵਾਹਿਗੁਰੂ ਜੀ ਤੁਸੀਂ ਸਭ ਕੁਝ ਕਰ ਸਕਦੇ ਹੋ)।

All (Nine) treasures, and (eighteen) supernatural powers, are on the Palm of God. (Leaving aside protecting the crane-chickens, You are all powerful to do every thing)

ਜਨ ਨਾਨਕ ਬਲਿ ਬਲਿ ਸਦ ਬਲਿ ਜਾਈਐ ਤੇਰਾ ਅੰਤੁ ਨ ਪਾਰਾਵਰਿਆ ॥੪॥੫॥

jan naanak bal bal sad bal jaa-ee-ai tayraa ant na paraavari-aa. ||4||5||

ਵਾਹਿਗੁਰੂ ਦਾ ਦਾਸ ਨਾਨਕ ਸੈਂਕੜੇ ਵਾਰ ਵਾਰੀ ਜਾਂਦਾ ਹੈ, ਸੱਚੇ ਪਾਤਿਸ਼ਾਹ ਤੁਹਾਡਾ ਅੰਤ, ਪਾਰਾਵਾਰ: ਉਰਵਾਰ ਪਾਰ, ਕੋਈ ਨਹੀ। ਬੇਅੰਤ ਹੋ।

O God, You are limitless and have no boundaries, Nanak is in Your service, and is a sacrifice (Appreciation) to You countless times. ||4||5||

ਰਾਗੁ ਆਸਾ ਮਹਲਾ ੪ ਸੋ ਪੁਰਖੁ

raag aasaa mehlaa 4 so purakhu

ਰਾਗ ਆਸਾ, ਮਹਲਾ ਚੌਥਾ, ਸੋ ਪੁਰਖ। (ਪੁਰਖ: ਪੁਰਸ਼, ਵਾਹਿਗੁਰੂ)।

Raag Aasaa, Fourth Mehla, So Purakh. (That Primal Being, God).

ੴ ਸਤਿਗੁਰ ਪ੍ਰਸਾਦਿ ॥
ik-o^Nkaar sa<u>t</u>gur parsaa<u>d</u>e
ਸਭ ਥਾਵਾਂ ਅਤੇ ਵਸਤਾਂ ਵਿਚ ਵੱਸਦੇ ਵਾਹਿਗੁਰੂ ਜੀ, ਜਿਸਦਾ ਗਿਆਨ ਸੱਚੇ ਗੁਰੂ ਜੀ ਦੀ ਕਿਰਪਾ ਦੇ ਨਾਲ ਹੁੰਦਾ ਹੈ।
All Pervading God, realized by the Grace of the True Guru.

ਸੋ ਪੁਰਖੁ ਨਿਰੰਜਨੁ ਹਰਿ ਪੁਰਖੁ ਨਿਰੰਜਨੁ ਹਰਿ ਅਗਮਾ ਅਗਮ ਅਪਾਰਾ ॥
so pura<u>kh</u> niranjan har pura<u>kh</u> niranjan har agmaa agam apaaraa.
ਸੋ ਪੁਰਖ: ਵਾਹਿਗੁਰੂ, ਨਿਰੰਜਨ: ਦਾਗ਼-ਦੋਸ਼ ਤੋਂ ਰਹਿਤ (ਪਵਿੱਤਰ) ਹੈ, ਹਰਿ ਪੁਰਖ: ਹਰੀ-ਪੁਰਸ਼ (ਪਰਮਾਤਮਾ) ਪਵਿਤੱਰ ਹੈ। ਹਰਿ: ਵਾਹਿਗੁਰੂ, ਅਗੰਮਾ ਅਗੰਮ: ਪਹੁੰਚ ਤੋਂ ਪਰ੍ਹੇ, ਅਪਾਰਾ: ਬੇਅੰਤ, ਹੈ।
God is Immaculate, the Pure Being, Inaccessible and Limitless.

ਸਭਿ ਧਿਆਵਹਿ ਸਭਿ ਧਿਆਵਹਿ ਤੁਧੁ ਜੀ ਹਰਿ ਸਚੇ ਸਿਰਜਣਹਾਰਾ ॥
sa<u>bh</u> <u>Dh</u>i-aavahi sa<u>bh</u> <u>Dh</u>i-aavahi <u>t</u>u<u>Dh</u> jee har sachay sirja<u>n</u>haaraa.
ਹਰ ਕੋਈ ਤੁਹਾਨੂੰ ਧਿਆਉਂਦਾ ਹੈ, ਸਭ ਤੁਹਾਨੂੰ "ਮਨ ਟਿਕਾ ਕੇ ਜਪਦੇ" ਹਨ, ਹਰੀ ਜੀ ਸੱਚੇ ਰਚਨਾ ਕਰਨ ਵਾਲੇ ਜੀਉ।
All fix their minds on You, recite Your Name, the True Creator Lord!

ਸਭਿ ਜੀਅ ਤੁਮਾਰੇ ਜੀ ਤੂੰ ਜੀਆ ਕਾ ਦਾਤਾਰਾ ॥
sa<u>bh</u> jee-a <u>t</u>umaaray jee <u>t</u>oo^N jee-aa kaa <u>d</u>aa<u>t</u>aaraa.
ਸਭ ਜੀਵ ਤੁਹਾਡੇ ਹਨ, ਤੁਸੀ ਜੀਵਾਂ ਨੂੰ ਸਭ ਕੁਝ ਦੇਣ ਵਾਲੇ ਹੋ।
All living beings are Yours, You are the Giver to all.

ਹਰਿ ਧਿਆਵਹੁ ਸੰਤਹੁ ਜੀ ਸਭਿ ਦੂਖ ਵਿਸਾਰਣਹਾਰਾ ॥
har <u>Dh</u>i-aavahu san<u>t</u>ahu jee sa<u>bh</u> <u>d</u>oo<u>kh</u> visaara<u>n</u>-haaraa.
ਸੰਤ ਜਨੋ, ਹਰੀ ਦਾ ਧਿਆਨ ਧਾਰੋ (ਮਨ ਟਿਕਾ ਕੇ ਨਾਮ ਜਪੋ), ਇਹ ਦੁਖ ਦੂਰ ਕਰਨ ਵਾਲਾ ਹੈ।
O saints, recite the Name of the Lord, He is the remover of afflictions.

ਹਰਿ ਆਪੇ ਠਾਕੁਰੁ ਹਰਿ ਆਪੇ ਸੇਵਕੁ ਜੀ ਕਿਆ ਨਾਨਕ ਜੰਤ ਵਿਚਾਰਾ ॥੧॥
har aapay <u>th</u>aakur har aapay sayvak jee ki-aa naanak jan<u>t</u> vichaaraa. ||1||
ਹਰੀ (ਵਾਹਿਗੁਰੂ) ਆਪੇ ਮਾਲਿਕ ਹੈ, ਆਪੇ ਸੇਵਕ ਵੀ ਹੈ ਜੀ। ਨਾਨਕ, ਵਿਚਾਰੇ ਲੋਕਾਂ ਦੇ ਹੱਥ-ਵਸ ਕੁਝ ਨਹੀ।
The Lord Himself is the Master, He Himself is the Servant too. Nanak, what can the humble people do by themselves! ||1||

ਤੂੰ ਘਟ ਘਟ ਅੰਤਰਿ ਸਰਬ ਨਿਰੰਤਰਿ ਜੀ ਹਰਿ ਏਕੋ ਪੁਰਖੁ ਸਮਾਣਾ ॥
<u>t</u>oo^N <u>gh</u>at <u>gh</u>at an<u>t</u>ar sarab niran<u>t</u>ar jee har ayko pura<u>kh</u> samaa<u>n</u>aa.
ਤੁਸੀਂ ਹਰ ਜੀਵ ਦੇ ਮਨ ਵਿਚ ਵਸਦੇ ਹੋ, ਸਭਨਾ ਵਿਚ ਹੋ, ਅਕਾਲਪੁਰਖ ਜੀ ਸਿਰਫ਼ ਤਸੀਂ ਹੀ ਸਭਨਾ ਵਿਚ ਸਮਾਏ ਹੋਏ ਹੋ।
You are in every heart, and in all things. You are there in all beings (In everyone

and everything).

ਇਕਿ ਦਾਤੇ ਇਕਿ ਭੇਖਾਰੀ ਜੀ ਸਭਿ ਤੇਰੇ ਚੋਜ ਵਿਡਾਣਾ ॥
ik daatay ik bhaykhaaree jee sabh tayray choj vidaanaa.
ਇਕ ਦਾਤੇ: ਦਾਨ ਕਰਨ ਵਾਲੇ, ਤੇ ਇਕ ਭਿਖਾਰੀ ਹਨ, ਇਹ ਸਭ ਤੁਹਾਡੇ ਹੀ ਵੱਡੇ ਚੋਜ: ਖੇਡ, ਹਨ।
Some do charities, others are beggars. This is Your wonderful play!

ਤੂੰ ਆਪੇ ਦਾਤਾ ਆਪੇ ਭੁਗਤਾ ਜੀ ਹਉ ਤੁਧੁ ਬਿਨੁ ਅਵਰੁ ਨ ਜਾਣਾ ॥
tooN aapay daataa aapay bhugtaa jee ha-o tuDh bin avar na jaanaa.
ਤੁਸੀਂ ਆਪੇ ਹੀ ਦਾਤੇ ਅਤੇ ਆਪੇ ਹੀ ਇਹ ਦਾਤਾਂ ਹੰਡਾਉਂਣ ਵਾਲੇ ਹੋ, (ਸਭ ਕੁਝ ਤੁਸੀਂ ਹੋ), ਮੈਂ ਹੋਰ ਕਿਸੇ ਨੂੰ ਕੁਝ ਨਹੀ ਜਾਣਦਾ।
You are the Giver of charities, and You enjoy them, I know none other (who is all powerful).

ਤੂੰ ਪਾਰਬ੍ਰਹਮੁ ਬੇਅੰਤੁ ਬੇਅੰਤੁ ਜੀ ਤੇਰੇ ਕਿਆ ਗੁਣ ਆਖਿ ਵਖਾਣਾ ॥
tooN paarbarahm bay-ant bay-ant jee tayray ki-aa gun aakh vakhaanaa.
ਤੁਸੀ ਪਾਰਬਰਹਮ: ਮਨੁਖੀ ਸਮਝ-ਬੁਧ ਤੋਂ ਪਰੇ (ਪਰਮਾਤਮਾ) ਹੋ, ਬੇਅੰਤ ਬੇਅੰਤ ਹੋ ਜੀ, ਮੈਂ ਤੁਹਾਡੇ ਕਿਹੜੇ ਕਿਹੜੇ ਗੁਣ ਦੱਸਾਂ!
You are Infinite, Your are Limitless. What Virtues of Yours can I speak of!

ਜੋ ਸੇਵਹਿ ਜੋ ਸੇਵਹਿ ਤੁਧੁ ਜੀ ਜਨੁ ਨਾਨਕੁ ਤਿਨ ਕੁਰਬਾਣਾ ॥੨॥
jo sayveh jo sayveh tuDh jee jan naanak tin kurbaanaa. ||2||
ਜਿਹੜਾ ਤੁਹਾਨੂੰ ਸੇਵਦਾ: ਨਾਮ ਜਪਦਾ ਹੈ ਜੀ, ਤੁਹਾਡਾ ਸੇਵਕ ਨਾਨਕ ਉਹਨਾ ਤੋਂ ਕੁਰਬਾਨ ਹੈ।
Those who serve You, Your servant Nanak is a sacrifice to them (Is in their appreciation!) ||2||

ਹਰਿ ਧਿਆਵਹਿ ਹਰਿ ਧਿਆਵਹਿ ਤੁਧੁ ਜੀ ਸੇ ਜਨ ਜੁਗ ਮਹਿ ਸੁਖਵਾਸੀ ॥
har Dhi-aavahi har Dhi-aavahi tuDh jee say jan jug meh sukhvaasee.
ਵਾਹਿਗੁਰੂ ਜੀ, ਜੋ ਤੁਹਾਨੂੰ ਧਿਆਉਂਦੇ ਹੀ ਧਿਆਉਂਦੇ ਹਨ, ਉਹ ਲੋਕ ਸੰਸਾਰ ਵਿਚ ਸੁਖੀ ਵਸਦੇ ਹਨ।
Those who think of You, recite Your Name, live in this world with mental peace.

ਸੇ ਮੁਕਤੁ ਸੇ ਮੁਕਤੁ ਭਏ ਜਿਨ ਹਰਿ ਧਿਆਇਆ ਜੀ ਤਿਨ ਤੂਟੀ ਜਮ ਕੀ ਫਾਸੀ ॥
say mukat say mukat bha-ay jin har Dhi-aa-i-aa jee tin tootee jam kee faasee.
ਉਹ ਮੁਕਤ ਹਨ, ਮੁਕਤ ਹਨ ਜੀ, ਜਿਨ੍ਹਾਂ ਤੁਹਾਨੂੰ ਧਿਆਇਆ ਹੈ, ਉਹਨਾ ਦੀ ਜੱਮਾਂ ਦੀ ਫਾਂਸੀ ਟੁਟ ਗਈ ਹੈ।
They are liberated who think of You, for them the noose of death is no more.

ਜਿਨ ਨਿਰਭਉ ਜਿਨ ਹਰਿ ਨਿਰਭਉ ਧਿਆਇਆ ਜੀ ਤਿਨ ਕਾ ਭਉ ਸਭੁ ਗਵਾਸੀ॥
jin nirbha-o jin har nirbha-o Dhi-aa-i-aa jee tin kaa bha-o sabh gavaasee.
ਜਿਨ੍ਹਾਂ ਨੇ ਡਰ-ਰਹਿਤ (ਪਰਮਾਤਮਾ), ਡਰ-ਰਹਿਤ ਨੂੰ ਧਿਆਇਆ ਹੈ ਜੀ, ਉਹਨਾ ਦਾ ਸਭ ਡਰ ਮੁੱਕ ਜਾਂਦਾ ਹੈ।

Those who think of the Fearless One (God), all their fears go away.

ਜਿਨ ਸੇਵਿਆ ਜਿਨ ਸੇਵਿਆ ਮੇਰਾ ਹਰਿ ਜੀ ਤੇ ਹਰਿ ਹਰਿ ਰੂਪਿ ਸਮਾਸੀ ॥
jin sayvi-aa jin sayvi-aa mayraa har jee tay har har roop samaasee.
ਜਿਨ੍ਹਾਂ ਨੇ ਮੇਰੇ ਪਰਮਾਤਮਾ ਨੂੰ ਸੇਵਿਆ ਹੀ ਸੇਵਿਆ ਹੈ ਜੀ, ਉਹ ਉਹਦੇ ਸਰੂਪ ਵਿਚ ਹੀ ਸਮਾ ਜਾਂਦੇ ਹਨ।
Those who serve, who serve my Lord, are absorbed into His Being.

ਸੇ ਧੰਨੁ ਸੇ ਧੰਨੁ ਜਿਨ ਹਰਿ ਧਿਆਇਆ ਜੀ ਜਨੁ ਨਾਨਕੁ ਤਿਨ ਬਲਿ ਜਾਸੀ ॥੩॥
say Dhan say Dhan jin har Dhi-aa-i-aa jee jan naanak tin bal jaasee. ||3||
ਉਹ ਧਨ ਹਨ, ਧਨ ਹਨ, ਜਿਨ੍ਹਾਂ ਨੇ ਵਾਹਿਗੁਰੂ ਨੂੰ ਧਿਆਇਆ ਹੈ, ਨਾਨਕ ਉਹਨਾ ਤੋਂ ਬਲਿਹਾਰ ਹੈ।
Blessed are they, blessed are they, who meditate on God. His servant Nanak is a sacrifice - an appreciation, to them ||3||

ਤੇਰੀ ਭਗਤਿ ਤੇਰੀ ਭਗਤਿ ਭੰਡਾਰ ਜੀ ਭਰੇ ਬਿਅੰਤ ਬੇਅੰਤਾ ॥
tayree bhagat tayree bhagat bhandaar jee bharay bi-ant bay-antaa.
ਤੁਹਾਡੀ ਭਗਤੀ, ਭਗਤੀ ਤੁਹਾਡੀ ਦੇ ਭਰੇ ਪਏ ਬੇਅੰਤ ਹੀ ਬੇਅੰਤ ਖਜ਼ਾਨੇ ਹਨ।
Filled up are numberless treasures and treasures of Your worship (Great many people worship You).

ਤੇਰੇ ਭਗਤ ਤੇਰੇ ਭਗਤ ਸਲਾਹਨਿ ਤੁਧੁ ਜੀ ਹਰਿ ਅਨਿਕ ਅਨੇਕ ਅਨੰਤਾ ॥
tayray bhagat tayray bhagat salaahan tuDh jee har anik anayk anantaa.
ਤੁਹਾਡੇ ਭਗਤ, ਭਗਤ ਤੁਹਾਡੇ ਤੁਹਾਨੂੰ ਸਲਾਹੁਣ ਵਾਲੇ ਕਈ ਅਨੇਕਾਂ ਹੀ ਅਨੇਕਾਂ ਹਨ।
Your devotees, devotees of Yours who praise You, are many, numberless, and limitless.

ਤੇਰੀ ਅਨਿਕ ਤੇਰੀ ਅਨਿਕ ਕਰਹਿ ਹਰਿ ਪੂਜਾ ਜੀ ਤਪੁ ਤਾਪਹਿ ਜਪਹਿ ਬੇਅੰਤਾ ॥
tayree anik tayree anik karahi har poojaa jee tap taapeh jaapeh bay-antaa.
ਅਨੇਕਾਂ ਹੀ ਅਨੇਕਾਂ ਪਰਮਾਤਮਾ ਦੀ ਪੂਜਾ ਕਰਦੇ ਹਨ ਜੀ, ਕਿ ਜੋ ਧੂਣੀਆਂ ਤਾਪਦੇ, ਜਾਪ ਕਰਦੇ ਹਨ ਬੇਅੰਤ ਤਰ੍ਹਾਂ।
Many, so very many worship You, they worship you sitting close to bon-fires (In hard ways), and chant Your Name in many ways.

ਤੇਰੇ ਅਨੇਕ ਤੇਰੇ ਅਨੇਕ ਪੜਹਿ ਬਹੁ ਸਿਮ੍ਰਿਤਿ ਸਾਸਤ ਜੀ ਕਰਿ ਕਿਰਿਆ ਖਟੁ ਕਰਮ ਕਰੰਤਾ ॥
tayray anayk tayray anayk parheh baho simrit saasat jee kar kiri-aa khat karam karantaa.
ਤੇਰੇ ਕੀਤੇ ਅਨੇਕਾਂ ਹੀ ਅਨੇਕਾਂ (ਪੰਡਿਤ) ਬਹੁਤ ਪੜ੍ਹਦੇ ਹਨ ਸਿਮਰਿਤੀਆਂ, ਸ਼ਾਸਤਰ ਅਤੇ ਇਸ਼ਨਾਨ-ਪਾਣੀ ਕਰਕੇ ਕਰਦੇ ਹਨ ਛੇ ਕਰਮ।

ਸਿਮ੍ਰਿਤਿ – ਸਿਮ੍ਰਿਤੀਆਂ: ਹਿੰਦੂ ਧਰਮ ਦੀਆਂ 27 ਪੁਸਤਕਾਂ। ਇਹਨਾ ਵਿਚ ਹਿੰਦੂ ਧਰਮ ਦੇ ਚਾਰ ਵੇਦਾਂ ਦਾ ਗਿਆਨ ਹੈ; ਸਾਸਤਰ – ਹਿੰਦੂ ਫ਼ਿਲਸਫ਼ੇ ਦੇ 6 ਗਰੰਥ: ਸਾਂਖ, ਪਾਤੰਜਲ: ਯੋਗ, ਨਿਆਏ, ਵੈਸ਼ੇਸ਼ਿਕ, ਮੀਮਾਨਸਾ,

ਵੇਦਾਂਤ); ਖਟ ਕਰਮ – ਮਨੁ-ਸਿਮ੍ਰਿਤੀ ਅਨੁਸਾਰ ਛੇ ਕਰਮ: ਪੜ੍ਹਨਾ-ਪੜ੍ਹਾਉਣਾ, ਦਾਨ ਦੇਣਾ-ਲੈਣਾਂ, ਜਗ ਕਰਨਾ-ਕਰਾਉਣਾ।

Your many, many of Your devotees, so very many read the various Simritees and Shaastras. (Ancient religious books of Hindus). They perform rituals and religious rites.

ਸੇ ਭਗਤ ਸੇ ਭਗਤ ਭਲੇ ਜਨ ਨਾਨਕ ਜੀ ਜੋ ਭਾਵਹਿ ਮੇਰੇ ਹਰਿ ਭਗਵੰਤਾ ॥੪॥

say bhagat say bhagat bhalay jan naanak jee jo bhaaveh mayray har bhagvantaa. ||4||

ਗੁਰ-ਸੇਵਕ ਨਾਨਕ, ਉਹ ਭਗਤ, ਸਿਰਫ਼ ਉਹ ਹੀ ਭਗਤ ਚੰਗੇ ਹਨ ਕਿ ਜੋ ਵਾਹਿਗੁਰੂ ਨੂੰ ਪਿਆਰੇ ਲੱਗਦੇ ਹਨ।

O servant Nanak, those devotees, only those devotees are good, who are dear to God. ||4||

ਤੂੰ ਆਦਿ ਪੁਰਖੁ ਅਪਰੰਪਰੁ ਕਰਤਾ ਜੀ ਤੁਧੁ ਜੇਵਡੁ ਅਵਰੁ ਨ ਕੋਈ ॥

too^N aad purakh aprampar kartaa jee tuDh jayvad avar na ko-ee.

ਤੁਸੀਂ ਮੁਢਲੀ-ਹਸਤੀ ਹੋ (ਸ਼ੁਰੂ ਤੋਂ), ਤੁਹਾਡਾ ਪਾਰਾਵਾਰ ਨਹੀ: ਬੇਅੰਤ ਹੋ, ਸਭ ਕੁਝ ਕਰਨ ਵਾਲੇ ਹੋ ਜੀ, ਤੁਹਾਡੇ ਜਿੱਡਾ ਹੋਰ ਕੋਈ ਨਹੀ।

You are the Primal Being (From the beginning), Limitless, Creator, and there is none else as Great as You.

ਤੂੰ ਜੁਗੁ ਜੁਗੁ ਏਕੋ ਸਦਾ ਸਦਾ ਤੂੰ ਏਕੋ ਜੀ ਤੂੰ ਨਿਹਚਲੁ ਕਰਤਾ ਸੋਈ ॥

too^N jug jug ayko sadaa sadaa too^N ayko jee too^N nihchal kartaa so-ee.

ਤੁਸੀਂ ਜੁਗ ਜੁਗ ਵਿਚ ਇਕ, ਸਦਾ ਸਦਾ ਸਿਰਫ਼ ਤੁਸੀਂ ਹੀ ਇਕ ਜੀ, ਇਕ ਸਾਰ ਕਾਇਮ ਰਚਨਾ ਕਰਨ ਵਾਲੇ ਹੋ।

Age after age, You have been the One, forevere and ever One, You have been the unchanged Creator.

ਤੁਧੁ ਆਪੇ ਭਾਵੈ ਸੋਈ ਵਰਤੈ ਜੀ ਤੂੰ ਆਪੇ ਕਰਹਿ ਸੁ ਹੋਈ ॥

tuDh aapay bhaavai so-ee vartai jee too^N aapay karahi so ho-ee.

ਜੋ ਤੁਹਾਨੂੰ ਚੰਗਾ ਲਗਦਾ ਹੈ ਸੋਈ ਹੁੰਦਾ ਹੈ ਜੀ, ਤੁਸੀਂ ਜੋ ਆਪ ਕਰਦੇ ਹੋ ਸੋ ਹੀ ਹੁੰਦਾ ਹੈ।

Whatever You like that happens, everything happens according to Your Will.

ਤੁਧੁ ਆਪੇ ਸ੍ਰਿਸਟਿ ਸਭ ਉਪਾਈ ਜੀ ਤੁਧੁ ਆਪੇ ਸਿਰਜਿ ਸਭ ਗੋਈ ॥

tuDh aapay sarisat sabh upaa-ee jee tuDh aapay siraj sabh go-ee.

ਤੁਸੀਂ ਆਪ ਹੀ ਇਹ ਸੰਸਾਰ ਰਚਿਆ ਹੈ ਜੀ, ਤੁਸੀਂ ਆਪ ਹੀ ਰਚਨਾ ਕਰਕੇ ਇਹਨੂੰ ਗੋਹ (ਮਸਲ, ਖਤਮ ਕਰ) ਦਿੰਦੇ ਹੋ।

You create the entire universe, and then Yourself destroy this Creation.

ਜਨੁ ਨਾਨਕੁ ਗੁਣ ਗਾਵੈ ਕਰਤੇ ਕੇ ਜੀ ਜੋ ਸਭਸੈ ਕਾ ਜਾਣੋਈ ॥੫॥੧॥
jan naanak gun gaavai kartay kay jee jo sabhsai kaa jaano-ee. ||5||1||
ਦਾਸ ਨਾਨਕ, ਕਰਤਾਪੁਰਖ: ਰਚਨਹਾਰ, ਦੇ ਗੁਣ ਗਾਉਂਦਾ ਹੈ, ਕਿ ਜੋ ਸਭ ਕੁਝ ਜਾਣਦਾ ਹੈ।
Servant Nanak sings the praise of the Creator (Who knows everything). ||5||1||

ਆਸਾ ਮਹਲਾ ੪ ॥
aasaa mehlaa 4.
ਆਸਾ ਮਹਲਾ ਚੌਥਾ।
Aasaa, Fourth Mehla.

ਤੂੰ ਕਰਤਾ ਸਚਿਆਰੁ ਮੈਡਾ ਸਾਂਈ ॥
too^N kartaa sachiaar maidaa saa^N-ee.
ਤੁਸੀਂ ਰਚਨਹਾਰ ਹੋ ਮੇਰੇ ਸੱਚੇ ਮਾਲਿਕ!
You are the Creator my True Master!

ਜੋ ਤਉ ਭਾਵੈ ਸੋਈ ਥੀਸੀ ਜੋ ਤੂੰ ਦੇਹਿ ਸੋਈ ਹਉ ਪਾਈ ॥੧॥ ਰਹਾਉ ॥
jo ta-o bhaavai so-ee theesee jo too^N deh so-ee ha-o paa-ee. ||1|| rahaa-o.
ਜੋ ਤੁਹਾਨੂੰ ਚੰਗਾ ਲੱਗੇ ਉਹ ਹੀ ਹੋਵੇਗਾ, ਜੋ ਤੁਸੀ ਦਿਉ ਸੋ ਹੀ ਮੈਂ ਪਾਉਂਦਾ ਹਾਂ। ਰਹਾਉ – ਠਹਿਰਾਉ।
Whatever You please that happens, whatever You give that I get. ||1||Pause||

ਸਭ ਤੇਰੀ ਤੂੰ ਸਭਨੀ ਧਿਆਇਆ ॥
sabh tayree too^N sabhnee Dhi-aa-i-aa.
ਸਭ ਰਚਨਾ ਤੁਹਾਡੀ ਹੈ, ਤੁਹਾਨੂੰ ਸਾਰੇ ਧਿਆਉਂਦੇ ਹਨ।
Whole of the Creation belong to You, and everyone meditates on You.

ਜਿਸ ਨੋ ਕ੍ਰਿਪਾ ਕਰਹਿ ਤਿਨਿ ਨਾਮ ਰਤਨੁ ਪਾਇਆ ॥
jis no kirpaa karahi tin naam ratan paa-i-aa.
ਜਿਨ੍ਹਾਂ ਉੱਤੇ ਤੁਸੀਂ ਕਿਰਪਾ ਕਰਦੇ ਹੋ, ਉਹਨਾ ਨੂੰ ਨਾਮ ਦੇ ਜਵਾਹਰ: ਹੀਰੇ–ਮੋਤੀ, ਮਿਲਦੇ ਹਨ।
Those to whom You are compassionate, get the jewels of the Name of God.

ਗੁਰਮੁਖਿ ਲਾਧਾ ਮਨਮੁਖਿ ਗਵਾਇਆ ॥
gurmukh laaDhaa manmukh gavaa-i-aa.
ਗੁਰੂ ਦੇ ਪਿਆਰਿਆਂ ਨੂੰ (ਆਤਮਿਕ) ਸਭ ਕੁਝ ਮਿਲ ਜਾਂਦਾ ਹੈ, ਆਪਣੀ ਮਨ ਮਰਜ਼ੀ ਕਰਨ ਵਾਲੇ ਸਭ ਕੁਝ ਗਵਾ ਬੈਠਦੇ ਹਨ।
The God-Oriented people attain the (spiritual) gains, and the self-oriented ones lose everything.

ਤੁਧੁ ਆਪਿ ਵਿਛੋੜਿਆ ਆਪਿ ਮਿਲਾਇਆ ॥੧॥
tuDh aap vichhorhi-aa aap milaa-i-aa. ||1||
ਤੁਸੀ (ਆਪਣੀ ਖੁਸ਼ੀ ਦੇ ਨਾਲ) ਕਿਸੇ ਨੂੰ ਆਪਣੇ ਤੋਂ ਵਿਛੋੜ ਦਿੰਦੇ ਹੋ, ਕਿਸੇ ਨੂੰ ਆਪਣੇ ਨਾਲ ਮਿਲਾ ਲੈਂਦੇ ਹੋ।
You (with Your pleasure) separate some from Yourself, and unite others with You. ||1||

ਤੂੰ ਦਰੀਆਉ ਸਭ ਤੁਝ ਹੀ ਮਾਹਿ ॥
too[N] daree-aa-o sabh tujh hee maahi.
ਤੁਸੀਂ ਦਰਿਆ ਹੋ (ਬਹੁਤ ਵੱਡੇ, ਬੇਅੰਤ), ਸਾਰੀ ਰਚਨਾ ਤੁਹਾਡੇ ਵਿਚ ਸਮਾਈ ਹੋਈ ਹੈ।
You are the River (Vast, Limitless), and the whole of Creation abides in You.

ਤੁਝ ਬਿਨੁ ਦੂਜਾ ਕੋਈ ਨਾਹਿ ॥
tujh bin doojaa ko-ee naahi.
ਤੁਹਾਡੇ ਤੋਂ ਬਿਨਾ ਹੋਰ ਦੂਸਰਾ ਕੋਈ ਵੀ ਨਹੀ।
Without You, there is none else.

ਜੀਅ ਜੰਤ ਸਭਿ ਤੇਰਾ ਖੇਲੁ ॥
jee-a jant sabh tayraa khayl.
ਇਹ ਜੀਵ-ਜੰਤੂ: ਸਾਰੇ ਜਾਨਦਾਰ, ਤੁਹਾਡੀ ਖੇਡ ਹਨ।
All beings and all creatures are Your playthings.

ਵਿਜੋਗਿ ਮਿਲਿ ਵਿਛੁੜਿਆ ਸੰਜੋਗੀ ਮੇਲੁ ॥੨॥
vijog mil vichhurhi-aa sanjogee mayl. ||2||
ਵਿਜੋਗ (ਵਿਛੋੜੇ ਦੇ ਨੇਮ) ਦੇ ਕਾਰਨ ਬੰਦਾ ਤੁਹਾਡੇ ਨਾਲ ਮਿਲਿਆ ਵੀ ਵਿਛਿੜਿਆ ਹੋਇਆ (ਨਾਮ ਨਾ ਜਪਣ ਦੇ ਕਾਰਨ, ਭਾਵੇ ਕਿ ਇਹ ਤੁਹਾਡਾ ਹੀ ਰੂਪ ਹੈ), ਅਤੇ ਸੰਜੋਗ (ਮਿਲਾਪ ਦਾ ਅਸੂਲ) ਦੇ ਕਾਰਨ ਮਿਲਿਆ ਹੋਇਆ ਹੈ (ਨਾਮ ਜਪਣ ਦੇ ਕਾਰਨ)।
By the “Principle of Separation” one is away from You (The fellow is a projection of You, but is separated due to not reciting Your Name). By the “principle of union,” he is united with You (by reciting Your Name). ||2||

ਜਿਸ ਨੋ ਤੂ ਜਾਣਾਇਹਿ ਸੋਈ ਜਨੁ ਜਾਣੈ ॥
jis no too jaanaa-ihi so-ee jan jaanai.
ਜਿਸ ਨੂੰ ਤੁਸੀਂ ਆਪਣਾ ਗਿਆਨ ਬਖਸ਼ਦੇ ਹੋ ਸਿਰਫ਼ ਉਹ ਹੀ ਤੁਹਾਨੂੰ ਜਾਣ ਸਕਦਾ ਹੈ।
Those to whom You bless with the knowledge about Yourself, only they understand You.

ਹਰਿ ਗੁਣ ਸਦ ਹੀ ਆਖਿ ਵਖਾਣੈ ॥
har gun sad hee aakh vakhaanai.
ਉਹ: ਅਜਿਹਾ ਗਿਆਨਵਾਨ, ਸਦਾ ਹੀ ਤੁਹਾਡੇ ਗੁਣ ਉਚਾਰਦਾ ਰਹਿੰਦਾ ਹੈ।

Those persons with Your knowledge, constantly chant Your praise.

ਜਿਨਿ ਹਰਿ ਸੇਵਿਆ ਤਿਨਿ ਸੁਖੁ ਪਾਇਆ ॥
jin har sayvi-aa tin sukh paa-i-aa.
ਜਿਨ੍ਹਾਂ ਨੇਂ ਵਾਹਿਗੁਰੂ ਨਾਮ ਜਪਿਆ, ਉਹਨਾ ਸੁਖ ਪਰਾਪਤ ਕੀਤਾ ਹੈ।
Those who recite Your Name, get comfort and peace of mind.

ਸਹਜੇ ਹੀ ਹਰਿ ਨਾਮਿ ਸਮਾਇਆ ॥੩॥
sehjay hee har naam samaa-i-aa. ||3||
ਅਜਿਹੇ, ਸਹਿਜੇ ਹੀ ਨਾਮ ਦੇ ਨਾਲ ਲੀਨ ਹੋ ਜਾਂਦੇ ਹਨ।
Such people, effortlessly get absorbed into the Lord's Name. ||3||

ਤੂ ਆਪੇ ਕਰਤਾ ਤੇਰਾ ਕੀਆ ਸਭੁ ਹੋਇ ॥
too aapay kartaa tayraa kee-aa sabh ho-ay.
ਤੁਸੀਂ ਆਪੇ ਰਚਨਾ ਅਤੇ ਸਭ ਕੁਝ ਕਰਨ ਵਾਲੇ ਹੋ, ਸਭ ਕੁਝ ਤੁਹਾਡਾ ਕੀਤਾ ਹੀ ਹੁੰਦਾ ਹੈ।
You are the Creator, everything is Your doing.

ਤੁਧੁ ਬਿਨੁ ਦੂਜਾ ਅਵਰੁ ਨ ਕੋਇ ॥
tuDh bin doojaa avar na ko-ay.
ਤੁਹਾਡੇ ਬਿਨਾ ਹੋਰ ਕੋਈ ਦੂਸਰਾ ਕੁਝ ਕਰ ਸਕਣ ਵਾਲਾ ਨਹੀ।
There is none else who can do anything.

ਤੂ ਕਰਿ ਕਰਿ ਵੇਖਹਿ ਜਾਣਹਿ ਸੋਇ ॥
too kar kar vaykheh jaaneh so-ay.
ਤੁਸੀਂ ਸਭ ਕੁਝ ਕਰ ਕਰ ਕੇ ਵੇਖਦੇ: ਸੰਭਾਲਦੇ ਹੋ, ਅਤੇ ਜੋ ਹੁੰਦਾ ਹੈ ਸਭ ਜਾਣਦੇ ਹੋ।
You create and watch: take care of, Your Creation. You are aware of all that happens.

ਜਨ ਨਾਨਕ ਗੁਰਮੁਖਿ ਪਰਗਟੁ ਹੋਇ ॥੪॥੨॥
jan naanak gurmukh pargat ho-ay. ||4||2||
ਦਾਸ ਨਾਨਕ, ਗੁਰੂ ਉੱਤੇ ਭਰੋਸਾ ਕੀਤਿਆਂ ਰੱਬ ਦੀਆਂ ਇਹਨਾ ਵੱਡਿਆਈਆਂ ਦਾ ਗਿਆਨ ਹੋ ਜਾਂਦਾ ਹੈ।
Servant Nanak, the Greatness of the Lord is revealed through the Guru-Orientation. ||4||2||

ਆਸਾ ਮਹਲਾ ੧ ॥
aasaa mehlaa 1.
ਆਸਾ ਮਹਲਾ ਪਹਿਲਾ।
Aasaa, First Mehl.

ਤਿਤੁ ਸਰਵਰੜੈ ਭਈਲੇ ਨਿਵਾਸਾ ਪਾਣੀ ਪਾਵਕੁ ਤਿਨਹਿ ਕੀਆ ॥

tit saravrarhai bha-eelay nivaasaa paanee paavak tineh kee-aa.

ਉਸ ਸੰਸਾਰ–ਸਰੋਵਰ: ਦੁਨੀਆ ਵਿਚ, ਸਾਡਾ ਨਿਵਾਸ ਹੈ ਕਿ ਜਿਥੇ ਅੱਗ ਤੇ ਪਾਣੀ: ਸੁਖ–ਦੁਖ, ਪਰਮਾਤਮਾ ਨੇ ਬਣਾਏ ਹਨ।

We residence at that world-pool (World) where the Lord has created pleasure and pain.

ਪੰਕਜੁ ਮੋਹ ਪਗੁ ਨਹੀ ਚਾਲੈ ਹਮ ਦੇਖਾ ਤਹ ਡੂਬੀਅਲੇ ॥੧॥

pankaj moh pag nahee chaalai ham daykhaa tah doobee-alay. ||1||

ਮਾਇਆ–ਮੋਹ ਦੇ ਪੰਕਜ: ਚਿੱਕੜ, ਵਿਚ ਖੁਭੇ ਪੈਰ ਅੱਗੇ ਨਹੀ ਵੱਧਦੇ, ਦੇਖਦੇ ਦੇਖਦੇ ਲੋਕ ਇਸ ਦਲਦਲ ਵਿੱਚ ਡੁੱਬੀ ਜਾਂਦੇ ਹਨ।

In the puddle (mud) of the worldly attachments the feet of the people are stuck and they cannot move. In this swamp, I see them drowning. ||1||

ਮਨ ਏਕੁ ਨ ਚੇਤਸਿ ਮੂੜ ਮਨਾ ॥

man ayk na chaytas moorh manaa.

ਮੇਰੇ ਮਨ – ਮੂਰਖ ਮਨ, ਤੂੰ ਇਕ ਵਾਹਿਗੁਰੂ ਨੂੰ ਚੇਤੇ ਨਹੀ ਕਰਦਾ।

O my foolish mind, why you do not remember the Lord.

ਹਰਿ ਬਿਸਰਤ ਤੇਰੇ ਗੁਣ ਗਲਿਆ ॥੧॥ ਰਹਾਉ ॥

har bisrat tayray gun gali-aa. ||1|| rahaa-o.

ਪਰਮਾਤਮਾ ਨੂੰ ਭੁਲਾ ਕੇ ਤੇਰੇ ਗੁਣ ਗਲ ਗਏ ਹਨ। ਰਹਾਉ – ਠਹਿਰਾਉ।

By forgetting God, one's virtues rot away. ||1||Pause||

ਨਾ ਹਉ ਜਤੀ ਸਤੀ ਨਹੀ ਪੜਿਆ ਮੂਰਖ ਮੁਗਧਾ ਜਨਮੁ ਭਇਆ ॥

naa ha-o jatee satee nahee parhi-aa moorakh mugDhaa janam bha-i-aa.

ਨਾ ਮੈਨੂੰ ਕਾਮ ਉੱਤੇ ਵੱਸ ਹੈ, ਨਾ ਹੀ ਸੱਚ ਤੇ ਚੱਲਦਾ ਹਾਂ, ਮੈਂ ਪੜ੍ਹਿਆ ਹੋਇਆ ਵੀ ਨਹੀ, ਮੇਰਾ ਜਨਮ ਮੂਰਖਤਾ ਅਤੇ ਬੇਸਮਝੀ ਵਾਲਾ ਹੋਇਆ ਪਿਆ ਹੈ।

I have Neither self-control, nor am I truthful, or uneducated. My life is one of foolishness and ignorance.

ਪ੍ਰਣਵਤਿ ਨਾਨਕ ਤਿਨ ਕੀ ਸਰਣਾ ਜਿਨ ਤੂ ਨਾਹੀ ਵੀਸਰਿਆ ॥੨॥੩॥

paranvat naanak tin kee sarnaa jin too naahee veesri-aa. ||2||3||

ਬੇਨਤੀ ਕਰਦਾ ਹੈ ਨਾਨਕ, ਇਹਨੂੰ ਉਹਨਾ ਦੀ ਸ਼ਰਨ ਮਿਲੇ ਕਿ ਜਿਨ੍ਹਾਂ ਨੂੰ ਪਰਮਾਤਮਾ ਜੀ ਤੁਸੀਂ ਕਦੀ ਭੁਲਦੇ ਨਹੀ।

Nanak prays, bless me with the company of those who do not forget You. ||2||3||

ਆਸਾ ਮਹਲਾ ੫ ॥
aasaa mehlaa 5.
ਆਸਾ ਮਹਲਾ ਪੰਜਵਾਂ।
Aasaa, Fifth Mehla.

ਭਈ ਪਰਾਪਤਿ ਮਾਨੁਖ ਦੇਹੁਰੀਆ ॥
bha-ee paraapat maanukh dayhuree-aa.
ਤੈਨੂੰ ਮਿਲ ਗਈ ਹੈ ਮਨੁਖ-ਦੇਹ।
This human body has been given to you.

ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥
gobind milan kee ih tayree baree-aa.
ਇਹ ਜਨਮ ਗੋਬਿੰਦ: ਧਰਤੀ ਦੇ ਮਾਲਕ (ਵਾਹਿਗੁਰੂ), ਨੂੰ ਮਿਲਣ ਦੀ ਤੇਰੀ ਵਾਰੀ ਹੈ।
This life is your occasion – chance, to meet God.

ਅਵਰਿ ਕਾਜ ਤੇਰੈ ਕਿਤੈ ਨ ਕਾਮ ॥
avar kaaj tayrai kitai na kaam.
ਹੋਰ ਕੁਝ ਵੀ ਤੇਰੇ ਕੰਮ ਨਹੀ ਆਉਣਾ।
Nothing else will give you any gain. (You won't avail anything from other pursuits).

ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥੧॥
mil saaDhsangat bhaj kayval naam. ||1||
ਸਾਧਸੰਗਤ ਨੂੰ ਮਿਲ ਕੇ ਸਿਰਫ਼ ਨਾਮ ਜਪ।
Join the God-Oriented congregation, and only recite the Name of God. ||1||

ਸਰੰਜਾਮਿ ਲਾਗੁ ਭਵਜਲ ਤਰਨ ਕੈ ॥
sara^{N}jaam laag bhavjal taran kai.
ਇੰਤਜ਼ਾਮ: ਆਹਰ, ਕਰ ਇਹ ਡਰ ਦਾ ਸਮੁੰਦਰ: ਸੰਸਾਰ, ਤਰ ਜਾਣ ਦਾ (ਨਾਮ ਜੱਪ)।
Make efforts to swim across this terrifying world-ocean (Recite His Name).

ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ ॥੧॥ ਰਹਾਉ ॥
janam baritha jaat rang maa-i-aa kai. ||1|| rahaa-o.
ਤੇਰਾ ਜਨਮ ਬੇ-ਮੈਨੀ (ਵਿਅਰਥ) ਜਾ ਰਿਹਾ ਹੈ ਮਾਇਆ ਦੀ ਪਕੜ ਵਿਚ। ਰਹਾਉ - ਠਹਿਰਾਉ।
Your life is being wasted in the worldly attachments. ||1||Pause||

ਜਪੁ ਤਪੁ ਸੰਜਮੁ ਧਰਮੁ ਨ ਕਮਾਇਆ ॥
jap tap sanjam Dharam na kamaa-i-aa.
ਨਾਮ-ਜਾਪ, ਲਿਵ ਸਹਿਤ ਬੰਦਗੀ, ਆਪੇ ਨੂੰ ਕਾਬੂ ਕਰਨ, ਅਤੇ ਧਰਮ ਦੇ ਕੰਮ ਨਹੀ ਕੀਤੇ।

I have not recited the Name of God, have not practiced any devoted worship, self-discipline, self-restraint, and did not have the righteous-living.

ਸੇਵਾ ਸਾਧ ਨ ਜਾਨਿਆ ਹਰਿ ਰਾਇਆ ॥
sayvaa saaDh na jaani-aa har raa-i-aa.
ਸੰਤਾਂ ਦੀ ਸੇਵਾ ਨਹੀ ਕੀਤੀ, ਨਾ ਹੀ ਹਰੀ ਮਾਲਿਕ (ਵਾਹਿਗੁਰੂ) ਨੂੰ ਜਾਣਇਆ ਹੈ।
I did not serve the holy ones, and failed to realize the Lord.

ਕਹੁ ਨਾਨਕ ਹਮ ਨੀਚ ਕਰੰਮਾ ॥
kaho naanak ham neech karammaa.
ਨਾਨਕ ਦਾ ਕਹਿਣਾ ਹੈ, ਕਿ ਇਹ ਇਹਨਾ ਮਾੜੇ ਕੰਮਾ ਵਾਲਾ ਹੈ।
Nanak says, his deeds are deplorable.

ਸਰਣਿ ਪਰੇ ਕੀ ਰਾਖਹੁ ਸਰਮਾ ॥੨॥੪॥
saran paray kee raakho sarmaa. ||2||4||
ਵਾਹਿਗੁਰੂ ਜੀ, ਤੁਸੀਂ ਸ਼ਰਨ ਆਏ ਦੀ ਲਾਜ ਰੱਖ ਲਵੋ।
My Lord, I seek Your protection, kindly preserve my honor! ||2||4||

ਕਬਿਯੋਬਾਚ ਬੇਨਤੀ ਪਾਃ ੧੦ ॥ ਚੌਪਈ ॥
Kabeo-vaach baent.ee Chaupai
ਇਹ ਚੌਪਈ ਹੈ, ਕਵੀ ਦੀ ਬੇਨਤੀ, ਦੱਸਵੇਂ ਪਾਤਿਸ਼ਾਹ ਦੀ ਉਚਾਰੀ।
Style of poetry, humble request, by the 10th Guru.

ਹਮਰੀ ਕਰੋ ਹਾਥ ਦੈ ਰੱਛਾ ॥
Hamree karo haath d.e rachhaa
ਤੁਸੀਂ ਆਪਣਾ ਹੱਥ: ਸਹਾਰਾ, ਦੇ ਕੇ ਮੇਰੀ ਰਖਸ਼ਾ ਕਰੋ।
Please, be my support and protect me .

ਪੂਰਨ ਹੋਇ ਚਿਤ ਕੀ ਇੱਛਾ ॥
Pooran ho-e chitt ichhaa
ਇਹਦੇ ਨਾਲ ਮੇਰੇ ਮਨ ਦੀ ਆਸ ਪੂਰੀ ਹੋ ਜਾਵੇਗੀ,
This will fulfill my desire,

ਤਵ ਚਰਨਨ ਮਨ ਰਹੈ ਹਮਾਰਾ ॥
T.av charnan mann rahae hamaraa
ਕਿ ਮੇਰਾ ਮਨ ਤੁਹਾਡੇ ਚਰਨਾ ਦੇ ਨਾਲ ਜੁੜਿਆ ਰਹੇ।
That my mind may stay attached to Your feet.

ਅਪਨਾ ਜਾਨ ਕਰੋ ਪ੍ਰਤਿਪਾਰਾ ॥੧॥
Apnaa jaan karo pritpaaraa
ਮੈਨੂੰ ਆਪਣਾ ਜਾਣ ਕੇ ਮੇਰੀ ਪਾਲਣਾ ਕਰੋ।
Take me as your own and protect me.

ਹਮਰੇ ਦੁਸਟ ਸਭੈ ਤੁਮ ਘਾਵਹੁ ॥
Hamrae d.ust sabhay t.um ghavhu
ਮੇਰੇ ਸਾਰੇ ਵੈਰੀ ਤੁਸੀ ਮੁਕਾ ਦਿਉ। (ਕਾਮ, ਕਰੋਧ, ਲੋਭ, ਮੋਹ, ਹੰਕਾਰ ਵੱਡੇ ਦੁਸ਼ਮਣ ਹਨ)।
Finish all my enemies. (Desire including sex, anger, greed. attachment and ego are real enemies).

ਆਪੁ ਹਾਥ ਦੈ ਮੋਹਿ ਬਚਾਵਹੁ ॥
Aap haath d.ae mohe bachaavhu
ਤੁਸੀਂ ਹੱਥ ਦਿਉ: ਰਖਸ਼ਾ ਕਰੋ, ਅਤੇ ਮੈਨੂੰ ਬਚਾਉ।
Please, protect with Your hands and save me.

ਸੁਖੀ ਬਸੈ ਮੋਰੋ ਪਰਿਵਾਰਾ ॥
Sukhee basaae moro prvaaraa.
ਮੇਰਾ ਪਰਵਾਰ ਸੁਖੀ ਵੱਸੇ (ਗੁਰਮੁਖ, ਅਸਲੀ ਪਰਵਾਰ ਹਨ),
May my family be ever in peace (God-Oriented people is the real family).

ਸੇਵਕ ਸਿੱਖ ਸਭੈ ਕਰਤਾਰਾ ॥੨॥
Sevak Sikh sabhae Kart.aaraa
ਇਹ ਸਾਰੇ ਹਨ ਵਾਹਿਗੁਰੂ ਦੇ ਸੇਵਕ ਤੇ ਸਿਖ (ਇਹਨਾ ਦੀ ਰੱਖਿਆ ਕਰੋ)।
These are servants and devotees of the Lord (Protect them).

ਮੋ ਰੱਛਾ ਨਿਜ ਕਰ ਦੈ ਕਰਿਯੈ ॥
Mo rachhaa nij karr daae kariyaae
ਹਮੇਸ਼ਾ, ਆਪਣਾ ਹੱਥ ਦੇਕੇ: ਆਸਰਾ ਬਣਕੇ, ਮੇਰੀ ਰਖਸ਼ਾ ਕਰੋ।
Be my spport, and always protect me.

ਸਭ ਬੈਰਨ ਕੋ ਆਜ ਸੰਘਰਿਯੈ ॥
Sabh baaeran ko aaj sanghari-yaae
ਸਾਰੇ ਵੈਰੀਆਂ ਨੂੰ ਅੱਜ ਮਾਰ ਮੁਕਾਉ। (ਕਾਮ, ਕਰੋਧ, ਲੋਭ, ਮੋਹ, ਹੰਕਾਰ, ਅਸਲੀ ਦੁਸ਼ਮਣ ਹਨ)।
Destroy all the enemies, today. (Real enemies are sex, anger, greed, attachment, and ego).

ਪੂਰਨ ਹੋਇ ਹਮਾਰੀ ਆਸਾ ॥
Pooran ho-e hamaaree aasaa
ਮੇਰੀ ਆਸ ਪੂਰੀ ਹੋਵੇ,
My wish may get fulfilled,

ਤੋਰ ਭਜਨ ਕੀ ਰਹੈ ਪਿਆਸਾ ॥੩॥
T.or bhajan kee rahay peaasaa
ਕਿ ਜੋ ਤੁਹਾਡੇ ਭਜਨ ਦੀ ਪਿਆਸ ਰਹਿੰਦੀ ਹੈ – ਇਹ ਪੂਰੀ ਹੋਵੇ।
That my thirst for Your worship may get satiated (Quenched).

ਤੁਮਹਿ ਛਾਡਿ ਕੋਈ ਅਵਰ ਨ ਧਿਯਾਊਂ ॥
Tumhe chhaade koee avar naa dheaaoon'
ਮੈਂ, ਤੁਹਾਨੂੰ ਛੱਡ ਕੇ ਕਿਸੇ ਹੋਰ ਦਾ ਧਿਆਨ ਨਾ ਧਾਰਾਂ।
I may not leave You and worship anyone else,

ਜੋ ਬਰ ਚਹੋਂ ਸੁ ਤੁਮ ਤੇ ਪਾਊਂ ॥
Jo barr chahoun' so T.um t.ae paaoon'
ਜੋ ਵਰ ਚਾਹਵਾਂ ਸੋ ਤੁਹਾਥੋਂ ਪਾਵਾਂ।
That, I may get from You the boons I seek.

ਸੇਵਕ ਸਿੱਖ ਹਮਾਰੇ ਤਾਰੀਅਹਿ ॥
Saevak Sikh hamaarae t.aaree-ahe
ਤਾਰ ਲਵੋ ਸਿੱਖਾਂ-ਸੇਵਕਾਂ ਨੂੰ ਕਿ ਜੋ ਤੁਹਾਡੇ ਹਨ।
Cross over the world-ocean these devotees and Sikhs (disciples) that belong (Love) to You.

ਚੁਨਿ ਚੁਨਿ ਸਤ੍ਰ ਹਮਾਰੇ ਮਾਰੀਅਹਿ ॥੪॥
Chun chun sat.ar hamarae maaree-ahe
ਮਾਰ ਦਿਉ ਚੁਣ ਚੁਣ ਕੇ ਜੋ ਦੁਸ਼ਮਣ ਹਨ ਮੇਰੇ। (ਕਾਮ, ਕਰੋਧ, ਲੋਭ, ਮੋਹ, ਹੰਕਾਰ, ਅਸਲ ਵੈਰੀ ਹਨ)।
Pick up my foes and destroy them. (Sex, anger, greed, attachment, ego are the real enemies).

ਆਪ ਹਾਥ ਦੈ ਮੁਝੈ ਉਬਰਿਯੈ ॥
Aap haath dae mujhae oubar-e-yaay
ਤੁਸੀਂ ਹੱਥ ਦੇ ਕੇ: ਬਚਾ ਕੇ, ਮੇਰੀ ਰੱਖਿਆ ਕਰੋ।
Please, extend Your hand (help) and save me.

ਮਰਨ ਕਾਲ ਕਾ ਤ੍ਰਾਸ ਨਿਵਰਿਯੈ ॥
Maran kaal kaa t.r:aas nivar-e-yaae
ਮਰਨ ਸਮੇ ਦਾ ਡਰ ਮਿਟਾ ਦਿਉ।
Eradicate the fear of the time of death.

ਹੂਜੋ ਸਦਾ ਹਮਾਰੇ ਪੱਛਾ ॥
Hoojo sad.aa hamaarae pachhaa
ਤੁਸੀਂ ਸਦਾ ਮੇਰੇ ਪਛਾ: ਸਹਾਈ, ਬਣੋ ਜੀ।
May You ever be on my side – my support.

ਸ੍ਰੀ ਅਸਿਧੁਜ ਜੂ ਕਰਿਯਹੁ ਰੱਛਾ ॥੫॥
Sree Asdhujj Joo kare-youhu rachhaa ||5||
ਸ੍ਰੀ ਅਸਧੁਜ ਜੀ: ਵਾਹਿਗੁਰੂ ਜੀ (ਅਸਧੁਜ–ਕਿਰਪਾਨ ਦੇ ਚਿਨ੍ਹ ਵਾਲਾ ਝੰਡਾ), ਤੁਸੀਂ ਮੇਰੀ ਮਦਦ ਕਰਨੀ।
My Lord, protect me!

ਰਾਖਿ ਲੇਹੁ ਮੁਹਿ ਰਾਖਨਹਾਰੇ ॥
Raakh lehu mohe Raakhan-haare
ਰਖ ਲੈਣ ਵਾਲੇ ਵਾਹਿਗੁਰੂ ਜੀ ਮੈਨੂੰ ਬਚਾ ਲੈਣਾ,
My savior Lord, protect me,

ਸਾਹਿਬ ਸੰਤ ਸਹਾਇ ਪਿਯਾਰੇ ॥
Sahib sant sahaa-e peyaaray
ਸੰਤਾਂ ਦੀ ਸਹਾਇਤਾ ਕਰਨ ਵਾਲੇ ਪਿਆਰੇ ਸਵਾਮੀ ਜੀਉ,
Helper of the Saints, my dear God,

ਦੀਨ ਬੰਧੁ ਦੁਸਟਨ ਕੇ ਹੰਤਾ ॥
D.een bandh: d.ushtan kae hantaa
ਨਿਮਾਣਿਆਂ ਦੇ ਮਿੱਤਰ, ਦੁਸ਼ਟਾਂ ਦੇ ਮੁਕਾਉਣ ਵਾਲੇ ਜੀਉ,
Friend of the humble, destroyer of the wicked,

ਤੁਮਹੋ ਪੁਰੀ ਚਤੁਰ ਦਸ ਕੰਤਾ ॥੬॥
Tumho puri chat.ur dass kant.aa
ਤੁਸੀਂ ਚੌਦਾਂ ਪੁਰੀਆਂ: ਸਾਰੀ ਦੁਨੀਆਂ, ਦੇ ਮਾਲਿਕ ਹੋ।
You are the Master of the whole world.

ਕਾਲ ਪਾਇ ਬ੍ਰਹਮਾ ਬਪੁ ਧਰਾ ॥
Kaal paa-ae Br:ahmaa bapp dh:raa
ਵਕਤ ਦੇ ਕਰਣਹਾਰ: ਵਾਹਿਗੁਰੂ ਦੇ ਹੁਕਮ ਨਾਲ, ਬਰਹਮਾ (ਰਚਨਾ ਕਰਨ ਦਾ ਦੇਵਤਾ) ਨੇ ਬਪ: ਸਰੀਰ, ਧਾਰਿਆ

By the Will of God, Brahma (the creator god) came into being.

ਕਾਲ ਪਾਇ ਸਿਵਜੂ ਅਵਤਰਾ ॥
Kaal paa-ae Shivjoo avt.araa
ਪਰਮਾਤਮਾ ਦਾ ਹੁਕਮ ਪਾਕੇ ਸ਼ਿਵ ਜੀ (ਨਾਸ਼ ਕਰਨ ਦਾ ਦੇਵਤਾ) ਨੇ ਅਵਤਾਰ ਧਾਰਿਆ।
By the Will of God, Shiva (the destroyer god) was born.

ਕਾਲ ਪਾਇ ਕਰ ਬਿਸਨੁ ਪ੍ਰਕਾਸਾ ॥
Kaal paa-ae Bisnu par;kaasaa
ਹੁਕਮ ਦੇ ਨਾਲ ਵਿਸ਼ਨੂੰ ਜੀ (ਪਾਲਣ ਦਾ ਦੇਵਤਾ) ਪਰਗਟ ਹੋਏ।
By the Will of God, Vishnu (the sustainer god) appeared.

ਸਕਲ ਕਾਲ ਕਾ ਕੀਆ ਤਮਾਸਾ ॥੭॥
Sakal kaal kaa keeaa t.maasaa
ਇਹ ਸਾਰੀ ਖੇਡ ਹੈ ਵਾਹਿਗੁਰੂ ਦੇ ਹੁਕਮ ਦੀ।
This all is the play of the Will of God.

ਜਵਨ ਕਾਲ ਜੋਗੀ ਸਿਵ ਕੀਓ ॥
Javan kaal jogee Siv keeo
ਜਿਸ ਰੱਬ ਦੇ ਹੁਕਮ ਨੇ ਜੋਗੀਰਾਜ ਸ਼ਿਵ ਜੀ ਪੈਦਾ ਕੀਤੇ,
The Will of God that created Shiva the great Yogi,

ਬੇਦਰਾਜ ਬ੍ਰਹਮਾ ਜੂ ਥੀਓ ॥
Baedraj Br;ahmaa joo keeo
ਜਿਸ ਪਰਮਾਤਮਾ ਨੇ ਵੇਦਰਾਜ ਬਰਹਮਾ ਜੀ ਬਣਾਏ,
God Who created Brahma the physician.

ਜਵਨ ਕਾਲ ਸਭ ਲੋਕ ਸਵਾਰਾ ॥
Javan kaal sabh lok savaaraa
ਰੱਬ ਦੇ ਹੁਕਮ ਨੇ ਸਾਰਾ ਲੋਕ: ਸੰਸਾਰ, ਸੰਵਾਰਿਆ,
The Will of God that created the universe,

ਨਮਸਕਾਰ ਹੈ ਤਾਹਿ ਹਮਾਰਾ ॥੮॥
Namaskaar haae t.aahe hamaaraa
ਉਸ ਪਰਮਾਤਮਾ ਨੂੰ ਮੇਰਾ ਨਮਸਕਾਰ ਹੈ!
I bow to that Lord!

ਜਵਨ ਕਾਲ ਸਭ ਜਗਤ ਬਨਾਯੋ ॥
Javan kaal sabh jagat banaayo
ਜਿਸ ਪਰਮਾਤਮਾ ਨੇ ਸਾਰਾ ਜਗਤ ਬਣਾਇਆ ਹੈ,
The Lord who created whole of the world,

ਦੇਵ ਦੈਤ ਜੱਛਨ ਉਪਜਾਯੋ ॥
Dev daaet jachhan oupjaaeo
ਜਿਸ ਨੇ ਦੇਵਤੇ, ਦੈਂਤ: ਰਾਕਸ਼ਸ਼, ਅਤੇ ਜੱਛ ਬਣਾਏ,
ਜਛਨ – ਜੱਛ: ਯਕਸ਼; ਅੱਧ-ਦੇਵਤੇ, ਦੇਵਤਿਆਂ ਵਰਗੇ, ਬਣਾਏ।
He Who created gods, demons and demi-gods,

ਆਦਿ ਅੰਤਿ ਏਕੈ ਅਵਤਾਰਾ ॥
Aad. ant. aekaae avt.aaraa
ਕਿ ਜੋ ਸ਼ੁਰੂ ਤੋਂ ਅੰਤ ਤੱਕ ਇਕ ਆਪ ਹੀ ਅਵਤਾਰ (ਪੂਰਨ ਪੁਰਸ਼) ਹੈ,
One Who is the Prime-Being, from the beginning to the end,

ਸੋਈ ਗੁਰੂ ਸਮਝਿਯਹੁ ਹਮਾਰਾ ॥੯॥
Soee Guroo samjhey-ho hamaaraa
ਸਮਝ ਲਵੋ ਕਿ ਉਹ ਹੀ ਮੇਰਾ ਗੁਰੂ ਹੈ।
Undestand that He is my Guru.

ਨਮਸਕਾਰ ਤਿਸ ਹੀ ਕੋ ਹਮਾਰੀ ॥
Namaskaar tis hee ko hamaaree
ਉਹਨੂੰ ਹੀ ਮੇਰੀ ਨਮਸ਼ਕਾਰ ਹੈ,
I bow to Him,

ਸਕਲ ਪ੍ਰਜਾ ਜਿਨ ਆਪ ਸਵਾਰੀ ॥
Sakal parjaa jin aap savaaree
ਕਿ ਜੋ ਆਪਣੀ ਸਾਰੀ ਪਰਜਾ: ਲੋਕਾਈ, ਨੂੰ ਆਪ ਸੰਵਾਰ ਕੇ ਰਖਦਾ ਹੈ,
To Him Who takes care of His all beings (His Creation),

ਸਿਵਕਨ ਕੋ ਸਿਵਗੁਨ ਸੁਖ ਦੀਓ ॥
Sivkan ko sivgun sukh deeo
ਉਹ ਆਪਣੇ ਸੇਵਕਾਂ ਨੂੰ ਸ਼ਿਵ ਜੀ: ਦੇਵਤਿਆਂ, ਦੇ ਗੁਣ ਅਤੇ ਸੁਖ ਦਿੰਦੇ ਹਨ।
He bestows on His devotees god-like qualities and comforts.

ਸੱਤ੍ਰਨ ਕੋ ਪਲ ਮੋ ਬਧ ਕੀਓ ॥੧੦॥
Sat.ran ko pall mo badh keeo
ਅਤੇ ਦੁਸ਼ਮਣਾ ਨੂੰ ਪਲ ਭਰ ਵਿਚ ਖਤਮ ਕਰ ਦਿੰਦੇ ਹਨ।

And, He destroys the enemies (Shortcomings) in a moment.

ਘਟ ਘਟ ਕੇ ਅੰਤਰ ਕੀ ਜਾਨਤ ॥
Ghatt ghatt kae ant.ar kee janat.
ਵਾਹਿਗੁਰੂ ਜੀ ਹਰ ਇਕ ਦੇ ਮਨ ਦੀ ਜਾਣਦੇ ਹਨ।
God knows the mind of everyone.

ਭਲੇ ਬੁਰੇ ਕੀ ਪੀਰ ਪਛਾਨਤ ॥
Bhalae burae kee peer pachhanat.
ਉਹ, ਚੰਗੇ ਮੰਦੇ ਹਰ ਇਕ ਦੇ ਦੁਖ ਨੂੰ ਪਛਾਣਦੇ ਹਨ।
He understands the pain of good or bad people.

ਚੀਟੀ ਤੇ ਕੁੰਚਰ ਅਸਥੂਲਾ ॥
Cheetee t.ae kunchar asthoolaa
ਕੀੜੀ ਤੋਂ ਭਾਰੇ ਹਾਥੀ ਤੱਕ,
From an ant to a heavy elephant,

ਸਭ ਪਰ ਕ੍ਰਿਪਾ ਦ੍ਰਿਸਟਿ ਕਰ ਫੂਲਾ ॥੧੧॥
Sabh parr kr;ipaa driste karr phoolaa.
ਉਹ ਸਾਰਿਆਂ ਉੱਤੇ ਕਿਰਪਾ ਭਰੀ ਨਜ਼ਰ ਕਰਕੇ ਖੁਸ਼ ਹੁੰਦਾ ਹੈ।
He is pleased to look at everyone with His Kindness.

ਸੰਤਨ ਦੁਖ ਪਾਏ ਤੇ ਦੁਖੀ ॥
Sant.an: d.ukh paa-ae t.ae d.ukhee
ਜੇਕਰ ਸੰਤ ਦੁਖੀ ਹੋਣ ਤਾਂ ਉਹ ਮਹਸੂਸ ਕਰਦਾ ਹੈ।
If the saints are in pain, He feels it.

ਸੁਖ ਪਾਏ ਸਾਧਨ ਕੇ ਸੁਖੀ ॥
Sukh paa-ae sadh:an kae sukhee
ਜੇ ਸਾਧ ਸੁਖੀ ਹਨ ਤਾਂ ਓਹ ਸੁਖੀ ਹੈ।
When the saints are in comfort (Happy), He is comfortable (Happy).

ਏਕ ਏਕ ਕੀ ਪੀਰ ਪਛਾਨੈਂ ॥
Aek aek kee peer pachhaanae
ਉਹ, ਹਰ ਇਕ ਦੇ ਦੁਖ ਨੂੰ ਪਛਾਣਦਾ ਹੈ।
He understands the pain of everyone.

ਘਟ ਘਟ ਕੇ ਪਟ ਪਟ ਕੀ ਜਾਨੈਂ ॥੧੨॥
Ghatt ghatt kay patt patt kee janaae
ਹਰ ਘਟ: ਮਨ – ਸਰੀਰ (ਹਰ ਇਕ) ਦੇ, ਹਰ ਪਟ: ਤੈਹ (ਪੜਦਾ, ਡੂੰਘਾਈ) ਦੀ ਹਾਲਤ ਵਾਹਿਗੁਰੂ ਜਾਣਦਾ ਹੈ।
God knows the state of every depth of each heart.

ਜਬ ਉਦਕਰਖ ਕਰਾ ਕਰਤਾਰਾ ॥
Jabb ud.karakh kraa Kartaara
ਜੱਦ ਪਰਮਾਤਮਾ ਉਦਕਰਖ: ਰਚਨਾ ਦਾ ਪਸਾਰਾ, ਕਰਦਾ ਹੈ,
When the Lord expands His Creation,

ਪ੍ਰਜਾ ਧਰਤ ਤਬ ਦੇਹ ਅਪਾਰਾ ॥
Par;jaa dh:arat. t.abb d.aeh apaaraa
ਤੱਦ, ਤੁਹਾਡੀ ਪਰਜਾ: ਲੋਕਾਈ (ਜੀਵ), ਕਈ ਕਿਸਮ ਦੀ ਪਰਗਟ ਹੋ ਜਾਂਦੀ ਹੈ।
Then, many types of living beings get created.

ਜਬ ਆਕਰਖ ਕਰਤ ਹੋ ਕਬਹੂੰ ॥
Jabb aakarkh karat. ho kab-hoon:
ਜੱਦ ਕਿਤੇ ਆਕਰਖ ਕਰਦੇ: ਸਭ ਕੁਝ ਮਿਟਾ ਦਿੰਦੇ ਹੋ,
When You dissolve (Destroy) everything,

ਤੁਮ ਮੈ ਮਿਲਤ ਦੇਹ ਧਰ ਸਭਹੂੰ ॥੧੩॥
T.um maae milat. d.eh dh:ar sabhoon:
ਤੱਦ, ਸਾਰੇ ਦੇਹ-ਧਾਰੀ: ਜੀਵ, ਤੁਹਾਡੇ ਵਿਚ ਸਮਾ ਜਾਂਦੇ ਹਨ।
Then, all the living beings get absorbed back into You.

ਜੇਤੇ ਬਦਨ ਸ੍ਰਿਸਟਿ ਸਭ ਧਾਰੈ ॥
Jaet.ae bad.an sr;iste sabh dh:aaraae
ਸੰਸਾਰ ਵਿਚ ਜਿੰਨੇ ਜੀਵ ਆਉਂਦੇ ਹਨ,
All the living beings that get created,

ਆਪੁ ਆਪਨੀ ਬੂਝ ਉਚਾਰੈ ॥
Aap aapanee boojh ouchaaraae
ਹਰ ਇਕ ਆਪਣੀ ਸਮਝ ਅਨੁਸਾਰ ਤੁਹਾਡੇ ਗੁਣ ਗਾਉਂਦਾ ਹੈ।
Each one praises You according to its understanding.

ਤੁਮ ਸਭਹੀ ਤੇ ਰਹਤ ਨਿਰਾਲਮ ॥
T.um sabh-hee t.ae raht. niraalam
ਭਰ, ਤੁਸੀਂ ਸਭ ਕੁਝ ਤੋਂ ਨਿਰਾਲਮ: ਨਿਰਲੇਪ (ਅਲੱਗ), ਰਹਿੰਦੇ ਹੋ।

But, You stay detached from everything.

ਜਾਨਤ ਬੇਦ ਭੇਦ ਅਰ ਆਲਮ ॥੧੪॥
Janat. baed bhaed arr aalam
ਇਹ ਗੱਲ ਵੇਦ, ਭੇਦ: ਗੂੜ੍ਹ-ਗਿਆਨੀ, ਅਤੇ ਆਲਮ: ਵਿਦਵਾਨ, ਜਾਣਦੇ ਹਨ। (ਆਲਮ - ਅਰਥ ਸੰਸਾਰ ਵੀ ਹੈ)।
This is known to the Vedas, persons with deep knowledge, and to the scholars. (Ved – Vedas: ancient religious scriptures of Hindus),

ਨਿਰੰਕਾਰ ਨ੍ਰਿਬਿਕਾਰ ਨਿਰਲੰਭ ॥
Nirankaar Nir;bikaar Nirlan:bh
ਤੁਸੀਂ ਸ਼ਰੀਰ ਤੋਂ ਰਹਿਤ, ਬੁਰਾਈ ਤੋਂ ਰਹਿਤ, ਨਿਰਲੰਭ: ਆਸਰੇ ਤੋਂ ਰਹਿਤ (ਬੇਮੁਹਤਾਜ), ਹੋ।
You are without a form, Pure-Being, and Self-Sufficient (Non-Dependant).

ਆਦਿ ਅਨੀਲ ਅਨਾਦਿ ਅਸੰਭ ॥
Aad.e aneel anaad.e asan:bh
ਤੁਸੀਂ ਸ਼ੁਰੂ ਤੋਂ ਹੋ, ਰੰਗ ਰਹਿਤ (ਰੰਗ - ਮੋਹ ਰਹਿਤ, ਪਵਿੱਤਰ) ਹੋ, ਤੁਹਾਡੇ ਮੁਢ ਦੀ ਖਬਰ ਨਹੀ, ਜਨਮ ਰਹਿਤ ਹੋ।
You are Primal-Being, free from color (Unattached, Pure-Being), without a beginning, and without being born (Self-Created).

ਤਾ ਕਾ ਮੂੜ੍ਹ ਉਚਾਰਤ ਭੇਦਾ ॥
T.aa kaa moor:h; oucharat. bhed.aa
ਅਤੇ ਮੂਰਖ ਉਹਦੇ ਭੇਦ ਦਸਦੇ ਹਨ,
And the fools talk of His mysteries,

ਜਾ ਕੌ ਭੇਵ ਨ ਪਾਵਤ ਬੇਦਾ ॥੧੫॥
Jaa kaou bhaev na pavat. baed.aa
ਕਿ ਜਿਸਦਾ ਭੇਦ ਵੇਦ ਨਹੀ ਪਾ ਸਕੇ।
Whose secret even the Vedas could not find.

ਤਾ ਕੌ ਕਰਿ ਪਾਹਨ ਅਨੁਮਾਨਤ ॥
T.aa kaou kar-e paahan anumaanat
ਪੱਥਰ ਮੂਰਤੀ ਬਣਾਕੇ ਉਹਨੂੰ ਵਾਹਿਗੁਰੂ ਖਿਆਲ ਕਰਦੇ ਹਨ।
They make a stone idol and take it as God.

ਮਹਾ ਮੂੜ੍ਹ ਕਛੁ ਭੇਦ ਨ ਜਾਨਤ ॥
Mahaa moor:h; Kachhu bhaed. naa janat.
ਮਹਾ ਮੂਰਖ ਅਕਾਲਪੁਰਖ ਅਤੇ ਮੂਰਤੀ ਵਿਚਕਾਰ ਭੇਦ ਨਹੀ ਜਾਣਦੇ।

These unwise people do not know the difference between an idol and God.

ਮਹਾਦੇਵ ਕੌ ਕਹਤ ਸਦਾ ਸਿਵ ॥
Mahad.aev kaou kahat. Sad.aa Siv
ਸ਼ਿਵ ਜੀ (ਦੇਵਤੇ) ਨੂੰ ਸਦਾ-ਸ਼ਿਵ: ਸਦਾ ਕਾਇਮ – ਪਰਮਾਤਮਾ, ਕਹਿੰਦਾ ਹੈ।
They call god Shiva the Immortal: God.

ਨਿਰੰਕਾਰ ਕਾ ਚੀਨਤ ਨਹਿ ਭਿਵ ॥੧੬॥
Nirankaar kaa cheenat. na-he bhiv
ਸ਼ਕਲ-ਸੂਰਤ ਰਹਿਤ: ਪਰਮਾਤਮਾ, ਦਾ ਭੇਦ ਨਹੀ ਜਾਣਦਾ।
He does not know the Truth about the Formless God.

ਆਪੁ ਆਪਨੀ ਬੁਧਿ ਹੈ ਜੇਤੀ ॥
Aapu aapnee budh haae jaet.ee
ਜਿੰਨੀ ਜਿੰਨੀ ਕਿਸੇ ਦੀ ਆਪੋ ਆਪਣੀ ਬੁਧੀ: ਅਕਲ, ਹੈ,
According to the individual wisdom,

ਬਰਨਤ ਭਿੰਨ ਭਿੰਨ ਤੁਹਿ ਤੇਤੀ ॥
Barnat. bhin:n bhin:n T.uhe t.aet.ee
ਇਹ ਰੱਬ ਨੂੰ ਅਲਗ ਅਲਗ ਤਰ੍ਹਾਂ ਦਸਦੇ ਹਨ।
They describe God differently.

ਤੁਮਰਾ ਲਖਾ ਨ ਜਾਇ ਪਸਾਰਾ ॥
T.umraa lakhaa naa jaeae pasaaraa
ਤੁਹਾਡਾ ਪਸਾਰਾ ਲਖਾ: ਜਾਣਿਆ, ਨਹੀ ਜਾ ਸਕਦਾ,
It is not possible to know the extent of Your Creation,

ਕਿਹ ਬਿਧਿ ਸਜਾ ਪ੍ਰਥਮ ਸੰਸਾਰਾ ॥੧੭॥
Keh bidh:e sajaa pr;atham sansaaraa
ਕਿ ਪਹਿਲਾਂ ਸੰਸਾਰ ਕਿੱਦਾਂ ਰਚਿਆ ਗਿਆ।
That how the universe was created to start with.

ਏਕੈ ਰੂਪ ਅਨੂਪ ਸਰੂਪਾ ॥
Aekaae roop anoop saroopaa
ਤੁਹਾਡਾ ਇਕ ਰੂਪ ਹੈ ਭਰ ਬੇਮਿਸਾਲ ਤੁਹਾਡੇ ਹੋਰ ਸਰੂਪ ਹਨ।
You have one Form, but You adopt other unique forms as well.

ਰੰਕ ਭਯੋ ਰਾਵ ਕਹੀ ਭੂਪਾ ॥
Ran:k bhayo raav kahee bhoopaa
ਕਿਤੇ ਕੰਗਾਲ, ਕਦੀ ਅਮੀਰ, ਅਤੇ ਕਿਤੇ ਰਾਜੇ ਬਣ ਜਾਂਦੇ ਹੋ।
Sometimes You become a pauper, sometimes rich, and sometimes a King.

ਅੰਡਜ ਜੇਰਜ ਸੇਤਜ ਕੀਨੀ ॥
An:daj jaeraj saetaj keenee
ਉਹਨੇ, ਆਂਡੇ, ਜੇਰ (ਗਰਭ), ਸੇਤਜ: ਪਸੀਨਾ (ਗੰਦਗੀ), ਤੋਂ ਜਨਮ ਲੈਣਾ ਬਣਾਇਆ।
He set up the methods of birth through eggs, placenta (womb), and sweat (dirt),

ਉਤਭੁਜ ਖਾਨਿ ਬਹੁਰ ਰਚਿ ਦੀਨੀ ॥੧੮॥
Out.bhuj khaane bahur rach-e d.eenee
ਅਤੇ ਉਤਭੁਜ: ਧਰਤੀ ਤੋਂ (ਬੂਟੇ ਉਗਣ ਦੇ ਢੰਗ ਤੇ), ਇਹਨਾ ਖਾਨਿ: ਖਾਣੀਆਂ (ਪੈਦਾਇਸ਼ ਦੇ ਚਾਰ ਢੰਗਾਂ), ਦੇ ਨਾਲ ਵਾਹਿਗੁਰੂ ਨੇ ਰਚਨਾ ਕਰ ਦਿੱਤੀ। (ਖਾਨਿ – ਅਰਥ ਖੁਦਾਨਾ ਵੀ ਲੈਂਦੇ ਹਨ)।
And from the earth (way the plants produce), through these four methods the Lord brought about the Creation.

ਕਹੂੰ ਫੂਲ ਰਾਜਾ ਹ੍ਵੈ ਬੈਠਾ ॥
Kahoon: phool raja hv;aae baaeth:aa
ਕਿਤੇ ਕੰਵਲ ਫੁੱਲ ਉੱਤੇ ਰਾਜਾ: ਬਰਹਮਾ (ਰਚਨਾ ਕਰਣ ਵਾਲਾ), ਬਣ ਬੈਠਾ ਹੈ।
At times He becomes a King sitting on the lotus: Brahma (The god of creation),

ਕਹੂੰ ਸਿਮਟਿ ਭਿਯੋ ਸੰਕਰ ਇਕੈਠਾ ॥
Kahoon: simat-e bheyo San:kar ikaaeth:aa
ਕਦੀ ਰਚਨਾ ਨੂੰ ਸਮੇਟ (ਨਾਸ਼ ਕਰ) ਕੇ ਸੰਕਰ: ਸ਼ਿਵ ਜੀ (ਸ਼ੰਕਰ – ਨਾਸ਼ ਕਰਨ ਦਾ ਦੇਵਤਾ) ਬਣ ਕੇ ਕੀਤੀ ਰਚਨਾ ਨੂੰ ਇਕਠਾ ਕਰ ਲੈਂਦਾ ਹੈ।
At times He becomes Shiva (god of death), collects (destroys) His Creation and gathers it.

ਸਗਰੀ ਸ੍ਰਿਸਟਿ ਦਿਖਾਇ ਅਚੰਭਵ ॥
Sagaree sriste d.ikhaa-e achan:bhav
ਸਾਰੀ ਸਰਿਸ਼ਟੀ ਨੂੰ ਇਕ ਅਚੰਭਾ: ਅਜੀਬ ਖੇਡ, ਬਣਾ ਦਿਖਾਉਂਦਾ ਹੈ,
He shows whole of the universe as His wonderful play,

ਆਦਿ ਜੁਗਾਦਿ ਸਰੂਪ ਸੁਯੰਭਵ ॥੧੯॥
Aad.e jugaad.e saroop su-yan:bhav
ਉਹ ਕਿ ਜੋ ਸੰਸਾਰ ਅਤੇ ਜੁਗਾਂ ਦੇ ਆਰੰਭ ਦੇ ਪਹਿਲਾਂ ਤੋਂ ਸੁਯੰਭਵ: ਆਪਣੇ ਆਪ ਤੋਂ ਆਪ (ਬਿਨਾ ਜਨਮ ਦੇ) ਹੈ।
He Who has been since the time immemorial, since before the time-periods

(Ages), and Who is Self-Created.

ਅਬ ਰੱਛਾ ਮੇਰੀ ਤੁਮ ਕਰੋ ॥
Abb rachhaa maeree T.um karo
ਹੁਣ ਤੁਸੀਂ ਮੇਰੀ ਰਖਸ਼ਾ ਕਰੋ।
Please, protect me now.

ਸਿੱਖ ਉਬਾਰਿ ਅਸਿੱਖ ਸੰਘਰੋ ॥
Sikh oubaare Asikh sanghro
ਜੋ ਤੁਹਾਡੀ ਸਿਖਿਆ ਤੇ ਚੱਲਦੇ ਹਨ, ਇਹਨਾ ਨੂੰ ਬਚਾ ਲਵੋ। ਜਹਿੜੇ ਤੁਹਾਡੀ ਸਿਖਿਆ ਤੇ ਨਹੀ ਤੁਰਦੇ ਇਹਨਾ ਨੂੰ ਮੁੱਕਾ ਦਿਉ।
Those who follow You save, and those who do not, destroy them.

ਦੁਸ਼ਟ ਜਿਤੇ ਉਠਵਤ ਉਤਪਾਤਾ ॥
D.usht jitae outh:vat. out.paat.aa
ਜਿੰਨੇ ਦੁਸ਼ਟ ਬੰਦੇ ਉਤਪਾਤਾ: ਉਤਪਤੀ ਹੁੰਦੀ ਹੈ (ਉਠ ਖੜੋਂਦੇ ਹਨ)।
All the evil persons who come into being,

ਸਕਲ ਮਲੇਛ ਕਰੋ ਰਣ ਘਾਤਾ ॥੨੦॥
Sakal mlaechh karo ran. ghaat.aa
ਇਹਨਾ ਸਾਰੇ ਮਲੇਛਾਂ: ਬੁਰੇ ਬੰਦਿਆਂ ਨੂ, ਯੁਧ ਕਰਕੇ ਮਾਰ ਮੁਕਾਉ।
Fight with (take care) and destroy all such bad people.

ਜੇ ਅਸਿਧੁਜ ਤਵ ਸਰਨੀ ਪਰੇ ॥
Jo Asidh:uj T.av sarnee parae
ਅਸਿਧੁਜ ਵਾਹਿਗੁਰੂ ਜੀ, ਜੋ ਤੁਹਾਡੀ ਸ਼ਰਨ ਆ ਜਾਣ, ਝੰਡੇ ਉੱਤੇ ਤਲਵਾਰ ਦੇ ਨਿਸ਼ਾਨ ਵਾਲਾ, ਰਖਵਾਲਾ: ਵਾਹਿਗੁਰੂ।
O God, those who seek Your refuge,

ਤਿਨ ਕੇ ਦੁਸ਼ਟ ਦੁਖਿਤ ਹ੍ਵੈ ਮਰੇ ॥
T.in kae d.usht d.ukhit hv;aae marae
ਉਹਨਾ ਦੇ ਵੈਰੀ ਦੁਖੀ ਹੋ ਕੇ ਮਰਦੇ ਹਨ।
Their enemies die miserably- painfully.

ਪੁਰਖ ਜਵਨ ਪਗ ਪਰੇ ਤਿਹਾਰੇ ॥
Purakh javan pagg parae T.ihaarae
ਜਿਹੜੇ ਲੋਕ ਤੁਹਾਡੇ ਪੈਰੀਂ ਪੈ ਜਾਂਦੇ ਹਨ,
Those who surrender at Your feet,

ਤਿਨ ਕੇ ਤੁਮ ਸੰਕਟ ਸਭ ਟਾਰੇ ॥੨੧॥
T.in kae Tumm sankat sabh taarae
ਤੁਸੀਂ ਉਹਨਾ ਦੀਆਂ ਸਾਰੀਆਂ ਮੁਸ਼ਕਲਾਂ ਹਟਾ ਦਿੰਦੇ ਹੋ।
You remove all their afflictions - sufferings.

ਜੋ ਕਲਿ ਕੋ ਇਕ ਬਾਰ ਧਿਐ ਹੈ ॥
Jo Kall-e ko ikk baar dhiaae haae
ਜੋ ਕਲਿ (ਕਲਾ ਧਾਰੀ): ਅਕਾਲ ਪੁਰਖ ਨੂੰ, ਇਕ ਵਾਰ ਧਿਆਉਂਦੇ ਹਨ,
Those who ponder on God even once,

ਤਾ ਕੇ ਕਾਲ ਨਿਕਟਿ ਨਹਿ ਐਹੈ ॥
T.aa kaae kaal nikite nahe aaehaae
ਮੌਤ ਉਹਨਾ ਦੇ ਨੇੜੇ ਨਹੀ ਆਉਂਦੀ।
Death does not go near them. (They stop fearing death).

ਰੱਛਾ ਹੋਇ ਤਾਹਿ ਸਭ ਕਾਲਾ ॥
Rachhaa ho-e t.aahe sabh kalaa
ਉਹਦੀ ਸਦਾ ਹੀ ਰਖਸ਼ਾ ਹੁੰਦੀ ਹੈ।
They always get Your protection.

ਦੁਸਟ ਅਰਿਸਟ ਟਰੇਂ ਤਤਕਾਲਾ ॥੨੨॥
D.ust arist taraen' t.at.kaalaa
ਉਹਨਾ ਦੇ ਦੁਸ਼ਮਣ ਅਤੇ ਅਰਿਸਟ: ਦੁੱਖ, ਝੱਟਪੱਟ ਮਿਟ ਜਾਂਦੇ ਹਨ।
Their enemies and sufferings go away.

ਕ੍ਰਿਪਾ ਦ੍ਰਿਸਟਿ ਤਨ ਜਾਹਿ ਨਿਹਰਿਹੋ ॥
Kr;ipaa d.r;iste t.an jahe nehar-e-ho
ਜਿਨ੍ਹਾਂ ਨੂੰ ਮਿਹਰ ਦੀ ਨਜ਼ਰ ਤਨ: ਦੇ ਨਾਲ, ਦੇਖਦੇ ਹੋ,
Those whom You see (consider) with mercy,

ਤਾ ਕੇ ਤਾਪ ਤਨਕ ਮੋ ਹਰਿਹੋ ॥
T.aa kae t.aap t.anak mo har-e-ho
ਉਹਨਾ ਦੇ ਸਾਰੇ ਦੁਖ ਪਲ ਭਰ ਵਿਚ ਕੱਟ ਦਿੰਦੇ ਹੋ।
In a moment You remove all their sufferings.

ਰਿੱਧਿ ਸਿੱਧਿ ਘਰ ਮੋ ਸਭ ਹੋਈ ॥
Ridh: sidh: ghar mo sabh hoee
ਉਹਨਾ ਦੇ ਘਰ (ਸਰੀਰ: ਮਨ) ਵਿਚ ਕਰਾਮਾਤਾਂ (ਬਖਸ਼ਿਸ਼ਾਂ) ਵਰਤ ਜਾਂਦੀਆਂ ਹਨ।
Miracles descend at their homes: in their minds (Get the Blessings of God).

ਦੁਸ਼ਟ ਛਾਹ ਛ੍ਵੈ ਸਕੈ ਨ ਕੋਈ ॥੨੩॥
D.usht chhah chhav;aae sakaae na koee
ਅਤੇ ਕੋਈ ਦੁਸ਼ਟ ਉਹਨਾ ਦੇ ਛਾਹ: ਪਰਛਾਵੇਂ, ਨੂੰ ਛ੍ਵੈ: ਛੂਹ, ਨਹੀ ਸਕਦਾ।
And evil persons cannot even go near their shadows.

ਏਕ ਬਾਰ ਜਿਨ ਤੁਮੈ ਸੰਭਾਰਾ ॥
Aek baar jinn T.umaae san:bhaaraa
ਜਿਸ ਨੇ ਇਕ ਵਾਰ ਵੀ ਤੁਹਾਨੂੰ ਸੰਭਾਲਿਆ (ਨਾਮ ਜਪਿਆ)।
Whosoever recites Your Name even once,

ਕਾਲ ਫਾਸ ਤੇ ਤਾਹਿ ਉਬਾਰਾ ॥
Kaal phaas t.ae t.aahe oubaaraa
ਤੁਸੀਂ ਉਹਨੂੰ ਮੌਤ ਦੀ ਫਾਹੀ ਤੋਂ ਬਚਾ ਲਿਆ।
You save him from the noose of death.

ਜਿਨ ਨਰ ਨਾਮ ਤਿਹਾਰੋ ਕਹਾ ॥
Jinn nar Naam T.ihaaro kahaa
ਜਿਸ ਮਨੁਖ ਨੇ ਤੁਹਾਡਾ ਨਾਮ ਜਪਿਆ,
Anyone who recited Your Name,

ਦਾਰਿਦ ਦੁਸਟ ਦੋਖ ਤੇ ਰਹਾ ॥੨੪॥
D.aarid. d.ust d.okh t.ae rhaa
ਉਹ ਦਲਿੱਦਰ (ਭੁੱਖ-ਨੰਗ), ਦੁਸ਼ਟਾਂ ਅਤੇ ਦੁਖ ਦੇਣ ਵਾਲਿਆਂ ਤੋਂ ਬਚ ਗਿਆ।
He got saved from poverty and wants, evil ones, and from those who harmed him.

ਖੜਗ ਕੇਤ ਮੈ ਸਰਣਿ ਤਿਹਾਰੀ ॥
Khar:ag kaet maae sarn.e T.ihaaree
ਤਲਵਾਰ ਦੇ ਨਿਸ਼ਾਨ ਵਾਲੇ ਝੰਡਾ-ਧਾਰੀ (ਰਖਵਾਲੇ: ਵਾਹਿਗੁਰੂ) ਜੀ, ਮੈਂ ਤੁਹਾਡੀ ਸ਼ਰਨ ਆ ਪਿਆ ਹਾਂ।
Bearer of flag with the symbol of Sword (Protector: God), I have sought Your shelter.

ਆਪ ਹਾਥ ਦੈ ਲੇਹੁ ਉਬਾਰੀ ॥
Aap haath d,aae laehu oubaaree
ਤੁਸੀ ਹੱਥ ਦੇ ਕੇ (ਸਹਾਈ ਹੋ ਕੇ) ਮੈਨੂੰ ਬਚਾ ਲਵੋ।
Please, help and save me.

ਸਰਬ ਠੌਰ ਮੋ ਹੋਹੁ ਸਹਾਈ ॥
Sarab th:aour mo hohu shaaee
ਤੁਸੀਂ ਮੇਰੀ ਹਰ ਥਾਂ ਸਹਾਇਤਾ ਕਰੋ।

Kindly help me everywhere.

ਦੁਸਟ ਦੋਖ ਤੇ ਲੇਹੁ ਬਚਾਈ ॥੨੫॥
D.ust d.okh t.ae laehu bachaaee
ਦੁਸ਼ਟਾਂ, ਅਤੇ ਦੁਖ ਦੇਣ ਵਾਲਿਆਂ ਤੋਂ ਬਚਾ ਲਵੋ।
Save me from the evil persons, and from those who bother me.

ਸ੍ਵੈਯਾ ॥
Sv;aaeya:
ਕਵਿਤਾ ਦੀ ਇਕ ਕਿਸਮ।
A type of poetry.

ਪਾਂਇ ਗਹੇ ਜਬ ਤੇ ਤੁਮਰੇ ਤਬ ਤੇ ਕੋਊ ਆਂਖ ਤਰੇ ਨਹੀਂ ਆਨ੍ਯੋ ॥
Paan'ae gahae jabb t.e T.umrae t.abb t.ae kouoo aan'kh t.arae naheen' aanyo
ਜੱਦ ਦਾ ਤੁਹਾਡੇ ਚਰਨਾ ਦਾ ਆਸਰਾ ਲਿਆ ਹੈ, ਮੈਂ ਤੱਦ ਤੋਂ ਕਿਸੇ ਹੋਰ ਦਾ ਆਸਰਾ ਨਹੀ ਤੱਕਿਆ।
Since I have taken Your refuge, I never looked to the protection of anyone else.

ਰਾਮ ਰਹੀਮ ਪੁਰਾਨ ਕੁਰਾਨ ਅਨੇਕ ਕਹੈਂ ਮਤ ਏਕ ਨ ਮਾਨ੍ਯੋ ॥
Raam Raheem Puraan Kuraan anaek kahaen' mat.t. aek naa maanyo
ਰਾਮ ਅਵਤਾਰ ਜੀ, ਹਜ਼ਰਤ ਮੁਹੱਮਦ ਸਾਹਿਬ, ਅਠਾਰਾਂ ਪੁਰਾਨ (ਹਿੰਦੂ ਧਰਮ ਗਰੰਥ), ਅਤੇ ਕੁਰਾਨ ਸ਼ਰੀਫ਼ (ਮੁਸਲਮਾਨੀ ਧਰਮ ਗਰੰਥ), ਆਪਣੇ ਧਰਮਾਂ ਬਾਰੇ ਬਹੁਤ ਕੁਝ ਦਸਦੇ ਹਨ, ਭਰ ਵਾਹਿਗੁਰੂ ਜੀ, ਮੈਨੂੰ ਇਕ ਤੁਹਾਡਾ ਭਰੋਸਾ ਹੀ ਹੈ।
Avtar Rama, Prophet Mohammad, eighteen Puranas (Books of the Hindu faith), Kuran (Qouran – The Holy Book of Muslims), tell a lot about their faiths, but I have depended only on You God.

ਸਿੰਮ੍ਰਿਤਿ ਸਾਸਤ੍ਰ ਬੇਦ ਸਭੈ ਬਹੁ ਭੇਦ ਕਹੈਂ ਹਮ ਏਕ ਨ ਜਾਨ੍ਯੋ ॥
Sin:mr;ite Sastr; Bed sabhaae bahu bhaed kahaaen' hamm aek naa jaanyo
ਸਿੰਮ੍ਰਿਤਿ (27), ਸ਼ਾਸਤਰ (6), ਅਤੇ ਵੇਦ (4), ਇਹ ਸਾਰੇ ਹਿੰਦੂ ਧਰਮ ਗਰੰਥ, ਵਾਹਿਗੁਰੂ ਜੀ, ਤੁਹਾਡੇ ਮਿਲਾਪ ਦੇ ਬਹੁਤ ਭੇਦ ਦਸਦੇ ਹਨ, ਭਰ ਮੈਂ ਸਿਰਫ਼ ਤੁਹਾਡੇ ਉੱਤੇ ਹੀ ਨਿਰਭਰ ਰਿਹਾ ਹਾਂ।
All the books of the Hindu faith tell so many secrets of the methods of union with You, but I simply kept steady in my faith only on You.

ਸ੍ਰੀ ਅਸਿਪਾਨ ਕ੍ਰਿਪਾ ਤੁਮਰੀ ਕਰਿ ਮੈ ਨ ਕਹ੍ਯੋ ਸਭ ਤੋਹਿ ਬਖਾਨ੍ਯੋ ॥
Sr;ee Asipaan kr;ipaa T.umree Karre maae naa kahyo sabh T.ohe bakhaaneou
ਅਸਿਪਾਨ (ਕਿਰਪਾਨ, ਸ਼ਸਤਰਧਾਰੀ: ਵਾਹਿਗੁਰੂ) ਜੀਉ, ਤੁਹਾਡਾ ਇਹ ਜੱਸ ਕੀਤਾ ਤੁਹਾਡੀ ਬਖਸ਼ਿਸ਼ ਹੀ ਹੈ, ਮੈਂ ਆਪ ਤੁਹਾਡੇ ਗੁਣ ਨਹੀ ਗਾਏ, ਇਹ ਤੁਸੀਂ ਆਪੇ ਹੀ ਮੈਥੋਂ ਕਹਾਇਆ ਹੈ।
The Sword-Bearer: God, my praising You is due to Your blessing. On my own I cannot praise You, only You make me do so!

ਦੋਹਰਾ ॥
D.ohraa
ਇਹ ਦੋਹਰਾ ਹੈ – ਕਵਿਤਾ ਦੀ ਕਿਸਮ।
Dodraa is a style of poetry.

ਸਗਲ ਦੁਆਰ ਕਉ ਛਾਡਿ ਕੈ ਗਹਿਓ ਤੁਹਾਰੋ ਦੁਆਰ ॥
Sagal d.uaar kou chhade kaae gaheaou T.uharo d.uaar
ਸਾਰੇ ਦਰਵਾਜ਼ੇ (ਦੁਆਰੇ, ਟਿਕਾਣੇ) ਛੱਡ ਕੇ ਇਕ ਤੁਹਾਡਾ ਦਰਵਾਜ਼ਾ ਫ਼ੜਿਆ ਹੈ।
Ignoring all others, I have taken Your refuge.

ਬਾਂਹਿ ਗਹੇ ਕੀ ਲਾਜ ਅਸ ਗੋਬਿੰਦ ਦਾਸ ਤੁਹਾਰ ॥
Baan'he gahae kee laaj a-ss Gobind. d.aas T.uhaar
ਬਾਂਹ ਫੜੀ ਹੈ ਤਾਂ ਲਾਜ ਰਖੋ ਗੋਬਿੰਦ (ਵਾਹਿਗੁਰੂ) ਜੀ, ਮੈਂ ਤੁਹਾਡਾ ਦਾਸ ਹਾਂ। ('ਗੋਬਿੰਦ' ਦਾ ਅਰਥ 'ਗੋਬਿੰਦ ਸਿੰਘ' ਜੀ ਵੀ ਕਰਦੇ ਹਨ, ਭਰ ਇਹ ਲੱਗਦਾ ਨਹੀ)।
Please Lord, when I am Your charge, please protect me!

ਰਾਮਕਲੀ ਮਹਲਾ ੩ ਅਨੰਦੁ
raamkalee mehlaa 3 anand
ਰਾਮਕਲੀ ਮਹਲਾ ਤੀਜਾ, ਅਨੰਦ।
Raamkalee, Third Mehl, Anand ~ The Song Of Bliss:

ੴ ਸਤਿਗੁਰ ਪ੍ਰਸਾਦਿ ॥
ik-o^N kaar satgur parsaad.
ਸਭ ਵਸਤਾਂ ਅੰਦਰ ਵਸੱਦੇ ਵਾਹਿਗੁਰੂ ਜੀ, ਜਿਸਦਾ ਗਿਆਨ ਸੱਚੇ ਗੁਰੂ ਜੀ ਦੀ ਕਿਰਪਾ ਦੇ ਨਾਲ ਹੁੰਦਾ ਹੈ। 1 ਦਾ ਭਾਵ ਹੈ ਪਰਮਾਤਮਾ ਕਿ ਜਿਸ ਵਰਗਾ ਦੂਸਰਾ ਹੋਰ ਕੋਈ ਨਹੀ। ੳ ਦਾ ਅਰਥ ਹੈ ਧੁਨੀ (ਆਵਾਜ਼) ਕਿ ਜੋ ਵਾਹਿਗੁਰੂ ਦੀ ਹੋਂਦ ਦਸਦੀ ਹੈ। ਕਾਰ ਜਾਂ ਆਕਾਰ ਹੈ, ਸਾਰੇ ਹੀ – ਹਰ ਥਾਂ ਤੇ, ਹਰ ਚੀਜ਼ ਵਿਚ।
All pervading God, realized by the Grace of the True Guru. "1" one, means there is none other like God. O-ann is the Celestial Sound indicating the being of God. Kaar or Akaar is All-Over, everywhere, in everything.

ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ ॥
anand bha-i-aa mayree maa-ay satguroo mai paa-i-aa.
ਅਨੰਦ ਹੋ ਗਿਆ ਹੈ ਮੇਰੀ ਮਾਏ, ਮੈਨੂੰ ਸਤਿਗੁਰੂ ਜੀ ਮਿਲ ਗਏ ਹਨ।
My mother, I am in joy, I have met my True Guru.

ਸਤਿਗੁਰੁ ਤ ਪਾਇਆ ਸਹਜ ਸੇਤੀ ਮਨਿ ਵਜੀਆ ਵਾਧਾਈਆ ॥
satgur ta paa-i-aa sahj saytee man vajee-aa vaaDhaa-ee-aa.
ਸਤਿਗੁਰੂ ਜੀ ਤਾਂ ਸਹਿਜ ਦੇ ਨਾਲ: ਅਡੋਲ ਹੀ, ਮਿਲ ਗਏ ਹਨ, ਮਨ ਦੇ ਅੰਦਰ ਵਧਾਈਆਂ ਗੂੰਜ ਰਹੀਆਂ ਹਨ।
I have found the True Guru without effort with His grace, and my mind is

enjoying the greetings of the bliss.

ਰਾਗ ਰਤਨ ਪਰਵਾਰ ਪਰੀਆ ਸਬਦ ਗਾਵਣ ਆਈਆ ॥
raag ratan parvaar paree-aa sabad gaavan aa-ee-aa.
ਰਤਨ ਰੂਪੀ ਰਾਗ ਆਪਣੇ ਰਾਗ-ਪਰਵਾਰਾਂ, ਅਤੇ ਰਾਗਨੀਆਂ ਸਮੇਤ ਸ਼ਬਦ ਗਾਉਣ ਆਏ ਹਨ।
The jewels of musical measures, with other melodies of their classifications, and their sub-measures, have come to sing the Shabad: Word of the Guru: Prophet.

ਸਬਦੋ ਤ ਗਾਵਹੁ ਹਰੀ ਕੇਰਾ ਮਨਿ ਜਿਨੀ ਵਸਾਇਆ ॥
sabdo ta gaavhu haree kayraa man jinee vasaa-i-aa.
ਗਾਇਨ ਤਾਂ ਸਿਰਫ਼ ਵਾਹਿਗੁਰੂ ਜੀ ਦੇ ਨਾਮ ਦਾ ਕਰੋ ਕਿ ਜਿਸ ਨੇ ਮੇਰੇ ਮਨ ਵਿਚ ਇਹਨਾ ਨੂੰ (ਪਰਮਾਤਮਾ ਨੂੰ) ਵਸਾ ਦਿੱਤਾ ਹੈ।
Sing only the Shabad: the Name of God, that has set Him in my mind.

ਕਹੈ ਨਾਨਕੁ ਅਨੰਦੁ ਹੋਆ ਸਤਿਗੁਰੂ ਮੈ ਪਾਇਆ ॥੧॥
kahai naanak anand ho-aa satguroo mai paa-i-aa. ||1||
ਕਹਿੰਦਾ ਹੈ ਨਾਨਕ, ਖ਼ੁਸ਼ੀ ਹੋਈ ਹੈ, ਮੈਨੂੰ ਸਤਿਗੁਰੂ ਮਿਲ ਗਏ ਹਨ।
Says Nanak, I am in joy, I have found my True Guru. ||1||

ਏ ਮਨ ਮੇਰਿਆ ਤੂ ਸਦਾ ਰਹੁ ਹਰਿ ਨਾਲੇ ॥
ay man mayri-aa too sadaa rahu har naalay.
ਐ ਮੇਰੇ ਮਨ ਤੂੰ ਸਦਾ ਹਰੀ ਜੀ: ਵਾਹਿਗੁਰੂ ਜੀ, ਦੇ ਨਾਲ ਰਹੋ: ਨਾਮ ਜੱਪ.
O my mind, always stay with God: recite His Name.

ਹਰਿ ਨਾਲਿ ਰਹੁ ਤੂ ਮੰਨ ਮੇਰੇ ਦੂਖ ਸਭਿ ਵਿਸਾਰਣਾ ॥
har naal rahu too man mayray dookh sabh visaarnaa.
ਮੇਰੇ ਮਨ, ਤੂੰ ਹਰੀ ਜੀ ਦੇ ਨਾਲ ਰਹੋ, ਇਹ ਹੀ ਦੁਖ ਦੂਰ ਕਰਨ ਵਾਲਾ ਹੈ।
O my mind, stay with the Lord, He removes all worries.

ਅੰਗੀਕਾਰੁ ਓਹੁ ਕਰੇ ਤੇਰਾ ਕਾਰਜ ਸਭਿ ਸਵਾਰਣਾ ॥
angeekaar oh karay tayraa kaaraj sabh savaarnaa.
ਅੰਗੀਕਾਰ: ਸਾਥ ਦਿੰਦਾ ਹੈ ਉਹ ਤੇਰਾ, ਤੇਰੇ ਸਾਰੇ ਕੰਮ ਸਵਾਰਦਾ ਹੈ।
He becomes your companion, support, and sets right all your affairs.

ਸਭਨਾ ਗਲਾ ਸਮਰਥੁ ਸੁਆਮੀ ਸੋ ਕਿਉ ਮਨਹੁ ਵਿਸਾਰੇ ॥
sabhnaa galaa samrath su-aamee so ki-o manhu visaaray.
ਵਾਹਿਗੁਰੂ ਸਭ ਪੱਖਾਂ ਤੋਂ ਸੰਪੂਰਨ ਹੈ, ਉਹਨੂੰ ਮਨ ਤੋਂ ਭੁਲਾਇਆ ਕਿਉਂ ਜਾਏ!
The Lord is all-powerful and the Doer, why forget Him!

ਕਹੈ ਨਾਨਕੁ ਮੰਨ ਮੇਰੇ ਸਦਾ ਰਹੁ ਹਰਿ ਨਾਲੇ ॥੨॥
kahai naanak man mayray sadaa rahu har naalay. ||2||
ਕਹਿੰਦਾ ਹੈ ਨਾਨਕ, ਮੇਰੇ ਮਨ, ਸਦਾ ਹਰੀ ਜੀ ਦੇ ਨਾਲ ਰਹੋ: ਨਾਮ ਜੱਪ।
Says Nanak, O my mind, stay always with the Lord: recite His Name." ||2||

ਸਾਚੇ ਸਾਹਿਬਾ ਕਿਆ ਨਾਹੀ ਘਰਿ ਤੇਰੈ ॥
saachay saahibaa ki-aa naahee ghar tayrai.
ਸੱਚੇ ਸਾਹਿਬ: ਪਰਮਾਤਮਾ, ਤੇਰੇ ਘਰ ਕੀ ਨਹੀ!
True Master, what is not in Your House - Power!

ਘਰਿ ਤ ਤੇਰੈ ਸਭੁ ਕਿਛੁ ਹੈ ਜਿਸੁ ਦੇਹਿ ਸੁ ਪਾਵਏ ॥
ghar ta tayrai sabhu kichhu hai jis dehe so paav-ay.
ਤੇਰੇ ਘਰ ਸਭ ਕੁਝ ਹੈ, ਜਿਸ ਨੂੰ ਤੁਸੀਂ ਦੇਵੋ, ਉਹ ਪਾ ਲੈਂਦਾ ਹੈ।
Everything is in Your Hands, he receives to whom You give.

ਸਦਾ ਸਿਫਤਿ ਸਲਾਹ ਤੇਰੀ ਨਾਮੁ ਮਨਿ ਵਸਾਵਏ ॥
sadaa sifat salaah tayree naam man vasaava-ay.
(ਤੁਹਾਡੀ ਕਿਰਪਾ ਪਰਾਪਤ ਕਰਨ ਵਾਲੇ) ਸਦਾ ਹੀ ਤੁਹਾਡੀ ਸਿਫ਼ਤ-ਸਲਾਹ: ਬੰਦਗੀ, ਕਰਦੇ, ਅਤੇ ਤੁਹਾਡਾ ਨਾਮ ਮਨ ਦੇ ਅੰਦਰ ਵਸਾਈ ਰੱਖਦੇ ਹਨ।
(Those blessed by You) constantly praises You, and keep Your Name in their minds.

ਨਾਮੁ ਜਿਨ ਕੈ ਮਨਿ ਵਸਿਆ ਵਾਜੇ ਸਬਦ ਘਨੇਰੇ ॥
naam jin kai man vasi-aa vaajay sabad ghanayray.
ਜਿਸ ਮਨ ਦੇ ਅੰਦਰ ਨਾਮ ਵੱਸ ਗਿਆ ਹੈ, ਉਹਦੇ ਅੰਦਰ ਬੇਅੰਤ ਵਾਜੇ ਵੱਜ ਪੈਂਦੇ ਹਨ: ਖੁਸ਼ੀ ਆ ਜਾਂਦੀ ਹੈ।
The mind in which Your Name settles, there manifests great joy.

ਕਹੈ ਨਾਨਕੁ ਸਚੇ ਸਾਹਿਬ ਕਿਆ ਨਾਹੀ ਘਰਿ ਤੇਰੈ ॥੩॥
kahai naanak sachay saahib ki-aa naahee ghar tayrai. ||3||
ਨਾਨਕ ਕਹਿੰਦਾ ਹੈ, ਸੱਚੇ ਸਾਹਿਬ, ਤੁਹਾਡੇ ਘਰ ਕੀ ਨਹੀ ਹੈ!
Nanak says, my True Master, what is not in Your Power! ||3||

ਸਾਚਾ ਨਾਮੁ ਮੇਰਾ ਆਧਾਰੋ ॥
saachaa naam mayraa aaDhaaro.
ਮੇਰਾ ਆਧਾਰ: ਆਸਰਾ, ਵਾਹਿਗੁਰੂ ਦਾ ਸੱਚਾ ਨਾਮ ਹੈ।
My support is Your True Name.

ਸਾਚੁ ਨਾਮੁ ਅਧਾਰੁ ਮੇਰਾ ਜਿਨਿ ਭੁਖਾ ਸਭਿ ਗਵਾਈਆ ॥
saach naam aDhaar mayraa jin bhukhaa sabh gavaa-ee-aa.
ਤੁਹਾਡਾ ਸੱਚਾ ਨਾਮ ਮੇਰਾ ਆਸਰਾ ਹੈ ਕਿ ਜਿਸ ਨੇ ਮੇਰੀਆਂ ਮੰਗਾਂ ਦੀਆਂ ਭੁਖਾਂ ਮਿਟਾ ਦਿੱਤੀਆਂ ਹਨ।
Your True Name is my support, it has removed the hunger of my demands.

ਕਰਿ ਸਾਂਤਿ ਸੁਖ ਮਨਿ ਆਇ ਵਸਿਆ ਜਿਨਿ ਇਛਾ ਸਭਿ ਪੁਜਾਈਆ ॥
kar saaNt sukh man aa-ay vasi-aa jin ichhaa sabh pujaa-ee-aa.
ਇਸ ਨਾਮ ਨੇ ਮਨ ਦੇ ਅੰਦਰ ਵੱਸ ਕੇ ਸੁਖ ਅਤੇ ਸ਼ਾਂਤੀ ਲੈ ਆਂਦੇ ਹਨ, ਮੇਰੀਆਂ ਸਭ ਇਛੱਾਵਾਂ ਪੂਰੀਆਂ ਕਰ ਦਿੱਤੀਆਂ ਹਨ।
The Name has brought peace and pleasures into my mind, and has fulfilled all my desires.

ਸਦਾ ਕੁਰਬਾਣੁ ਕੀਤਾ ਗੁਰੂ ਵਿਟਹੁ ਜਿਸ ਦੀਆ ਏਹਿ ਵਡਿਆਈਆ ॥
sadaa kurbaan keetaa guroo vitahu jis dee-aa ayhi vadi-aa-ee-aa.
ਅਜਿਹੇ ਗੁਰੂ ਜੀ ਤੋਂ ਸਦਾ ਕੁਰਬਾਨ ਹਾਂ, ਕਿ ਜਿਨ੍ਹਾਂ ਦੀਆਂ ਅਜਿਹੀਆਂ ਵਡਿਆਈਆਂ ਹਨ: (ਦਰਸ਼ਨਾਂ ਦੀਆਂ) ਆਸਾਂ ਪੂਰੀਆਂ ਕਰਦੇ, (ਨਾਮ-ਜਾਪ ਦੀਆਂ) ਭੁਖਾਂ ਮਿਟਾਉਂਦੇ ਹਨ।
I am forevere a sacrifice (Appreciation) to the Guru who has such Greatness - fulfills desires (of meeting Him), and removes the hunger (of the Name of God).

ਕਹੈ ਨਾਨਕੁ ਸੁਣਹੁ ਸੰਤਹੁ ਸਬਦਿ ਧਰਹੁ ਪਿਆਰੋ ॥
kahai naanak sunhu santahu sabad Dharahu pi-aaro.
ਨਾਨਕ ਕਹਿੰਦਾ ਹੈ, ਸੰਤੋ ਸੁਣੋ, ਸ਼ਬਦ ਦੇ ਨਾਲ ਪਿਆਰ ਰੱਖੋ।
Nanak says, listen O saints, have love for the Shabad: the Name of God.

ਸਾਚਾ ਨਾਮੁ ਮੇਰਾ ਆਧਾਰੋ ॥੪॥
saachaa naam mayraa aaDhaaro. ||4||
ਸੱਚਾ ਨਾਮ ਮੇਰਾ ਆਸਰਾ ਹੈ।
The True Name is my support. ||4||

ਵਾਜੇ ਪੰਚ ਸਬਦ ਤਿਤੁ ਘਰਿ ਸਭਾਗੈ ॥
vaajay panch sabad tit ghar sabhaagai.
ਪੰਚ-ਸ਼ਬਦ: ਰੱਬੀ-ਰਾਗ (ਨਾਮ, ਬਾਣੀ) ਉਸ ਭਾਗਾਂ ਵਾਲੇ ਘਰ: ਮਨ, ਵਿਚ ਵੱਜਦੇ ਹਨ,
The Panch-Shabad: the Godly-Music (recitation of His Name, and Scriptures) plays in that blessed house: the mind,

ਘਰਿ ਸਭਾਗੈ ਸਬਦ ਵਾਜੇ ਕਲਾ ਜਿਤੁ ਘਰਿ ਧਾਰੀਆ ॥
ghar sabhaagai sabad vaajay kalaa jit ghar Dhaaree-aa.
ਪੰਚ-ਸ਼ਬਦ ਵੱਜਦੇ ਹਨ ਉਸ ਭਾਗਾਂ ਵਾਲੇ ਘਰ ਵਿਚ, ਜਿਸ ਵਿਚ ਤੁਸੀਂ ਆਪਣੀ ਕਲਾ: ਖੇਡ (ਕਿਰਪਾ), ਵਰਤਾ ਦਿੱਤੀ ਹੈ।

In that blessed house the Panch-Shabad: Godly-Music is there, in which You have manifested Your Play: Kindness.

ਪੰਚ ਦੂਤ ਤੁਧੁ ਵਸਿ ਕੀਤੇ ਕਾਲੁ ਕੰਟਕੁ ਮਾਰਿਆ ॥
panch doot tuDh vasse keetay kaal kantak maari-aa.
ਤੁਸੀ ਮਨੁਖ ਦੇ ਪੰਜ-ਜਿੰਨ: ਕਾਮ, ਕਰੋਧ, ਲੋਭ, ਮੋਹ, ਹੰਕਾਰ, ਕਾਬੂ ਕਰ ਦਿੰਦੇ, ਅਤੇ ਮੌਤ ਦਾ ਕੰਟਕ: ਕੰਡਾ (ਦੁਖ) ਮਾਰ ਦਿੰਦੇ ਹੋ।
You subdue five demons: desire, anger, greed, attachment, ego, and destroy the pain of death.

ਧੁਰਿ ਕਰਮਿ ਪਾਇਆ ਤੁਧੁ ਜਿਨ ਕਉ ਸਿ ਨਾਮਿ ਹਰਿ ਕੈ ਲਾਗੇ ॥
Dhur karam paa-i-aa tuDh jin ka-o se naam har kai laagay.
ਤੁਸੀਂ ਜਿਨ੍ਹਾਂ ਦੇ ਕਰਮਾ ਵਿਚ ਦਰਗਾਹੋਂ ਲਿਖ ਦਿਤੱ, ਉਹ ਵਾਹਿਗੁਰੂ ਦੇ ਨਾਮ ਦੇ ਨਾਲ ਜੁੜ ਗਏ।
Those who are blessed with such a destiny by You, get attached to the recitation of Your Name.

ਕਹੈ ਨਾਨਕੁ ਤਹ ਸੁਖੁ ਹੋਆ ਤਿਤੁ ਘਰਿ ਅਨਹਦ ਵਾਜੇ ॥੫॥
kahai naanak tah sukh ho-aa tit ghar anhad vaajay. ||5||
ਨਾਨਕ ਕਹਿੰਦਾ ਹੈ, ਇਸ ਥਾਂ: ਮਨ ਵਿਚ, ਸੁਖ ਹੋ ਜਾਂਦਾ ਹੈ (ਕਿ ਜਿੱਥੇ ਤੁਹਾਡੀ ਕਿਰਪਾ ਹੋ ਜਾਵੇ), ਅਤੇ ਅਜਿਹੇ ਘਰ ਵਿਚ (ਮਨ ਅੰਦਰ), ਅਨਹਦ-ਵਾਜੇ: ਰੱਬੀ-ਰਾਗ (ਵੀਨਾ, ਤੂਤੀ, ਢੋਲ, ਕੈਂਸੀਆਂ, ਘੜਾ, ਇਤਿਆਦਿ ਵਰਗੀਆਂ ਬਿਨਾ ਕਾਰਣ ਆਵਾਜ਼ਾਂ। ਭਾਵ ਹੈ ਨਾਮ, ਬਾਣੀ) ਵੱਜ ਪੈਂਦਾ ਹੈ।
Nanak, says the peace comes to the place: mind (which is blessed by Him), and in such a house (Mind) the Anhad: Godly music (Name of God, Scriptures) manifests ||5||

ਅਨਦੁ ਸੁਣਹੁ ਵਡਭਾਗੀਹੋ ਸਗਲ ਮਨੋਰਥ ਪੂਰੇ ॥
anad sunhu vadbhaageeho sagal manorath pooray.
ਵਡੇ ਭਾਗਾਂ ਵਾਲਿਉ, “ਅਨੰਦ” ਨਾਮ ਦੀ ਬਾਣੀ (ਅਨੰਦ ਦੇਣ ਵਾਲੀ) ਸੁਣੋਂ, ਇਹ ਸਾਰੀਆਂ ਇਛੱਾਵਾਂ ਪੂਰੀਆਂ ਕਰਦੀ ਹੈ।
O fortunate ones, listen to the scripture named “Anand” (the giver of Joy), this fulfills all desires.

ਪਾਰਬ੍ਰਹਮੁ ਪ੍ਰਭੁ ਪਾਇਆ ਉਤਰੇ ਸਗਲ ਵਿਸੂਰੇ ॥
paarbarahm parabh paa-i-aa utray sagal visooray.
(ਇਸ ਦੇ ਨਾਲ) ਪਹੁੰਚ ਤੋਂ ਪਰ੍ਹੇ ਵਾਹਿਗੁਰੂ ਪਰਾਪਤ ਹੋ ਗਿਆ, ਅਤੇ ਸਾਰੇ ਝੋਰੇ ਮੁੱਕ ਗਏ ਹਨ।
(With this) the Unreachable Lord has been obtained, and all the mental grumbling (discord) has ended – peace has manifested.

ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ ॥
dookh rog santaap utray sunee sachee banee.
ਦੁਖ, ਰੋਗ, ਮਨ ਦੇ ਕਲੇਸ਼, ਖਤਮ ਹੋ ਗਏ ਹਨ ਸੱਚੀ ਬਾਣੀ ਨੂੰ ਸੁਣ ਕੇ।
Pain, illness, mental-suffering have been cured by listening to the True Scripture.

ਸੰਤ ਸਾਜਨ ਭਏ ਸਰਸੇ ਪੂਰੇ ਗੁਰ ਤੇ ਜਾਣੀ ॥
sant saajan bha-ay sarsay pooray gur tay jaanee.
ਸੰਤ-ਸੱਜਣ ਸਰਸੇ: ਖੁਸ਼, ਹਨ ਪੂਰਨ ਗੁਰੂ ਜੀ ਤੋਂ ਵਾਹਿਗੁਰੂ ਬਾਰੇ ਗਿਆਨ ਪਰਾਪਤ ਕਰਕੇ।
The saints and associates are happy by getting from the perfect Guru the knowledge about God.

ਸੁਣਤੇ ਪੁਨੀਤ ਕਹਤੇ ਪਵਿਤੁ ਸਤਿਗੁਰੁ ਰਹਿਆ ਭਰਪੂਰੇ ॥
suntay puneet kahtay pavit satgur rahi-aa bharpooray.
ਬਾਣੀ ਸੁਣਨ ਅਤੇ ਪੜ੍ਹਨ ਵਾਲੇ ਪਵਿੱਤਰ ਹਨ, ਇਹ ਬਾਣੀ ਰਾਹੀਂ ਸਤਿਗੁਰੂ-ਵਾਹਿਗੁਰੂ ਦੇ ਨਾਲ ਭਰਪੂਰ ਰਹਿੰਦੇ ਹਨ।
The pure ones are those who listen, or recite the Gurbani: Scriptures, and through the Scriptures they stay filled with the awareness of the Satguru: True Guru - Waheguru (God).

ਬਿਨਵੰਤਿ ਨਾਨਕੁ ਗੁਰ ਚਰਣ ਲਾਗੇ ਵਾਜੇ ਅਨਹਦ ਤੂਰੇ ॥੪੦॥੧॥
binvant naanak gur charan laagay vaajay anhad tooray. ||40||1||
ਨਾਨਕ ਬੇਨਤੀ ਕਰਦਾ ਹੈ, ਗੁਰੂ ਜੀ-ਵਾਹਿਗੁਰੂ ਜੀ ਦੇ ਚਰਨੀ ਲੱਗਿਆਂ (ਨਾਮ ਜਾਪ ਕੀਤਿਆਂ) ਅਨਹਦ: ਰੱਬੀ-ਰਾਗ, ਵੱਜ ਪੈਂਦੇ ਹਨ।
Nanak says humbly, by staying attached to the Guru-Wahegur's (God's) Feet (by reciting the Name of the Lord), the Godly-Music (Celestial-Music) gets set in. ||40||1||

ਮੁੰਦਾਵਣੀ ਮਹਲਾ ੫ ॥
Mund.aavanee Mehla Panjvaan
ਰਾਗ ਮੁੰਦਾਵਣੀ ਵਿਚ ਪੰਜਵੇਂ ਪਾਤਿਸ਼ਾਹ ਜੀ ਦੀ ਬਾਣੀ।
By 5th Guru, in Raag Mun:davanee.

ਮੁੰਦਾਵਣੀ ਦਾ ਅਰਥ ਹੈ ਮੁਹਰ ਲਗਾ ਦੇਣੀ, ਮੁਹਰ-ਬੰਦ ਕਰ ਦੇਣਾ - ਇਹ ਕਾਰਜ ਇਥੇ ਸੰਪੂਰਨ ਅਤੇ ਪਰਵਾਨ ਹੈ। ਭਾਵ ਕਿ ਗੁਰੁ ਗਰੰਥ ਸਾਹਿਬ ਵਿਚ ਦਿੱਤੀ ਬਾਣੀ ਦੀ ਦੇਖ-ਪਰਖ ਕਰ ਲਈ ਹੈ।
"Mundaavani" means a seal – it has been sealed. It means that Gurbani in the Holy Granth has been verified.

ਥਾਲ ਵਿਚਿ ਤਿੰਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ ॥
Thaal vich t.inn:e vast.oo paee-o sat.u sant.okh veechaaro
ਥਾਲ (ਗੁਰੂ ਗਰੰਥ ਸਾਹਿਬ) ਵਿਚ ਤਿਨ ਚੀਜ਼ਾਂ ਹਨ – ਸਚਾਈ (ਵਾਹਿਗੁਰੂ ਦਾ ਨਾਮ), ਸੰਤੋਖ – ਸਬਰ, ਅਤੇ ਵੀਚਾਰ – ਪਰਮਾਤਮਾ ਬਾਰੇ ਵੀਚਾਰ ਕਰਨੀ।
In the plate are three things: Truth, Contentment, and Contemplation (Thoughtfulness).
(The Holy Book has three things: Truth, Contentment, and Thoughtfulness).

ਅੰਮ੍ਰਿਤ ਨਾਮੁ ਠਾਕੁਰ ਕਾ ਪਇਓ ਜਿਸ ਕਾ ਸਭਸੁ ਅਧਾਰੋ ॥
Amrit. Naam T:haakur kaa paeo jis kaa sbhasu ad:haaro
ਇਸ ਵਿਚ ਪਰਮਾਤਮਾ ਦਾ ਅੰਮ੍ਰਿਤ ਵਰਗਾ (ਅਟੱਲ) ਨਾਮ ਵੀ ਪਿਆ ਹੈ ਕਿ ਜਿਸ ਦਾ ਸਭ ਨੂੰ ਆਸਰਾ ਹੈ।
ਬੜੀ ਵਧੀਆ, ਚੰਗੀ ਚੀਜ਼ ਨੂੰ ਵੀ ਅੰਮ੍ਰਿਤ ਕਹਿੰਦੇ ਹਨ।
God's Immortal Name is also there which is a support to everyone.
(A nice thing is also called Amrit).

ਜੇ ਕੋ ਖਾਵੈ ਜੇ ਕੋ ਭੁੰਚੈ ਤਿਸ ਕਾ ਹੋਇ ਉਧਾਰੋ ॥
Jae ko khaavae jae ko bhunchae t.is kaa ho-e ud:haaro
ਜੇ ਕੋਈ ਇਹਨਾ ਚੀਜ਼ਾਂ ਨੂੰ ਖਾਵ, ਭੋਗੇਗਾ (ਅਨੰਦ ਲੈਣਾ), ਉਹ ਤਰ ਜਾਵੇਗਾ, ਮੁਕਤ ਹੋ ਜਾਵੇਗਾ।
ਜਿਹੜਾ ਸੱਚ, ਸਬਰ–ਸ਼ਾਂਤੀ, ਤੇ ਗੁਰੂ–ਵਾਹਿਗੁਰੂ ਬਾਰੇ ਵਿਚਾਰ ਕਮਾਵੇਗਾ, ਅਤੇ ਪਰਮਾਤਮਾ ਦਾ ਨਾਮ ਜਪੇਗਾ, ਉਹ ਮੁਕਤ ਹੋ ਜਾਵੇਗਾ।
One who eats these things, will be saved. (Anyone who will practice truth, Contentment, thinking about God, and recite His Name, will be liberated).

ਏਹ ਵਸਤੁ ਤਜੀ ਨਹ ਜਾਈ ਨਿਤ ਨਿਤ ਰਖੁ ਉਰਿ ਧਾਰੋ ॥
Eh vast.u t.ajee nah jaaee nit.t. nit.t. rakh ur d:haaro
ਇਸ ਚੀਜ਼: ਨਾਮ, ਨੂੰ ਛਡਿਆ ਨਹੀ ਜਾ ਸਕਦਾ, ਇਹਨੂੰ ਸਦਾ ਹੀ ਮਨ ਦੇ ਅੰਦਰ ਰਖੋ।
This thing: Name of God, cannot be ignored, always keep it in the mind.

ਤਮ ਸੰਸਾਰੁ ਚਰਨ ਲਗਿ ਤਰੀਐ ਸਭੁ ਨਾਨਕ ਬ੍ਰਹਮ ਪਸਾਰੋ ॥੧॥
T.amm sansaar charan lagg t.aree-aae sabhu Nanak Br;ahm pasaaro
ਨਾਨਕ, ਸਾਰੀ ਵਾਹਿਗੁਰੂ ਦੀ ਰਚਨਾ ਹੈ, ਅਤੇ ਇਹ ਤਮ (ਹਨੇਰਾ: ਪਾਪਾਂ ਭਰੀ, ਗਿਆਨ ਰਹਿਤ) ਦੁਨੀਆਂ ਗੁਰੂ–ਵਾਹਿਗੁਰੂ ਦੇ ਚਰਨੀ ਲੱਗ ਕੇ ਤਰ ਜਾਈ ਦੀ ਹੈ – ਨਾਮ ਜਪ, ਬਾਣੀ ਪੜ੍ਹ ਕੇ ਮੁਕਤ ਹੋ ਜਾਈਦਾ ਹੈ।
Nanak, whole of the Creation is the Lord's play, and this dark world is crossed by taking refuge of God.

ਸਲੋਕ ਮਹਲਾ ੫ ॥
Slok Mahlaa Panjvaan'
ਇਹ "ਸਲੋਕ, ਪੰਜਵੇਂ ਪਾਤਿਸ਼ਾਹ ਜੀ ਦਾ ਉਚਾਰਿਆ ਹੋਇਆ ਹੈ।
This composition is by the 5th Guru. Slok is a type of poetry.

ਤੇਰਾ ਕੀਤਾ ਜਾਤੋ ਨਾਹੀ ਮੈਨੋ ਜੋਗੁ ਕੀਤੋਈ ॥
T.aeraa keet.aa jat.o nahee maaeno jogu keet.o-ee
ਸੱਚੇ ਪਾਤਿਸ਼ਾਹ–ਵਾਹਿਗੁਰੂ ਜੀ, ਇਹ ਕੰਮ ਪੂਰਾ ਕਰਨ ਦੀ ਯੋਗਤਾ (ਹਿੱਮਤ, ਲਿਆਕਤ) ਤੁਸੀਂ ਹੀ ਬਖਸ਼ੀ ਹੈ, ਭਾਵੇਂ ਕਿ ਤੁਹਾਡੀਆਂ ਕੀਤੀਆਂ ਮਿਹਰਬਾਨੀਆਂ ਨੂੰ ਮੈਂ ਜਾਣਿਆ ਨਹੀ।
O God, You enabled me to complete this task, although I did not recognize (Appreciate) Your Blessings.

ਮੈ ਨਿਰਗੁਣਿਆਰੇ ਕੋ ਗੁਣੁ ਨਾਹੀ ਆਪੇ ਤਰਸੁ ਪਇਓਈ ॥
Maae nirgun.e-aarae ko gun.u naahe aapay t.aras pe.oee
ਮੈਂ ਗੁਣਾ ਰਹਿਤ ਹਾਂ ਅਤੇ ਮੇਰੇ ਵਿਚ ਕੋਈ ਗੁਣ ਨਹੀ, ਭਰ ਤੁਸੀਂ ਆਪੇ ਹੀ ਮੇਰੇ ਤੇ ਤਰਸ ਕੀਤਾ ਹੈ (ਇਹ ਕਾਰਜ ਕਰਣ ਦੇ ਲਾਇਕ ਬਣਾਉਣ ਦਾ)।
I am without any virtue, and have no merit (Qualities), but You took mercy on me (to enable me to do this job).

ਤਰਸੁ ਪਇਆ ਮਿਹਰਾਮਤਿ ਹੋਈ ਸਤਿਗੁਰੁ ਸਜਣੁ ਮਿਲਿਆ ॥
T.arsu paeaa mehraamat-e hoee Sat.eguru Sajjan.u mil-eaa
ਸਤਿਗੁਰ–ਵਾਹਿਗੁਰੂ ਮੇਰੇ ਸਜਣ ਜੀ, ਤੁਸੀ ਮੇਰੇ ਤੇ ਤਰਸ ਖਾ, ਕਿਰਪਾ ਕਰ ਕੇ ਦਰਸ਼ਨ ਦਿੱਤੇ (ਅਤੇ ਇਹ ਕਾਰਜ ਪੂਰਾ ਕਰਾਇਆ)।
True Guru-My Lord, You took mercy, and very Kindly met me (Gave me Your realization. I could complete this project).

ਨਾਨਕ ਨਾਮੁ ਮਿਲੈ ਤਾਂ ਜੀਵਾਂ ਤਨੁ ਮਨੁ ਥੀਵੈ ਹਰਿਆ ॥੧॥
Nanak Naamu milaae t.aan' jeevaan' t.anu manu theevaae har-eaa
ਨਾਨਕ, ਜੇ ਵਾਹਿਗੁਰੂ ਦਾ ਨਾਮ ਮਿਲੇ ਤਾਂ ਮੈਂ ਜੀਂਵਦਾ, ਅਤੇ ਖੇੜੇ (ਖੁਸ਼ੀ) ਵਿਚ ਹਾਂ।
Nanak, I am alive if blessed with Your Name, and then I am in blossom (Joy).

ਸੋਹਿਲਾ

ਸਿਫ਼ਤ-ਸਾਲਾਹ, ਵਾਹਿਗੁਰੂ ਦੇ ਗੁਣ ਗਾਉਣੇ।
ਸੋਹਿਲਾ ਦਾ ਅਰਥ ਹੈ ਖੁਸ਼ੀ ਦੇ ਗੀਤ।
ਇਸ ਬਾਣੀ ਨੂੰ ਕੀਰਤਨ ਸੋਹਿਲਾ ਵੀ ਕਹਿੰਦੇ ਹਨ।

SOHELAA

Praise of God.
Sohelaa means the song of happiness – joy.
This Scripture is also called Kirt.an-Sohelaa

ਰਾਗੁ ਗਉੜੀ ਦੀਪਕੀ ਮਹਲਾ ੧
raag ga-orhee deepkee mehlaa 1
ਬਾਣੀ, ਰਾਗ ਗਉੜੀ ਦੀਪਕੀ ਵਿਚ ਮਹਲਾ ਪਹਿਲਾ
ਗੁਰੂ ਨਾਨਕ ਦੇਵ ਜੀ ਦੀ ਉਚਾਰੀ ਹੋਈ।
The Scripture in Raag Gauree Deepakee, by First Mehla -
Composed by 1st Guru Nanak Dev.

ੴ ਸਤਿਗੁਰ ਪ੍ਰਸਾਦਿ ॥
ik-o[N]kaar satgur parsaad.
ਸਭ ਵਸਤਾਂ ਅੰਦਰ ਵਸੱਦੇ ਵਾਹਿਗੁਰੂ ਜੀ, ਇਹ ਗਿਆਨ ਸੱਚੇ ਗੁਰੂ ਜੀ ਦੀ ਕਿਰਪਾ ਦੇ ਨਾਲ ਹੁੰਦਾ ਹੈ।
All pervading God, realized by the Grace of the True Guru.

ਜੈ ਘਰਿ ਕੀਰਤਿ ਆਖੀਐ ਕਰਤੇ ਕਾ ਹੋਇ ਬੀਚਾਰੋ ॥
jai ghar keerat aakhee-ai kartay kaa ho-ay beechaaro.
ਜਿਸ ਅਸਥਾਨ ਤੇ ਵਾਹਿਗੁਰੂ ਜੀ ਦੀ ਸਿਫ਼ਤ-ਸਾਲਾਹ ਹੁੰਦੀ ਹੈ, ਅਤੇ ਉਹਨਾ ਬਾਰੇ ਵਿਚਾਰ ਹੁੰਦੇ ਹਨ,
The place where the praise of the Creator is chanted, and He is contemplated on,

ਤਿਤੁ ਘਰਿ ਗਾਵਹੁ ਸੋਹਿਲਾ ਸਿਵਰਿਹੁ ਸਿਰਜਣਹਾਰੋ ॥੧॥
tit ghar gaavhu sohilaa sivrihu sirjanhaaro. ||1||
ਉਸ ਅਸਥਾਨ ਤੇ ਉਹਦੇ ਗੁਣ ਗਾਉ ਤੇ ਰਚਨਾ ਕਰਨ-ਹਾਰ: ਵਾਹਿਗੁਰੂ ਨੂੰ, ਯਾਦ ਕਰੋ।
In that place, sing the songs of His praise, and remember the Creator. ||1||

ਤੁਮ ਗਾਵਹੁ ਮੇਰੇ ਨਿਰਭਉ ਕਾ ਸੋਹਿਲਾ ॥
tum gaavhu mayray nirbha-o kaa sohilaa.
ਤੁਸੀਂ ਮੇਰੇ ਨਿਡਰ: ਵਾਹਿਗੁਰੂ, ਦੀ ਸਿਫ਼ਤ-ਸਾਲਾਹ ਕਰੋ,
Sing the songs of praise of my Fearless Lord.

ਹਉ ਵਾਰੀ ਜਿਤੁ ਸੋਹਿਲੈ ਸਦਾ ਸੁਖੁ ਹੋਇ ॥੧॥ ਰਹਾਉ ॥

ha-o vaaree jit sohilai sadaa sukh ho-ay. ||1|| rahaa-o.

ਮੈਂ ਵਾਰੀ ਜਾਵਾਂ ਅਜਿਹੀ ਸਿਫ਼ਤ–ਸਾਲਾਹ ਤੋਂ ਜਿਸ ਦੇ ਨਾਲ ਨਿਤ ਦਾ ਸੁਖ ਮਿਲਦਾ ਹੈ। ਰਹਾਉ। ਰਹਾਉ ਦਾ ਭਾਵ ਹੈ ਠਹਿਰਾਉ, ਰਤਾ ਕੁ ਰੁਲੋ, ਰੁਕੋ ਅਤੇ ਕਹੀ ਗੱਲ ਤੇ ਵੀਚਾਰ ਕਰੋ।

I appreciate such a song of praise which brings eternal peace. ||1||Pause|| (Pause means stop, stop for a while, stop and think over what has been said).

ਨਿਤ ਨਿਤ ਜੀਅੜੇ ਸਮਾਲੀਅਨਿ ਦੇਖੈਗਾ ਦੇਵਣਹਾਰੁ ॥

nit nit jee-arhay samaalee-an daykhaigaa dayvanhaar.

ਹਮੇਸ਼ਾ ਹੀ ਜੀਵਾਂ ਦੀ ਸੰਭਾਲ ਕਰਦਾ ਹੈ ਪਰਮਾਤਮਾ, ਉਹ ਸਭ ਕੁਝ ਦੇਣ ਵਾਲਾ ਤੇਰੀ ਸੰਭਾਲ ਵੀ ਕਰੇਗਾ।

God always cares for His beings, the Great Giver will take care of you, too.

ਤੇਰੇ ਦਾਨੈ ਕੀਮਤਿ ਨਾ ਪਵੈ ਤਿਸੁ ਦਾਤੇ ਕਵਣੁ ਸੁਮਾਰੁ ॥੨॥

tayray daanai keemat naa pavai tis daatay kavan sumaar. ||2||

ਵਾਹਿਗੁਰੂ ਜੀ, ਤੁਹਾਡੇ ਦਾਨ ਦੀ ਕੀਮਤ ਕੋਈ ਪਾ ਨਹੀ ਸਕਦਾ, ਅਜਿਹੇ ਦਾਤੇ ਦਾ ਕੋਈ ਸੁਮਾਰ: ਸ਼ੁਮਾਰ (ਅੰਦਾਜ਼ਾ) ਕੀ ਕਰੇ !

Your gifts cannot be appraised; how can anyone assess such a Giver! ||2||

ਸੰਬਤਿ ਸਾਹਾ ਲਿਖਿਆ ਮਿਲਿ ਕਰਿ ਪਾਵਹੁ ਤੇਲੁ ॥

sambat saahaa likhi-aa mil kar paavhu tayl.

ਸੰਬਤਿ: ਸੰਮਤ, ਅਤੇ ਸਾਹਾ: ਮਹੂਰਤ (ਸਮਾ), ਧੁਰ ਦਰਗਾਹੋਂ ਲਿਖੇ ਹਨ, ਤੁਸੀਂ ਮਿਲ ਕੇ ਮੈਨੂੰ ਤੇਲ ਚੜ੍ਹਾਉ, ਭਾਵ ਵਾਹਿਗੁਰੂ ਮਿਲਾਪ ਲਈ ਮੈਨੂੰ ਤਿਆਰ ਕਰੋ (ਮੇਰਾ ਉਤਸ਼ਾਹ ਵਧਾਉ)।

ਤੇਲ ਚੜ੍ਹਾਉ – ਲੜਕੀ ਨੂੰ ਵਿਆਹੁਣ ਦੀ ਤਿਆਰੀ ਵੇਲੇ ਇਹਦੇ ਸਿਰ ਨੂੰ ਤੇਲ ਲਾਉਂਦੇ ਹਨ।

The year and the time of union with God are predestined, prepare (encourage) me for my meeting: realizing the Lord.

(The comparative example has been taken from the girl whose hair is oiled to prepare her for marriage).

ਦੇਹੁ ਸਜਣ ਅਸੀਸੜੀਆ ਜਿਉ ਹੋਵੈ ਸਾਹਿਬ ਸਿਉ ਮੇਲੁ ॥੩॥

dayh sajan aseesrhee-aa ji-o hovai saahib si-o mayl. ||3||

ਮੇਰੇ ਸੱਜਣੋ ਅਸੀਸਾਂ ਦਿਉ ਕਿ ਜੋ ਆਪਣੇ ਸਾਹਿਬ ਨੂੰ ਮਿਲ ਪਾਵਾਂ।

Bless me my friends, so that I meet my Master. ||3||

ਘਰਿ ਘਰਿ ਏਹੋ ਪਾਹੁਚਾ ਸਦੜੇ ਨਿਤ ਪਵੰਨਿ ॥

ghar ghar ayho paahuchaa sad-rhay nit pavann.

ਪਰਮਾਤਮਾ ਦੇ ਮਿਲਾਪ ਦਾ ਇਹ ਸੱਦਾ. ਘਰ ਘਰ (ਹਰ ਮਨੁਖ ਨੂੰ) ਨਿਤ ਹੀ ਪਹੁੰਚਦਾ, ਅਤੇ ਮਿਲਣ ਲਈ ਆਵਾਜ਼ਾਂ ਪੈਂਦੀਆਂ ਹਨ।

The message of union with God reaches everyone, and His call for it is received every day.

ਸਦਣਹਾਰਾ ਸਿਮਰੀਐ ਨਾਨਕ ਸੇ ਦਿਹ ਆਵੰਨਿ ॥੪॥੧॥
sadanhaaraa simree-ai naanak say dih aavann. ||4||1||
ਨਾਨਕ, ਜੇਕਰ ਇਸ ਸੱਦਣ ਵਾਲੇ: ਵਾਹਿਗੁਰੂ, ਨੂੰ ਯਾਦ ਕਰਦੇ ਰਹੀਏ ਤਾਂ ਮਿਲਾਪ ਦਾ ਦਿਨ ਜ਼ਰੂਰ ਹੀ ਆ ਜਾਂਦਾ ਹੈ।
Nanak, If we keep remembering the One Who calls: God, then the day of union with Him surely comes. ||4||1||

ਰਾਗੁ ਆਸਾ ਮਹਲਾ ੧ ॥
raag aasaa mehlaa 1.
ਰਾਗ ਆਸਾ ਮਹਲਾ ਪਹਿਲਾ।
Raag Aasaa, First Mehla:

ਛਿਅ ਘਰ ਛਿਅ ਗੁਰ ਛਿਅ ਉਪਦੇਸ ॥
chhi-a ghar chhi-a gur chhi-a updays.
ਛੇ ਸ਼ਾਸਤਰ (ਸਾਂਖ, ਨਿਆਇ, ਵੈਸ਼ੇਸ਼ਿਕ, ਮੀਮਾਂਸਾ, ਯੋਗ, ਵੇਦਾਂਤ), ਛੇ ਇਹਨਾ ਦੇ ਕਰਤਾ (ਕਪਿਲ, ਗੌਤਮ, ਕਨਾਦ, ਜੈਮਨੀ, ਪਾਤੰਜਲ, ਵਿਆਸ (ਬਿਆਸ)), ਅਤੇ ਛੇ ਹੀ ਪਰਕਾਰ ਦੇ ਇਹਨਾ ਦੇ ਉਪਦੇਸ਼ ਹਨ।
There are six schools of philosophy, six their authors, and as well six types of their teachings.

ਗੁਰੁ ਗੁਰੁ ਏਕੋ ਵੇਸ ਅਨੇਕ ॥੧॥
gur gur ayko vays anayk. ||1||
ਭਰ, ਗੁਰੂਆਂ ਦੇ ਗੁਰੂ ਵਾਹਿਗੁਰੂ ਸਿਰਫ਼ ਇਕ ਆਪ ਹੀ ਹਨ ਭਾਵੇਂ ਕਿ ਇਹਨਾ ਦੇ ਦਿਸਦੇ ਰੂਪਾਂ ਦਾ ਅੰਤ ਨਹੀ। (ਉਪਦੇਸ਼ ਵੀ ਇਕ ਹੀ ਹੈ – ਨਾਮ ਜਪੋ)।
But, the Teacher of teachers is the One God only, Who has very many forms. (Preaching is also one – recite the Name of God). ||1||

ਬਾਬਾ ਜੈ ਘਰਿ ਕਰਤੇ ਕੀਰਤਿ ਹੋਇ ॥
baabaa jai ghar kartay keerat ho-ay.
ਬਾਬਾ, ਜਿਸ ਮੱਤ ਅਨੁਸਾਰ ਰਚਨਹਾਰ ਪਰਮਾਤਮਾ ਦੀ ਸਿਫ਼ਤ-ਸਲਾਹ ਪਰਵਾਨ ਹੈ,
Revered one, the system in which the praise of the Creator is accepted,

ਸੋ ਘਰੁ ਰਾਖੁ ਵਡਾਈ ਤੋਇ ॥੧॥ ਰਹਾਉ ॥
so ghar raakh vadaa-ee to-ay. ||1|| rahaa-o.
ਉਸ ਮੱਤ ਨੂੰ ਪਰਵਾਨ ਕਰਨਾ ਬੜੀ ਵਡਿਆਈ ਹੈ। ਰਹਾਉ।
To follow that system is the true greatness. ||1||Pause||

ਵਿਸੁਏ ਚਸਿਆ ਘੜੀਆ ਪਹਰਾ ਥਿਤੀ ਵਾਰੀ ਮਾਹੁ ਹੋਆ ॥
visu-ay chasi-aa gharhee-aa pahraa thitee vaaree maahu ho-aa.
ਛਿਨ, ਪੱਲ, ਘੜੀਆਂ, ਪਹਿਰ, ਦਿਨ (ਚੰਦ ਅਨੁਸਾਰ ਦਿਨ), ਵਾਰ, ਇਹਨਾ ਤੋਂ ਮਹੀਨੇ ਬਣ ਜਾਂਦੇ ਹਨ।

ਵਿਸਾ = 15ਵਾਰ ਅੱਖ ਝਮਕਣੀ; ਚਸਾ = 15 ਵਿਸੇ; ਪਲ = 30 ਚਸੇ; ਘੜੀ = 60 ਪਲ; ਪਹਿਰ = 7.5 ਘੜੀਆਂ; ਦਿਨ–ਰਾਤ = 8 ਪਹਿਰ (ਦਿਨ 4 ਪਹਿਰ, ਰਾਤ 4 ਪਹਿਰ); ਥਿੱਤਾਂ (ਚੰਦ ਦੇ ਹਿਸਾਬ ਦਿਨ) = 15; ਵਾਰ = 7; ਮਹੀਨੇ = 12; ਰੁੱਤਾਂ = 6

The iotas of time make seconds, minutes, hours, days, and weeks, weeks make the months.

ਸੂਰਜੁ ਏਕੋ ਰੁਤਿ ਅਨੇਕ ॥
sooraj ayko rut anayk.
ਇੱਦਾਂ ਹੀ, ਸੂਰਜ ਇਕ ਹੀ ਹੈ ਭਰ ਮੌਸਮ ਕਈ ਬਦਲਦੇ ਹਨ।
This way, the sun is one, but the seasons are many.

ਨਾਨਕ ਕਰਤੇ ਕੇ ਕੇਤੇ ਵੇਸ ॥੨॥੨॥
naanak kartay kay kaytay vays. ||2||2||
ਨਾਨਕ, ਤਿਵੇਂ ਹੀ ਰਚਨਹਾਰ ਵਾਹਿਗੁਰੂ ਦੇ ਕਈ ਸਰੂਪ ਹਨ।
Nanak, the same way the Creator has His many Forms in His Creation. ||2||2||

ਰਾਗੁ ਧਨਾਸਰੀ ਮਹਲਾ ੧ ॥
raag Dhanaasree mehlaa 1.
ਰਾਗ ਧਨਾਸਰੀ ਮਹਲਾ ਪਹਿਲਾ।
Raag Dhanaasaree, First Mehla.

ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ ॥
gagan mai thaal rav chand deepak banay taarikaa mandal janak motee,
ਅਸਮਾਨ ਇਕ ਥਾਲ ਹੈ, ਸੂਰਜ ਅਤੇ ਚੰਦਰਮਾ ਦੀਵੇ ਹਨ, ਤਾਰਿਆਂ ਦਾ ਮੰਡਲ (ਇਕੱਠ) ਜਾਣੋ ਜਿਵੇਂ ਮੋਤੀ ਹੋਣ। (ਗੁਰੂ ਮਹਾਰਾਜ ਕੁਦਰਤ ਦੀ ਆਰਤੀ ਦਸ ਰਹੇ ਹਨ)।
Sky is a plate, the sun and the moon are the lamps, and the stars are pearls. (Guru ji is describing the Arti: lamp-worship, performed by nature).

ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ ॥੧॥
Dhoop mal-aanlo pavan chavro karay sagal banraa-ay foolant jotee. ||1||
(ਧੁਖਦੀ) ਧੂਫ਼ ਹੈ ਪਹਾੜਾਂ ਤੋਂ ਚੰਦਨ ਦੀ ਮਹਿਕ ਵਾਲੀ ਹਵਾ, ਅਤੇ ਇਹ ਹਵਾ ਤੁਹਾਨੂੰ ਚੌਰੀ ਕਰ ਰਹੀ ਹੈ ਜੀ, ਸਾਰੀ ਬਨਸਪਤੀ (ਬੂਟੇ) ਤੁਹਾਨੂੰ ਚੜ੍ਹਾਏ ਫੁੱਲ ਹਨ, ਜੋਤੀ ਸਰੂਪ ਜੀਉ!
ਮਲਆਨਲੋ: ਮਲਯ – ਭਾਰਤ ਦੇ ਦਖਣ ਵਿਚ ਪਹਾੜ ਦਾ ਨਾਮ ਕਿ ਜਿਸ ਉੱਤੇ ਚੰਦਨ ਹੁੰਦਾ ਹੈ। ਅਨਲ – ਹਵਾ।
The (burning) incense is the wind from the hill that is laden with the sandalwood-fragrance, and this wind is the Chanwar: whisk (hair-wisp), fanning over You. All the plants are an offering of the flowers to You, my Luminous-Lord! ||1||

ਕੈਸੀ ਆਰਤੀ ਹੋਇ ॥ ਭਵ ਖੰਡਨਾ ਤੇਰੀ ਆਰਤੀ ॥
kaisee aartee ho-ay. bhav khandnaa tayree aartee.
ਇਹ ਕੈਸੀ (ਕਮਾਲ ਦੀ, ਕੁਦਰਤੀ) ਆਰਤੀ ਹੋ ਰਹੀ ਹੈ, (ਭਿਆਨਕ) ਸੰਸਾਰ-ਸਮੁੰਦਰ ਤੋਂ ਬਚਾਉਣ ਵਾਲੇ ਵਾਹਿਗੁਰੂ ਜੀ, ਇਹ ਤੁਹਾਡੀ ਆਰਤੀ!
What an Arti (lamp-worship) of Yours this is! The Lord, Savior from this (fearful) world-ocean, this is Your (wonderful, natural) Arti: lamp-worship!

ਅਨਹਤਾ ਸਬਦ ਵਾਜੰਤ ਭੇਰੀ ॥੧॥ਰਹਾਉ॥
anhataa sabad vaajant bhayree. ||1|| rahaa-o.
(ਅਜਿਹੀ ਖੁਸ਼ੀ: ਆਰਤੀ, ਵਿਚ) ਅਨਹਤ-ਸ਼ਬਦ: ਕੁਦਰਤੀ ਧੁਨ, ਦੀ ਤੂਤੀ ਵੱਜ ਰਹੀ ਹੈ। ਰਹਾਉ।
(In this joy: Arti) the flute of the Anhat-Shabad - celestial-sound, is playing. ||1||Pause||

ਸਹਸ ਤਵ ਨੈਨ ਨਨ ਨੈਨ ਹਹਿ ਤੋਹਿ ਕਉ ਸਹਸ ਮੂਰਤਿ ਨਨਾ ਏਕ ਤੁੋਹੀ ॥
sahas tav nain nan nain heh tohi ka-o sahas moorat nanaa ayk tohee.
ਦਿਸਦੀਆਂ ਹਜ਼ਾਰਾਂ ਅੱਖੀਆਂ ਤੁਹਾਡੀਆਂ ਹੀ ਹਨ, ਉਂਜ ਤੁਹਾਡਾ ਇਕ ਵੀ ਨੇਤਰ ਨਹੀ, ਇਹ ਹਜ਼ਾਰਾਂ ਸਰੂਪ ਤੁਹਾਡੇ ਹੀ ਹਨ।
Thousands of the (visible) eyes are Yours, though You have no eyes, Yours are all these (visible) thousands of forms. (Eyes of the people are Your eyes).

ਸਹਸ ਪਦ ਬਿਮਲ ਨਨ ਏਕ ਪਦ ਗੰਧ ਬਿਨੁ ਸਹਸ ਤਵ ਗੰਧ ਇਵ ਚਲਤ ਮੋਹੀ ॥੨॥
sahas pad bimal nan ayk pad ganDh bin sahas tav ganDh iv chalat mohee. ||2||
ਭਾਵੇਂ ਤੁਹਾਡੇ ਹਜ਼ਾਰਾਂ ਕੋਮਲ ਚਰਨ ਹਨ (ਜ਼ਾਹਿਰਾ - ਦਿਸਦੇ ਸਰੂਪ ਵਿਚ, ਜੀਵਾਂ ਦੇ), ਤੁਹਾਡਾ ਇਕ ਵੀ ਚਰਨ ਨਹੀ ਹੈ (ਨਾਹ-ਦਿਸਦੇ ਸਰੂਪ ਵਿਚ)। ਇਦਾਂ ਹੀ, ਤੁਸੀਂ ਬਿਨਾ ਨੱਕ ਦੇ ਹੋ, ਭਰ (ਦਿਸਦੇ) ਤੁਹਾਡੇ ਹਜ਼ਾਰਾਂ ਨੱਕ ਹਨ। ਤਹਾਡੀ ਇਸ ਖੇਡ ਨੇ ਮੈਨੂੰ ਮੋਹ ਲਿਆ ਹੈ।
You have thousands of delicate feet (in the visible form), and yet You do not have even a single foot (in invisible form). The same way, You have no nose, but you have thousands of noses (of the people). This play of Yours has enchanted me. ||2||

ਸਭ ਮਹਿ ਜੋਤਿ ਜੋਤਿ ਹੈ ਸੋਇ ॥
sabh meh jot jot hai so-ay.
ਸਭਨਾ ਦੇ ਅੰਦਰ ਜੋਤੀ, ਇਹ ਜੋਤੀ ਉਹ ਹੀ ਹੈ (ਪਰਮਾਤਮਾ)।
The light (Life, soul, God awareness) within everyone, You are that Light.

ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ ॥
tis dai chaanan sabh meh chaanan ho-ay.
ਉਸ ਜੋਤ: ਪਰਮਾਤਮਾ, ਦੇ ਚਾਨਣ ਦੇ ਨਾਲ ਸਾਰਿਆਂ ਦੇ ਅੰਦਰ ਚਾਨਣ: ਵਾਹਿਗੁਰੂ-ਗਿਆਨ, ਹੈ।
By that Light (God), there is the light (Soul, God awareness) in all.

ਗੁਰ ਸਾਖੀ ਜੋਤਿ ਪਰਗਟੁ ਹੋਇ ॥
gur saakhee jot pargat ho-ay.
ਗੁਰ-ਉਪਦੇਸ਼ (ਗੁਰੁ ਦੀ ਸਿਖਿਆ) ਦੇ ਨਾਲ ਇਹ ਜੋਤ (ਵਾਹਿਗੁਰੂ ਗਿਆਨ) ਪਰਗਟ ਹੋ ਜਾਂਦਾ ਹੈ।
Through the Guru's teachings, the Light (God awareness) shines within.

ਜੋ ਤਿਸੁ ਭਾਵੈ ਸੁ ਆਰਤੀ ਹੋਇ ॥੩॥
jo tis bhaavai so aartee ho-ay. ||3||
ਜੋ ਤੁਹਾਨੂੰ ਚੰਗਾ ਲੱਗੇ (ਜੋ ਤੁਹਾਡੇ ਹੁਕਮ ਵਿਚ ਹੋ ਰਿਹਾ ਹੈ), ਸੋ ਹੀ ਤੁਹਾਡੀ ਆਰਤੀ ਹੈ।
All which is going on within Your discipline, is Your Arti: lamp-worship. ||3||

ਹਰਿ ਚਰਣ ਕਵਲ ਮਕਰੰਦ ਲੋਭਿਤ ਮਨੋ ਅਨਦਿਨੋ ਮੋਹਿ ਆਹੀ ਪਿਆਸਾ ॥
har charan kaval makrand lobhit mano andino mohi aahee pi-aasaa.
ਤੁਹਾਡੇ ਚਰਨ ਕਵੰਲਾਂ ਦਾ ਭੌਰਾ ਮੇਰਾ ਮਨ (ਨਾਮ ਦਾ ਪਰੇਮੀ) ਇਹਨਾ ਤੇ ਮੋਹਿਆ ਪਿਆ ਹੈ, ਮੈਨੂੰ ਦਿਨੇ ਰਾਤੀਂ ਇਹਨਾ ਚਰਨਾ ਦੀ ਹੀ ਪਿਆਸ ਹੈ (ਨਾਮ ਜਪਣ ਦੀ)।
ਮਕਰੰਦ - ਭੌਰਾ, ਅਤੇ ਹੋਰ ਅਰਥ ਹੈ ਰਸ: ਤਥਾ ਸ਼ਹਿਦ, ਫੁਲ ਵਿਚਲਾ ਬੂਰ।
My bumblebee mind is enchanted by the lotus-feet of the Lord, day and night I thirst for them.

ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ ਕਉ ਹੋਇ ਜਾ ਤੇ ਤੇਰੈ ਨਾਇ ਵਾਸਾ ॥੪॥੩॥
kirpaa jal deh naanak saaring ka-o ho-ay jaa tay tayrai naa-ay vaasaa. ||4||3||
ਵਾਹਿਗੁਰੂ ਜੀ, ਨਾਨਕ-ਬੰਬੀਹੇ (ਪਪੀਹੇ) ਨੂੰ ਤੁਸੀਂ ਆਪਣੀ ਕਿਰਪਾ ਦਾ ਪਾਣੀ ਦਿਉ, ਜਿਸ ਦੇ ਨਾਲ ਇਹ ਸਦਾ ਹੀ ਤੁਹਾਡੇ ਨਾਮ ਦੇ ਨਾਲ ਜੁੜਿਆ ਰਹੇ। (ਪਪੀਹਾ ਨਾਮ ਦਾ ਪੰਛੀ, ਇਕ ਖਾਸ ਸਮੇ ਵਰ੍ਹੇ ਮੀਂਹ ਦੀ ਬੂੰਦ ਨੂੰ ਤਰਸਦਾ ਹੈ)
Bestow the water of Your Mercy on the thirsty Nanak the weaver-bird (papeehaa)," so that he may ever stay attached to Your Name. ||4||3|| (Papeehaa: weaver-bird, yearns for a drop of rain that falls into its mouth at a certain auspicious moment. Guru Nank says that he is yearning like a weaver-bird, to meet You).

ਰਾਗੁ ਗਉੜੀ ਪੂਰਬੀ ਮਹਲਾ ੪ ॥
raag gaorhee poorbee mehlaa 4.
ਰਾਗ ਗਉੜੀ ਪੂਰਬੀ ਮਹਲਾ ਚੌਥਾ।
Raag Gauree Poorbee, Fourth Mehl.

ਕਾਮਿ ਕਰੋਧਿ ਨਗਰੁ ਬਹੁ ਭਰਿਆ ਮਿਲਿ ਸਾਧੂ ਖੰਡਲ ਖੰਡਾ ਹੇ ॥
kaam karoDh nagar baho bhari-aa mil saaDhoo khandal khanda hay.
ਕਾਮ ਕਰੋਧ ਦੇ ਨਾਲ ਨਗਰ: ਸਰੀਰ, ਬਹੁਤ ਭਰਿਆ ਹੋਇਆ ਸੀ, ਸਾਧੂ: ਸਤਿਗੁਰੂ, ਦੇ ਮਿਲਾਪ ਦੇ ਨਾਲ ਇਹ ਦੋਨੋ ਟੋਟੇ ਟੋਟੇ ਹੋ ਗਏ (ਕਾਮ, ਕਰੋਧ, ਮਿਟ ਗਏ)।
This town: body, got filled with sex and anger. Meeting with the True Guru, cut

these two into pieces (Removed the sex and anger).

ਪੁਰਬਿ ਲਿਖਤ ਲਿਖੇ ਗੁਰੁ ਪਾਇਆ ਮਨਿ ਹਰਿ ਲਿਵ ਮੰਡਲ ਮੰਡਾ ਹੇ ॥੧॥
poorab likhat likhay gur paa-i-aa man har liv mandal mandaa hay. ||1||
ਪਿਛਲੇ ਕਰਮਾ ਦੇ ਲੇਖਾਂ ਦੇ ਅਨੁਸਾਰ ਗੁਰੂ ਦੇ ਨਾਲ ਮੇਲ ਹੋ ਜਾਣ ਤੇ ਮਨ ਵਾਹਿਗੁਰੂ: ਨਾਮ, ਦੇ ਨਾਲ ਮੰਡਿਆ: ਜੜਿਆ ਗਿਆ (ਲੀਨ ਹੋ ਗਿਆ) ਹੈ।
Due to destiny based on the deeds of the previous lives, by meeting with the Guru the mind got fixed on the God's Name. ||1||

ਕਰਿ ਸਾਧੂ ਅੰਜੁਲੀ ਪੁਨੁ ਵਡਾ ਹੇ ॥
kar saaDhoo anjulee pun vadaa hay.
ਸਾਧੂ: ਗੁਰੂ ਨੂੰ, ਅੰਜੁਲੀ: ਦੋਇ ਹੱਥ ਜੋੜ ਪਰਣਾਮ ਕਰਨਾ, ਵੱਡਾ ਪੁੰਨ ਹੈ।
To bow to the Saint: Guru, with your folded hands is the act of great merit.

ਕਰਿ ਡੰਡਉਤ ਪੁਨੁ ਵਡਾ ਹੇ ॥੧॥ ਰਹਾਉ ॥
kar dand-ut pun vadaa hay. ||1|| rahaa-o.
(ਵਾਹਿਗੁਰੂ ਨੂੰ) ਡੰਡੌਤ ਕਰ: ਜ਼ਮੀਨ ਤੇ ਸਿਧੇ ਲੇਟ ਕੇ ਮੱਥਾ ਟੇਕ, ਇਹ ਵੱਡਾ ਪੁੰਨ ਹੈ। ਰਹਾਉ।
Bow down humbly (to God), this is a deed of virtue. ||1||Pause||

ਸਾਕਤ ਹਰਿ ਰਸ ਸਾਦੁ ਨ ਜਾਣਿਆ ਤਿਨ ਅੰਤਰਿ ਹਉਮੈ ਕੰਡਾ ਹੇ ॥
saakat har ras saad na jaani-aa tin antar ha-umai kandaa hay.
ਸਾਕਤ: ਮਨਮੁੱਖਾਂ, ਨੇ ਵਾਹਿਗੁਰੂ ਦੇ ਰਸ: ਪਰੇਮ, ਦਾ ਸਵਾਦ ਨਹੀ ਜਾਣਿਆਂ ਕਿਉਂ ਜੋ ਉਹਨਾ ਦੇ ਅੰਦਰ ਹਉਮੇ ਦਾ ਕੰਡਾ: ਹੰਕਾਰ, ਹੈ।
The worldly people fail to enjoy the love of God, because they have ego.

ਜਿਉ ਜਿਉ ਚਲਹਿ ਚੁਭੈ ਦੁਖੁ ਪਾਵਹਿ ਜਮਕਾਲੁ ਸਹਹਿ ਸਿਰਿ ਡੰਡਾ ਹੇ ॥੨॥
ji-o ji-o chaleh chubhai dukh paavahi jamkaal saheh sir dandaa hay. ||2||
ਅਜਿਹੇ ਲੋਕ ਜੀਵਨ ਵਿਚ ਹਉਮੇ ਕਰਕੇ ਦੁਖੀ ਰਹਿੰਦੇ ਹਨ, ਅਤੇ ਇਹਨਾ ਨੂੰ ਸਿਰ ਉੱਤੇ ਮੌਤ ਦਾ ਡੰਡਾ ਸਹਿਣਾ ਪੈਂਦਾ ਹੈ।
In their lives, such people keep suffering due to ego, and they have to bear death. ||2||

ਹਰਿ ਜਨ ਹਰਿ ਹਰਿ ਨਾਮਿ ਸਮਾਣੇ ਦੁਖੁ ਜਨਮ ਮਰਣ ਭਵ ਖੰਡਾ ਹੇ ॥
har jan har har naam samaanay dukh janam maran bhav khanda hay.
ਪਰਮਾਤਮਾ ਦੇ ਪਿਆਰੇ: ਗੁਰਮੁੱਖ, ਵਾਹਿਗੁਰੂ-ਨਾਮ ਵਿਚ ਲੀਨ ਰਹਿੰਦੇ ਹਨ, ਇਹਨਾ ਦਾ ਭਵ: ਸੰਸਾਰ, ਵਿਚ ਜਨਮ-ਮਰਣ ਦੇ ਚੱਕਰ ਦਾ ਦੁਖ ਕੱਟਿਆ ਜਾਂਦਾ ਹੈ।
The devotees of the Lord stay absorbed in His Name, and their pain of the cycle of birth and death in the world ends.

ਅਬਿਨਾਸੀ ਪੁਰਖੁ ਪਾਇਆ ਪਰਮੇਸਰੁ ਬਹੁ ਸੋਭ ਖੰਡ ਬ੍ਰਹਮੰਡਾ ਹੇ ॥੩॥
abinaasee purakh paa-i-aa parmaysar baho sobh khand brahmandaa hay. ||3||
ਇਹਨਾ ਨੂੰ ਸਦਾ-ਅਟੱਲ ਪੁਰਖ: ਵਾਹਿਗੁਰੂ, ਮਿਲ ਜਾਂਦਾ ਹੈ, ਅਤੇ ਇਹ ਸਾਰੀ ਦੁਨੀਆਂ ਵਿਚ ਇਜ਼ਤ ਪਾਉਂਦੇ ਹਨ।
They find (Realize) the Immortal-Being: God, and get honored throughout the world. ||3||

ਹਮ ਗਰੀਬ ਮਸਕੀਨ ਪ੍ਰਭ ਤੇਰੇ ਹਰਿ ਰਾਖੁ ਰਾਖੁ ਵਡ ਵਡਾ ਹੇ ॥
ham gareeb maskeen parabh tayray har raakh raakh vad vadaa hay.
ਵਾਹਿਗੁਰੂ ਜੀ, ਗ਼ਰੀਬ ਅਤੇ ਮਸਕੀਨ ਮੈਂ ਤੁਹਾਡਾ ਹੀ ਹਾਂ, ਤੁਸੀਂ ਵੱਡੇ ਤੋਂ ਵੱਡੇ ਹੋ, ਮੇਰੀ ਇਜ਼ੱਤ ਰੱਖੋ ਜੀ!
Though helpless (poor) and meek, I belong to You, Greatest of the great, please, save me!

ਜਨ ਨਾਨਕ ਨਾਮੁ ਅਧਾਰੁ ਟੇਕ ਹੈ ਹਰਿ ਨਾਮੇ ਹੀ ਸੁਖੁ ਮੰਡਾ ਹੇ ॥੪॥੪॥
jan naanak naam aDhaar tayk hai har naamay hee sukh mandaa hay. ||4||4||
ਤੁਹਾਡੇ ਸੇਵਕ ਨਾਨਕ ਨੂੰ ਤੁਹਾਡਾ ਨਾਮ ਹੀ ਆਸਰਾ-ਸਹਾਰਾ ਹੈ, ਅਤੇ ਤੁਹਾਡੇ ਨਾਮ ਤੋਂ ਹੀ ਸੁਖ (ਮੰਡਾ: ਜੜਿਆ ਹੋਇਆ) ਪਰਾਪਤ ਹੈ।
To Your devotee Nanak, Your Name is the sustenance and support, from Your Name he gets peace - comfort. ||4||4||

ਰਾਗੁ ਗਉੜੀ ਪੂਰਬੀ ਮਹਲਾ ੫ ॥
raag ga-orhee poorbee mehlaa 5.
ਰਾਗ ਗਉੜੀ ਪੂਰਬੀ ਮਹਲਾ ਪੰਜਵਾਂ।
Raag Gauree Poorbee, Fifth Mehla.

ਕਰਉ ਬੇਨੰਤੀ ਸੁਣਹੁ ਮੇਰੇ ਮੀਤਾ ਸੰਤ ਟਹਲ ਕੀ ਬੇਲਾ ॥
kara-o baynantee sunhu mayray meetaa sant tahal kee baylaa.
ਬੇਨਤੀ ਕਰਦਾ ਹਾਂ ਸੁਣੋ ਮੇਰੇ ਮਿਤੱਰ ਜੀ, ਇਹ ਵੇਲਾ (ਜੀਵਨ) ਸੰਤਾਂ: ਉੱਤਮ ਪੁਰਸ਼ਾਂ, ਦੀ ਸੇਵਾ ਦਾ ਹੈ।
Friends, listen to what I say, now is the time (this life) to serve the saints - God-Oriented persons (To get their blessings to realize God).

ਈਹਾ ਖਾਟਿ ਚਲਹੁ ਹਰਿ ਲਾਹਾ ਆਗੈ ਬਸਨੁ ਸੁਹੇਲਾ ॥੧॥
eehaa khaat chalhu har laahaa aagai basan suhaylaa. ||1||
ਇਸ ਜਗਤ ਵਿਚ ਹਰੀ-ਨਾਮ ਦਾ ਲਾਹਾ ਖੱਟ ਕੇ (ਨਾਮ ਜਪ ਕੇ) ਜਾਉ, ਤਾਂ ਜੋ ਅੱਗੇ ਵੱਸਣਾ ਸੌਖਾ ਹੋ ਜਾਵੇ।
Recite the Name of the Lord in this world, so that you stay in peace after death - in the next world. ||1||

ਅਉਧ ਘਟੈ ਦਿਨਸੁ ਰੈਣਾਰੇ ॥ ਮਨ ਗੁਰ ਮਿਲਿ ਕਾਜ ਸਵਾਰੇ ॥੧॥ ਰਹਾਉ ॥
a-oDh ghatai dinas rainaaray. man gur mil kaaj savaaray.||1||rahaa-o.
ਦਿਨ-ਰਾਤ ਹੁੰਦੇ ਉਮਰ ਘਟਦੀ ਹੈ। ਮਨਾ, ਗੁਰੂ ਜੀ ਨੂੰ ਮਿਲ: ਨਾਮ ਜਪ, ਤਾਂ ਜੋ ਇਹ ਤੇਰੇ ਕੰਮ ਸਵਾਰ ਦੇਣ। ਰਹਾਉ।
The life passes day and night. My mind, meet the Guru so that he sets the things right: attaches you to the recitation of the Name of God. ||1||Pause||

ਇਹੁ ਸੰਸਾਰੁ ਬਿਕਾਰੁ ਸੰਸੇ ਮਹਿ ਤਰਿਓ ਬ੍ਰਹਮ ਗਿਆਨੀ ॥
ih sansaar bikaar sansay meh tari-o barahm gi-aanee.
ਇਹ ਸੰਸਾਰ ਦੇ ਜੀਵ ਐਵੇਂ ਬੇਕਾਰ ਭਰਮ ਵਿਚ ਰਹਿੰਦੇ ਹਨ: ਰੱਬ ਹੈ ਕਿ ਨਹੀ, ਬਰਹਮ-ਗਿਆਨੀ - ਜਿਨ੍ਹਾਂ ਨੂੰ ਵਾਹਿਗੁਰੂ ਦਾ ਗਿਆਨ ਹੈ, ਉਹ ਇਸ ਸੰਸਾਰ-ਸਮੁੰਦਰ ਤੋਂ ਤਰ ਜਾਂਦੇ ਹਨ।
This world stays in doubts: God is or not, but those who understand Him cross the world-ocean.

ਜਿਸਹਿ ਜਗਾਇ ਪੀਆਵੈ ਇਹੁ ਰਸੁ ਅਕਥ ਕਥਾ ਤਿਨਿ ਜਾਨੀ ॥੨॥
jisahi jagaa-ay pee-aavai ih ras akath kathaa tin jaanee. ||2||
ਜਿਸ ਨੂੰ ਅਕਾਲਪੁਰਖ ਜੀ ਭਰਮ ਦੀ ਨੀਂਦਰ ਤੋਂ ਜਗਾ ਕੇ ਆਪਣੇ ਨਾਮ ਦਾ ਰਸ ਪਿਆ ਦਿੰਦੇ ਹਨ: ਉਹ ਨਾਮ ਜਾਪ ਕਰਦਾ ਹੈ, ਉਹਨੂੰ ਵਾਹਿਗੁਰੂ ਜੀ ਦੀ ਭੇਦ ਭਰੀ ਕਥਾ ਦਾ ਗਿਆਨ ਹੋ ਜਾਂਦਾ ਹੈ।
Those, whose doubts get removed by the Grace of the Lord, He attaches them to the recitation of His name, and they come to know the Mysteries of His. ||2||

ਜਾ ਕਉ ਆਏ ਸੋਈ ਬਿਹਾਝਹੁ ਹਰਿ ਗੁਰ ਤੇ ਮਨਹਿ ਬਸੇਰਾ ॥
jaa ka-o aa-ay so-ee bihaajhahu har gur tay maneh basayraa.
ਜਿਸ ਕੰਮ ਆਏ ਹੋ ਸੋਈ ਵਿਹਾਜੋ: ਸੌਦਾ ਕਰੋ (ਨਾਮ ਜਪੋ), ਗੁਰੂ ਜੀ ਦੀ ਕਿਰਪਾ ਦੇ ਨਾਲ ਪਰਮਾਤਮਾ ਜੀ ਤੁਹਾਡੇ ਮਨ ਦੇ ਅੰਦਰ ਵੱਸਣਗੇ।
Make the deal for which you have come to the world (Recite the Name of God), and through the Grace of the Guru the Lord will settle in your mind.

ਨਿਜ ਘਰਿ ਮਹਲੁ ਪਾਵਹੁ ਸੁਖ ਸਹਜੇ ਬਹੁਰਿ ਨ ਹੋਇਗੋ ਫੇਰਾ ॥੩॥
nij ghar mahal paavhu sukh sehjay bahur na ho-igo fayraa. ||3||
ਤੁਸੀ ਆਪਣਾ ਘਰ-ਮਹਿਲ: ਅਵਸਥਾ ਜਿਥੇ ਵਾਹਿਗੁਰੂ-ਮੇਲ ਹੋ ਜਾਂਦਾ ਹੈ, ਸੁਖ ਅਤੇ ਸਹਿਜ-ਸੁਭਾ ਪਰਾਪਤ ਕਰ ਲਵੋਗੇ, ਅਤੇ ਤੁਹਾਡਾ ਜਨਮ-ਮਰਣ ਦਾ ਗੇੜ ਖਤਮ ਹੋ ਜਾਵੇਗਾ।
You will attain the state of union with God with ease and without botherations, and your cycle of birth and death will end. ||3||

ਅੰਤਰਜਾਮੀ ਪੁਰਖ ਬਿਧਾਤੇ ਸਰਧਾ ਮਨ ਕੀ ਪੂਰੇ ॥
antarjaamee purakh biDhaatay sarDhaa man kee pooray.
ਮਨ ਦੀਆਂ ਬੁਝਣ ਵਾਲੇ, ਕਰਮ ਬਣਾਉਣ-ਵਾਲੇ ਜੀਉ, ਮਨ ਦੀ ਸ਼ਰਧਾ ਪੂਰੀ ਕਰਨ ਵਾਲੇ ਜੀ,
The “Knower of the Mind,” the “Maker of the Destiny,” the “Fulfiller of

Desires,"

ਨਾਨਕ ਦਾਸੁ ਇਹੈ ਸੁਖੁ ਮਾਗੈ ਮੋ ਕਉ ਕਰਿ ਸੰਤਨ ਕੀ ਧੂਰੇ ॥੪॥੫॥
naanak daas ihai sukh maagai mo ka-o kar santan kee Dhooray. ||4||5||
ਤੁਹਾਡਾ ਸੇਵਕ ਨਾਨਕ, ਇਹ ਹੀ ਸੁਖ ਮੰਗਦਾ ਹੈ ਕਿ ਇਹਨੂੰ ਤੁਸੀ ਕਿਰਪਾ ਕਰਕੇ ਸੰਤ-ਚਰਨਾ ਦੀ ਧੂੜ ਦਿਉ: ਗੁਰਮੁਖਾਂ ਦਾ ਪਰੇਮੀ, ਬਣਾ ਦਿਉ ਜੀ।
Your devotee Nanak begs for Your blessings to make him the dust of the feet of the saints - put in his heart the love of the Lord. ||4||5||

ਸ਼ਬਦ ਹਜਾਰੇ

ਮਾਝ ਮਹਲਾ ੫ ਚਉਪਦੇ ਘਰੁ ੧ ॥

maajh mehlaa 5 cha-upday ghar 1.

ਪੰਜਵੇਂ ਗੁਰੂ ਅਰਜਨ ਦੇਵ ਜੀ ਦੀ ਬਾਣੀ, ਰਾਗ ਮਾਝ, ਚਾਰ ਚਾਰ ਪੰਗਤੀਆਂ ਦੇ ਸ਼ਬਦ, ਰਾਗ ਦਾ ਪਹਿਲਾ ਘਰ। ਹੈ ਇਹ "ਹਜ਼ਾਰੇ," ਭਰ ਲਿਖਤ ਹਜਾਰੇ ਹੈ।

SHABAD HAJAARAE

The Bani (Scripture) of Fifth Guru Arjan Dev, in the Raag (Musical measure) called Maajh, Chau-Padas (Four lines per Hymn), First House of Raag.

ਮੇਰਾ ਮਨੁ ਲੋਚੈ ਗੁਰ ਦਰਸਨ ਤਾਈ ॥

mayraa man lochai gur darsan taa-ee.

ਮੇਰਾ ਮਨ ਗੁਰੂ ਮਹਾਰਾਜ ਜੀ (ਇਹਨਾ ਦੇ ਪਿਤਾ, ਚੌਥੇ ਗੁਰੂ ਰਾਮਦਾਸ ਜੀ) ਤੁਹਾਡੇ ਦਰਸ਼ਨਾ ਵਾਸਤੇ ਤਾਂਘ ਰਿਹਾ ਹੈ।

My mind longs for meeting the Guru (Guru Arjun Dev, not yet a Guru, expresses his desire to meet his father Guru Ram Das).

ਬਿਲਪ ਕਰੇ ਚਾਤ੍ਰਿਕ ਕੀ ਨਿਆਈ ॥

bilap karay chaatrik kee ni-aa-ee.

ਇਹ, ਬੰਬੀਹੇ (ਪਪੀਹੇ) ਵਾਂਙ ਤਾਂਘ ਰਿਹਾ ਹੈ। (ਜਿਵੇਂ ਪਪੀਹਾ: ਇਕ ਪੰਛੀ – ਇਹ, ਖਾਸ ਸ਼ੁੱਭ ਵਕਤ ਦੇ ਮੀਂਹ ਦੀ ਬੂੰਦ ਵਾਸਤੇ ਕਲਪਦਾ ਹੈ)।

It is anxious like the rain-bird (Weaver-bird, Papiha: Papeehaa, Beehaa, or Bambeehaa – It keeps eager to have a drop of rain at a special auspicious moment).

ਤ੍ਰਿਖਾ ਨ ਉਤਰੈ ਸਾਂਤਿ ਨ ਆਵੈ ਬਿਨੁ ਦਰਸਨ ਸੰਤ ਪਿਆਰੇ ਜੀਉ ॥੧॥

tarikhaa na utrai saa^N^t na aavai bin darsan sant pi-aaray jee-o. ||1||

(ਉਸ ਪਪੀਹੇ ਵਾਂਙ ਕਿ ਜਿੱਦਾਂ ਮੀਂਹ ਦੀ ਬੂੰਦ ਬਿਨਾ ਉਹ ਵਿਲਕਦਾ ਹੈ) ਮੇਰੀ ਪਿਆਸ ਨਹੀ ਬੁਝਦੀ ਅਤੇ ਸ਼ਾਂਤੀ ਨਹੀ ਆਉਂਦੀ, ਪਿਆਰੇ ਸੰਤ (ਗੁਰੂ-ਪਿਤਾ) ਜੀ ਦੇ ਦਰਸ਼ਨਾ ਦੇ ਬਗ਼ੈਰ।

I am thirsty and have no peace without meeting the revered Saint (my Guru-Father). ||1||

ਹਉ ਘੋਲੀ ਜੀਉ ਘੋਲਿ ਘੁਮਾਈ ਗੁਰ ਦਰਸਨ ਸੰਤ ਪਿਆਰੇ ਜੀਉ ॥੧॥ ਰਹਾਉ ॥

ha-o gholee jee-o ghol ghumaa-ee gur darsan sant pi-aaray jee-o. ||1|| rahaa-o.

ਮੈਂ ਸੰਤ (ਗੁਰੂ ਪਿਤਾ) ਦੇ ਦਰਸ਼ਨਾ ਤੋਂ ਵਾਰੀ , ਜੀ ਵਾਰੀ ਜਾਵਾਂ! ਰਹਾਉ। ਰਹਉ ਦਾ ਅਰਥ ਹੈ ਕਿ ਰੁਕੋ, ਅਤੇ ਉੱਪਰ ਕਹੇ ਨੂੰ ਵੀਚਾਰੋ)।

I am a sacrifice (Love-lost, eager) for meeting the Saint (Guru-Father). ||1||Pause|| (Pause means wait, and contemplate on what has been said above).

ਤੇਰਾ ਮੁਖੁ ਸੁਹਾਵਾ ਜੀਉ ਸਹਜ ਧੁਨਿ ਬਾਣੀ ॥
tayraa mukh suhaavaa jee-o sahj Dhun banee.
ਤੁਹਾਡਾ ਮੁਖ – ਦਰਸ਼ਨ, ਸੁੰਦਰ (ਪ੍ਰਭਾਵਸ਼ਾਲੀ) ਹੈ, ਅਤੇ ਤੁਹਾਡੀ ਬਾਣੀ ਦੀ ਧੁਨੀ ਸਹਿਜ–ਸ਼ਾਂਤੀ ਬਖਸ਼ਦੀ ਹੈ। (ਤੁਹਾਡੇ ਬੋਲ ਸੁਣ ਕੇ ਮਨ ਸ਼ਾਂਤ ਹੋ ਕੇ ਆਨੰਦ ਵਿਚ ਆ ਜਾਂਦਾ ਹੈ)।
Your face (Meeting you) is so impressive, and your speech is peace and joy giving.

ਚਿਰੁ ਹੋਆ ਦੇਖੇ ਸਾਰਿੰਗਪਾਣੀ ॥
chir ho-aa daykhay saaringpaanee.
(ਭਰ) ਸਾਰਿੰਗਪਾਣੀ (ਪਰਮਾਤਮਾ, ਪਿਤਾ–ਪਰਮਾਤਮਾ) ਜੀ, ਤੁਹਾਡੇ ਦਰਸ਼ਨ ਕੀਤਿਆਂ ਮੁੱਦਤ ਹੋ ਗਈ ਹੈ।
ਸਾਰਿੰਗਪਾਣੀ – ਵਿਸ਼ਨੂੰ ਦੇਵਤਾ ਕਿ ਜਿਸ ਦੇ ਹਥ ਵਿਚ ਕਮਾਨ ਹੈ: ਪਾਲਣ ਵਾਲਾ, ਭਾਵ ਵਾਹਿਗੁਰੂ। ਇਹ, (ਗੁਰੂ) ਅਰਜਨ ਦੇਵ ਜੀ ਆਪਣੇ ਪਿਤਾ ਗੁਰੁ ਰਾਮਦਾਸ ਜੀ ਨੂੰ ਆਪਣੇ ਸ਼ਬਦ–ਰੂਪੀ ਪੱਤਰ ਦੇ ਵਿਚ ਲਿੱਖ ਰਹੇ ਹਨ।
(But) my Lord -Guru-Father, it has been since long that I met you. (I long to see you).

ਧੰਨੁ ਸੁ ਦੇਸੁ ਜਹਾ ਤੂੰ ਵਸਿਆ ਮੇਰੇ ਸਜਣ ਮੀਤ ਮੁਰਾਰੇ ਜੀਉ ॥੨॥
Dhan so days jahaa too^N vasi-aa mayray sajan meet muraaray jee-o. ||2||
ਧੰਨ ਉਹ ਦੇਸ਼ (ਥਾਂ) ਹੈ ਕਿ ਜਿੱਥੇ ਤੁਸੀਂ ਵੱਸਦੇ ਹੋ, ਮੇਰੇ ਸਜਣ, ਮਿੱਤਰ, ਮੁਰਾਰੇ (ਭਗਵਾਨ, ਪਿਤਾ–ਭਗਵਾਨ) ਜੀ।
ਮੁਰਾਰੇ – ਮੁਰ ਨਾਮ ਦੇ ਰਾਕਸ਼ਸ਼ ਨੂੰ ਮਾਰਣ ਵਾਲੇ, ਕਰਿਸ਼ਨ ਜੀ, ਭਾਵ ਹੈ ਵਾਹਿਗੁਰੂ।
Great – blessed is the place where you are (Live), my friend, companion, and my lord (Guru-Father). ||2||
Muraaray – There was a demon called Mur. Sri Krishana killed him and got the title Muraaree. Here, it means God.

ਹਉ ਘੋਲੀ ਹਉ ਘੋਲਿ ਘੁਮਾਈ ਗੁਰ ਸਜਣ ਮੀਤ ਮੁਰਾਰੇ ਜੀਉ ॥੧॥ ਰਹਾਉ ॥
ha-o gholee ha-o ghol ghumaa-ee gur sajan meet muraaray jee-o. ||1|| rahaa-o||
ਮੈਂ ਵਾਰੀ ਜਾਵਾਂ, ਕੁਰਬਾਨ ਜਾਵਾਂ, ਆਪਣੇ ਸਜਣ, ਮਿੱਤਰ, ਭਗਵਾਨ (ਭਗਵਾਨ–ਪਿਤਾ) ਤੋਂ। ਰਹਾਉ।
I am a sacrifice - an appreciation, to my friend and companion lord (Guru-Father). ||1||Pause||

ਇਕ ਘੜੀ ਨ ਮਿਲਤੇ ਤਾ ਕਲਿਜੁਗੁ ਹੋਤਾ ॥
ik gharhee na miltay taa kalijug hotaa.
(ਸਤਿਕਾਰਯੋਗ ਗੁਰੂ ਪਿਤਾ ਜੀ) ਜੇ ਤੁਸੀ ਇਕ ਘੜੀ ਭਰ ਵੀ ਨਹੀ ਸੀ ਮਿਲਦੇ ਤਾਂ ਜਾਪਦਾ ਸੀ ਕਿ ਕਲਜੁਗ – ਮਾੜਾ ਵਕਤ, ਆ ਗਿਆ ਹੈ।
When I could not see you even for a short while, it was a dark-age – a hard time, for me.

ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ ॥
hun kad milee-ai pari-a tuDh bhagvantaa.
ਹੁਣ ਕੱਦ ਤੁਹਾਡੇ ਦਰਸ਼ਨ ਹੋਣਗੇ, ਪਿਆਰੇ ਭਗਵੰਤ (ਦੌਲਤਮੰਦ, ਵਾਹਿਗੁਰੁ, ਪਿਤਾ-ਭਗਵੰਤ) ਜੀਉ !
When shall I meet you now, beloved Lord (Revered father)!

ਮੋਹਿ ਰੈਣਿ ਨ ਵਿਹਾਵੈ ਨੀਦ ਨ ਆਵੈ ਬਿਨੁ ਦੇਖੇ ਗੁਰ ਦਰਬਾਰੇ ਜੀਉ ॥੩॥
mohi rain na vihaavai need na aavai bin daykhay gur darbaaray jee-o. ||3||
ਮੇਰੀ ਰਾਤ ਬੀਤਦੀ ਨਹੀ, ਨੀਂਦ ਆਉਂਦੀ ਨਹੀ ਜੀ, ਬਿਨਾ ਦੇਖੇ ਗੁਰੂ-ਦਰਬਾਰ (ਬਗ਼ੈਰ ਪਿਤਾ ਜੀ ਦੀ ਹਾਜ਼ਰੀ ਭਰਿਆਂ)।
My night does not pass, and sleep comes not, without being in the presence of the Guru: Prophet (Guru-Father). ||3||

ਹਉ ਘੋਲੀ ਜੀਉ ਘੋਲਿ ਘੁਮਾਈ ਤਿਸੁ ਸਚੇ ਗੁਰ ਦਰਬਾਰੇ ਜੀਉ ॥੧॥ ਰਹਾਉ ॥
ha-o gholee jee-o ghol ghumaa-ee tis sachay gur darbaaray jee-o. ||1|| rahaa-o.
ਵਾਰੀ ਜਾਵਾਂ ਜੀ, ਬਲਿਹਾਰ ਜਾਵਾਂ ਮੈਂ, ਇਸ ਸੱਚੇ ਗੁਰੂ-ਦਰਬਾਰ ਤੋਂ। (ਪਿਤਾ-ਗੁਰੂ ਦੇ ਸੱਚੇ ਦਰਬਾਰ ਤੋਂ)। ਰਹਾਉ।
I am a sacrifice, sacrifice I am, to this true court of the revered Guru. ||1||Pause||

ਭਾਗੁ ਹੋਆ ਗੁਰਿ ਸੰਤੁ ਮਿਲਾਇਆ ॥
bhaag ho-aa gur sant milaa-i-aa.
ਮੇਰੀ ਚੰਗੀ ਕਿਮਤ ਹੋ ਗਈ ਕਿ ਗੁਰੂ-ਸੰਤ (ਸੰਤ-ਪਿਤਾ) ਜੀ ਦਾ ਮੇਲ ਹੋਇਆ।
It is my good destiny, that I have met the Saint Guru (The Saint-Father).

ਪ੍ਰਭੁ ਅਬਿਨਾਸੀ ਘਰ ਮਹਿ ਪਾਇਆ ॥
parabh abhinaasee ghar meh paa-i-aa.
ਸਦਾ ਸਲਾਮਤ ਪ੍ਰਭੂ (ਪਿਤਾ-ਪਰਮੇਸ਼ਵਰ) ਘਰ ਹੀ ਮਿਲ ਪਏ। (ਇਹ ਚੌਥਾ ਸ਼ਬਦ ਉੱਦੋਂ ਉਚਾਰਿਆ ਕਿ ਜੱਦ "ਗੁਰੂ" ਅਰਜਨ ਦੇਵ ਜੀ ਲਾਹੌਰ ਤੋਂ ਵਾਪਸ ਆਏ ਤੇ ਪਿਤਾ ਦੇ ਦਰਸ਼ਨ ਕੀਤੇ)।
ਪ੍ਰਭੁ - ਸੁਆਮੀ: ਮਾਲਿਕ, ਵਾਹਿਗੁਰੁ, ਪਿਤਾ-ਪਰਮੇਸ਼ਵਰ। ਅਬਿਨਾਸੀ - ਨਾਸ਼-ਰਹਿਤ, ਸਦਾ-ਸਲਾਮਤ। ਹਰ ਕਦਮ ਤੇ ਪੁਤ ਆਪਣੇ ਪਿਤਾ ਜੀ ਨੂੰ ਪਰਮਾਤਮਾ ਕਹਿ ਰਿਹਾ ਹੈ।
I met Immortal Prabhu at home. (Prabhu - The Master: father, met "Guru" Arjan Dev on his return from Lahore. At every step the son is calling his father a God).

ਸੇਵ ਕਰੀ ਪਲੁ ਚਸਾ ਨ ਵਿਛੁੜਾ ਜਨ ਨਾਨਕ ਦਾਸ ਤੁਮਾਰੇ ਜੀਉ ॥੪॥
sayv karee pal chasaa na vichhurhaa jan naanak daas tumaaray jee-o. ||4||
ਨਾਨਕ ਕਹਿੰਦਾ ਹੈ, ਸੇਵਾ ਕਰਾਂ, ਛਿਨ-ਪੱਲ: ਰਤਾ ਵੀ, ਨਾ ਵਿਛੜਾਂ (ਗੁਰੂ-ਪਿਤਾ ਜੀ) ਮੈਂ ਤੁਹਾਡਾ ਸੇਵਕ ਹਾਂ।
I will serve You forevere, and shall never be separated from You even for an instant. Servant Nanak is Your slave, O beloved Master. ||**4**||

ਹਉ ਘੋਲੀ ਜੀਉ ਘੋਲਿ ਘੁਮਾਈ ਜਨ ਨਾਨਕ ਦਾਸ ਤੁਮਾਰੇ ਜੀਉ ॥ ਰਹਾਉ ॥੧॥੮॥
ha-o gholee jee-o ghol ghumaa-ee jan naanak daas tumaaray jee-o. rahaa-o. ||1||8||
ਮੈਂ ਵਾਰੀ ਜਾਵਾਂ, ਬਲਿਹਾਰੀ ਜਾਵਾਂ, ਨਾਨਕ ਤੁਹਾਡਾ ਬੰਦਾ, ਤੁਹਾਡਾ ਸੇਵਕ ਹੈ (ਗੁਰੂ-ਪਿਤਾ) ਜੀ! ਰਹਾਉ।
I am, a sacrifice - an appreciation I am, Nanak is yours and in your service (my Guru-Father). ||Pause||1||8|| (This 4th Hymn is his thanks after his return from Lahore).

ਧਨਾਸਰੀ ਮਹਲਾ ੧ ਘਰੁ ੧ ਚਉਪਦੇ
Dhanaasree mehlaa 1 ghar 1 cha-upday
ਪਹਿਲੇ ਗੁਰੂ ਨਾਨਕ ਦੇਵ ਜੀ ਦੀ ਬਾਣੀ, ਰਾਗ ਧਨਾਸਰੀ ਵਿਚ। ਚਾਰ ਪਦਾਂ ਦੀ ਕਵਿਤਾ, ਪਹਿਲਾ ਘਰ (ਇਹ ਕਵਿਤਾ ਦੀ ਕਿਸਮ ਬਾਰੇ ਹੈ)।
Scripture by the First Guru Nanak Dev, in the musical measure called Dhanaasaree. Four lines per stanza, First House (This relates to the musical measure).

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥
ik-oNkaar sat naam kartaa purakh nirbha-o nirvair akaal moorat ajoonee saibhaN gur parsaad.
ਇਕ ਸਚਾਈ (ਸਦਾ-ਸਲਾਮਤ) ਸਰਬ-ਵਿਆਪਕ ਵਾਹਿਗੁਰੂ ਹੈ, ਸਭ ਕੁਝ ਇਹਦਾ ਕੀਤਾ ਹੁੰਦਾ ਹੈ, ਇਹ ਨਿਡਰ, ਵੈਰ ਰਹਿਤ, ਕਾਲ (ਵਕਤ, ਮੌਤ) ਤੋਂ ਰਹਿਤ, ਜਨਮ-ਮਰਣ ਦੇ ਚੱਕਰ ਤੋਂ ਰਹਿਤ ਹੈ, ਆਪਣੇ ਆਪ ਤੋਂ ਆਪ ਪੈਦਾ ਹੋਇਆ ਹੈ, ਅਤੇ ਇਸ ਅਸਲੀਅਤ ਦੀ ਸਮੱਝ ਗੁਰੂ ਮਹਾਰਾਜ ਹੀ (ਵਾਹਿਗੁਰੂ ਜੀ) ਆਪਣੀ ਕਿਰਪਾ ਕਰ ਕੇ ਬਖਸ਼ਦੇ ਹਨ।

ਗੁਰੂ ਨਾਨਕ ਜੀ ਆਪ ਹੀ ਪਹਿਲੇ ਗੁਰੂ ਸਨ, ਇਸ ਲਈ ਇੱਥੇ ਗੁਰੂ ਦਾ ਅਰਥ ਵਾਹਿਗੁਰੂ ਹੈ। ਇਹ "ਮੂਲਮੰਤਰ" ਹੈ, ਅਤੇ ਇਹਦੇ ਅਰਥਾਂ ਵਿਚ ਵਰਤੇ ਸ਼ਬਦ ਤੇ ਭਾਵ, ਅਲੱਗ ਅਲੱਗ ਥਾਵਾਂ, ਅਤੇ ਟੀਕਿਆਂ ਵਿਚ ਫ਼ਰਕ ਰੱਖ ਸਕਦੇ ਹਨ. ਭਰ ਸਭ ਦਾ ਮੂਲ ਅਤੇ ਸਮੁੱਚਾ ਭਾਵ ਇਕ ਹੀ ਹੈ।
A Truth (Immortal) is the All Pervading God, He is the Creator, Fearless, Free from Hatred, Not Controlled by the Time (Time, death), Beyond the Cycle of Birth and Death, Self-Created, and this is understood by His Kindness.
Guru Nanak himself was the first Guru, and so here the Guru means God. This stanza is known as the "Mool-Mantar" (The Basic-Formula). The words and expressions used in its translation may have some variation from place to place and author to author, but the basic thought and meanings remain the same.

ਜੀਉ ਡਰਤੁ ਹੈ ਆਪਣਾ ਕੈ ਸਿਉ ਕਰੀ ਪੁਕਾਰ ॥
jee-o darat hai aapnaa kai si-o karee pukaar.
ਮੇਰਾ ਮਨ ਡਰਦਾ ਹੈ, ਮੈਂ ਕਿਸ ਦੇ ਅੱਗੇ ਪੁਕਾਰ ਕਰਾਂ!
My mind (Soul) is afraid, where should I make an appeal (Plead)!

ਦੂਖ ਵਿਸਾਰਣੁ ਸੇਵਿਆ ਸਦਾ ਸਦਾ ਦਾਤਾਰੁ ॥੧॥

dookh visaaran sayvi-aa sadaa sadaa daataar. ||1||

ਮੈਂ ਦੁਖ ਦੂਰ ਕਰ ਦੇਣ ਵਾਲੇ ਸਦਾ ਦੇ ਦਾਤਾਰ (ਦਾਨੀ, ਪਰਮਾਤਮਾ) ਨੂੰ ਹੀ ਯਾਦ ਕੀਤਾ ਹੈ (ਇਸ ਦੇ ਅੱਗੇ ਹੀ ਅਰਦਾਸ ਕੀਤੀ ਹੈ, ਹੋਰ ਕੌਣ ਹੈ ਸੁਣਨ ਵਾਲਾ ਮੇਰਾ!)

I remember Him who relieves all the afflictions, and always is a Giver (of the boons. I have prayed to God, who else is there to listen to me!). ||1||

ਸਾਹਿਬੁ ਮੇਰਾ ਨੀਤ ਨਵਾ ਸਦਾ ਸਦਾ ਦਾਤਾਰੁ ॥੧॥ ਰਹਾਉ ॥

saahib mayraa neet navaa sadaa sadaa daataar. ||1|| rahaa-o.

ਮੇਰਾ ਸਾਹਿਬ ਸਦਾ ਹੀ ਨਵਾਂ-ਨਰੋਵਾ (ਖੇੜੇ ਵਿਚ, ਦਿਆ ਕਰਣ ਵਾਲਾ), ਅਤੇ ਹਮੇਸ਼ਾ ਹੀ ਦਾਤਾ ਹੈ (ਸਭ ਕੁਝ ਦੇਣ ਵਾਲਾ)। ਰਹਾਉ।

My Master (God) is new forevere (In joy, ready to give), and always gives (the boons). ||1||Pause||

ਅਨਦਿਨੁ ਸਾਹਿਬੁ ਸੇਵੀਐ ਅੰਤਿ ਛਡਾਏ ਸੋਇ ॥

an-din saahib sayvee-ai ant chhadaa-ay so-ay.

ਦਿਨੇ ਰਾਤ ਵਾਹਿਗੁਰੂ ਨੂੰ ਸੇਵੀਏ (ਯਾਦ ਕਰੀਏ, ਇਹਦਾ ਨਾਮ ਜਪੀਏ ਅਤੇ ਨੇਕੀਆਂ ਕਰੀਏ), ਕਿਉਂ ਜੋ ਅੰਤ ਵੇਲੇ ਇਹ ਕੁਝ ਹੀ ਛਡਾਉਂਦਾ ਹੈ।

ਮਰਣ ਲੱਗਿਆਂ, ਅਤੇ ਰੱਬ ਦੀ ਦਰਗਾਹ ਵਿਚ ਬੰਦੇ ਦੇ ਪੁੰਨਾ-ਪਾਪਾਂ ਦੇ ਫ਼ੈਸਲੇ ਦੇ ਵਕਤ, ਕੀਤਾ ਨਾਮ-ਜਾਪ ਹੀ ਸਹਾਈ ਹੁੰਦਾ ਹੈ।

Day and Night serve the Master (God. Recite His Name, and do the good deeds), because only His recited Name comes to help at the end. (He takes care at the time of death, and also when the person is judged).

ਸੁਣਿ ਸੁਣਿ ਮੇਰੀ ਕਾਮਣੀ ਪਾਰਿ ਉਤਾਰਾ ਹੋਇ ॥੨॥

sun sun mayree kaamnee paar utaaraa ho-ay. ||2||

ਪਿਆਰੀ ਕਾਮਣ - ਸੁੰਦਰੀ: ਮੇਰੇ ਮਨ, ਆਤਮਾ, ਸੁਣ ਸੁਣ ਕੇ - ਵਾਹਿਗੁਰੂ ਜੀ ਦਾ ਨਾਮ ਜਪ ਕੇ, ਤਰ ਜਾਈਦਾ ਹੈ।

ਪਾਰ ਉਤਾਰਾ - ਬੇੜਾ, ਭਾਵ ਬੰਦਾ ਸੰਸਾਰ-ਸਮੁੰਦਰ ਤੋਂ ਤਰ ਜਾਂਦਾ ਹੈ, ਬਖਸ਼ਿਆ ਜਾਂਦਾ ਹੈ, ਜੀਵਨ ਸਫ਼ਲ ਹੋ ਜਾਂਦਾ ਹੈ, ਸਭ ਕੁਝ ਸਹੀ ਹੋ ਜਾਂਦੇ ਹੈ।

My dear beauty (Mind, soul) by hearing (Reciting His Name), one crosses the world-ocean. (He gets redeemed: liberated, this life becomes a success) ||2||

ਦਇਆਲ ਤੇਰੈ ਨਾਮਿ ਤਰਾ ॥

da-i-aal tayrai naam taraa.

ਕਿਰਪਾਲੂ ਜੀ (ਪਰਮਾਤਮਾ) ਤੇਰਾ ਨਾਮ ਜਪ ਕੇ (ਦੁਨੀਆਂ ਦਾ ਖਤਰਨਾਕ ਸਮੁੰਦਰ) ਤਰ ਜਾਂਦਾ ਹਾਂ (ਮੁਕਤ ਹੋ ਜਾਂਦਾ ਹਾਂ)।

O Merciful Lord, I cross the world-ocean by the recitation of Your Name (I get

liberated).

ਸਦ ਕੁਰਬਾਣੈ ਜਾਉ ॥੧॥ ਰਹਾਉ ॥
sad kurbaanai jaa-o. ||1|| rahaa-o.
ਮੈਂ ਸਦਾ ਹੀ ਤੇਰੇ ਤੋਂ ਵਾਰੀ ਜਾਂਦਾ ਹਾਂ। ਰਹਾਉ।
I am forevere a sacrifice (An appreciation) to You. ||1|| Pause||

ਸਰਬੰ ਸਾਚਾ ਏਕੁ ਹੈ ਦੂਜਾ ਨਾਹੀ ਕੋਇ ॥
sarbaN saachaa ayk hai doojaa naahee ko-ay.
ਹਰ ਥਾਂ (ਸਭ ਤੋਂ ਸੱਚਾ) ਸਿਰਫ਼ ਇਕ ਹੀ (ਪਰਮਾਤਮਾ) ਹੈ, ਅਤੇ ਦੂਸਰਾ ਕੋਈ ਹੋਰ ਨਹੀ।
All over (The Greatest Truth) there is only the One (The True Lord), and nothing else.

ਤਾ ਕੀ ਸੇਵਾ ਸੋ ਕਰੇ ਜਾ ਕਉ ਨਦਰਿ ਕਰੇ ॥੩॥
taa kee sayvaa so karay jaa ka-o nadar karay. ||3||
ਪਰਮਾਤਮਾ ਦੀ ਸੇਵਾ (ਨਾਮ ਜਾਪ) ਉਹ ਹੀ ਕਰਦਾ ਹੈ ਕਿ ਜਿਸ ਉੱਤੇ ਉਹ ਆਪਣੀ ਮਿਹਰ ਦੀ ਨਜ਼ਰ (ਕਿਰਪਾ) ਕਰ ਦੇਵੇ।
Only he serves God (Recites His Name), who is blessed by Him to do so. ||3||

ਤੁਧੁ ਬਾਝੁ ਪਿਆਰੇ ਕੇਵ ਰਹਾ ॥
tuDh baajh pi-aaray kayv rahaa.
ਹੇ ਪਿਆਰੇ (ਵਾਹਿਗੁਰੂ) ਤੇਰੇ ਬਾਝੋਂ (ਤੈਨੂੰ ਯਾਦ ਕੀਤੇ ਬਿਨਾ) ਕਿੱਦਾਂ ਰਹਿਵਾਂ!
O the Loved One (God), how can I live without (remembering) You!

ਸਾ ਵਡਿਆਈ ਦੇਹਿ ਜਿਤੁ ਨਾਮਿ ਤੇਰੇ ਲਾਗਿ ਰਹਾਂ ॥
saa vadi-aa-ee deh jit naam tayray laag rahaa^{N}.
ਅਜਿਹੀ ਵਡਿਆਈ (ਸਿਫ਼ਤ) ਪੈਦਾ ਕਰ ਦੇ ਕਿ ਤੇਰਾ ਨਾਮ ਜਪਦਾ ਰਹਾਂ।
Bless me with such a virtue (Goodness, quality), that I keep remembering You.

ਦੂਜਾ ਨਾਹੀ ਕੋਇ ਜਿਸੁ ਆਗੈ ਪਿਆਰੇ ਜਾਇ ਕਹਾ ॥੧॥ ਰਹਾਉ ॥
doojaa naahee ko-ay jis aagai pi-aaray jaa-ay kahaa. ||1|| rahaa-o.
ਕੋਈ ਦੂਸਰਾ ਨਹੀ (ਤੇਰੇ ਵਰਗਾ) ਪਿਆਰੇ ਜੀਉ, ਕਿ ਜਿਸ ਦੇ ਅੱਗੇ ਜਾ ਕੇ ਬੇਨਤੀ ਕਰਾਂ (ਕਿ ਤੂੰ ਮੈਨੂੰ ਨਾਮ ਦੇ ਨਾਲ ਜੋੜ ਦੇ)। ਰਹਾਉ।
There is no other O Beloved (God), to whom I may go and pray (to attach me to Your Name). ||1||Pause||

ਸੇਵੀ ਸਾਹਿਬੁ ਆਪਣਾ ਅਵਰੁ ਨ ਜਾਚੰਉ ਕੋਇ ॥
sayvee saahib aapnaa avar na jaacha^{N}-o ko-ay.
ਆਪਣੇ ਸਾਹਿਬ (ਮਾਲਿਕ, ਵਾਹਿਗੁਰੂ) ਦੀ ਸੇਵਾ ਕਰਦਾ ਹਾਂ।

ਪਰਮਾਤਮਾ ਤੇ ਭਰੋਸਾ ਕਰਦਾ, ਨਾਮ ਜਪਦਾ ਹਾਂ ਅਤੇ ਹੋਰ ਕਿਸੇ ਕੋਲ ਬੇਨਤੀ ਨਹੀ ਕਰਦਾ ਕਿ ਨਾਮ ਬਖਸ਼ ਦੇ।

I serve my Lord (Recite His Name), and ask none else (to bless me with His Name).

ਨਾਨਕੁ ਤਾ ਕਾ ਦਾਸੁ ਹੈ ਬਿੰਦ ਬਿੰਦ ਚੁਖ ਚੁਖ ਹੋਇ ॥੪॥

naanak taa kaa daas hai bind bind chukh chukh ho-ay. ||4||

ਨਾਨਕ, ਵਾਹਿਗੁਰੂ ਦਾ ਸੇਵਕ ਹੈ, ਇਹ ਪਰਮਾਤਮਾ ਤੋਂ ਬਿੰਦ ਬਿੰਦ (ਬਿੰਦ: ਥੋੜਾ, ਪਲ ਭਰ) ਚੁਖ ਚੁਖ (ਰਤਾ ਰਤਾ) ਹੁੰਦਾ ਹੈ – ਰਤਾ ਰਤਾ ਕਰ ਕੇ ਕੁਰਬਾਨ ਹੁੰਦਾ ਹੈ, ਵਾਰੀ ਜਾਂਦਾ ਹੈ।

Nanak is His slave; and sacrifices (himself on Him) piece by piece, bit by bit ||4||

ਸਾਹਿਬ ਤੇਰੇ ਨਾਮ ਵਿਟਹੁ ਬਿੰਦ ਬਿੰਦ ਚੁਖ ਚੁਖ ਹੋਇ ॥੧॥ ਰਹਾਉ ॥੪॥੧॥

saahib tayray naam vitahu bind bind chukh chukh ho-ay. ||1|| rahaa-o. ||4||1||

ਸਾਹਿਬ (ਮਾਲਿਕ, ਪਰਮਾਤਮਾ) ਤੇਰੇ ਨਾਮ ਵਿਟਹੁ (ਨਾਮ ਤੋਂ) ਬਿੰਦ ਬਿੰਦ ਚੁਖ ਚੁਖ (ਰਤਾ ਰਤਾ ਕਰ ਕੇ ਕੁਰਬਾਨ) ਹੁੰਦਾ ਹਾਂ! ਰਹਾਉ।

O Master (God), I am a sacrifice to Your Name (bit by bit. ||1||Pause||4||1||

ਤਿਲੰਗ ਮਹਲਾ ੧ ਘਰੁ ੩

tilang mehlaa 1 ghar 3

ਬਾਣੀ ਪਹਿਲੇ ਗੁਰੂ ਨਾਨਕ ਦੇਵ ਜੀ ਦੀ, ਤਿਲੰਗ ਰਾਗ ਦੇ ਤੀਸਰੇ ਘਰ ਵਿਚ।

Bani (Scripture) by First Guru Nanak Dev, in third House of the musical measure named Tilang.

ੴ ਸਤਿਗੁਰ ਪ੍ਰਸਾਦਿ ॥

ik-o^N^kaar satgur parsaad.

ਵਾਹਿਗੁਰੂ ਹਰ ਥਾਂ ਅਤੇ ਹਰ ਚੀਜ਼ ਵਿਚ ਹੈ, ਇਹ ਸਮਝ ਸਤਿਗੁਰ–ਵਾਹਿਗੁਰੂ ਜੀ ਦੀ ਕਿਰਪਾ ਦੇ ਨਾਲ ਆਉਂਦੀ ਹੈ।

God is present all over and in everything, and this is understood by the Grace of Satguru (True Prophet, God).

ਇਹੁ ਤਨੁ ਮਾਇਆ ਪਾਹਿਆ ਪਿਆਰੇ ਲੀਤੜਾ ਲਬਿ ਰੰਗਾਏ ॥

ih tan maa-i-aa paahi-aa pi-aaray leet-rhaa lab rangaa-ay.

ਪਿਆਰੇ – ਵਾਹਿਗੁਰੂ ਜੀ, ਇਸ ਸਰੀਰ (ਮਨ) ਨੂੰ ਮਾਇਆ ਦੀ ਪਾਹ (ਪਾਣ) ਦਵਾ ਕੇ ਇਹਨੂੰ ਲਬਿ (ਲਾਲਚ) ਦਾ ਰੰਗ ਚੜ੍ਹਵਾ ਲਿਆ ਹੈ।

ਪਾਹਿਆ – ਪਾਹ, ਪਾਣ। ਤਾਂ ਜੋ ਕੋਰੇ ਕਪੜੇ ਨੂੰ ਸੁਹਣਾ ਰੰਗ ਚੜ੍ਹੇ, ਇਹਨੂੰ ਪਹਿਲਾਂ ਫ਼ਟਕੜੀ ਵਗ਼ੈਰਾ ਦੀ ਪਾਣ ਚਾੜ੍ਹ ਕੇ ਫ਼ੇਰ ਰੰਗ ਦਿੱਤਾ ਜਾਂਦਾ ਹੈ। ਇਸ ਮਨ ਨੂੰ ਮਾਇਆ ਦਾ ਖ਼ੂਬ ਰੰਗ ਚੜ੍ਹਿਆ ਹੋਇਆ ਹੈ।

This body (Mind) has been given a mordant (Conditioning) of Maya (worldly attachments, mundane), and it has been dyed in greed.

The mind is deeply colored by the worldly attachments.

Mordant – This is a chemical treatment to the uncolored raw cloth so that it may pick up color nicely.

ਮੇਰੈ ਕੰਤ ਨ ਭਾਵੈ ਚੋਲੜਾ ਪਿਆਰੇ ਕਿਉ ਧਨ ਸੇਜੈ ਜਾਏ ॥੧॥

mayrai kant na bhaavai cholrhaa pi-aaray ki-o Dhan sayjai jaa-ay. ||1||

ਕੰਤ – ਪਤੀ – ਪਤੀ–ਪਰਮੇਸ਼ਵਰ, ਨੂੰ ਇਹ ਚੋਲਾ (ਕਪੜਾ – ਮਨ ਜੋ ਮਾਇਆ ਵਿਚ ਫਸਿਆ ਹੋਇਆ ਹੈ) ਚੰਗਾ ਨਹੀ ਲੱਗਦਾ, ਪਿਆਰੇ ਜੀ (ਗੁਰਮੁਖੋ) ਦੱਸੋ ਇਹ ਧਨ – ਇਸਤਰੀ, ਮਨ ਜੋ ਮਾਇਆ ਦੇ ਰੰਗ ਵਿਚ ਹੈ, ਪਤੀ ਦੇ ਸੇਜ ਤੇ ਕਿੱਦਾਂ ਜਾਵੇ ! – ਨਾਮ ਜਾਪ ਕਿੱਦਾਂ ਕਰੇ !

ਲਾਲਚ ਦੇ ਨਾਲ ਭਰੇ ਮਨ ਦੇ ਨਾਲ ਜਾਪ ਨਹੀ ਹੋ ਸਕਦਾ।

(Dear one, God-Oriented friend) when the Husband (Lord) is not pleased with these clothes - mind attached to the worldly things, then how can bride (This mind, soul) go to His bed (Recite His Name)! (With the mind attached to the worldly things, it is not possible to recite the Name of God). ||1||

ਹੰਉ ਕੁਰਬਾਨੈ ਜਾਉ ਮਿਹਰਵਾਨਾ ਹੰਉ ਕੁਰਬਾਨੈ ਜਾਉ ॥

ha[N]-u kurbaanai jaa-o miharvaanaa ha[N]-u kurbaanai jaa-o.

ਮੈਂ ਕੁਰਬਾਨ ਹਾਂ ਕਿਰਪਾਲੂ ਜੀ (ਪਰਮਾਤਮਾ), ਬਲਿਹਾਰੀ ਹਾਂ ਮੈਂ।

I am a sacrifice (An appreciation), O Merciful One (Lord), I am a sacrifice to You.

ਹੰਉ ਕੁਰਬਾਨੈ ਜਾਉ ਤਿਨਾ ਕੈ ਲੈਨਿ ਜੋ ਤੇਰਾ ਨਾਉ ॥

ha[N]-u kurbaanai jaa-o tinaa kai lain jo tayraa naa-o.

ਮੈਂ ਕੁਰਬਾਨ ਹਾਂ ਉਹਨਾ ਤੋਂ ਕਿ ਜੋ ਤੇਰਾ ਨਾਮ ਜਪਦੇ ਹਨ।

I am a sacrifice to those who recite Your Name.

ਲੈਨਿ ਜੋ ਤੇਰਾ ਨਾਉ ਤਿਨਾ ਕੈ ਹੰਉ ਸਦ ਕੁਰਬਾਨੈ ਜਾਉ ॥੧॥ ਰਹਾਉ ॥

lain jo tayraa naa-o tinaa kai ha[N]-u sad kurbaanai jaa-o. ||1|| rahaa-o.

ਜੋ ਨਾਮ ਜਪਦੇ ਹਨ ਤੇਰਾ, ਉਹਨਾ ਤੋਂ ਮੈਂ ਸਦ (ਸਦਾ ਹੀ, ਸੌ ਵਾਰੀ) ਕੁਰਬਾਨ ਹਾਂ। ਰਹਾਉ।

Those who recite Your Name, I am forevere a sacrifice (Appreciation) to them. ||1||Pause||

ਕਾਇਆ ਰੰਙਣਿ ਜੇ ਥੀਐ ਪਿਆਰੇ ਪਾਈਐ ਨਾਉ ਮਜੀਠ ॥

kaa-i-aa ranyan (rankgan) jay thee-ai pi-aaray paa-ee-ai naa-o majeeth.

ਪਿਆਰੇ ਜੀ, ਜੇ ਕਰ ਸਰੀਰ ਨੂੰ ਰੰਙਣ ਵਾਲਾ (ਨਾਮ ਦੀ ਲਿਵ ਲਾਉਣ ਵਾਲਾ, ਆਪ ਵਾਹਿਗੁਰੂ) ਬਣ ਜਾਵੇ, ਫ਼ੇਰ ਨਾਮ ਦਾ ਮਜੀਠ (ਪੱਕਾ) ਰੰਗ ਮਿਲ ਜਾਂਦਾ ਹੈ।

ਮਜੀਠ – ਇਕ ਬੂਟੇ ਚੋਂ ਕਢਿਆ ਪੱਕਾ ਲਾਲ ਰੰਗ।

Dear one, if the Lord becomes a dyer (Giver of His Name), then the body (mind) gets the Majith color of His Name. (Majith – an organic, fast, red color. God blesses him with the fast attachment with His Name. If God Himself becomes the

giver of His Name, then He gives deep attachment to it. If we want to get attached to God's Name, then deep attachment can be had only by His Mercy).

ਰੰਙਣ ਵਾਲਾ ਜੇ ਰੰਙੈ ਸਾਹਿਬੁ ਐਸਾ ਰੰਗੁ ਨ ਡੀਠ ॥੨॥
rank.an vaalaa jay rank.ae saahib aisaa rang na deeth. ||2||
(ਅਤੇ ਜੇ) ਰੰਗਣ ਵਾਲਾ ਸਾਹਿਬ – ਪਰਮਾਤਮਾ, ਆਪ ਰੰਗ ਦੇਵੇ: ਨਾਮ ਦਾ ਰੰਗ, ਫੇਰ ਅਜਿਹਾ ਰੰਗ – ਨਾਮ ਦਾ ਪਿਆਰ, ਹੋਰਥੇ ਕਿਤੇ ਦਿਸਦਾ ਨਹੀ।
(And) if the Lord Himself gives the dye - attaches to His Name, then such a color - deep attachment to His Name, will not be had from anywhere else. ||2||

ਜਿਨ ਕੇ ਚੋਲੇ ਰਤੜੇ ਪਿਆਰੇ ਕੰਤੁ ਤਿਨਾ ਕੈ ਪਾਸਿ ॥
jin kay cholay rat-rhay pi-aaray kant tinaa kai paas.
ਪਿਆਰੇ ਜੀ, ਜਿਨ੍ਹਾਂ ਦੇ ਚੋਲੇ (ਮਨ) ਰੰਗੇ ਹੋਇ ਹਨ: ਨਾਮ ਰੰਗ ਦੇ ਨਾਲ, ਕੰਤ (ਪਰਮੇਸ਼ਰ–ਪਤੀ) ਉਹਨਾ ਦੇ ਕੋਲ ਰਹਿੰਦਾ ਹੈ।
Dear one, those who have such dyed clothes (His Name is in their hearts: minds), they have the Husband (God) with them.

ਧੂੜਿ ਤਿਨਾ ਕੀ ਜੇ ਮਿਲੈ ਜੀ ਕਹੁ ਨਾਨਕ ਕੀ ਅਰਦਾਸਿ ॥੩॥
Dhoorh tinaa kee jay milai jee kaho naanak kee ardaas. ||3||
ਨਾਨਕ ਜੀ ਅਰਦਾਸ–ਬੇਨਤੀ ਕਰਦੇ ਹਨ ਕਿ ਵਾਹਿਗੁਰੂ ਜੀ ਮੈਨੂੰ ਅਜਿਹਿਆਂ: ਨਾਮ ਦੇ ਨਾਲ ਰੰਗਿਆਂ, ਦੇ ਚਰਨਾ ਦੀ ਧੂੜ ਦਿਉ।
ਕਿਰਪਾ ਕਰੋ ਜੋ ਅਜਿਹਾਂ ਨਾਮ ਰੰਗਿਆਂ ਦੇ ਪੈਰੀਂ ਪੈ ਸਕਾਂ, ਅਜਿਹਾਂ ਦੇ ਚਰਨਾ ਦੀ ਧੂੜ ਆਪਣੇ ਮੱਥੇ ਤੇ ਲਾਵਾਂ।
Nanak prays, O God, bless me with the dust of the feet of such persons – persons who are deep in the love of Your Name. ||3||

ਆਪੇ ਸਾਜੇ ਆਪੇ ਰੰਗੇ ਆਪੇ ਨਦਰਿ ਕਰੇਇ ॥
aapay saajay aapay rangay aapay nadar karay-i.
ਆਪੇ ਰਚਦਾ: ਪੈਦਾ ਕਰਦਾ ਹੈ, ਆਪੇ ਰੰਗਦਾ – ਨਾਮ ਦਾ ਪਿਆਰ ਬਖਸ਼ਦਾ ਹੈ, ਅਤੇ ਆਪੇ ਹੀ ਨਦਰਿ: ਮਿਹਰ ਦੀ ਨਜ਼ਰ, ਕਰਦਾ ਹੈ।
ਆਪੇ ਬਖਸ਼ਿਸ਼ਿ ਕਰਦਾ ਹੈ ਆਪਣਾ ਪਿਆਰ ਲਾਉਣ ਦੀ, ਅਤੇ ਸੰਸਾਰ ਦੇ ਸਾਰੇ ਸੁਖ ਦੇਣ ਦੀ।
He Himself creates, gives His love, and as well blesses us – blesses with the love of His Name, and as well with the worldly comforts.

ਨਾਨਕ ਕਾਮਣਿ ਕੰਤੈ ਭਾਵੈ ਆਪੇ ਹੀ ਰਾਵੇਇ ॥੪॥੧॥੩॥
naanak kaaman kantai bhaavai aapay hee raavay-ay. ||4||1||3||
ਨਾਨਕ ਜੀ ਕਹਿੰਦੇ ਹਨ ਕਿ ਜੇ ਕਰ ਸੁੰਦਰੀ (ਨਾਮ ਰੰਗਿਆ ਮਨ, ਆਤਮਾ) ਪਤੀ: ਪਤੀ–ਪਰਮਾਤਮਾ, ਨੂੰ ਚੰਗੀ ਲੱਗ ਜਾਵੇ (ਭਜਨ–ਬੰਦਗੀ ਪਰਵਾਨ ਹੋ ਜਾਵੇ), ਤਾਂ ਉਹ ਆਪ ਹੀ ਇਹਨੂੰ ਮਨਜ਼ੂਰ ਕਰ ਅਪਣਾ ਲੈਂਦਾ ਹੈ।
Nanak says, if the bride - soul, God colored mind, pleases the husband (The

Lord), then He accepts her - approves the worship of such a being. ||4||1||3||

ਤਿਲੰਗ ਮਃ ੧ ॥
tilang mehlaa 1.
ਰਾਗ ਤਿਲੰਗ ਵਿਚ ਪਹਿਲੇ ਗੁਰੂ ਨਾਨਕ ਦੇਵ ਜੀ ਦੀ ਬਾਣੀ।
Bani (Scripture) by First Mehla Guru Nanak Dev, in the musical measure called Tilang.

ਇਆਨੜੀਏ ਮਾਨੜਾ ਕਾਇ ਕਰੇਹਿ ॥
i-aanrhee-ay maanrhaa kaa-ay karayhi.
ਐ ਬੱਚੀ (ਨਾ ਸਮਝੇ) ਤੂੰ ਮਾਣ ਕਾਹਦੇ ਲਈ ਕਰਦੀ ਹੈਂ?
O child (Ignorant), why are you so proud?

ਆਪਨੜੈ ਘਰਿ ਹਰਿ ਰੰਗੋ ਕੀ ਨ ਮਾਣੇਹਿ ॥
aapnarhai ghar har rango kee na maaneh.
ਆਪਣੇ ਘਰ (ਮਨ ਵਿਚ ਟਿੱਕ ਕੇ) ਵਾਹਿਗੁਰੂ ਦਾ ਪਰੇਮ ਕਿਉਂ ਨਹੀ ਮਾਣਦੀ?
Why do you not enjoy the love of the Lord, at your home? (Why don't you recite the Name of God in your mind?)

ਸਹੁ ਨੇੜੈ ਧਨ ਕੰਮਲੀਏ ਬਾਹਰੁ ਕਿਆ ਢੂਢੇਹਿ ॥
saho nayrhai Dhan kammlee-ay baahar ki-aa dhoodhayhi.
ਐ ਝੱਲੀ ਔਰਤ (ਆਤਮਾ, ਮਨ), ਤੇਰਾ ਮਾਲਿਕ (ਪਰੇਮੀ, ਪਤੀ-ਪਰਮਾਤਮਾ) ਤੇਰੇ ਕੋਲ ਹੈ, ਅਤੇ ਬਾਹਰ ਕੀ ਲਭਦੀ ਹੈਂ?
O foolish bride (Mind, soul), your Master (Lord) is close to you, what are you searching outside? (O my mind, do not run about, and concentrate on God)?

ਭੈ ਕੀਆ ਦੇਹਿ ਸਲਾਈਆ ਨੈਣੀ ਭਾਵ ਕਾ ਕਰਿ ਸੀਗਾਰੋ ॥
bhai kee-aa deh salaa-ee-aa nainee bhaav kaa kar seegaaro.
(ਐ ਦੁਲਹਨ, ਆਤਮਾ, ਮਨ) ਅੱਖਾਂ ਵਿਚ ਸੁਰਮਾ ਪਾ (ਪਤੀ-ਪਰਮੇਸ਼ਵਰ ਤੋ) ਡਰ ਦਾ - ਕਿ ਕੋਈ ਮਾੜਾ ਕੰਮ ਨਹੀ ਕਰਨਾ, ਚੰਗਿਆਈਆਂ ਹੀ ਕਰਨੀਆਂ ਹਨ, ਅਤੇ ਤੂੰ ਆਪਣੇ ਆਪ ਨੂੰ ਪਰੇਮ ਦੇ ਨਾਲ ਸ਼ਿੰਗਾਰ - ਮਨ ਦੇ ਅੰਦਰ ਰੱਬ ਦਾ ਪਿਆਰ ਬਣਾ, ਨਾਮ ਜਪ।
(O soul, mind,) put into your eyes the eye-powder of fear – fear of God, and decorate yourself with the love – love of the Lord (Recite His Name). (Fear of God not to do anything wrong, and to do everything right).
In India, eye-powder or lamp-black is used to beautify the eyes.

ਤਾ ਸੋਹਾਗਣਿ ਜਾਣੀਐ ਲਾਗੀ ਜਾ ਸਹੁ ਧਰੇ ਪਿਆਰੋ ॥੧॥
taa sohagan jaanee-ai laagee jaa saho Dharay pi-aaro. ||1||
ਤਾਂ ਸੋਹਾਗਣ: ਵਿਆਹੀ ਲੱਗਦੀ, ਜਾਣੋ (ਮਨ, ਆਤਮਾ, ਰੱਬ ਦੇ ਨਾਲ ਜੁੜੇ ਹੋਇ), ਜੇ ਆਪਣੇ ਸ਼ਹੁ: ਪਤੀ,

ਵਾਹਿਗੁਰੂ, ਦੇ ਨਾਲ ਪਿਆਰ ਰਖਦੀ ਹੋਵੇ – ਨਾਮ ਜਾਪ, ਭਜਨ ਕਰੇ।

Then, you shall be known as married (Mind and soul attached to God) if you have love for the Master: God (You recite His Name). ||1||

ਇਆਣੀ ਬਾਲੀ ਕਿਆ ਕਰੇ ਜਾ ਧਨ ਕੰਤ ਨ ਭਾਵੈ ॥

i-aanee baalee ki-aa karay jaa Dhan kant na bhaavai.

ਅਣਜਾਣ ਬਾਲਕ (ਮਨ, ਆਤਮਾ) ਕੀ ਕਰੇ, ਜੇ ਬੀਵੀ (ਆਤਮਾ) ਮਾਲਿਕ: ਪਤੀ, ਪਰਮਾਤਮਾ, ਨੂੰ ਮਨਜ਼ੂਰ ਨ ਹੋਵੇ!

What can the ignorant girl (Mind, soul) do, if this bride (Mind, soul) is not accepted by her Husband (The Lord)!

ਕਰਣ ਪਲਾਹ ਕਰੇ ਬਹੁਤੇਰੇ ਸਾ ਧਨ ਮਹਲੁ ਨ ਪਾਵੈ ॥

karan palaah karay bahutayray saa Dhan mahal na paavai.

(ਭਾਵੇਂ) ਪਲਾਹ (ਤਰਲੇ, ਬੇਨਤੀ) ਕਰੇ, ਅਜਿਹੀ ਵਹੁਟੀ (ਆਤਮਾ ਕਿ ਜੋ ਪਰਮਾਤਮਾ ਨੂੰ ਮਨਜ਼ੂਰ ਨਹੀ) ਉਹਦੇ ਮਹਿਲੀਂ ਜਾ ਨਹੀ ਸਕਦੀ – ਉਹਦੇ ਤੱਕ ਪਹੁੰਚ ਨਹੀ ਸਕਦੀ।

ਆਤਮਾ ਕਿ ਜੋ ਵਾਹਿਗੁਰੂ ਨੂੰ ਪਰਵਾਨ ਨਹੀ ਹੁੰਦੀ, ਉਹਦੇ ਘਰ ਨਹੀ ਜਾ ਸਕਦੀ – ਉਹਨੂੰ ਪਰਮਾਤਮਾ ਦੇ ਦਰਸ਼ਨ ਨਹੀ ਹੁੰਦੇ।

Such a bride (Soul not accepted by God) may implore: beg and request, she will not be allowed to enter the building – go into the presence of God.

ਵਿਣੁ ਕਰਮਾ ਕਿਛੁ ਪਾਈਐ ਨਾਹੀ ਜੇ ਬਹੁਤੇਰਾ ਧਾਵੈ ॥

vin karmaa kichh paa-ee-ai naahee jay bahutayraa Dhaavai.

ਬਿਨਾ ਨਸੀਬਾਂ (ਕਿਸਮਤ) ਦੇ ਕੁਝ ਵੀ ਨਹੀ ਮਿਲ ਸਕਦਾ, ਭਾਵੈਂ ਕੋਈ ਕਿੰਨੀ ਹੀ ਭੱਜ-ਦੌੜ ਕਿਉਂ ਨਾ ਕਰ ਲਵੇ।

Without destiny nothing is obtained, however one may run about (and try the best).

ਲਬ ਲੋਭ ਅਹੰਕਾਰ ਕੀ ਮਾਤੀ ਮਾਇਆ ਮਾਹਿ ਸਮਾਣੀ ॥

lab lobh ahaNkaar kee maatee maa-i-aa maahi samaanee.

(ਇਹ ਦੁਲਹਨ: ਮਨ, ਆਤਮਾ), ਚੱਸਕਿਆਂ (ਖਾਣ-ਪੀਣ ਦੇ ਸਵਾਦ), ਲਾਲਚ, ਅਤੇ ਹੰਕਾਰ (ਘੁਮੰਡ, ਹਉਮੇਂ) ਵਿਚ ਮਸਤ, ਦੁਨੀਆ ਦੀਆਂ ਇਛਾਵਾਂ ਵਿਚ ਡੁੱਬੀ ਪਈ ਹੈ।

ਲਬ: ਬੁਲ੍ਹ ਭਾਵ ਮੂੰਹ, ਖਾਣ ਪੀਣ ਦੇ ਸਵਾਦ।

(She: bride – mind, soul) is filled with desires (tastes of the eatables etc.), greed, ego: pride, and is attached to the worldly things.

ਇਨੀ ਬਾਤੀ ਸਹੁ ਪਾਈਐ ਨਾਹੀ ਭਈ ਕਾਮਣਿ ਇਆਣੀ ॥੨॥

inee baatee saho paa-ee-ai naahee bha-ee kaaman i-aanee. ||2||

ਇਹ ਕਾਮਣ (ਸੁੰਦਰੀ: ਮਨ, ਆਤਮਾ) ਤਾਂ ਇਆਣੀ: ਬੇਅਕਲ, ਬਣੀ ਹੋਈ ਹੈ, ਇਹਨਾ ਗੱਲਾਂ (ਚੱਸਕਿਆਂ, ਲਾਲਚ, ਹੰਕਾਰ) ਦੇ ਨਾਲ ਸ਼ਹੁ – ਪਤੀ-ਪਰਮੇਸ਼ਵਰ, ਨਹੀ ਮਿਲਦਾ।

The bride (Mind, soul) lacks wisdom, the husband (God) cannot be obtained with these things (Desires, greed and ego). ||2||

ਜਾਇ ਪੁਛਹੁ ਸੋਹਾਗਣੀ ਵਾਹੈ ਕਿਨੀ ਬਾਤੀ ਸਹੁ ਪਾਈਐ ॥
jaa-ay puchhahu sohaaganee vaahai kinee baatee saho paa-ee-ai.
ਜੋ ਸੋਹਾਗਣਾ ਹਨ (ਵਿਆਹੀਆਂ, ਰੱਬ ਦੇ ਨਾਲ ਜੁੜੇ ਗੁਰਮੁਖ), ਵਾਹੇ (ਉਹਨਾ ਨੂੰ) ਜਾ ਕੇ ਪੁਛੋ, ਕਿ ਕਿੰਨ੍ਹਾ ਗੱਲਾਂ ਦੇ ਨਾਲ ਸ਼ਹੁ (ਪਤੀ-ਪਰਮੇਸ਼ਵਰ) ਨੂੰ ਰੀਝਾਈਦਾ ਹੈ – ਉਹਦੀ ਖੁਸ਼ੀ ਕਿੱਦਾਂ ਲਈ ਦੀ ਹੈ।
Go and ask the married ones (God-Oriented) as to by which deeds the husband is attained - God is realized.

ਜੋ ਕਿਛੁ ਕਰੇ ਸੋ ਭਲਾ ਕਰਿ ਮਾਨੀਐ ਹਿਕਮਤਿ ਹੁਕਮੁ ਚੁਕਾਈਐ ॥
jo kichh karay so bhalaa kar maanee-ai hikmat hukam chukaa-ee-ai.
(ਉਹ ਗੁਰਮੁਖ ਦੱਸਣਗੇ ਕਿ ਜੇ ਰੱਬ ਨੂੰ ਪਾਉਣਾ ਹੋਵ ਤਾਂ) ਉਹ ਜੋ ਕਰੇ ਉਹਨੂੰ ਚੰਗਾ ਕਰ ਕੇ ਮੰਨੀਏ, ਤੇ ਆਪਣੀ ਚੁਸਤੀ-ਚਲਾਕੀ ਤੇ ਆਪਣੀ ਮਰਜ਼ੀ ਬੰਦ ਕਰ ਦਈਏ – ਪਰਮਾਤਮਾ ਦੇ ਹੁਕਮ ਵਿਚ ਆ ਜਾਈਏ।
(Those God-Oriented people will tell that to attain God) we should accept as good whatever He does, and stop our own cleverness and will.

ਜਾ ਕੈ ਪ੍ਰੇਮਿ ਪਦਾਰਥੁ ਪਾਈਐ ਤਉ ਚਰਣੀ ਚਿਤੁ ਲਾਈਐ ॥
jaa kai paraym padaarath paa-ee-ai ta-o charnee chit laa-ee-ai.
(ਅਤੇ) ਜਿਸ ਦੇ ਪਿਆਰ ਦੇ ਨਾਲ ਪਦਾਰਥ (ਵਸਤ, ਚੀਜ਼, ਨਾਮ) ਪਾਈਦਾ ਹੈ, ਉਹਦੇ ਚਰਨਾ ਦੇ ਨਾਲ ਮਨ ਨੂੰ ਜੋੜ ਕੇ ਰੱਖੀਏ – ਪਰਮਾਤਮਾ ਨੂੰ ਪਿਆਰੀਏ, ਉਹਦਾ ਨਾਮ ਜਪੀਏ।
(And) by loving whom we obtain the real thing (God, His Name), we should fix our minds at His feet - remember Him, recite His Name,

ਸਹੁ ਕਹੈ ਸੋ ਕੀਜੈ ਤਨੁ ਮਨੋ ਦੀਜੈ ਐਸਾ ਪਰਮਲੁ ਲਾਈਐ ॥
saho kahai so keejai tan mano deejai aisaa parmal laa-ee-ai.
ਜੋ ਪਤੀ (ਪਰਮੇਸ਼ਵਰ) ਦਾ ਹੁਕਮ ਹੋਵੇ ਉਹ ਕਰੀਏ, ਆਪਣਾ ਤਨ ਤੇ ਮਨ ਉਹਦੇ ਹਵਾਲੇ ਕਰ ਦਈਏ – ਪੂਰੀ ਤਰ੍ਹਾਂ ਉਹਦੇ ਹੁਕਮ ਵਿਚ ਆ ਜਾਈਏ, ਅਜਿਹਾ ਪਰਮਲ (ਮਹਿਕ, ਖੁਸ਼ਬੂ) ਲਾਈਏ – ਐਸੇ ਗੁਣ ਪੈਦਾ ਕਰ ਲਈਏ।
ਪਰਮਲ – ਖੁਸ਼ਬੂ, ਮਹਿਕ।
We should do what the Husband (God) tells, and offer Him our bodies and minds (Service physically, and mentally the recitation of His Name) - Surrender to Him completely, we should apply such a scent - develop such qualities.

ਏਵ ਕਹਹਿ ਸੋਹਾਗਣੀ ਭੈਣੇ ਇਨੀ ਬਾਤੀ ਸਹੁ ਪਾਈਐ ॥੩॥
ayv kaheh sohaaganee bhainay inee baatee saho paa-ee-ai. ||3||
ਭੈਣੇਂ, ਇਹ ਦਸਦੀ ਹੈ ਵਿਆਹੀ ਹੋਈ – ਗੁਰਮੁਖ ਮਨ, ਆਤਮਾ, ਕਿ ਇਹਨਾ ਗੱਲਾਂ ਦੇ ਕੀਤਿਆਂ ਪਤੀ (ਪਤੀ-ਪਰਮੇਸ਼ਵਰ) ਮਿਲਦਾ ਹੈ।
O sister, this is the advice of the married ones (God-Oriented), and by doing all

these things we achieve Husband (The Lord). ||3||

ਆਪੁ ਗਵਾਈਐ ਤਾ ਸਹੁ ਪਾਈਐ ਅਉਰੁ ਕੈਸੀ ਚਤੁਰਾਈ ॥
aap gavaa-ee-ai taa saho paa-ee-ai a-or kaisee chaturaa-ee.
ਇਹ ਕੋਈ ਚੁਸਤੀਆਂ-ਚਲਾਕੀਆਂ ਦੀ ਗੱਲ ਨਹੀ, ਨਿਮਰਤਾ ਵਿਚ ਆਉ (ਵਾਹਿਗੁਰੂ ਉੱਤੇ ਭਰੋਸਾ ਕਰੋ) ਤਾਂ ਪਤੀ-ਪਰਮੇਸ਼ਵਰ ਮਿਲਦਾ ਹੈ।
Cleverness has nothing to do here, we obtain Husband (God) only by humility (Total surrender).

ਸਹੁ ਨਦਰਿ ਕਰਿ ਦੇਖੈ ਸੋ ਦਿਨੁ ਲੇਖੈ ਕਾਮਣਿ ਨਉ ਨਿਧਿ ਪਾਈ ॥
saho nadar kar daykhai so din laykhai kaaman na-o niDh paa-ee.
ਪਤੀ (ਪਰਮੇਸ਼ਵਰ) ਮਿਹਰ ਦੀ ਨਜ਼ਰ ਕਰ ਕੇ ਦੇਖ ਲਵੇ ਤਾਂ ਉਹ ਦਿਨ ਸਫ਼ਲ ਹੈ, ਤੇ ਸਮਝੋ ਪਤਨੀ (ਮਨ, ਆਤਮਾ) ਨੂੰ ਨਉ ਨਿਧਿ (ਨੌਂ ਨਿਧੀਆਂ: ਨੌਂ ਖਜ਼ਾਨੇ - ਸਭ ਵਸਤਾਂ) ਮਿਲ ਗਈਆਂ।
When the Husband (God) looks at the bride (Mind, soul) with Kindness, successful is such a day, and she (Soul) gets all the treasures – everything: spiritual and worldly, too.

ਆਪਣੇ ਕੰਤ ਪਿਆਰੀ ਸਾ ਸੋਹਾਗਣਿ ਨਾਨਕ ਸਾ ਸਭਰਾਈ ॥
aapnay kant pi-aaree saa sohagan naanak saa sabhraa-ee.
ਨਾਨਕ, ਸੁਹਾਗਣ (ਵਿਆਹੀ, ਰੱਬ ਨੂੰ ਮਿਲੀ ਆਤਮਾ) ਉਹ ਹੀ ਹੈ ਕਿ ਜੋ ਆਪਣੇ ਕੰਤ (ਪਤੀ, ਪਰਮਾਤਮਾ) ਦੀ ਪਿਆਰੀ ਹੈ, ਅਤੇ ਉਹ ਹੀ ਸਭਰਾਈ - ਰਾਣੀ, ਉੱਤਮ, ਹੈ।
Nanak, the married one (God-Oriented soul) is that which is loved by her Husband (Accepted by God), and she is the queen - at the top of all.

ਐਸੇ ਰੰਗਿ ਰਾਤੀ ਸਹਜ ਕੀ ਮਾਤੀ ਅਹਿਨਿਸਿ ਭਾਇ ਸਮਾਣੀ ॥
aisay rang raatee sahj kee maatee ahinis bhaa-ay samaanee.
ਇੱਦਾਂ ਪਿਆਰ ਵਿਚ ਰੰਗੀ (ਆਤਮਾ), ਸ਼ਾਂਤ ਰਹਿੰਦੀ, ਦਿਨੇ-ਰਾਤ ਭਾਇ (ਭਾਉ, ਰੱਬ ਦਾ ਪਿਆਰ) ਵਿਚ ਰਹਿੰਦੀ ਹੈ।
This way, attached to (Him), she (Soul) stays in peace, and keeps deeply in (His) love, day and night.

ਸੁੰਦਰਿ ਸਾਇ ਸਰੂਪ ਬਿਚਖਣਿ ਕਹੀਐ ਸਾ ਸਿਆਣੀ ॥੪॥੨॥੪॥
sundar saa-ay saroop bichakhan kahee-ai saa si-aanee. ||4||2||4||
ਅਜਿਹੀ (ਆਤਮਾ) ਸੋਹਣੀ, ਸੋਹਣੇ ਨੈਨ-ਨਕਸ਼ਾਂ ਵਾਲੀ, ਬਿਚਖਣਿ (ਸਮਝ-ਬੁਧ ਵਾਲੀ), ਅਤੇ ਅਕਲਮੰਦ ਕਹਿਲਾਉਂਦੀ ਹੈ।
ਵਾਹਿਗੁਰੂ ਦੇ ਪਿਆਰ ਵਿਚ ਮਸਤ ਮਨ-ਆਤਮਾ, ਸੋਹਣੇ ਕਹਾਉਂਦੇ ਹਨ।
Such one (Soul) is called beautiful, with good features, intelligent and wise. ||4||2||4|| (A soul united with God is great, and is appreciated).

ਸੂਹੀ ਮਹਲਾ ੧ ॥
soohee mehlaa 1.
ਰਾਗ ਸੂਹੀ ਵਿਚ ਗੁਰੂ ਨਾਨਕ ਦੇਵ ਜੀ ਦੀ ਬਾਣੀ।
Bani (Scripture) of the First Guru Nank Dev, in Raag Soohee.

ਕਉਣ ਤਰਾਜੀ ਕਵਣੁ ਤੁਲਾ ਤੇਰਾ ਕਵਣੁ ਸਰਾਫੁ ਬੁਲਾਵਾ ॥
ka-un taraajee kavan tulaa tayraa kavan saraaf bulaavaa.
ਤੇਰੇ ਪਰਖਣ ਲਈ ਕਿਹੜਾ ਤਰਾਜੀ: ਤਰਾਜ਼ੂ, ਤਕੜੀ, ਕਿਹੜਾ ਤੁਲਾ: ਤੋਲਣ ਦੇ ਵੱਟੇ, ਤੇ ਕਿਹੜਾ ਸੁਨਿਆਰਾ: ਪਰਖਣ ਵਾਲਾ, ਲਿਆਵਾਂ !
What scale, what weights, and who to check you should I call!

ਕਉਣੁ ਗੁਰੂ ਕੈ ਪਹਿ ਦੀਖਿਆ ਲੇਵਾ ਕੈ ਪਹਿ ਮੁਲੁ ਕਰਾਵਾ ॥੧॥
ka-un guroo kai peh deekhi-aa layvaa kai peh mul karaavaa. ||1||
ਕਿੱਦਾਂ ਅਜਿਹਾ ਗੁਰੂ ਲੱਭਾਂ ਕਿ ਜਿਸ ਤੋਂ ਸਿਖਿਆ ਲਵਾਂ – ਨਾਮ–ਦਾਨ, ਨਾਮ ਜਪਣ ਦੀ, ਅਤੇ ਜੋ ਮੈਨੂੰ ਤੇਰੀ (ਪਰਮਾਤਮਾ ਦੀ) ਕਦਰ–ਕੀਮਤ ਦੱਸੇ – ਤੇਰੇ ਬਾਰੇ ਸਮਝਾਵੇ, ਤੇਰਾ ਗਿਆਨ ਦੇਵੇ।
ਦੀਖਿਆ – ਗੁਰੂ ਦਾ ਚੇਲੇ ਨੂੰ ਨਾਮ ਬਖਸ਼ਣਾ ਤੇ ਇਹਨੂੰ ਜਪਣ ਦਾ ਤਰੀਕਾ ਦੱਸਦਣਾ।
How should I find such a Guru who should bless me with His Name and instructions to recite it, and by whom should I get the understanding of You! ||1||

ਮੇਰੇ ਲਾਲ ਜੀਉ ਤੇਰਾ ਅੰਤੁ ਨ ਜਾਣਾ ॥
mayray laal jee-o tayraa ant na jaanaa.
ਮੇਰੇ ਲਾਲ ਜੀ – ਹੀਰੇ–ਲਾਅਲ ਵਰਗੇ, ਬੇਮੁੱਲੇ, ਪਰਮਾਤਮਾ, ਮੈਂ ਤੁਹਾਡਾ ਅੰਤ ਨਹੀ ਜਾਣਦਾ – ਕਿ ਕਿੰਨੇ ਕੁ ਵੱਡੇ – ਹੱਦ–ਬੰਨੇ ਤੋਂ ਪਰਹੇ ਹੋ।
O my priceless (beloved) Lord, I do not know Your limits.

ਤੂੰ ਜਲਿ ਥਲਿ ਮਹੀਅਲਿ ਭਰਿਪੁਰਿ ਲੀਣਾ ਤੂੰ ਆਪੇ ਸਰਬ ਸਮਾਣਾ ॥੧॥ ਰਹਾਉ ॥
tooN jal thal mahee-al bharipur leenaa tooN aapay sarab samaanaa. ||1|| rahaa-o.
ਤੂੰ ਪਾਣੀ, ਧਰਤੀ, ਮਹੀਅਲਿ (ਧਰਤੀ ਅਕਾਸ਼ ਦੇ ਵਿਚਕਾਰ), ਭਰਪੂਰ: ਸਮਾਇਆ ਹੋਇਆ, ਅਤੇ ਹਰ ਥਾਂ ਹਰ ਚੀਜ਼ ਵਿਚ ਮੌਜੂਦ ਹੈਂ। ਰਹਾਉ।
You are present in water, land, and in the space between the land and sky, and You are All Pervading (Present in everything and everywhere). ||1||Pause||

ਮਨੁ ਤਾਰਾਜੀ ਚਿਤੁ ਤੁਲਾ ਤੇਰੀ ਸੇਵ ਸਰਾਫੁ ਕਮਾਵਾ ॥
man taaraajee chit tulaa tayree sayv saraaf kamaavaa.
ਮਨ ਹੈ ਤਕੜੀ, ਚਿੱਤ: ਚੇਤੰਤਾ, ਅੰਦਰਲੀ ਹੋਸ਼, ਹੈ ਤੋਲਣ ਦੇ ਵੱਟੇ, ਤੇਰੀ ਸੇਵਾ ਕਮਾਉਣੀ ਹੈ ਸੁਨਿਆਰਾ: ਪਰਖਣ ਵਾਲਾ।
ਸੇਵਾ ਕਮਾਉਣੀ – ਨਾਮ ਜਪਣਾ, ਚੰਗਿਆਈਆਂ ਕਰਨੀਆਂ। ਮਨ ਨੂੰ ਟਿਕਾ ਕੇ, ਚੇਤੰਨ: ਹੋਸ਼ਿਆਰ ਹੋ ਕੇ, ਨਾਮ ਜਪੋ, ਫ਼ੇਰ ਰੱਬ ਦੀ ਸਮਝ ਆਵੇਗੀ।

Mind is the scale, awareness weights, and Your service is the evaluator: appraiser. (Your service – Recitation of the Name, good deeds. Be watchful: aware: fully conscious, and recite His Name with concentration).

ਘਟ ਹੀ ਭੀਤਰਿ ਸੋ ਸਹੁ ਤੋਲੀ ਇਨ ਬਿਧਿ ਚਿਤੁ ਰਹਾਵਾ ॥੨॥

ghat hee bheetar so saho tolee in biDh chit rahaavaa. ||2||

(ਪਤਨੀ) ਆਪਣੇ ਮਨ ਦੇ ਅੰਦਰ ਸ਼ਹੁ (ਪਤੀ–ਪਰਮੇਸ਼ਵਰ) ਨੂੰ ਤੋਲ: ਵਿਚਾਰ ਕੇ, ਨਾਮ ਜਪ ਕੇ, ਮਨ ਨੂੰ ਟਿਕਾਉਂਦੀ ਹੈ।

ਗੁਰੂ ਮਹਾਰਾਜ ਨੇ ਪਤਨੀ ਦੇ ਰੂਪ ਵਿਚ ਗੱਲ ਕੀਤੀ ਹੈ।

In my mind I weigh God - Think of Him, recite His Name, and this way I control it (Mind). ||2||

ਆਪੇ ਕੰਡਾ ਤੋਲੁ ਤਰਾਜੀ ਆਪੇ ਤੋਲਣਹਾਰਾ ॥

aapay kandaa tol taraajee aapay tolanhaaraa.

ਪਰਮਾਤਮਾ ਆਪੇ ਹੀ ਤੱਕੜੀ, ਵੱਟੇ, ਅਤੇ ਆਪ ਹੀ ਤੋਲਣ ਵਾਲਾ ਹੈ।

God Himself is the scale (Balance), weights, and the weight-taker. (It is only God that can check His Own Self).

ਆਪੇ ਦੇਖੈ ਆਪੇ ਬੂਝੈ ਆਪੇ ਹੈ ਵਣਜਾਰਾ ॥੩॥

aapay daykhai aapay boojhai aapay hai vanjaaraa. ||3||

ਤੂੰ ਆਪ ਹੀ ਆਪਣੇ ਆਪ ਨੂੰ ਵੇਖਦਾ (ਪਰਖਦਾ), ਆਪੇ ਹੀ ਨਿਰਣਾ ਕਰਦਾ: ਨਤੀਜਾ ਕੱਢਦਾ, ਅਤੇ ਆਪੇ ਹੀ ਬਿਉਪਾਰੀ ਹੈਂ।

ਤੇਰੇ ਤੋਂ ਬਿਨਾ ਹੋਰ ਕਈ ਦੂਸਰਾ ਨਹੀ ਹੈ ਕਿ ਜੋ ਤੈਨੂੰ ਵੇਖ–ਪਰਖ ਸਕੇ।

You Yourself check and conclude (Decide) about You, and Yourself are the trader. ||3||

ਅੰਧੁਲਾ ਨੀਚ ਜਾਤਿ ਪਰਦੇਸੀ ਖਿਨੁ ਆਵੈ ਤਿਲੁ ਜਾਵੈ ॥

anDhulaa neech jaat pardaysee khin aavai til jaavai.

ਅੰਨ੍ਹਾ, ਨੀਵੀਂ ਜ਼ਾਤ ਦਾ, ਪਰਦੇਸੀ (ਮਨ, ਆਤਮਾ, ਜੀਵਨ), ਪਲ ਭਰ ਲਈ ਆਉਂਦਾ ਤੇ ਝੱਟ ਤੁਰ ਜਾਂਦਾ ਹੈ।

ਮਨ ਨਾਮ ਤੇ ਟਿਕਦਾ ਨਹੀ, ਆਤਮਾ ਅਤੇ ਜ਼ਿੰਦਗੀ ਨੂੰ ਮਰਣ–ਜੰਮਣ ਦਾ ਚੱਕਰ ਹੈ।

(Soul) is blind, low class, alien, comes for a moment, and departs in an instant. (Mind is unsteady: not attached to His Name. Soul or life keeps in the cycle of coming to this world and then departing: going back. Alien - from other world or country).

ਤਾ ਕੀ ਸੰਗਤਿ ਨਾਨਕੁ ਰਹਦਾ ਕਿਉ ਕਰਿ ਮੂੜਾ ਪਾਵੈ ॥੪॥੨॥੯॥

taa kee sangat naanak rahdaa ki-o kar moorhaa paavai. ||4||2||9||

ਨਾਨਕ ਜੀ ਕਹਿੰਦੇ ਹਨ ਕਿ ਅਜਿਹੀ (ਕੱਚੀ) ਸੰਗਤ ਵਿਚ ਰਹਿੰਦਾ ਮੂਰਖ ਕਿੱਦਾਂ ਵਾਹਿਗੁਰੂ ਨੂੰ ਪਰਾਪਤ ਕਰ ਸਕਦਾ ਹੈ!

ਤਾ ਕੀ ਸੰਗਤਿ – ਕੱਚਿਆਂ ਦੀ ਸੰਗਤ ਕਿ ਜਨ੍ਹਾਂ ਦਾ ਮਨ ਨਾਮ ਦੇ ਜਪਣ ਤੇ ਨਹੀ ਟਿਕਦਾ।

Nanak says, one who has this sort of an unstable association (Company), how can such a fool attain the Lord! ||4||2||9|| (One who has the company of those who are not God-Oriented, cannot reach God).

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

ik-o^N kaar sat naam kartaa purakh nirbha-o nirvair akaal moorat ajoonee saibha^N gur parsaad.

ਇਕ ਸਚਾਈ (ਸਦਾ ਸਲਾਮਤ) ਸਰਬ–ਵਿਆਪਕ ਵਾਹਿਗੁਰੂ ਹੈ, ਸਭ ਕੁਝ ਇਹਦਾ ਕੀਤਾ ਹੁੰਦਾ ਹੈ, ਇਹ ਨਿਡਰ, ਵੈਰ ਰਹਿਤ, ਕਾਲ (ਵਕਤ, ਮੌਤ) ਤੋਂ ਰਹਿਤ, ਜਨਮ–ਮਰਣ ਦੇ ਚੱਕਰ ਤੋਂ ਰਹਿਤ ਹੈ, ਅਤੇ ਆਪਣੇ ਆਪ ਤੋਂ ਆਪ ਪੈਦਾ ਹੋਈ ਹੈ, ਤੇ ਇਸ ਅਸਲੀਅਤ ਦੀ ਸਮੱਝ ਗੁਰੂ ਮਹਾਰਾਜ ਹੀ (ਵਾਹਿਗੁਰੂ ਜੀ) ਆਪਣੀ ਕਿਰਪਾ ਕਰ ਕੇ ਬਖਸ਼ਦੇ ਹਨ।

ਗੁਰੂ ਨਾਨਕ ਜੀ ਆਪ ਹੀ ਪਹਿਲੇ ਗੁਰੂ ਸਨ, ਇਸ ਲਈ ਇੱਥੇ ਗੁਰੂ ਦਾ ਅਰਥ ਵਾਹਿਗੁਰੂ ਹੈ। ਇਸ “ਮੂਲਮੰਤਰ” ਦੇ ਅਰਥਾਂ ਵਿਚ ਵਰਤੇ ਸ਼ਬਦ ਅਤੇ ਭਾਵ, ਅਲੱਗ ਅਲੱਗ ਥਾਵਾਂ, ਅਤੇ ਟੀਕਿਆਂ ਵਿਚ ਫ਼ਰਕ ਰੱਖ ਸਕਦੇ ਹਨ. ਭਰ ਸਭ ਦਾ ਮੂਲ ਅਤੇ ਸਮੁੱਚਾ ਭਾਵ ਇਕ ਹੀ ਹੈ।

A Truth (Immortal) is the All Pervading God, He is the Creator, Fearless, Free from Hatred, Not Controlled by the Time (Time, death), beyond the Cycle of Birth and Death, Self-Created, and this is understood by the Kindness of the Lord

(Guru Nanak himself is the first Guru, and so here the Guru means God. This stanza is known as the “Mool-Mantar” (The Basic-Formula). The words and expressions used in its translation may have some variations from place to place and author to author, but the basic thought and meanings are the same).

ਰਾਗੁ ਬਿਲਾਵਲੁ ਮਹਲਾ ੧ ਚਉਪਦੇ ਘਰੁ ੧ ॥

raag bilaaval mehlaa 1 cha-upday ghar 1.

ਰਾਗ ਬਿਲਾਵਲ ਵਿਚ, ਪਹਿਲੇ ਗੁਰੂ ਨਾਨਕ ਦੇਵ ਜੀ ਦੀ ਬਾਣੀ।

Bani (Scripture) of the First Guru Nanak, in the Raag Bilaaval, in the First place of Raag.

ਤੂ ਸੁਲਤਾਨੁ ਕਹਾ ਹਉ ਮੀਆ ਤੇਰੀ ਕਵਨ ਵਡਾਈ ॥

too sultaan kahaa ha-o mee-aa tayree kavan vadaa-ee.

ਤੂੰ ਬਾਦਸ਼ਾਹ ਹੈਂ, ਤੈਨੂੰ ਮੀਆਂ (ਚੌਧਰੀ) ਕਹਿ ਦਿਆਂ, ਤਾਂ ਮੈਂ ਕਾਹਦੀ ਵਡਿਆਈ ਕਰ ਦਿੱਤੀ ਹੈ!

You are the King, and if I call You a Headman, how does this add to Your Greatness?

ਜੋ ਤੂ ਦੇਹਿ ਸੁ ਕਹਾ ਸੁਆਮੀ ਮੈ ਮੂਰਖ ਕਹਣੁ ਨ ਜਾਈ ॥੧॥

jo too deh so kahaa su-aamee mai moorakh kahan na jaa-ee. ||1||

ਜੋ ਤੂੰ ਮੈਥੋਂ ਕਹਾਵੇਂ ਸੋਈ ਕਹਿੰਦਾ ਹਾਂ, ਮੈ ਮੂਰਖ ਆਪਣੇ ਆਪ ਕੁਝ ਨਹੀ ਕਹਿ ਸਕਦਾ।

What You make me say, I say that, I am a fool and cannot say anything on my

own. ||1||

ਤੇਰੇ ਗੁਣ ਗਾਵਾ ਦੇਹਿ ਬੁਝਾਈ ॥

tayray gun gaavaa deh bujhaa-ee.

ਤੂੰ ਇਹ ਮੱਤ-ਬੁਧ ਦੇ ਕਿ ਮੈਂ ਤੇਰੇ ਗੁਣ ਗਾਉਂਦਾ ਰਹਾਂ,

Bless me with such a wisdom (Understanding), that I keep singing Your Praise,

ਜੈਸੇ ਸਚ ਮਹਿ ਰਹਉ ਰਜਾਈ ॥੧॥ ਰਹਾਉ ॥

jaisay sach meh raha-o rajaa-ee. ||1|| rahaa-o.

ਕਿ ਜਿਸ ਦੇ ਨਾਲ ਮੈਂ ਸਚਾਈ (ਪਰਮਾਤਮਾ ਦੀ ਯਾਦ) ਦੇ ਵਿਚ ਟਿਕਿਆ ਰਹਾਂ, ਤੁਹਾਡੀ ਮਰਜ਼ੀ ਦੇ ਨਾਲ। ਰਹਾਉ।

So that I keep linked to You (Keep remembering You), under Your Will. ||1||Pause||

ਜੋ ਕਿਛੁ ਹੋਆ ਸਭੁ ਕਿਛੁ ਤੁਝ ਤੇ ਤੇਰੀ ਸਭ ਅਸਨਾਈ ॥

jo kichh ho-aa sabh kichh tujh tay tayree sabh asnaa-ee.

ਜੋ ਕੁਝ ਹੋਇਆ ਹੈ, ਇਹ ਸਭ ਤੇਰੀ ਕਿਰਪਾ ਹੈ, ਤੂੰ ਸਾਰਿਆਂ ਦਾ ਦੋਸਤ ਹੈਂ – ਸਭ ਲਈ ਚੰਗਾ ਕਰਦਾ ਹੈਂ।

Whatever has happened, is all Your Grace, You are a Friend of all - You do good to everyone.

ਤੇਰਾ ਅੰਤੁ ਨ ਜਾਣਾ ਮੇਰੇ ਸਾਹਿਬ ਮੈ ਅੰਧੁਲੇ ਕਿਆ ਚਤੁਰਾਈ ॥੨॥

tayraa ant na jaanaa mayray saahib mai anDhulay ki-aa chaturaa-ee. ||2||

ਮੇਰੇ ਸਾਹਿਬ (ਮਾਲਿਕ) ਮੈਂ ਤੇਰਾ ਅੰਤ ਨਹੀ ਜਾਣਦਾ – ਤੂੰ ਬੇਅੰਤ ਹੈਂ। ਮੈਂ, ਅਕਲ ਦੇ ਅੰਨ੍ਹੇ ਦੀ ਕੋਈ ਚਤੁਰਾਈ ਨਹੀ।

My Lord, I do not know Your limits, what smartness - to know You, can a blind: unwise, person have! ||2||

ਕਿਆ ਹਉ ਕਥੀ ਕਥੇ ਕਥਿ ਦੇਖਾ ਮੈ ਅਕਥੁ ਨ ਕਥਨਾ ਜਾਈ ॥

ki-aa ha-o kathee kathay kath daykhaa mai akath na kathnaa jaa-ee.

ਮੈ ਕੀ ਦੱਸਾਂ, ਮੈਂ ਕਹਿ ਦੱਸ ਕੇ ਦੇਖਦਾ ਹਾਂ ਕਿ ਜਿਸ ਬਾਰੇ ਕੁਝ ਕਿਹਾ ਨਹੀ ਜਾ ਸਕਦਾ (ਵਾਹਿਗੁਰੁ), ਉਹਦੇ ਬਾਰੇ ਕੁਝ ਬਿਆਨ ਕਰਨਾ ਸੰਭਵ (ਮੁਮਕਿਨ) ਨਹੀ।

What should I tell, I find out by telling that Indescribable cannot be described!

ਜੋ ਤੁਧੁ ਭਾਵੈ ਸੋਈ ਆਖਾ ਤਿਲੁ ਤੇਰੀ ਵਡਿਆਈ ॥੩॥

jo tuDh bhaavai so-ee aakhaa til tayree vadi-aa-ee. ||3||

ਜੋ ਤੈਨੂੰ ਚੰਗਾ ਲੱਗਦਾ ਹੈ ਉਹ ਹੀ ਕਹਿੰਦਾ ਹਾਂ, ਅਤੇ ਇਹ ਵੀ ਤੇਰੀ ਰਤਾ-ਮਾਸਾ ਵਡਿਆਈ ਹੀ ਕਹਿ ਹੁੰਦੀ ਹੈ।

As it pleases You, I say out, and it happens to be just a little bit of Your greatness and nothing more. ||3||

ਏਤੇ ਕੂਕਰ ਹਉ ਬੇਗਾਨਾ ਭਉਕਾ ਇਸੁ ਤਨ ਤਾਈ ॥
aytay kookar ha-o baygaanaa bha-ukaa is tan taa-ee.
ਐਨੇ ਕੁੱਤੇ: ਮੰਗਣ ਵਾਲੇ, ਹਨ – ਤੇਰੇ ਦਰ ਤੇ ਨਾਮ ਦੇ ਮੰਗਤੇ, ਭਰ ਮੈਂ ਬੇਗਾਨਾ ਹਾਂ – ਨਾਮ ਤੋਂ ਸੱਖਣਾ ਹਾਂ, ਤੇਰੇ ਨਾਲ ਪਰੇਮ ਨਹੀ ਬਣਾਇਆ, ਅਤੇ ਢਿਡ ਦੇ ਲਈ ਭੌਂਕਦਾ ਹਾਂ – ਨਾਮ ਨਹੀ ਮੰਗਦਾ, ਸਿਰਫ਼ ਦੁਨੀਆਂ ਦੀਆਂ ਚੀਜ਼ਾਂ ਦੀ ਹੀ ਮੰਗ ਹੈ।
There are so many dogs - those begging for the boon of Your Name. I am an outsider - I do not recite Your Name, and have not developed love for You. I bark only for my body (Wants) – I do not beg for Your Name, and ask only for the bodily needs or comforts.

ਭਗਤਿ ਹੀਣੁ ਨਾਨਕੁ ਜੇ ਹੋਇਗਾ ਤਾ ਖਸਮੈ ਨਾਉ ਨ ਜਾਈ ॥੪॥੧॥
bhagat heen naanak jay ho-igaa taa khasmai naa-o na jaa-ee. ||4||1||
ਨਾਨਕ ਜੀ ਕਹਿੰਦੇ ਹਨ ਕਿ ਮੈਂ ਭਾਵੇਂ ਭਗਤੀ ਕਰਦਾ ਨਾ ਵੀ ਹੋਵਾਂ, ਮੈਂ ਸੱਦਿਆ ਆਪਣੇ ਮਾਲਿਕ ਦਾ ਹੀ ਜਾਵਾਂਗਾ। (ਕਿ ਜਿੱਦਾਂ ਕੁੱਤਾ, ਚੰਗਾ ਹੋਵੇ ਭਾਂਵੇ ਮਾੜਾ, ਕਹੀਦਾ ਹੈ ਕਿ ਇਹ ਫ਼ਲਾਣੇ ਦਾ ਹੈ)।
ਮੈਂ ਭਾਵੇਂ ਮਾਲਿਕ ਤੋਂ ਲਾਪਰਵਾਹ ਰਹਾਂ, ਤਾਂ ਵੀ ਮੇਰੇ ਨਾਲੋਂ ਮੇਰੇ ਮਾਲਿਕ ਦਾ ਨਾਮ ਹਟ ਨਹੀ ਜਾਵੇਗਾ, ਮਾਲਿਕ ਮੈਨੂੰ ਅਪਣਾ ਕੇ ਹੀ ਰੱਖੇਗਾ। ਮੈਂ ਭਾਵੇਂ ਨਾਮ ਨਹੀ ਜਪਦਾ, ਭਰ ਤੇਰੇ ਦਰ ਤੇ ਹਾਂ, ਅਤੇ ਮੈਨੂੰ ਸਾਰੇ ਤੇਰਾ ਹੀ ਕਹਿੰਦੇ ਹਨ।
Nanak says, I may be negligent of my Master, still I own His Name – all will call me His. ||4||1|| (May be I do not recite Your Name, but I am at Your door, and all call me Yours).

ਬਿਲਾਵਲੁ ਮਹਲਾ ੧ ॥
bilaaval mehlaa 1.
ਰਾਗ ਬਿਲਾਵਲ ਵਿਚ ਪਹਿਲੇ ਗੁਰੂ ਨਾਨਕ ਦੇਵ ਜੀ ਦੀ ਬਾਣੀ।
Bani (Scripture) of the First Guru Nanak, in the Raag named Bilaawal.

ਮਨੁ ਮੰਦਰੁ ਤਨੁ ਵੇਸ ਕਲੰਦਰੁ ਘਟ ਹੀ ਤੀਰਥਿ ਨਾਵਾ ॥
man mandar tan vays kalandar ghat hee tirath naavaa.
ਮਨ ਮੰਦਰ (ਤੇਰੇ ਰਹਿਣ, ਪੂਜਾ ਦੀ ਥਾਂ) ਹੈ, ਸਰੀਰ ਤੇ ਕਲੰਦਰੀ (ਫ਼ਕੀਰੀ) ਕਪੜੇ ਪਾਏ ਹੋਇ ਹਨ, ਮੈਂ ਘਟ (ਮਨ) ਵਿਚ ਹੀ ਤੀਰਥਾਂ ਦੇ ਇਸ਼ਨਾਨ ਕਰਦਾ ਹਾਂ (ਨਾਮ ਜਪਦਾ ਹਾਂ)।
My mind is the temple - Your place, a place to worship You, the body is in the clothes of a saint i.e. the body is to do good deeds, and in my heart I bathe at the places of pilgrimages. (The heart is to think of You, I recite Your Name in my heart).

ਏਕੁ ਸਬਦੁ ਮੇਰੈ ਪ੍ਰਾਨਿ ਬਸਤੁ ਹੈ ਬਾਹੁੜਿ ਜਨਮਿ ਨ ਆਵਾ ॥੧॥
ayk sabad mayrai paraan basat hai baahurh janam na aavaa. ||1||
ਮੇਰੇ ਸਵਾਸਾਂ (ਮਨ) ਦੇ ਵਿਚ ਇਕ ਸ਼ਬਦ (ਵਾਹਿਗੁਰੂ ਦਾ ਨਾਮ) ਵੱਸ ਰਿਹਾ ਹੈ, ਇਸ ਕਰ ਕੇ ਮੈਂ ਮੁੜ ਜਨਮ

ਨਹੀ ਲਵਾਂਗਾ।

(ਨਾਮ ਜਾਪ ਦੇ ਕਾਰਣ ਮੁੱਕਤ ਹੋ ਜਾਵਾਂਗਾ: ਜਨਮ-ਮਰਣ ਦਾ ਚੱਕਰ ਮੁੱਕ ਜਾਵੇਗਾ, ਹਮੇਸ਼ਾ ਲਈ ਵਾਹਿਗੁਰੂ ਦੇ ਚਰਨਾ ਵਿਚ ਥਾਂ ਮਿਲ ਜਾਵੇਗੀ, ਪਰਮਾਤਮਾ ਦੇ ਨਾਲ ਮਿਲ ਜਾਵਾਂਗਾ।

In my mind is God's Name, therefore I will not get born again (I will get liberated: freed from the cycle of birth and death, will get a permanent place at the feet of the Lord - I will merge with Him). ||1||

ਮਨੁ ਬੇਧਿਆ ਦਇਆਲ ਸੇਤੀ ਮੇਰੀ ਮਾਈ ॥

man bayDhi-aa da-i-aal saytee mayree maa-ee.

ਹੇ ਮੇਰੀ ਮਾਂ, ਮੇਰਾ ਮਨ ਦਇਆਲ – ਕਿਰਪਾਲੂ, ਵਾਹਿਗੁਰੂ, ਦੇ ਨਾਲ (ਪਿਆਰ ਵਿਚ) ਵਿਨ੍ਹਿਆ ਪਿਆ ਹੈ।

O my mother, my mind is pierced through with the love of the Merciful: the Lord!

ਕਉਣੁ ਜਾਣੈ ਪੀਰ ਪਰਾਈ ॥

ka-un jaanai peer paraa-ee.

ਕੌਣ ਜਾਣਦਾ ਹੈ ਦੂਸਰੇ ਦੀ ਪੀੜ ਨੂੰ – ਕੋਈ ਨਹੀ ਜਾਣਦਾ!

Who knows the pain of any other - nobody knows!

ਹਮ ਨਾਹੀ ਚਿੰਤ ਪਰਾਈ ॥੧॥ ਰਹਾਉ ॥

ham naahee chint paraa-ee. ||1|| rahaa-o.

ਮੈਨੂੰ ਸਵਾਏ ਪਰਮਾਤਮਾ ਦੇ, ਹੋਰ ਕਿਸੇ ਗੱਲ ਦੀ ਕੋਈ ਚਿੰਤਾ ਨਹੀ – ਸਿਰਫ਼ ਨਾਮ ਦੇ ਜਾਪ ਦਾ ਧਿਆਨ ਹੈ। ਰਹਾਉ।

I do not worry about anything else - I only think of reciting the Name of God). ||1||Pause||

ਅਗਮ ਅਗੋਚਰ ਅਲਖ ਅਪਾਰਾ ਚਿੰਤਾ ਕਰਹੁ ਹਮਾਰੀ ॥

agam agochar alakh apaaraa chintaa karahu hamaaree.

ਹੇ, ਪਹੁੰਚਣ, ਸਮਝਣ, ਦੇਖਣ ਤੋਂ ਪਰ੍ਹੇ (ਪਰਮਾਤਮਾ), ਮੇਰਾ ਫ਼ਿਕਰ (ਧਿਆਨ) ਕਰੋ।

O Unreachable (Inaccessible), Unthinkable (Unfathomable), Invisible and Limitless (Infinite): God, take care of me.

ਜਲਿ ਥਲਿ ਮਹੀਅਲਿ ਭਰਿਪੁਰਿ ਲੀਣਾ ਘਟਿ ਘਟਿ ਜੋਤਿ ਤੁਮ੍ਹਾਰੀ ॥੨॥

jal thal mahee-al bharipur leenaa ghat ghat jot tum^H aaree. ||2||

(ਵਾਹਿਗੁਰੂ ਜੀ) ਪਾਣੀ, ਧਰਤੀ, ਅਤੇ ਧਰਤੀ-ਅਕਾਸ਼ ਦੇ ਵਿਚਕਾਰ, ਪੂਰੀ ਤਰਹਾਂ ਸਮਾਇ ਹੋਇ ਹੋ, ਹਰ ਘਟ (ਮਨ) ਦੇ ਅੰਦਰ ਤੁਹਾਡੀ ਜੋਤ (ਪਰਕਾਸ਼, ਆਤਮਾ) ਹੈ।

In the water, land, and space between the land and sky, You are totally pervading - present in everything and everywhere. Your Light - Soul, intelligence, is in each and every heart. ||2||

ਸਿਖ ਮਤਿ ਸਭ ਬੁਧਿ ਤੁਮ੍ਹਾਰੀ ਮੰਦਿਰ ਛਾਵਾ ਤੇਰੇ ॥
sikh mat sabh buDh tumHaaree mandir chhaavaa tayray.
ਮੇਰੀ ਸਿਖਿਆ ਤੇ ਅਕਲ-ਬੁਧ ਤੇਰੀਆਂ ਬਖਸ਼ੀਆਂ ਹਨ, ਘਰ ਤੇ ਛਾਵਾਂ (ਪਨਾਹ ਲੈਣ ਦੀਆਂ ਥਾਵਾਂ, ਟਿਕਾਣੇ) ਤੇਰੇ ਦਿੱਤੇ ਹੋਇ ਹਨ।
(My) teachings, and understandings are Your given, the buildings and shelters are Yours, too.

ਤੁਝ ਬਿਨੁ ਅਵਰੁ ਨ ਜਾਣਾ ਮੇਰੇ ਸਾਹਿਬਾ ਗੁਣ ਗਾਵਾ ਨਿਤ ਤੇਰੇ ॥੩॥
tujh bin avar na jaanaa mayray saahibaa gun gaavaa nit tayray. ||3||
ਮੇਰੇ ਸਾਹਿਬ (ਮਾਲਿਕ), ਤੇਰੇ ਬਾਝੋਂ ਹੋਰ ਕਿਸੇ ਨੂੰ ਮੈਂ ਨਹੀ ਜਾਣਦਾ - ਕਿਸੇ ਹੋਰ ਤੇ ਭਰੋਸਾ ਨਹੀ, ਅਤੇ ਸਦਾ ਤੇਰੇ ਗੁਣ ਹੀ ਗਾਉਂਦਾ ਹਾਂ - ਤੇਰਾ ਧੰਨਵਾਦ ਕਰਦਾ: ਤੇਰਾ ਨਾਮ ਜਪਦਾ ਹਾਂ।
O my Master (The Lord), without You I know none else - my faith is in You, and I always sing Your Praise. ||3||

ਜੀਅ ਜੰਤ ਸਭਿ ਸਰਣਿ ਤੁਮ੍ਹਾਰੀ ਸਰਬ ਚਿੰਤ ਤੁਧੁ ਪਾਸੇ ॥
jee-a jant sabh saran tumHaaree sarab chint tuDh paasay.
ਜੀਵ ਜੰਤੂ (ਜਾਨਦਾਰ) ਸਾਰੇ ਤੁਹਾਡੀ ਸ਼ਰਣ (ਪਨਾਹ, ਆਸਰੇ) ਹਨ, ਅਤੇ ਸਾਰਿਆਂ ਦਾ ਹੀ ਫ਼ਿਕਰ ਤੁਹਾਨੂੰ ਹੈ।
All the living-beings and creatures seek Your protection, and You care for all of them.

ਜੋ ਤੁਧੁ ਭਾਵੈ ਸੋਈ ਚੰਗਾ ਇਕ ਨਾਨਕ ਕੀ ਅਰਦਾਸੇ ॥੪॥੨॥
jo tuDh bhaavai so-ee changa ik naanak kee ardaasay. ||4||2||
ਨਾਨਕ ਜੀ ਇਹੀ ਅਰਦਾਸ ਕਰਦੇ ਹਨ ਕਿ ਠੀਕ ਗੱਲ ਉਹ ਹੀ ਹੈ ਕਿ ਜੋ ਤੁਹਾਨੂੰ ਚੰਗੀ ਲੱਗਦੀ ਹੈ!
Nanak prays, the right thing is that which pleases You! ||4||2||

ਅਨੰਦੁ ਸਾਹਿਬ

ANAND SAHIB

"ਅਨੰਦ" ਬਾਣੀ ਦਾ ਨਾਮ ਹੈ। ਅਨੰਦ ਦਾ ਅਰਥ ਹੈ ਖੁਸ਼ੀ, ਖੇੜਾ, ਆਤਮਿਕ ਖੁਸ਼ੀ, ਅਤੇ ਦੁਨਿਆਵੀ ਸੁਖ ਵੀ।

"Anand:" the Blissful Hymn, is the name of the scripture, it also means the spiritual-bliss, and the worldly pleasures as well.

ਰਾਮਕਲੀ ਮਹਲਾ ੩ ਅਨੰਦੁ

raamkalee mehlaa 3 anand

"ਅਨੰਦ," ਰਾਗ ਰਾਮਕਲੀ ਵਿਚ ਤੀਸਰੇ ਪਾਤਿਸ਼ਾਹ ਗੁਰੂ ਅਮਰਦਾਸ ਜੀ ਦੀ ਬਾਣੀ, ਗੁਰੂ ਗਰੰਥ ਸਾਹਿਬ ਦੇ ਪੰਨਾ 917 ਤੇ ਹੈ।

"Anand," the Scripture composed by the 3rd Guru Amardas. It is in the Raag Raamkalee (Musical-measure named Raamkalee), at the page 917 of the Sikh Holy Book: Guru Granth Sahib.

ੴ ਸਤਿਗੁਰ ਪ੍ਰਸਾਦਿ ॥

ik-oNkaar satgur parsaad.

ਸਾਰੇ ਫੈਲੇ: ਸਰਬ ਵਿਆਪਕ, ਸਭ ਤਾਕਤਾਂ ਵਾਲੇ: ਸਰਬ-ਸ਼ਕਤੀਮਾਨ, ਵਾਹਿਗੁਰੂ ਜੀ, ਸਤਿਗੁਰੂ ਜੀ, ਦੀ ਕਿਰਪਾ ਦੇ ਨਾਲ ਇਹਨਾ ਦਾ ਗਿਆਨ ਪਰਾਪਤ ਹੁੰਦਾ ਹੈ।

ਸਤਿਗੁਰੂ ਜੀ ਦੀ ਕਿਰਪਾ ਦੇ ਨਾਲ ਸਮਝ ਆ ਜਾਂਦੀ ਹੈ ਕਿ ਪਰਮਾਤਮਾ ਵਰਗਾ ਹੋਰ ਦੂਸਰਾ ਕੋਈ ਨਹੀ, ਅਤੇ ਉਹ ਹਰ ਥਾਂ ਅਤੇ ਹਰ ਚੀਜ਼ ਵਿਚ ਹੈ।

ੴ ਦਾ ਉਚਾਰਨ ਹੈ "ਇਕ ਓਅੰਕਾਰ।"

੧ = ਇਕ, ਜਿਸਦਾ ਕੋਈ ਦੂਸਰਾ ਸ਼ਰੀਕ ਨਹੀ ਹੈ। ਆਮ ਕਹਿੰਦੇ ਹਨ "ਇਕ ਵਾਹਿਗੁਰੂ।" ਸਿਰਫ਼ "ਵਾਹਿਗੁਰੂ" ਲਿਖ ਦੇਣ ਦਾ ਵੀ ਇਹ ਹੀ ਭਾਵ ਹੈ ਕਿ ਉਹ "ਇਕ" ਹੈ।

ਓ = ਓਂ, ਓਅੰਙ, ਇਹ ਆਵਾਜ਼ ਜਾਂ ਲਿਖਤ ਪਰਮਾਤਮਾ ਦਰਸਾਂਦੀ (ਦਸਦੀ) ਹੈ।

⌒ = ਕਾਰ, ਅਕਾਰ, ਸਾਰੇ ਫੈਲਿਆ ਹੋਇਆ, ਹਰ ਚੀਜ਼ ਵਿਚ।

By the Guru's grace: kindness, one understands that there is none else like God, and He is present everywhere and in everything.

ੴ Is phonated as "Ikk-o-ann-kaar." In this -

੧ = means one 1, none else like Him.

ਓ = O, O-ann, As a sound or in writing, it represents God.

⌒ = Kaar, Akkaar, All over, everywhere, in every thing.

ਗੁਰਬਾਣੀ ਵਿਚ ਸਤਿਗੁਰੂ ਅਤੇ ਗੁਰੂ ਦੋਨੋ ਸ਼ਬਦ ਪਰਮਾਤਮਾ ਵਾਸਤੇ ਵੀ ਵਰਤੇ ਗਏ ਹਨ। ਟਰਾਂਸਲੇਸ਼ਨ (ਟੀਕੇ) ਵਿਚ ਕਿਤੇ ਕਿਤੇ ਇਹ ਦੱਸਣ ਅਤੇ ਲਿਖਤ ਛੋਟੀ ਰੱਖਣ ਲਈ "ਗੁਰੂ-ਵਾਹਿਗੁਰੂ," ਜਾਂ "ਸਤਿਗੁਰੂ-ਵਾਹਿਗੁਰੂ"

ਲਿਖ ਦਿੱਤਾ ਹੈ।

Prevailing all over: present everywhere and in everything, Waheguru (God) is realized (Understood) through the Grace of the Satguru: the True Master, the Prophet.

(Guru (The Master) is Prophet, and Satguru means the True Prophet. In Gurbani (Scriptures) Guru and Satguru, the both have also been used for God. In the translation, at places "Guru-Wahguru" or "Satguru-Waheguru" have been given to hint out this, and to keep the writing short).

ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ ॥

anand bha-i-aa mayree maa-ay satguroo mai paa-i-aa.

ਹੇ ਮੇਰੀ ਮਾਤਾ, ਮੈਂ ਸਤਿਗੁਰੂ ਨੂੰ ਪਾ ਲਿਆ ਹੈ, ਅਤੇ ਇਸ ਲਈ ਮੈਂ ਖੁਸ਼ੀ ਵਿਚ ਹਾਂ।

ਸ਼ਬਦ "ਸਤਿਗੁਰੂ" "ਵਾਹਿਗੁਰੂ" ਵਾਸਤੇ ਵੀ ਵਰਤਿਆ ਗਿਆ ਹੈ। ਇਹ ਬਾਣੀ ਗੁਰੂ ਅਮਰਦਾਸ ਜੀ ਦੀ ਹੈ, ਅਤੇ ਜੱਦ ਇਹ ਸ਼ਬਦ "ਸਤਿਗੁਰੂ" ਵਰਤ ਰਹੇ ਹਨ, ਇਹਦਾ ਅਰਥ ਇਹਨਾ ਦੇ ਗੁਰੂ ਅੰਗਦ ਦੇਵ ਜੀ ਜਾਂ ਇਹਨਾ ਤੋਂ ਪਹਿਲੇ ਗੁਰੂ ਨਾਨਕ ਦੇਵ ਜੀ ਵੀ ਹੋ ਸਕਦਾ ਹੈ, ਅਤੇ ਜਾਂ "ਵਾਹਿਗੁਰੂ"।

O my mother, I am in joy, because I have met the True Master. (This Scripture is by the Third Guru Amar Das, his Satguru: True Master, can be his preceding Guru Angad Dev the Second Guru, or even Guru Nank Dev, and it can as well mean Waheguru: God).

ਸਤਿਗੁਰੁ ਤ ਪਾਇਆ ਸਹਜ ਸੇਤੀ ਮਨਿ ਵਜੀਆ ਵਾਧਾਈਆ ॥

satgur ta paa-i-aa sahj saytee man vajee-aa vaaDhaa-ee-aa.

ਸਤਿਗੁਰੂ (ਵਾਹਿਗੁਰੂ) ਜੀ ਮੈਨੂੰ ਸਹਿਜ-ਸੁਭਾ ਹੀ: ਅਨਭੋਲ, ਆਪਣੀ ਦਿਆ ਕਰਕੇ, ਮਿਲ ਗਏ ਹਨ, ਅਤੇ ਮਨ ਵਧਾਈਆਂ (ਖੁਸ਼ੀਆਂ) ਮਨਾ ਰਿਹਾ ਹੈ।

ਗੁਰੂ ਜੀ ਨੂੰ ਮਿਲਣ ਦੇ ਨਾਲ ਹੀ, ਬਿਨਾ ਕਿਸੇ ਖੇਚਲ ਵਿਚ ਪਿਆਂ, ਸਿਰਫ਼ ਪਰਮਾਤਮਾ ਨੂੰ ਯਾਦ ਕਰਦੇ ਰਹਿਣ ਨਾਲ, ਵਾਹਿਗੁਰੂ ਦੇ ਨਾਲ ਮੇਲ ਹੋ ਗਿਆ ਹੈ।

ਵਾਹਿਗੁਰੂ ਬਾਰੇ ਸਮਝ ਆ ਗਈ ਹੈ ਕਿ ਉਹ ਹਰ ਥਾਂ, ਹਰ ਇਕ ਦੇ ਵਿਚ, ਅਤੇ ਸਭ ਕੁਝ ਕਰਣ ਵਾਲਾ ਹੈ।

I have found the True Master with ease, and my mind is in Joy.

(I have found the True Master easily by His Kindness, and my mind is in Joy: Bliss).

ਰਾਗ ਰਤਨ ਪਰਵਾਰ ਪਰੀਆ ਸਬਦ ਗਾਵਣ ਆਈਆ ॥

raag ratan parvaar paree-aa sabad gaavan aa-ee-aa.

ਇਸ ਖੁਸ਼ੀ ਵਿਚ, ਮੇਰੇ ਮਨ ਦੇ ਅੰਦਰ ਰਤਨ ਰਾਗ - ਪਰਮੁਖ ਰਾਗ, ਸੋਹਣੇ ਰਾਗ, ਸਣੇ ਆਪਣੇ ਪਰਵਾਰ (ਪਰੀਆਂ - ਰਾਗਨੀਆਂ) ਦੇ ਆ ਕੇ ਵਾਹਿਗੁਰੂ ਦਾ ਜੱਸ: ਸਿਫ਼ਤ, ਕਰਨ ਲੱਗ ਪਏ ਹਨ

ਮਨ ਦੇ ਅੰਦਰ ਰਾਗਾਂ ਵਿਚ ਬਾਣੀ ਦਾ ਕੀਰਤਨ ਚੱਲ ਪਿਆ ਹੈ। ਦਰਗਾਹ ਤੋਂ- ਵਾਹਿਗੁਰੂ ਦੇ ਦਰ ਤੋਂ, ਬਾਣੀ ਆ ਰਹੀ ਹੈ।

In this joy, "Shabad:" Hymns, the praise of God, has started in my mind in the

enchanting Raags and Raaganees: musical measures and sub-measures. (God-sent Hymns are being revealed).

ਸਬਦੋ ਤ ਗਾਵਹੁ ਹਰੀ ਕੇਰਾ ਮਨਿ ਜਿਨੀ ਵਸਾਇਆ ॥
sabdo ta gaavhu haree kayraa man jinee vasaa-i-aa.
ਤੁਸੀਂ ਸਿਰਫ਼ ਵਾਹਿਗੁਰੂ ਦਾ ਜਸ ਕਰੋ ਕਿ ਜਿਸਦੇ ਨਾਲ ਪਰਮਾਤਮਾ ਮਨ ਦੇ ਅੰਦਰ ਵੱਸ ਗਿਆ ਹੈ – ਮੈਂ ਉਹਦਾ ਨਾਮ ਜਪਣ ਲੱਗ ਪਿਆ ਹਾਂ।
You sing only the Shabad: Hymns, praise, of the Lord, due to which He settled His Name in my mind: I started reciting His Name.

ਕਹੈ ਨਾਨਕੁ ਅਨੰਦੁ ਹੋਆ ਸਤਿਗੁਰੂ ਮੈ ਪਾਇਆ ॥੧॥
kahai naanak anand ho-aa satguroo mai paa-i-aa. ||1||
ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਇਹਨਾ ਨੂੰ ਖੁਸ਼ੀ ਹੈ ਕਿਉਂ ਜੋ ਇਹਨਾ ਨੂੰ ਸੱਚੇ–ਗੁਰੂ (ਪਰਮਾਤਮਾਂ) ਮਿਲ ਪਏ ਹਨ: ਇਹਨਾ ਦੇ ਬਾਰੇ ਗਿਆਨ ਹੋ ਗਿਆ ਹੈ।
Says Guru Nanak Dev, he is in joy, because he has found the True Guru - He has realized: understood, the Lord. ||1||

ਏ ਮਨ ਮੇਰਿਆ ਤੂ ਸਦਾ ਰਹੁ ਹਰਿ ਨਾਲੇ ॥
ay man mayri-aa too sadaa rahu har naalay.
ਐ ਮੇਰੇ ਮਨ, ਤੂੰ ਸਦਾ ਵਾਹਿਗੁਰੂ ਦੇ ਧਿਆਨ ਵਿਚ ਰਹਿ (ਵਾਹਿਗੁਰੂ ਦਾ ਜਾਪ ਕਰ)।
ਸਿਖ ਧਰਮ ਵਿਚ ਪਰਮਾਤਮਾ ਦਾ ਨਾਮ ਵਾਹਿਗੁਰੂ ਹੈ, ਅਤੇ ਇਹ ਸ਼ਬਦ "ਵਾਹਿਗੁਰੂ" ਦਾ ਜਾਪ ਕਰਦੇ ਹਨ।
O my mind, always keep remembering the Lord.
(In Sikhs' the Name of God is Waheguru, and they recite the Word "Waheguru.").

ਹਰਿ ਨਾਲਿ ਰਹੁ ਤੂ ਮੰਨ ਮੇਰੇ ਦੂਖ ਸਭਿ ਵਿਸਾਰਣਾ ॥
har naal rahu too man mayray dookh sabh visaarnaa.
ਮੇਰੇ ਮਨ, ਤੂੰ ਹਰ ਵੇਲੇ ਵਾਹਿਗੁਰੂ ਨੂੰ ਯਾਦ ਰੱਖ, ਇਹ ਸਾਰੇ ਦੁਖ ਦੂਰ ਕਰਨ ਵਾਲਾ ਹੈ।
O my mind, always remember the Lord, He removes all the sufferings.

ਅੰਗੀਕਾਰੁ ਓਹੁ ਕਰੇ ਤੇਰਾ ਕਾਰਜ ਸਭਿ ਸਵਾਰਣਾ ॥
angeekaar oh karay tayraa kaaraj sabh savaarnaa.
(ਉਹਨੂੰ ਯਾਦ ਕਰਨ ਦੇ ਨਾਲ) ਉਹ ਤੈਨੂੰ ਅੰਗੀਕਾਰ ਕਰ: ਆਪਣਾ ਬਣਾ ਲਵੇਗਾ, ਅਤੇ ਤੇਰੇ ਸਾਰੇ ਕੰਮ ਠੀਕ ਹੋ ਜਾਣਗੇ।
(By remembering Him) He will accept you, and all your affairs will be set right.

ਸਭਨਾ ਗਲਾ ਸਮਰਥੁ ਸੁਆਮੀ ਸੋ ਕਿਉ ਮਨਹੁ ਵਿਸਾਰੇ ॥
sabhnaa galaa samrath su-aamee so ki-o manhu visaaray.
ਵਹਿਗੁਰੂ ਕਿ ਜੋ ਸਭ ਕੁਝ ਕਰ ਸਕਦਾ ਹੈ, ਤੂੰ ਉਹਨੂੰ ਕਿਉਂ ਮਨ ਤੋਂ ਭੁਲਾਉਂਦਾ ਹੈਂ!
God can do everything, then why do you forget Him!

ਕਹੈ ਨਾਨਕੁ ਮੰਨ ਮੇਰੇ ਸਦਾ ਰਹੁ ਹਰਿ ਨਾਲੇ ॥੨॥
kahai naanak man mayray sadaa rahu har naalay. ||2||
ਨਾਨਕ ਜੀ ਕਹਿੰਦੇ ਹਨ ਕਿ ਹੇ ਮਨ ਤੂੰ ਹਮੇਸ਼ਾ ਵਾਹਿਗੁਰੂ ਨੂੰ ਯਾਦ ਰੱਖ।
Nanak says, O mind, always remember the Lord. ||2||

ਸਾਚੇ ਸਾਹਿਬਾ ਕਿਆ ਨਾਹੀ ਘਰਿ ਤੇਰੈ ॥
saachay saahibaa ki-aa naahee ghar tayrai.
ਹੇ ਸੱਚੇ: ਸਦਾ ਕਾਇਮ ਪਾਤਿਸ਼ਾਹ, ਤੇਰੇ ਘਰ ਕੀ ਨਹੀ!
My True Lord, what is not there in Your house!

ਘਰਿ ਤ ਤੇਰੈ ਸਭੁ ਕਿਛੁ ਹੈ ਜਿਸੁ ਦੇਹਿ ਸੁ ਪਾਵਏ ॥
ghar ta tayrai sabh kichh hai jis deh so paav-ay.
ਤੇਰੇ ਘਰ ਸਭ ਕੁਝ ਹੈ (ਆਤਮਿਕ, ਭਗਤੀ) ਅਤੇ ਜਿਸ ਨੂੰ ਤੂੰ ਦਿੰਦਾ ਹੈਂ: ਨਾਮ, ਭਗਤੀ, ਉਹਨੂੰ ਮਿਲ ਜਾਂਦਾ ਹੈ।
Everything (Spiritual, His worship) is there with You, but only those get to whom You give.

ਸਦਾ ਸਿਫਤਿ ਸਲਾਹ ਤੇਰੀ ਨਾਮੁ ਮਨਿ ਵਸਾਵਏ ॥
sadaa sifat salaah tayree naamu manne vasaava-ay.
(ਜਿਨ੍ਹਾਂ ਨੂੰ ਵਾਹਿਗੁਰੂ ਦਿੰਦਾ ਹੈ ਆਪਣਾ ਨਾਮ, ਉਹ) ਵਾਹਿਗੁਰੂ ਦੇ ਗੁਣ ਗਾਉਣ ਅਤੇ ਨਾਮ ਜਪਣ ਨੂੰ ਹਰ ਵਕਤ ਮਨ ਦੇ ਅੰਦਰ ਰਖਦੇ ਹਨ – ਯਾਦ ਕਰਦੇ ਹਨ।
(Those who receive Your gift: Your Name), they always sing Your praise and keepYour Name in their minds - remember You.

ਨਾਮੁ ਜਿਨ ਕੈ ਮਨਿ ਵਸਿਆ ਵਾਜੇ ਸਬਦ ਘਨੇਰੇ ॥
naam jin kai man vasi-aa vaajay sabad ghanayray.
ਜਿਨ੍ਹਾਂ ਦੇ ਮਨ ਦੇ ਅੰਦਰ ਵਾਹਿਗੁਰੂ ਦਾ ਨਾਮ ਵਸ ਜਾਂਦਾ ਹੈ (ਨਾਮ ਜਪਦੇ ਹਨ), ਉਹਨਾ ਨੂੰ ਬਹੁਤ ਖੁਸ਼ੀਆਂ ਮਿਲ ਜਾਂਦੀਆਂ ਹਨ। (ਜਿਵੇਂ ਕਿ ਰਾਗ–ਵਾਜੇ ਸੁਣ ਕੇ ਮਨ ਖੁਸ਼ ਹੋ ਜਾਂਦਾ ਹੈ)।
Those who keep the Name of God in their minds, they stay in joy (Spiritual joy, as it is given by music and singing).

ਕਹੈ ਨਾਨਕੁ ਸਚੇ ਸਾਹਿਬ ਕਿਆ ਨਾਹੀ ਘਰਿ ਤੇਰੈ ॥੩॥
kahai naanak sachay saahib ki-aa naahee ghar tayrai. ||3||
ਗੁਰੂ ਨਾਨਕ ਜੀ ਕਹਿੰਦੇ ਹਨ, ਸੱਚੇ (ਸਦਾ ਕਾਇਮ) ਵਾਹਿਗੁਰੂ, ਕੀ ਹੈ ਕਿ ਜੋ ਤੇਰੇ ਘਰ ਨਹੀ ਹੈ (ਤੂੰ ਸਭ ਕੁਝ

ਕਰ, ਦੇ ਸਕਦਾ ਹੈਂ)!

Nanak says, O my Lord, what is not there in Your house! (You can do and give everything). ||3||

ਸਾਚਾ ਨਾਮੁ ਮੇਰਾ ਆਧਾਰੋ ॥

saachaa naam mayraa aaDhaaro.

ਵਾਹਿਗੁਰੂ ਦਾ ਸੱਚਾ ਨਾਮ ਮੇਰਾ ਆਸਰਾ ਹੈ।

The True Name of God is my support.

ਸਾਚੁ ਨਾਮੁ ਅਧਾਰੁ ਮੇਰਾ ਜਿਨਿ ਭੁਖਾ ਸਭਿ ਗਵਾਈਆ ॥

saach naam aDhaar mayraa jin bhukhaa sabh gavaa-ee-aa.

ਉਹਦਾ ਸੱਚਾ ਨਾਮ ਮੇਰਾ ਆਸਰਾ ਹੈ, ਅਤੇ ਇਹਨੇ ਮੇਰੀਆਂ ਹੋਰ ਸਾਰੀਆਂ ਭੁੱਖਾਂ (ਲੋੜਾਂ, ਚਾਹਵਾਂ) ਹਟਾ-ਮਿਟਾ ਦਿਤੀਆਂ ਹਨ (ਪੂਰੀਆਂ ਕਰ ਦਿਤੀਆਂ ਹਨ, ਕੋਈ ਹੋਰ ਲੋੜ ਰਹੀ ਨਹੀ। ਮੈਨੂੰ ਸਬਰ ਆ ਗਿਆ ਹੈ)।

His True Name is my support, and it has removed my all other hungers (Desires have got fulfilled, appeased, I am contented. No more any doubts).

ਕਰਿ ਸਾਂਤਿ ਸੁਖ ਮਨਿ ਆਇ ਵਸਿਆ ਜਿਨਿ ਇਛਾ ਸਭਿ ਪੁਜਾਈਆ ॥

kar saa^N^t sukh man aa-ay vasi-aa jin ichhaa sabh pujaa-ee-aa.

ਮਨ ਦੇ ਅੰਦਰ ਆ ਕੇ ਵਾਹਿਗੁਰੂ ਦੇ ਨਾਮ ਨੇ ਸੁਖ-ਸ਼ਾਂਤੀ ਪੈਦਾ ਕਰ ਦਿੱਤੇ ਹਨ, ਅਤੇ ਇਸ ਨਾਮ ਨੇ ਸਾਰੀਆਂ ਇੱਛਾਵਾਂ ਪੂਰੀਆਂ ਕਰ ਦਿੱਤੀਆਂ ਹਨ।

The Name of God has brought peace and calm to my mind, and it has fulfilled all my desires.

ਸਦਾ ਕੁਰਬਾਣੁ ਕੀਤਾ ਗੁਰੂ ਵਿਟਹੁ ਜਿਸ ਦੀਆ ਏਹਿ ਵਡਿਆਈਆ ॥

sadaa kurbaan keetaa guroo vitahu jis dee-aa ayhi vadi-aa-ee-aa.

ਮੈਂ ਕੁਰਬਾਨ ਹਾਂ ਅਜਿਹੇ ਗੁਰੂ ਤੋਂ ਕਿ ਜਿਸਦੀਆਂ ਅਜਿਹੀਆਂ ਵਡਿਆਈਆਂ: ਸਿਫ਼ਤਾਂ, ਹਨ (ਨਾਮ ਬਖਸ਼ਦਾ, ਸਭ ਇੱਛਾਵਾਂ ਮਿਟਾਉਂਦਾ ਤੇ ਪੂਰੀਆਂ ਕਰਦਾ, ਸੁਖ-ਸ਼ਾਂਤੀ ਅਤੇ ਸਬਰ ਦਿੰਦਾ ਹੈ)।

I appreciate such a Guru, who possesses such great qualities (Gives His Name to recite and peace of mind, removes or fulfills all desires, gives contentment).

ਕਹੈ ਨਾਨਕੁ ਸੁਣਹੁ ਸੰਤਹੁ ਸਬਦਿ ਧਰਹੁ ਪਿਆਰੋ ॥

kahai naanak sunhu santahu sabad Dharahu pi-aaro.

ਇਸ ਲਈ ਗੁਰੂ ਨਾਨਕ ਜੀ ਕਹਿੰਦੇ ਹਨ, ਕਿ ਸੁਣੋ ਸੰਤੋ (ਗੁਰਮੁਖੋ), ਸ਼ਬਦ: ਗੁਰੂ ਦੇ ਹੁਕਮ, ਦੇ ਨਾਲ ਪਿਆਰ ਰੱਖੋ - ਨਾਮ ਜਪੋ।

Guru Nanak says, O saints: God-Oriented people, listen, love the Shabad: Name of the Lord, remember Him always.

ਸਾਚਾ ਨਾਮੁ ਮੇਰਾ ਆਧਾਰੋ ॥੪॥

saachaa naam mayraa aaDhaaro. ||4||

(ਵਾਹਿਗੁਰੂ ਦਾ) ਸੱਚਾ ਨਾਮ ਮੇਰਾ ਆਸਰਾ ਹੈ !

The True Name (of God) is my support! ||4||

ਵਾਜੇ ਪੰਚ ਸਬਦ ਤਿਤੁ ਘਰਿ ਸਭਾਗੈ ॥

vaajay panch sabad tit ghar sabhaagai.

ਉਸ ਭਾਗਾਂ ਵਾਲੇ ਘਰ ਵਿਚ (ਮਨ, ਜਿੱਥੇ ਨਾਮ ਜਪੀਦਾ ਹੈ) ਪੰਚ-ਸ਼ਬਦ ਦੀ ਆਵਾਜ਼ ਚੱਲ ਪੈਂਦੀ ਹੈ: ਭਾਵ ਖੁਸ਼ੀਆਂ ਆ ਜਾਂਦੀਆਂ ਹਨ।

ਪੰਚ ਸ਼ਬਦ - ਤੂਤੀ, ਸਾਰੰਗੀ, ਢੋਲ, ਘੜਾ, ਘੜਿਆਲ ਦੀਆਂ ਆਵਾਜ਼ਾਂ।

In such a house (mind, where the Name of God is recited) the Panch-Shabad (five types of sounds) set in i.e. there comes the joy.

"Five-Sounds" are also called "Anhad Shabad" or "Anhat Shabad." These sounds are of the 1. String instrument like violin, Sarangee 2. Leather bound instrument e.g. drum. 3. Metal instruments e.g. a gong, bell. 4. Instrument played by blowing in it, such as a flute or trumpet. 5. The sound from space like striking an empty earthen-pot, or from sea or conch put to ear.

ਘਰਿ ਸਭਾਗੈ ਸਬਦ ਵਾਜੇ ਕਲਾ ਜਿਤੁ ਘਰਿ ਧਾਰੀਆ ॥

ghar sabhaagai sabad vaajay kalaa jit ghar Dhaaree-aa.

(ਇਹ) ਸ਼ਬਦ: ਪੰਚ-ਸ਼ਬਦ, ਉਸ ਭਾਗਾਂ ਵਾਲੇ ਘਰ: ਮਨ ਵਿਚ, ਵੱਜਦੇ ਹਨ (ਖੁਸ਼ੀਆਂ ਆਉਂਦੀਆਂ ਹਨ) ਕਿ ਜਿਸ ਉੱਤੇ ਵਾਹਿਗੁਰੂ ਦੀ ਕਿਰਪਾ ਹੋ ਜਾਂਦੀ ਹੈ।

These instruments play (Joy comes) in that lucky house (Mind) to which God is kind.

ਪੰਚ ਦੂਤ ਤੁਧੁ ਵਸਿ ਕੀਤੇ ਕਾਲੁ ਕੰਟਕੁ ਮਾਰਿਆ ॥

panch doot tuDh vas keetay kaal kantak maari-aa.

(ਵਾਹਿਗੁਰੂ ਜੀ, ਜੋ ਮਨ ਨਾਮ ਜਪਦਾ ਹੈ, ਇਹਦੇ) ਪੰਜ ਦੁਸ਼ਮਣ ਤੁਸੀਂ ਵੱਸ ਕਰ, ਮੌਤ ਦਾ ਕੰਟਕੁ: ਕੰਡਾ, ਡਰ, ਦੂਰ ਕਰ ਦਿੰਦੇ ਹੋ।

ਪੰਚ ਦੂਤ, ਪੰਜ ਦੁਸ਼ਮਣ - ਕਾਮ: ਕਾਮਨਾਵਾਂ, ਇਛਾਵਾਂ, ਲਿੰਗ-ਚੇਸ਼ਟਾ (ਇਸਤਰੀ-ਪੁਰਸ਼ ਸਨਬੰਧ); ਕਰੋਧ; ਲੋਭ; ਮੋਹ; ਅਹੰਕਾਰ।

(God, he who recites Your Name,) You get his five enemies under control, and remove his fear of death – death does not go near him.

Five enemies – Desires, including passion; sex; anger; greed; attachment, love; and ego.

ਧੁਰਿ ਕਰਮਿ ਪਾਇਆ ਤੁਧੁ ਜਿਨ ਕਉ ਸਿ ਨਾਮਿ ਹਰਿ ਕੈ ਲਾਗੇ ॥

Dhur karam paa-i-aa tuDh jin ka-o se naam har kai laagay.

ਜਿਨ੍ਹਾਂ ਦੇ ਲੇਖਾਂ ਵਿਚ ਤੂੰ ਆਪਣੇ ਦਰਵਾਜ਼ੇ: ਘਰੋਂ, ਵਾਹਿਗੁਰੂ-ਯਾਦ ਆਪ ਪਾ ਦਿੱਤੀ ਹੈ, ਉਹ ਹੀ ਨਾਮ ਦਾ ਜਾਪ

ਕਰਨ ਨੂੰ ਲੱਗਦੇ ਹਨ।
Only those whom you bless with the destiny to remember God, recite Your Name.

ਕਹੈ ਨਾਨਕੁ ਤਹ ਸੁਖੁ ਹੋਆ ਤਿਤੁ ਘਰਿ ਅਨਹਦ ਵਾਜੇ ॥੫॥
kahai naanak tah sukh ho-aa tit ghar anhad vaajay. ||5||
ਗੁਰੂ ਨਾਨਕ ਜੀ ਕਹਿੰਦੇ ਹਨ ਕਿ ਅਜਿਹੀ ਥਾਂ ਤੇ, ਭਾਵ ਜੋ ਰੱਬ ਨੂੰ ਯਾਦ ਕਰਦਾ ਹੈ ਉਸ ਮਨ ਦੇ ਅੰਦਰ, ਸੁਖ ਹੋ ਜਾਂਦਾ ਹੈ, ਅਤੇ ਉੱਥੇ ਅਨਹਦ-ਵਾਜੇ ਵਜਣ ਲੱਗ ਪੈਂਦੇ ਹਨ।
ਅਨਹਦ ਵਾਜੇ - ਅਨਹਦ-ਵਾਜੇ ਵੱਜ ਪੈਂਦੇ ਹਨ, ਅਨਹਦ ਵੱਜਣ ਲੱਗ ਜਾਂਦਾ ਹੈ। ਅਨਹਦ - ਰੱਬੀ ਆਵਾਜ਼, ਬਿਨਾ ਕਾਰਣ ਪੈਦਾ ਹੋਣ ਵਾਲੀਆਂ ਆਵਾਜ਼ਾਂ, ਲਗਾਤਾਰ ਆਵਾਜ਼, ਖੁਸ਼ੀਆਂ। ਅਨਹਦ ਨੂੰ "ਪੰਚ-ਸ਼ਬਦ" ਵੀ ਕਹਿੰਦੇ ਹਨ। ਅਨਹਦ ਤੋਂ ਭਾਵ ਗੁਰਬਾਣੀ ਅਤੇ ਰੱਬ ਦਾ ਨਾਮ-ਜਾਪ ਵੀ ਹੈ।
Guru Nanak says, at such a place – the mind that remembers God, peace and calm reside, and Anhad (Celestial Sound) come to play.||5||
Anhad - A sound without any cause e.g. striking, a continuous sound. This is also called "Panch-Shabad" (Five sounds) like that of 1. Stringed instruments: Sarangee, Veenaa etc. 2. Instruments played by blowing in air: flute, trumpet. 3. Leather bound instruments: drums. 4. Instruments of metal: gong, bell. 5. Sound from space: from an empty pot, sea. Anhad may mean the continuous recitation of the Name of God and reading the scriptures.

ਸਾਚੀ ਲਿਵੈ ਬਿਨੁ ਦੇਹ ਨਿਮਾਣੀ ॥
saachee livai bin dayh nimaanee.
ਸ਼ੱਚੀ ਲਿਵ - ਵਾਹਿਗੁਰੂ ਦੇ ਪਿਆਰ, ਬਾਝੋਂ ਇਹ ਸਰੀਰ (ਮਨੁਖ) ਬੇਆਸਰਾ ਹੈ।
Without the TrueLove - Devotion to God, this body (Man) is without any worth.

ਦੇਹ ਨਿਮਾਣੀ ਲਿਵੈ ਬਾਝਹੁ ਕਿਆ ਕਰੇ ਵੇਚਾਰੀਆ ॥
dayh nimaanee livai baajhahu ki-aa karay vaychaaree-aa.
ਇਹ ਦੇਹੀ ਬੇਆਸਰਾ ਹੈ ਸੱਚੇ ਦੇ ਪਿਆਰ ਬਾਝੋਂ, ਅਤੇ ਇਸ ਬਿਨਾ ਇਹ ਵਿਚਾਰੀ ਕੀ ਕਰੇ (ਕਿਸੇ ਕੰਮ ਜੋਗੀ ਨਹੀ)?
The body (Man) is helpless without the True Love of God, and without it this is helpless.

ਤੁਧੁ ਬਾਝੁ ਸਮਰਥ ਕੋਇ ਨਾਹੀ ਕ੍ਰਿਪਾ ਕਰਿ ਬਨਵਾਰੀਆ ॥
tuDh baajh samrath ko-ay naahee kirpaa kar banvaaree-aa.
ਤੁਹਾਡੇ ਬਿਨਾ ਕੋਈ ਵੀ ਕੁਝ ਨਹੀ ਕਰ ਸਕਦਾ, ਹੇ ਵਾਹਿਗੁਰੂ ਜੀ ਤੁਸੀਂ ਆਪ ਹੀ ਇਸ ਤੇ ਕਿਰਪਾ ਕਰੋ (ਇਹਨੂੰ ਨਾਮ ਜਾਪ, ਪਾਠ, ਕਰਣ ਜੋਗਾ ਬਣਾਉ)।
ਬਨਵਾਰੀ - ਜੰਗਲ ਨੂੰ ਮਾਲਾ ਦੇ ਵਾਂਙ ਗਲ ਪਾ ਲੈਣ ਵਾਲਾ ਦੇਵਤਾ ਵਿਸ਼ਨੂ। ਬਨ ਦਾ ਮਾਲੀ - ਭਾਵ ਹੈ ਵਾਹਿਗੁਰੂ।
Without You no one can do anything, O Lord, be kind to him (Enable him to

recite the Scriptures and chant Your Name).
(Banvaaree-aa: O Banvaaree – A god named Vishnu who puts the forests around his neck like a necklace, Caretaker of the Forests: Gardner, It means the Lord).

ਏਸ ਨਉ ਹੋਰੁ ਥਾਉ ਨਾਹੀ ਸਬਦਿ ਲਾਗਿ ਸਵਾਰੀਆ ॥
ays na-o hor thaa-o naahee sabad laag savaaree-aa.
(ਤੁਹਾਡੇ ਬਾਝੋਂ) ਇਹਨੂੰ ਹੋਰ ਕੋਈ ਥਾਂ ਨਹੀ ਕਿ ਜਿੱਥੇ ਜਾ ਕੇ ਆਪਣੇ ਬਚਾਉ ਲਈ ਬੇਨਤੀ ਕਰੇ, ਤੁਸੀਂ ਹੀ ਕਿਰਪਾ ਕਰੋ, ਇਹਨੂੰ ਸ਼ਬਦ ਦੇ ਲੜ ਲਾਕੇ: ਇਸ ਤੋਂ ਨਾਮ ਜਾਪ ਕਰਵਾ ਕੇ, ਬਚਾ ਲਉ।
For him there is no other place except You (For the man to go and pray to get saved), please attach him to Your Word - that he starts reciting Your Name, and save him.

ਕਹੈ ਨਾਨਕੁ ਲਿਵੈ ਬਾਝਹੁ ਕਿਆ ਕਰੇ ਵੇਚਾਰੀਆ ॥੬॥
kahai naanak livai baajhahu ki-aa karay vaychaaree-aa. ||6||
ਗੁਰੂ ਨਾਨਕ ਜੀ ਕਹਿੰਦੇ ਹਨ ਕਿ ਬਿਨਾ ਸੱਚੀ ਲਿਵ (ਰੱਬ ਦੇ ਪਿਆਰ) ਦੇ, ਇਹ ਮਨੁਖ ਕਾਸੇ ਜੋਗਾ, ਕਸੇ ਕੰਮ ਦਾ, ਨਹੀ।
Says Nanak, without deep attachment to God, this poor fellow is worth nothing. ||6||

ਆਨੰਦੁ ਆਨੰਦੁ ਸਭੁ ਕੋ ਕਹੈ ਆਨੰਦੁ ਗੁਰੂ ਤੇ ਜਾਣਿਆ ॥
aanand aanand sabh ko kahai aanand guroo tay jaani-aa.
ਹਰ ਕੋਈ (ਗੱਲੀਂ ਬਾਤੀਂ ਹੀ) ਆਨੰਦ: ਖੁਸ਼ੀ, ਦੀ ਗੱਲ ਕਰਦਾ ਹੈ, ਭਰ ਅਸਲ ਵਿਚ ਆਨੰਦ (ਆਤਮਿਕ ਖੁਸ਼ੀ) ਹੈ ਕੀ ਇਸਦਾ ਪਤਾ ਗੁਰੂ ਮਹਾਰਾਜ ਤੋਂ ਹੀ – ਇਹਨਾ ਦੀ ਕਿਰਪਾ ਦੇ ਨਾਲ, ਲੱਗਦਾ ਹੈ।
Everyone talks of Joy (Bliss), but what the real bliss (Spiritual Joy) is, is known only from The Guru (By his Grace).

ਜਾਣਿਆ ਆਨੰਦੁ ਸਦਾ ਗੁਰ ਤੇ ਕ੍ਰਿਪਾ ਕਰੇ ਪਿਆਰਿਆ ॥
jaani-aa aanand sadaa gur tay kirpaa karay pi-aari-aa.
ਇਸ ਆਨੰਦ ਬਾਰੇ ਕਿ ਇਹ ਹੈ ਕੀ, ਹਮੇਸ਼ਾ ਗੁਰੂ ਮਹਾਰਾਜ ਤੋਂ ਹੀ ਜਾਣਿਆ ਜਾਂਦਾ ਹੈ, ਅਤੇ ਉਹ ਆਪ ਹੀ ਇਹ ਕਿਰਪਾ ਕਰ ਦੇਣ।
This bliss is known only from the Guru (The Master) and may he be Kind to give this knowledge.

ਕਰਿ ਕਿਰਪਾ ਕਿਲਵਿਖ ਕਟੇ ਗਿਆਨ ਅੰਜਨੁ ਸਾਰਿਆ ॥
kar kirpaa kilvikh katay gi-aan anjan saari-aa.
(ਗੁਰੂ ਮਹਾਰਾਜ ਨੇ) ਕਿਰਪਾ ਕਰਕੇ ਕਿਲਵਿਖ: ਪਾਪ – ਦੁਖ–ਰੋਗ, ਕੱਟ ਦਿੱਤੇ ਹਨ, ਗਿਆਨ ਦਾ ਸੁਰਮਾ ਅਖਾਂ ਵਿਚ ਪਾ ਕੇ ਸਭ ਕੁਝ ਠੀਕ ਕਰ ਦਿੱਤਾ ਹੈ।(ਸੱਚਾ ਗਿਆਨ, ਪਰਮਾਤਮਾ ਅਤੇ ਨਾਮ ਦੇ ਬਾਰੇ ਸਮਝਾ ਕੇ ਸਭ ਕੁਝ ਸੰਵਾਰ ਦਿੱਤਾ ਹੈ)।
By His Grace, He has removed the sins - troubles, afflictions, by putting the

Surma: eye-powder, of knowledge, and has set right every thing.

Surma - Colerium, eye-powder of a metal named antimony. This is considered healthy for the eyes. It means, by giving the true knowledge about God and His Name.

ਅੰਦਰਹੁ ਜਿਨ ਕਾ ਮੋਹੁ ਤੁਟਾ ਤਿਨ ਕਾ ਸਬਦੁ ਸਚੈ ਸਵਾਰਿਆ ॥

andrahu jin kaa moh tutaa tin kaa sabad sachai savaari-aa.

ਜਿਨ੍ਹਾਂ ਦੇ ਮਨ ਦੇ ਅੰਦਰੋਂ ਮੋਹ: ਸੰਸਾਰ ਦੇ ਪਿਆਰ ਦੀ ਪਕੜ, ਹੱਟ ਗਈ ਹੈ, ਜਾਣੋ ਕਿ ਸੱਚੇ ਸ਼ਬਦ - ਬਾਣੀ, ਨਾਮ-ਜਾਪ, ਨੇ ਉਹਨਾ ਨੂੰ ਸੰਵਾਰ-ਸ਼ੰਗਾਰ ਦਿੱਤਾ ਹੈ (ਮਨ ਤੇ ਆਤਮਾ ਸੁਧਾਰ ਦਿੱਤੇ ਹਨ)।

Those who removed worldly attachments from their minds, in fact they got evolved: lifted, by reciting the Shabad (The Word: Name of God, Scriptures).

ਕਹੈ ਨਾਨਕੁ ਏਹੁ ਅਨੰਦੁ ਹੈ ਆਨੰਦੁ ਗੁਰ ਤੇ ਜਾਣਿਆ ॥੭॥

kahai naanak ayhu anand hai aanand gur tay jaani-aa. ||7||

ਗੁਰੂ ਨਾਨਕ ਜੀ ਕਹਿੰਦੇ ਹਨ ਕਿ ਅਸਲ ਅਨੰਦ - ਆਤਮਿਕ ਖੁਸ਼ੀ, ਇਹ ਹੀ ਹੈ ਕਿ ਜੋ (ਜਿਸ ਦਾ ਗਿਆਨ) ਗੁਰੂ ਮਹਾਰਾਜ ਤੋਂ ਮਿਲਦਾ ਹੈ।

Says Nanak, the real spiritual bliss is that knowledge which is got from the Guru (Prophet). ||7||

ਬਾਬਾ ਜਿਸੁ ਤੂ ਦੇਹਿ ਸੋਈ ਜਨੁ ਪਾਵੈ ॥

baabaa jisu too dehe so-ee janu paavai.

ਹੇ ਬਾਬਾ ਜੀ (ਪਰਮਾਤਮਾ, ਗੁਰੂ), ਜਿਸ ਨੂੰ ਕਿਰਪਾ ਕਰਕੇ ਤੁਸੀਂ ਇਹ ਆਤਮਿਕ ਅਨੰਦ ਦਿੰਦੇ ਹੋ, ਉਹਨੂੰ ਹੀ ਇਹ ਮਿਲਦਾ ਹੈ।

O Baba (The revered one: God, Guru), he alone gets this: Spiritual joy, to whom You give it.

ਪਾਵੈ ਤ ਸੋ ਜਨੁ ਦੇਹਿ ਜਿਸ ਨੋ ਹੋਰਿ ਕਿਆ ਕਰਹਿ ਵੇਚਾਰਿਆ ॥

paavai ta so janu dehe jis no hor-e ki-aa karahi vaychaari-aa.

ਉਹ ਹੀ ਪਾਉਂਦਾ ਹੈ ਇਹ - ਆਤਮਿਕ ਅਨੰਦ, ਕਿ ਜਿਸ ਨੂੰ ਤੁਸੀਂ ਕਿਰਪਾ ਕਰਕੇ ਦਿੰਦੇ ਹੋ, ਬਾਕੀ ਦੇ ਵਿਚਾਰੇ ਕੀ ਕਰ ਸਕਦੇ ਹਨ (ਬੇਵੱਸ ਹਨ, ਕੁਝ ਨਹੀ ਕਰ ਜਾਂ ਲੈ ਸਕਦੇ)।

Only those get this - Spiritual Joy, to whom You give it through Your Mercy, what can the others do (They can't do or get anything)!

ਇਕਿ ਭਰਮਿ ਭੂਲੇ ਫਿਰਹਿ ਦਹ ਦਿਸਿ ਇਕਿ ਨਾਮਿ ਲਾਗਿ ਸਵਾਰਿਆ ॥

ik bharam bhoolay phirhe dah dis ik naam laag savaari-aa.

ਇਕਨਾ ਨੂੰ ਤੁਹਾਡੇ ਤੇ ਵਿਸ਼ਵਾਸ ਨਹੀ ਬੱਝਦਾ ਤੇ ਉਹ ਦਸੀਂ ਪਾਸੀਂ - ਥਾਂ ਥਾਂ ਤੇ ਜਾ ਜਾ ਕੇ, ਭਟਕਦੇ ਫਿਰਦੇ ਹਨ: ਸੁਖ-ਸ਼ਾਂਤੀ ਨਹੀ ਮਿਲਦੀ, ਅਤੇ ਦੂਸਰੇ ਉਹ ਹਨ ਜਿਨ੍ਹਾਂ ਨੂੰ ਤੁਸੀਂ ਨਾਮ-ਬਾਣੀ ਦੇ ਨਾਲ ਲੱਗ ਜਾਣ ਦੇ ਕਾਰਣ ਸੰਵਾਰ - ਗੁਰਮੁਖ, ਬਣਾ ਦਿੱਤਾ ਹੈ।

Some have doubts about Your existence, and they keep running about in all the

directions - go to place to place and person to person, but do not find peace of mind, others who by Your Grace attach themselves to the Naam, get elevated: uplifted, evolved.

ਗੁਰ ਪਰਸਾਦੀ ਮਨੁ ਭਇਆ ਨਿਰਮਲੁ ਜਿਨਾ ਭਾਣਾ ਭਾਵਏ ॥

gur parsaadee man bha-i-aa nirmal jinaa bhaanaa bhaav-ay.

ਗੁਰੂ ਮਹਾਰਾਜ ਦੀ ਕਿਰਪਾ ਦੇ ਨਾਲ ਉਹਨਾ ਦਾ ਮਨ ਪਵਿੱਤਰ ਹੋ ਜਾਂਦਾ ਹੈ ਕਿ ਜੋ ਰੱਬ ਦੀ ਰਜ਼ਾ ਮੰਨਣ ਲੱਗ ਪੈਂਦੇ ਹਨ।

By the Grace of the Guru, the minds of those become pure who accept the Will of God.

ਕਹੈ ਨਾਨਕੁ ਜਿਸੁ ਦੇਹਿ ਪਿਆਰੇ ਸੋਈ ਜਨੁ ਪਾਵਏ ॥੮॥

kahai naanak jis deh pi-aaray so-ee jan paav-ay. ||8||

ਨਾਨਕ ਜੀ ਕਹਿੰਦੇ ਹਨ ਕਿ ਹੇ ਪਿਆਰੇ (ਵਾਹਿਗੁਰੂ ਜੀ) ਜਿਸ ਨੂੰ ਤੁਸੀਂ ਆਤਮਿਕ ਅਨੰਦ ਬਖਸ਼ਦੇ ਹੋ, ਉਹ ਹੀ ਇਹ ਪਾਉਂਦਾ ਹੈ (ਹੋਰ ਕੋਈ ਆਪਣੇ ਆਪ ਹੀ ਨਹੀ ਪਾ ਸਕਦਾ)।

Says Nanak, O Beloved Lord, only he gets it – the Spiritual Joy, to whom You give it. ||8||

ਆਵਹੁ ਸੰਤ ਪਿਆਰਿਹੋ ਅਕਥ ਕੀ ਕਰਹ ਕਹਾਣੀ ॥

aavhu sant pi-aariho akath kee karah kahaanee.

ਆਉ ਪਿਆਰੇ ਸੰਤੋ: ਗੁਰਮੁਖੋ, ਕਿ ਜੋ ਦਸੱਣ ਕਹਿਣ ਤੋਂ ਉੱਪਰ ਹੈ (ਵਾਹਿਗੁਰੂ) ਉਹਦੀਆਂ ਗੱਲਾਂ: ਕਥਾ, ਭਜਨ, ਕਰੀਏ।

Come, beloved saints, let us talk about: meditate on, the Indescribable (The Lord).

ਕਰਹ ਕਹਾਣੀ ਅਕਥ ਕੇਰੀ ਕਿਤੁ ਦੁਆਰੈ ਪਾਈਐ ॥

karah kahaanee akath kayree kit du-aarai paa-ee-ai.

ਨਾਹ ਬਿਆਨ ਕੀਤੇ ਜਾ ਸਕਣ ਵਾਲੇ (ਵਾਹਿਗੁਰੂ) ਬਾਰੇ ਇਹ ਗੱਲਾਂ ਕਰੀਏ: ਸੋਚੀਏ, ਵੀਚਾਰੀਏ, ਕਥਾ ਕਰੀਏ, ਕਿ ਇਹ ਕਿਸ ਦਰਵਾਜ਼ੇ ਤੋਂ (ਕਿੱਥੋਂ, ਕਿੱਦਾਂ, ਕਿਸ ਤੋਂ) ਪਾਇਆ ਜਾ ਸਕਦਾ ਹੈ।

Let us think about the Indescribable (God) as to how can we meet: achieve, understand, Him.

ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ ॥

tanu mannu Dhanu sabh saupe gur ka-o hukame mani-ai paa-ee-ai.

ਜੇ ਕਰ ਤਨ, ਮਨ, ਧਨ, ਗੁਰੂ ਜੀ ਨੂੰ ਸੌਂਪ ਦਈਏ, ਅਤੇ ਉਹਦਾ ਹੁਕਮ ਮੰਨੀਏ, ਤਾਂ ਪਰਮਾਤਮਾ ਜੀ ਮਿਲਦੇ ਹਨ।

We get God by surrendering our body, mind, and wealth to Guru (Prophet)), and by accepting what he tells to do.

ਹੁਕਮੁ ਮੰਨਿਹੁ ਗੁਰੂ ਕੇਰਾ ਗਾਵਹੁ ਸਚੀ ਬਾਣੀ ॥
hukam mannihu guroo kayraa gaavhu sachee banee.
ਗੁਰੂ ਦਾ ਹੁਕਮ ਮੰਨੋ, ਅਤੇ ਸੱਚੀ ਬਾਣੀ ਗਾਵੋ (ਉਹਨੂੰ ਮਿਲਣ ਵਾਸਤੇ)।
(To meet Him) obey the Command of the Guru - do what he dictates in the Scriptures, and sing the True Bani: Hymns, of His praise.

ਕਹੈ ਨਾਨਕੁ ਸੁਣਹੁ ਸੰਤਹੁ ਕਥਿਹੁ ਅਕਥ ਕਹਾਣੀ ॥੯॥
kahai naanak sunhu santa-hu kathihu akath kahaanee. ||9||
ਗੁਰੂ ਨਾਨਕ ਜੀ ਕਹਿੰਦੇ ਹਨ, ਸੰਤੋ: ਗੁਰਮੁਖੋ, ਉਹਨੂੰ ਮਿਲਣ ਲਈ ਨਾਹ ਦੱਸੇ ਜਾ ਸਕਣ ਵਾਲੇ (ਪਰਮਾਤਮਾ) ਦੇ ਗੁਣ ਗਾਉ – ਕਥਾ ਕਰੋ, ਬਾਣੀ ਪੜ੍ਹੋ, ਨਾਮ ਜਪੋ।
Says Nanak, listen dear saints: God–oriented people, to meet Him speak of (Recite His Name, remember) the Indescribable: God. ||9||

ਏ ਮਨ ਚੰਚਲਾ ਚਤੁਰਾਈ ਕਿਨੈ ਨ ਪਾਇਆ ॥
ay man chanchlaa chaturaa-ee kinai na paa-i-aa.
ਮੇਰੇ ਬੇਚੈਨ (ਨਿਚੱਵੇ, ਚੁਲਬੁਲੇ) ਮਨ, ਕੋਈ ਵੀ ਰੱਬ ਨੂੰ ਚੁਸਤੀਆਂ ਚਲਾਕੀਆਂ ਦੇ ਨਾਲ ਨਹੀ ਮਿਲ ਸਕਦਾ।
O restless mind, no one ever finds: realizes, the Lord through cleverness, smartness.

ਚਤੁਰਾਈ ਨ ਪਾਇਆ ਕਿਨੈ ਤੂ ਸੁਣਿ ਮੰਨ ਮੇਰਿਆ ॥
chaturaa-ee na paa-i-aa kinai too sun man mayri-aa.
ਚਲਾਕੀ ਦੇ ਨਾਲ ਕੋਈ ਵੀ (ਰੱਬ ਨੂੰ) ਨਹੀ ਮਿਲ ਸਕਦਾ, ਮੇਰੇ ਮਨਾ ਤੂੰ ਇਹ ਗੱਲ ਸੁਣ ਸਮਝ ਲੈ!
Through cleverness, no one can ever meet Him, O my mind listen to it!

ਏਹ ਮਾਇਆ ਮੋਹਣੀ ਜਿਨਿ ਏਤੁ ਭਰਮਿ ਭੁਲਾਇਆ ॥
ayh maa-i-aa mohnee jin ayt bharam bhulaa-i-aa.
ਇਹ ਮਾਇਆ: ਦੁਨੀਆ, ਏਨੀ ਸੋਹਣੀ ਤੇ ਮੋਹ ਲੈਣ ਵਾਲੀ ਹੈ ਕਿ ਲੋਕਾਂ ਨੂੰ ਪਰਮਾਤਮਾ ਦੀ ਹੋਂਦ ਵੱਲੋਂ ਭੁਲੇਖੇ ਵਿਚ ਪਾ ਦਿੰਦੀ ਹੈ (ਵਾਹਿਗੁਰੂ ਹੈ ਵੀ ਕਿ ਨਹੀ, ਦੁਨੀਆ ਦਾ ਸਭ ਕੁਝ ਤਾਂ ਸਾਹਮਣੇ ਦਿਸਦਾ ਹੈ)।
This Maya: worldly things, is so attractive that it puts the people in doubt (God is or not, but the world we see fine – is visible).

ਮਾਇਆ ਤ ਮੋਹਣੀ ਤਿਨੈ ਕੀਤੀ ਜਿਨਿ ਠਗਉਲੀ ਪਾਈਆ ॥
maa-i-aa ta mohnee tinai keetee jin thag-ulee paa-ee-aa.
ਇਸ ਮਾਇਆ ਨੂੰ ਭਰਮਾ ਦੇਣ ਵਾਲਾ ਪਰਮਾਤਮਾ ਨੇ ਆਪ ਹੀ ਕੀਤਾ ਹੈ, ਇਹਦੇ ਵਿਚ ਠੱਗ–ਬੂਟੀ ਪਾ ਕੇ (ਦੁਨੀਆ ਮਨਮੋਹਣੀ ਬਣਾ ਕੇ)।

ਠਗਉਲੀ: ਠੱਗ–ਬੂਟੀ – ਬੂਟੀ ਕਿ ਜੋ ਠੱਗ ਲੋਕ ਸੁੰਘਾ ਕੇ ਬੇਹੋਸ਼ ਕਰ ਬੰਦੇ ਨੂੰ ਲੁੱਟ ਲੈਂਦੇ ਹਨ। ਜਗਤ ਨੂੰ ਮਨ ਖਿਚ ਲੈਣ ਵਾਲਾ ਬਣਾ ਕੇ, ਬੰਦੇ ਨੂੰ ਧੋਖੇ ਵਿਚ ਪਾ ਦੇਣ ਵਾਲਾ ਰੱਬ ਨੇ ਆਪ ਹੀ ਬਣਾਇਆ ਹੈ। ਭਰ, ਇਹ ਇਸ ਗੱਲ ਨੂੰ ਸਮਝਦਾ ਨਹੀ ਤੇ ਧੋਖੇ ਵਿਚ ਹੀ ਪਿਆ ਰਹਿੰਦਾ ਹੈ ਕਿ ਰੱਬ ਹੈ ਵੀ ਜਾਂ ਨਹੀ। ਵਾਹਿਗੁਰੂ ਇਮਤਿਹਾਨ ਲੈਂਦਾ ਹੈ ਤਾਂ ਜੋ ਇਹ ਸਮਝ ਜਾਵੇ ਕਿ ਇਹ ਪਰਮਾਤਮਾ ਦੀ ਬਖਸ਼ਿਸ਼ ਦੇ ਬਿਨਾ ਆਪਣੇ ਆਪ ਕੁਝ

ਨਹੀ ਕਰ ਸਕਦਾ, ਇਹ ਇਤਨਾ ਕਮਜ਼ੋਰ ਹੈ।

The Lord Himself made the world fascinating, attractive, by putting a swooning-drug (Intoxication, attraction) in it.

Thagaulee – Intoxicating herb, attraction. God put attraction into the worldly things, and this creates doubts about the existence of God. The Lord puts the man to test for him to understand that he cannot do anything on his own without His Kindness, so weak is he.

ਕੁਰਬਾਣੁ ਕੀਤਾ ਤਿਸੈ ਵਿਟਹੁ ਜਿਨਿ ਮੋਹੁ ਮੀਠਾ ਲਾਇਆ ॥

kurbaan keetaa tisai vitahu jin moh meethaa laa-i-aa.

ਮੈਂ ਕੁਰਬਾਨ ਹਾਂ ਉਹਦੇ ਤੋਂ ਕਿ ਜਿਸ ਨੇਂ ਸੰਸਾਰ ਦਾ ਇਤਨਾ ਮਿੱਠਾ ਪਿਆਰ ਲਾ ਦਿੱਤਾ ਹੈ।

ਐਸੀ ਸਮਝ ਤੋਂ ਬਾਹਰ ਹੈ ਵਾਹਿਗੁਰੂ ਦੀ ਖੇਡ ਕਿ ਕੁਰਬਾਨ, ਵਾਰੀ, ਜਾਵਾਂ ਉਸ ਪ੍ਰਭੂ ਉੱਤੋਂ ਜਿਸ ਨੇ ਲੋਕਾਂ ਦੇ ਮਨਾ ਵਿਚ ਦੁਨੀਆ ਦਾ ਪਿਆਰ ਇਤਨਾ ਮਿੱਠਾ ਕਰ ਦਿੱਤਾ ਹੈ ਕਿ ਇਹ ਸੱਚ ਨਹੀ ਸਮਝਦੇ ਅਤੇ ਰੱਬ ਵੱਲੋਂ ਧੋਖੇ ਵਿਚ ਹੀ ਪਏ ਰਹਿੰਦੇ ਹਨ। ਅਜਬ ਹੈ ਉਹਦੀ ਖੇਡ, ਐਸੀ ਹੈ ਉਹਦੀ ਕਮਾਲ! ਪਰਮਾਤਮਾ ਬੰਦੇ ਦਾ ਇਮਤਹਾਨ ਲੈਂਦਾ ਹੈ ਇਹਨੂੰ ਧੋਖੇ ਦੇ ਵਿਚ ਪਾ ਕੇ, ਕਿ ਇਹ ਕਿਤਨਾ ਕਮਜ਼ੋਰ ਹੈ, ਧੋਖੇ ਵਿਚ ਹੈ, ਅਤੇ ਸਚਾਈ ਨੂੰ ਸਮਝ ਕੇ ਅਸਲੀ ਗਿਆਨ ਲਵੇ ਕਿ ਵਾਹਿਗੁਰੂ ਤੋਂ ਉੱਚਾ ਕੁਝ ਵੀ ਨਹੀ ਤੇ ਉਹ ਹੀ ਸਭ ਕੁਝ ਕਰਨ ਵਾਲਾ ਹੈ।

I appreciate Him, Who has put such a sweet attraction (in the world).

God's play is beyond understanding, and I am a sacrifice: Appreciation, to Him.

(He has created such an attraction for Maya – the worldly things, and has put the people into its sweet attachment. Such a wonderful is His play! The man does not realize it and keeps in doubts about God. God wants the man to learn his weakness, mistake, and to get the real knowledge that nothing is higher to Him, and He is the Doer).

ਕਹੈ ਨਾਨਕੁ ਮਨ ਚੰਚਲ ਚਤੁਰਾਈ ਕਿਨੈ ਨ ਪਾਇਆ ॥੧੦॥

kahai naanak man chanchal chaturaa-ee kinai na paa-i-aa. ||10||

ਨਾਨਕ ਜੀ ਕਹਿੰਦੇ ਹਨ, ਐ ਚੰਚਲ ਮਨ – ਚੈਨ, ਟਿਕਾਉ ਰਹਿਤ ਮਨ, ਤੂੰ ਚਤੁਰਾਈਆਂ ਦੇ ਨਾਲ ਵਾਹਿਗੁਰੂ ਨੂੰ ਪਰਾਪਤ ਨਹੀ ਕਰ ਸਕਦਾ।

ਬੰਦੇ, ਤੂੰ ਸਮਝਦਾ ਹੈਂ ਕਿ ਚਲਾਕੀਆਂ ਦੇ ਨਾਲ ਰੱਬ ਨੂੰ ਪਾ ਲਵੇਂਗਾ, ਭਰ ਤੂੰ ਜਾਣਦਾ ਨਹੀ ਕਿ ਪਰਮਾਤਮਾ ਨੇ ਤੇਰੀ ਮੱਤ ਹੀ ਮਾਰ ਕੇ ਤੈਨੂੰ ਦੁਨੀਆ ਦੇ ਜਾਲ ਵਿਚ ਫਸਾਇਆ ਹੋਇਆ ਹੈ। ਜਾਣ ਲੈ ਕਿ ਵਾਹਿਗੁਰੂ ਸਿਰਫ਼ ਉਹਨੂੰ ਯਾਦ ਕਰਨ ਦੇ ਨਾਲ ਹੀ ਮਿਲਦਾ ਹੈ।

Says Nanak, O restless mind, no one can find Him through cleverness.

(You think yourself very smart, but God has so involved you in the world that you have lost all your wisdom, and you do not realize the truth. Understand it, God can be reached – Understood, only by remembering Him. ||10||

ਏ ਮਨ ਪਿਆਰਿਆ ਤੂ ਸਦਾ ਸਚੁ ਸਮਾਲੇ ॥
ay man pi-aari-aa too sadaa sach samaalay.
ਹੇ ਪਿਆਰੇ ਮਨਾ, ਤੂੰ ਹਮੇਸ਼ਾ ਹੀ ਸੱਚ: ਜੋ ਸਦਾ ਕਾਇਮ ਹੈ, ਪਰਮਾਤਮਾ, ਦੀ ਸੰਭਾਲ (ਯਾਦ) ਕਰ।
O beloved mind, always take care of: contemplate on, the Truth (God).

ਏਹੁ ਕੁਟੰਬੁ ਤੂ ਜਿ ਦੇਖਦਾ ਚਲੈ ਨਾਹੀ ਤੇਰੈ ਨਾਲੇ ॥
ayhu kutamb too je daykh-daa chalai naahee tayrai naalay.
ਇਹ ਆਪਣਾ ਪਰਵਾਰ ਕਿ ਜੋ ਤੂੰ ਦੇਖਦਾ ਹੈਂ (ਤੇਰੇ ਮਰਣ ਤੇ) ਤੇਰੇ ਨਾਲ ਨਹੀ ਜਾਇਗਾ।
This family which you see, shall not go with you on your death.

ਸਾਥਿ ਤੇਰੈ ਚਲੈ ਨਾਹੀ ਤਿਸੁ ਨਾਲਿ ਕਿਉ ਚਿਤੁ ਲਾਈਐ ॥
saath tayrai chalai naahee tis naal ki-o chit laa-ee-ai.
ਜਿਸ ਨੇ (ਤੇਰੇ ਮਰਣ ਤੇ) ਤੇਰੇ ਨਾਲ ਨਹੀ ਜਾਣਾ, ਉਹਦੇ ਨਾਲ ਮਨ ਨੂੰ ਕਿਉਂ ਲਾਇਆ ਜਾਵੇ!
The thing that will not go with you on your death, why get attached to that!

ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ ॥
aisaa kamm moolay na keechai jit ant pachhotaa-ee-ai.
ਅਜਿਹਾ ਕੰਮ ਕਦੇ ਨਾ ਕਰੋ (ਸੰਸਾਰ ਦੇ ਨਾਲ ਪਿਆਰ, ਰੱਬ ਨੂੰ ਭੁਲਾਉਣਾ) ਕਿ ਜਿਸ ਕਾਰਨ ਅਖੀਰ ਨੂੰ ਪਛਤਾਉਣਾ ਪਵੇ।
ਅਖੀਰ – ਮਰਣ ਸਮੇ, ਰੱਬ ਦੇ ਦਰਬਾਰ ਵਿਚ ਪੁਛ–ਗਿਛ: ਲੇਖੇ, ਦੇ ਵਕਤ। ਜੀਵੰਦੇ ਰੱਬ ਉੱਤੇ ਵਿਸ਼ਵਾਸ ਨਾ ਬਣਿਆਂ ਤੇ ਭਜਨ ਬੰਦਗੀ ਨਾ ਕੀਤਾ, ਮਰ ਕੇ ਉਹਦੇ ਦਰਬਾਰ ਵਿਚ ਹਾਜ਼ਰ ਹੋ ਪਤਾ ਲੱਗਾ ਕਿ ਵਾਹਿਗੁਰੂ ਤਾਂ ਸਚੀਂ ਹੀ ਹੈ। ਕੀਤੇ ਕਰਮਾਂ ਤੇ ਨਬੇੜਾ ਹੋਣ ਲੱਗਾ ਤਾਂ ਪਛਤਾਵਾ ਹੋਇਆ ਕਿ ਜੀਵੰਦੇ ਜੀ ਪਰਮਾਤਮਾ ਨੂੰ ਯਾਦ ਨਹੀ ਕੀਤਾ ਕਿ ਜਿਸ ਕਾਰਨ ਅੰਤ ਇਹਨੂੰ ਕੋਈ ਸਜ਼ਾ ਨਾ ਮਿਲੇ।
Do not do anything (Love with the worldly things, forgetting God) so that you have to regret in the end.
(End – the time of death, at the time of judgment by God. He did not believe in and remember the Lord when alive. On death, he found himself before God, and started regretting that he did not contemplate on Him to save him from any punishment at the time of judgment).

ਸਤਿਗੁਰੂ ਕਾ ਉਪਦੇਸੁ ਸੁਣਿ ਤੂ ਹੋਵੈ ਤੇਰੈ ਨਾਲੇ ॥
satguroo kaa updays sun too hovai tayrai naalay.
ਤੂੰ ਸ੍ਰੀ ਸਤਿਗੁਰੂ ਜੀ ਦਾ ਉਪਦੇਸ਼ ਸੁਣ – ਬਾਣੀ ਪੜ੍ਹ, ਨਾਮ ਜਪ, ਨੇਕੀ ਕਰ, ਕਿ ਜੋ ਮਰਨ ਬਾਅਦ ਤੇਰਾ ਸਾਥ ਦੇਵੇ (ਮਰਣ ਦੇ ਵਕਤ ਅਤੇ ਰੱਬ ਦੀ ਦਰਗਾਹ ਵਿਚ ਤੇਰੇ ਕੰਮ ਆਵੇ। ਤੇਰੀ ਚੇਤੰਤਾ ਦੇ ਨਾਲ ਮਿਲ ਕੇ ਤੇਰੇ ਨਾਲ ਅੱਗੇ ਜਾਵੇ)।
Listen to the teachings of the True Guru (Be good, recite the Scriptures and His Name) so that these go with you (Go with your consciousness: soul – as the impressions of your deeds, and are helpful at the time of death and judgment by God).

ਕਹੈ ਨਾਨਕੁ ਮਨ ਪਿਆਰੇ ਤੂ ਸਦਾ ਸਚੁ ਸਮਾਲੇ ॥੧੧॥
kahai naanak man pi-aaray too sadaa sach samaalay. ||11||
ਗੁਰੂ ਨਾਨਕ ਜੀ ਕਹਿੰਦੇ ਹਨ, ਪਿਆਰੇ ਮਨਾ ਤੂੰ ਸਦਾ ਹੀ ਸੱਚ (ਵਾਹਿਗੁਰੂ) ਨੂੰ ਸੰਭਾਲ (ਯਾਦ ਕਰ)।
Says Nanak, O beloved mind, always take care of the Truth (Contemplate on: think of, the Lord). ||11||

ਅਗਮ ਅਗੋਚਰਾ ਤੇਰਾ ਅੰਤੁ ਨ ਪਾਇਆ ॥
agam agocharaa tayraa ant na paa-i-aa.
ਹੇ ਪਹੁੰਚ ਤੋਂ ਬਾਹਰ, ਸੂਝ-ਬੂਝ ਤੋਂ ਪਰ੍ਹੇ (ਵਾਹਿਗੁਰੂ), ਕਿਸੇ ਨੇ ਤੇਰਾ ਅੰਤ ਨਹੀ ਪਾਇਆ (ਕਿ ਤੂੰ ਕਿੱਡਾ ਵੱਡਾ, ਅਤੇ ਕਿੰਨੀ ਤਾਕਤ ਵਾਲਾ ਹੈਂ)।
O "Beyond Reach" and "Above Understanding" (God), none could assess Your limits (Your extent, greatness and power).

ਅੰਤੋ ਨ ਪਾਇਆ ਕਿਨੈ ਤੇਰਾ ਆਪਣਾ ਆਪੁ ਤੂ ਜਾਣਹੇ ॥
anto na paa-i-aa kinai tayraa aapnaa aap too jaanhay.
ਕਿਸੇ ਨੇ ਵੀ ਤੇਰਾ ਅੰਤ ਨਹੀ ਪਾਇਆ, ਅਤੇ ਆਪਣੇ ਆਪ ਨੂੰ ਤੂੰ ਆਪ ਹੀ ਜਾਣਦਾ ਹੈਂ।
None can ever find Your limits, and only You know about Yourself.

ਜੀਅ ਜੰਤ ਸਭਿ ਖੇਲੁ ਤੇਰਾ ਕਿਆ ਕੋ ਆਖਿ ਵਖਾਣਏ ॥
jee-a jant sabh khayl tayraa ki-aa ko aakh vakhaana-ay.
ਇਹ ਜੀਵ ਜੰਤ ਤੇਰੀ ਹੀ ਰਚੀ ਮਾਮੂਲੀ ਜਿਹੀ ਖੇਡ ਹੈ, ਇਹ ਵਿਚਾਰੇ ਤੇਰੇ ਬਾਰੇ ਕੀ ਦੱਸ ਸਕਦੇ ਹਨ ਕਿ ਤੂੰ ਕਿੱਡਾ ਮਹਾਨ: ਵੱਡਾ, ਤੇ ਵਿਸ਼ਾਲ: ਹੱਦੋਂ ਪਰ੍ਹੇ ਹੈਂ।
All living beings and creatures created by You, are Your ordinary play, what can they tell about You as to how great and vast you are!

ਆਖਹਿ ਤ ਵੇਖਹਿ ਸਭੁ ਤੂਹੈ ਜਿਨਿ ਜਗਤੁ ਉਪਾਇਆ ॥
aakhahi ta vaykheh sabh toohai jin jagat upaa-i-aa.
(ਜੋ ਤੇਰੇ ਬਾਰੇ ਦਸਦੇ-ਵੇਖਦੇ ਹਨ), ਤੂੰ ਕਿ ਜਿਸਨੇ ਦੁਨੀਆ ਬਣਾਈ ਹੈ ਆਪ ਹੀ ਇਹਨਾ ਵਿਚ ਆਪਣੇ ਬਾਰੇ ਕਹਿਣ ਦੱਸਣ ਵਾਲਾ ਹੈਂ। (ਜੀਵ ਕਿ ਜੋ ਤੂੰ ਰਚੇ ਹਨ, ਇਹਨਾ ਦੀ ਤੇਰੇ ਬਾਰੇ ਦਸ ਸਕਣ ਦੀ ਸ਼ਕਤੀ ਤੂੰ ਆਪ ਹੀ ਹੈਂ)।

ਤੂੰ ਕਿ ਜਿਸ ਨੇ ਜਗਤ ਬਣਾਇਆ ਹੈ, ਇਹਨਾ ਜੀਵਾਂ ਦੀ ਸੰਭਾਲ ਵੀ ਕਰਦਾ ਹੈਂ, ਅਤੇ ਆਪ ਹੀ ਜੀਵਾਂ ਦੇ ਵਿਚ ਬੋਲਦਾ ਤੇ ਉਹਨਾ ਨੂੰ ਤੇਰੇ ਬਾਰੇ ਦਸਣ ਜੋਗਾ ਬਣਾਉਂਦਾ ਹੈਂ।
The world is Your Creation, and in this Creation: the living beings, it is You who enable them to speak of You.
(The Creation by itself has not the power: wisdom enough, to tell anything about You. It is You who take care of the beings and speak: enable them, to tell about You).

ਕਹੈ ਨਾਨਕੁ ਤੂ ਸਦਾ ਅਗੰਮੁ ਹੈ ਤੇਰਾ ਅੰਤੁ ਨ ਪਾਇਆ ॥੧੨॥

kahai naanak too sadaa agamm hai tayraa ant na paa-i-aa. ||12||

ਨਾਨਕ ਜੀ ਕਿਹੰਦੇ ਹਨ, ਵਾਹਿਗੁਰੂ ਜੀ, ਤੁਸੀਂ ਸਦਾ ਹੀ ਪਹੁੰਚ ਅਤੇ ਸਮਝਣ ਤੋਂ ਪਰ੍ਹੇ ਹੋ, ਤੇ ਕਿਸੇ ਨੇ ਤੁਹਾਡਾ ਅੰਤ ਨਹੀ ਪਾਇਆ।

Says Nanak, You had ever been inaccessible: beyond reach, and nobody can understand Your limits - extent and power. ||12||

ਸੁਰਿ ਨਰ ਮੁਨਿ ਜਨ ਅੰਮ੍ਰਿਤੁ ਖੋਜਦੇ ਸੁ ਅੰਮ੍ਰਿਤੁ ਗੁਰ ਤੇ ਪਾਇਆ ॥

sur nar mun jan amrit khojday so amrit gur tay paa-i-aa.

ਦੇਵਤਿਆਂ ਵਰਗੇ ਲੋਕ, ਰਿਸ਼ੀਆਂ ਵਰਗੇ ਜੀਵ, ਅੰਮ੍ਰਿਤ ਲੱਭਦੇ ਹਨ, ਇਹ ਅੰਮ੍ਰਿਤ ਗੁਰੂ ਮਹਾਰਾਜ ਤੋਂ ਮਿਲਦਾ ਹੈ, ਇਹਨਾ ਦੀ ਕਿਰਪਾ ਦੇ ਨਾਲ। (ਅੰਮ੍ਰਿਤ: ਮੌਤ-ਰਹਿਤ ਕਰ ਦੇਣ ਵਾਲਾ, ਵਾਹਿਗੁਰੂ ਦਾ ਨਾਮ)।

The angelic (god like) beings, and the Sages (Saints) like people, search for the Amrit. (Holy Drink), and this is obtained from the Guru, by his grace. (Amrit - Immortality giving Holy Drink: the Name of God),

ਪਾਇਆ ਅੰਮ੍ਰਿਤੁ ਗੁਰਿ ਕ੍ਰਿਪਾ ਕੀਨੀ ਸਚਾ ਮਨਿ ਵਸਾਇਆ ॥

paa-i-aa amrit gur kirpaa keenee sachaa man vasaa-i-aa.

ਗੁਰੂ ਮਹਾਰਾਜ ਨੇ ਕਿਰਪਾ ਕਰਕੇ ਇਹ ਅੰਮ੍ਰਿਤ (ਪਰਮਾਤਮਾ ਦਾ ਨਾਮ) ਬਖਸ਼ਿਆ ਤੇ ਸੱਚੇ ਪਰਮਾਤਮਾ, ਇਹਦੇ ਨਾਮ ਨੂੰ ਮਨ ਦੇ ਅੰਦਰ ਵਸਾ ਦਿੱਤਾ।

This Amrit: the Holy Drink, has been obtained by the grace of the Guru (Prophet), and he has placed the True One: the Lord, His Name, in my mind.

ਜੀਅ ਜੰਤ ਸਭਿ ਤੁਧੁ ਉਪਾਏ ਇਕਿ ਵੇਖਿ ਪਰਸਣਿ ਆਇਆ ॥

jee-a jant sabh tuDh upaa-ay ik vaykh parsan aa-i-aa.

ਇਹ ਸਾਰੇ ਜੀਅ-ਜੰਤ ਤੂੰ ਪੈਦਾ ਕੀਤੇ ਹਨ, ਭਰ ਇਹਨਾ ਚੋਂ ਕੁਝ ਹੀ ਹਨ ਕਿ ਜੋ ਤੇਰੇ ਚਰਨ ਪਰਸਣ: ਮਿਲਣ, ਸ਼ਰਣ ਲੈਣ, ਆਉਂਦੇ ਹਨ।

All living beings: creatures, are Your Creation, but only a few out of them come to bow to You - take Your refuge – recite Your Name.

ਲਬੁ ਲੋਭੁ ਅਹੰਕਾਰੁ ਚੂਕਾ ਸਤਿਗੁਰੂ ਭਲਾ ਭਾਇਆ ॥

lab lobh ahaNkaar chookaa satguroo bhalaa bhaa-i-aa.

(ਜੋ ਸ਼ਰਣ: ਮਿਲਣ ਆਏ, ਉਹਨਾ ਦਾ) ਲਾਲਚ ਤੇ ਹੰਕਾਰ ਮਿਟ ਗਏ, ਅਜਿਹੇ ਚੰਗੇ ਸਤਿਗੁਰੂ ਜੀ ਮਿਲੇ।

ਸਤਿਗੁਰੂ ਭਲਾ ਭਾਇਆ - ਸਤਿਗੁਰੂ ਜੀ ਐਸੇ ਚੰਗੇ ਮਿਲੇ, ਚੰਗੇ ਲੱਗਣ ਲੱਗ ਗਏ, ਪਰੇਮ ਬਣ ਗਿਆ, ਸਤਿਗੁਰੂ ਜੀ ਦੀ ਕਿਰਪਾ ਦੇ ਨਾਲ ਇਹਨਾ ਦਾ ਹੁਕਮ ਮਨ ਕੇ ਨਾਮ ਜਪਣ ਦੇ ਨਾਲ ਬੁਰਾਈਆਂ ਮਿਟ ਗਈਆਂ,।

ਉਹਨਾ ਦਾ ਲੱਬ - ਬੁਲ੍ਹ ਭਾਵ ਮੂੰਹ: ਜ਼ਬਾਨ ਦਾ ਚਸਕਾ, ਵਸਤਾਂ ਦਾ ਲਾਲਚ, ਖਤਮ ਹੋ ਗਏ।

(Those who visited, surrendered to the Satguru: the True Master) their desires, greed, and ego got dispelled: went away, by submitting to him: by following his teachings to recite His Name.

ਕਹੈ ਨਾਨਕੁ ਜਿਸ ਨੋ ਆਪਿ ਤੁਠਾ ਤਿਨਿ ਅੰਮ੍ਰਿਤੁ ਗੁਰ ਤੇ ਪਾਇਆ ॥੧੩॥
kahai naanak jis no aap tuthaa tin amrit gur tay paa-i-aa. ||13||
ਨਾਨਕ ਜੀ ਕਹਿੰਦੇ ਹਨ ਕਿ ਜਿਨ੍ਹਾਂ ਉੱਤੇ ਵਾਹਿਗੁਰੂ ਜੀ ਨੂੰ ਦਿਆ ਆ ਗਈ (ਮਿਹਰਬਾਨ ਹੋ ਗਏ), ਉਹਨਾ ਨੂੰ ਗੁਰੂ ਮਹਾਰਾਜ ਨੇ ਅੰਮ੍ਰਿਤ ਬਖਸ਼ਿਆ। (ਨਾਮ, ਬਾਣੀ ਦੀ ਦਾਤ ਦਿੱਤੀ। ਗੁਰੂ ਉੱਤੇ ਭਰੋਸਾ, ਪਰੇਮ, ਸ਼ਰਧਾ, ਅਤੇ ਲਗਨ ਬਣ ਜਾਣ ਕਾਰਨ ਬਾਣੀ ਅਤੇ ਨਾਮ ਦੇ ਨਾਲ ਜੁੜ ਗਏ)।
Says Nanak, those with whom the Lord is pleased, obtain the Amrit (Holy Drink, His Name to rcite) from the Guru. ||13||

ਭਗਤਾ ਕੀ ਚਾਲ ਨਿਰਾਲੀ ॥
bhagtaa kee chaal niraalee.
ਭਗਤਾਂ ਦਾ ਜੀਵਣ-ਢੰਗ ਹੋਰਾਂ ਤੋਂ ਵੱਖਰਾ ਹੀ ਹੁੰਦਾ ਹੈ।
The lifestyle of the devotees is different from the others.

ਚਾਲਾ ਨਿਰਾਲੀ ਭਗਤਾਹ ਕੇਰੀ ਬਿਖਮ ਮਾਰਗਿ ਚਲਣਾ ॥
chaalaa niraalee bhagtaah kayree bikham maarag chalnaa.
ਭਗਤਾਂ ਦਾ ਜੀਵਨ-ਰਾਹ ਵੱਖਰਾ ਹੁੰਦਾ ਹੈ ਕਿਉਂ ਜੋ ਇਹ ਭਗਤੀ ਦੇ ਔਖੇ ਰਾਹ ਤੇ ਚਲਦੇ ਹਨ।
The lifestyle of devotees' is different as they follow the difficult path of Bhagtee: worship – recitation of His Name.

ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ ਬਹੁਤੁ ਨਾਹੀ ਬੋਲਣਾ ॥
lab lobh ahaNkaar taj tarisnaa bahut naahee bolnaa.
(ਇਹ) ਖਾਣ-ਪੀਣ ਦਾ ਚਸਕਾ, ਲਾਲਚ, ਹੰਕਾਰ ਅਤੇ ਦੁਨੀਆ ਦੀਆਂ ਚੀਜ਼ਾਂ ਦੀ ਭੁਖ ਨੂੰ ਛਡ ਦਿੰਦੇ ਤੇ ਬੋਲਦੇ ਵੀ ਘੱਟ ਹਨ (ਮੰਗਾਂ ਨਹੀ ਮੰਗਦੇ ਰਹਿੰਦੇ। ਬੋਲਦੇ ਨਹੀ ਤੇ ਵਾਹਿਗੁਰੂ ਜਪਣ ਵਿਚ ਜੁੜੇ ਰਹਿੰਦੇ ਹਨ)।
They give up the love of foods: overeating, greed, ego, desires, and do not talk much: stop demanding, keep reciting the Name of God.

ਖੰਨਿਅਹੁ ਤਿਖੀ ਵਾਲਹੁ ਨਿਕੀ ਏਤੁ ਮਾਰਗਿ ਜਾਣਾ ॥
khanni-ahu tikhee vaalahu nikee ayt maarag jaanaa.
ਇਹ ਜਿਸ ਰਾਹ ਤੇ ਚੱਲਦੇ ਹਨ, ਨਾਮ ਜਪਣ ਦਾ, ਉਹ ਖੰਡੇ ਤੋਂ ਤੇਜ਼ ਅਤੇ ਵਾਲ ਤੋਂ ਬਾਰੀਕ: ਬੜਾ ਮੁਸ਼ਕਿਲ, ਹੁੰਦਾ ਹੈ। (ਖੰਨਿਅਹੁ - ਖੰਡੇ: ਦੋਧਾਰੀ ਸਿਧੀ ਤਲਵਾਰ ਦੀ ਧਾਰ ਤੋਂ ਤੇਜ਼)
The path they take is sharper than a Khandaa and finer than a hair i.e. very difficult. (Khandaa - Two-edged straight sword. To worship God is very difficult),

ਗੁਰ ਪਰਸਾਦੀ ਜਿਨੀ ਆਪੁ ਤਜਿਆ ਹਰਿ ਵਾਸਨਾ ਸਮਾਣੀ ॥
gur parsaadee jinee aap taji-aa har vaasnaa samaanee.
ਗੁਰੂ ਮਹਾਰਾਜ ਦੀ ਕਿਰਪਾ ਦੇ ਨਾਲ ਜਿਨ੍ਹਾ ਨੇ ਆਪਣਾ ਆਪ ਛੱਡ ਦਿੱਤਾ ਹੈ, ਇਹਨਾ ਦੇ ਵਿਚ ਵਾਹਿਗੁਰੂ ਦੀ ਮਹਿਕ: ਖੁਸ਼ਬੋ, ਰਚ ਗਈ ਹੈ।

ਆਪੁ ਤਜਿਆ - ਜਿਨ੍ਹਾਂ ਨੇ ਆਪਾ-ਭਾਵ ਤਿਆਗ ਦਿੱਤਾ ਹੈ, ਆਪ ਨੂੰ ਦੁਨੀਆ ਵੱਲੋਂ ਮਾਰ ਲਿਆ ਹੈ,

ਨਿਮਰਤਾ ਫੜ ਲਈ ਹੈ, ਗੁਰੂ ਦੀ ਸ਼ਰਨ ਲੈ ਲਈ ਹੈ, ਗੁਰੂ ਦੇ ਭਰੋਸੇ ਹੋ ਗਏ ਹਨ, ਉਹਨਾ ਦੇ ਸਰੀਰ, ਅਤੇ ਮਨ ਦੇ ਵਿਚ ਨਾਮ-ਰੰਗ ਚੜ੍ਹ ਗਿਆ ਹੈ। ਉਹ ਧਿਆਨ ਟਿਕਾ ਕੇ ਨਾਮ ਦਾ ਜਾਪ ਕਰਣ ਲੱਗ ਗਏ ਹਨ।

Those who by the grace of the Guru (Master) have given up dependence on themselves (Surrender to God), His fragrance settles down in their bodies. (His fragrance – Those who become selfless and rely on God, His Name gets set in their bodies: minds. They start reciting His Name with concentration).

ਕਹੈ ਨਾਨਕੁ ਚਾਲ ਭਗਤਾ ਜੁਗਹੁ ਜੁਗੁ ਨਿਰਾਲੀ ॥੧੪॥

kahai naanak chaal bhagtaa jugahu jug niraalee. ||14||

ਗੁਰੂ ਨਾਨਕ ਦੇਵ ਜੀ ਮਹਾਰਾਜ ਕਹਿੰਦੇ ਹਨ, ਕਿ ਭਗਤਾਂ ਦਾ ਚਲਨ ਜੁਗਾਂ ਤੋਂ: ਸਦਾ ਹੀ, ਵੱਖਰਾ ਹੁੰਦਾ ਹੈ।

Says Nanak, the lifestyle of the devotees has been different from the others in all the times: always (The path of devotion is always hard, and worship of God is not easy). ||14||

ਜਿਉ ਤੂ ਚਲਾਇਹਿ ਤਿਵ ਚਲਹ ਸੁਆਮੀ ਹੋਰੁ ਕਿਆ ਜਾਣਾ ਗੁਣ ਤੇਰੇ ॥

ji-o too chalaa-ihi tiv challah su-aamee hor ki-aa jaanaa gun tayray.

ਮੇਰੇ ਮਾਲਿਕ, ਜਿਵੇਂ ਤੂੰ ਸਾਨੂੰ ਚਲਾਉਂਦਾ ਹੈਂ ਅਸੀਂ ਉੱਦਾਂ ਹੀ ਚਲਦੇ ਹਾਂ – ਅਸੀਂ ਤੇਰੇ ਹੁਕਮ ਦੇ ਬੱਧੇ ਹੋਏ ਹਾਂ। ਇਸ ਤੋਂ ਵੱਧ ਤੇਰੇ ਹੋਰ ਗੁਣਾ ਦਾ ਮੈਨੂੰ ਕੁਝ ਪਤਾ ਨਹੀ। (ਤੂੰ ਸਾਨੂੰ ਆਪਣੇ ਨਾਲ ਜੋੜਦਾ ਹੈਂ ਜੇ ਚਾਹੁੰਦਾ ਹੈਂ, ਤੇਰੀਆਂ ਹੋਰ ਸ਼ਕਤੀਆਂ ਦਾ ਮੈਨੂੰ ਕੋਈ ਗਿਆਨ ਨਹੀ)।

My Lord, we act as You desire, and we do not know any other qualities of You – You are All Powerful! (We are under Your Will, we attach ourselves to You if You so desire, we know only that You are All Mighty).

ਜਿਵ ਤੂ ਚਲਾਇਹਿ ਤਿਵੈ ਚਲਹ ਜਿਨਾ ਮਾਰਗਿ ਪਾਵਹੇ ॥

jiv too chalaa-ihi tivai chalah jinaa maarag paavhay.

ਜਿੱਦਾਂ ਤੂੰ ਚਲਾਉਂਦਾ ਹੈਂ ਉੱਦਾਂ ਹੀ ਚੱਲਦੇ ਹਾਂ, ਜਿਸ ਰਾਹ ਤੇ ਤੂੰ ਚਾਹੇਂ ਉਸ ਉੱਤੇ ਤੁਰਦੇ ਹਾਂ (ਨਾਮ ਦੇ ਨਾਲ ਜੋੜੇਂ ਜਾਂ ਨਾਹ, ਇਹ ਤੇਰੀ ਮਰਜ਼ੀ ਹੈ)।

All act under Your Will, and You put them on the path You desire. (You make us to do according to Your Will. You may or may not attach us to You).

ਕਰਿ ਕਿਰਪਾ ਜਿਨ ਨਾਮਿ ਲਾਇਹਿ ਸਿ ਹਰਿ ਹਰਿ ਸਦਾ ਧਿਆਵਹੇ ॥

kar kirpaa jin naam laa-ihi se har har sadaa Dhi-aavhay.

ਆਪਣੀ ਕਿਰਪਾ ਕਰ ਕੇ ਜਿਨ੍ਹਾਂ ਨੂੰ ਨਾਮ ਜਪਣ ਲਾ ਦਿੰਦੇ ਹੋ, ਉਹ ਹਰ ਵਕਤ ਨਾਮ ਦਾ ਜਾਪ ਕਰਦੇ ਰਹਿੰਦੇ ਹਨ। ਹਰਿ ਹਰਿ: ਹਰੀ ਹਰੀ, ਪਰਮਾਤਮਾ ਦਾ ਨਾਮ ਜਪਦੇ ਹਨ।

Those, whom You put to the recitation of Your-Name by Your Kindness, they always keep reciting Your Name (Har-e: Haree, means God, they recite the Name of God).

ਜਿਸ ਨੋ ਕਥਾ ਸੁਣਾਇਹਿ ਆਪਣੀ ਸਿ ਗੁਰਦੁਆਰੈ ਸੁਖੁ ਪਾਵਹੇ ॥
jis no kathaa sunaa-ihi aapnee se gurdu-aarai sukh paavhay.
ਜਿਨ੍ਹਾਂ ਨੂੰ ਆਪਣੇ ਬਾਰੇ ਗਿਆਨ ਦੇ ਦਿੰਦੇ ਹੋ, ਉਹ ਗੁਰੂ ਦੇ ਦੁਆਰੇ: ਗੁਰੂ ਜੀ ਦੇ ਰਾਹੀਂ ਤੇਰੇ ਨਾਲ ਲਿਵ ਲਾ ਕੇ, ਨਾਮ ਜਪ ਕੇ, ਆਤਮਿਕ ਅਤੇ ਦੁਨੀਆਵੀ ਸੁਖ ਵੀ ਪਾ ਲੈਂਦੇ ਹਨ।
Those, whom You give the knowledge about Yourself, they find peace: mental peace, spiritual gains, and worldly comforts as well, at the door of the Guru - by attaching to You through the Guru.

ਕਹੈ ਨਾਨਕੁ ਸਚੇ ਸਾਹਿਬ ਜਿਉ ਭਾਵੈ ਤਿਵੈ ਚਲਾਵਹੇ ॥੧੫॥
kahai naanak sachay saahib ji-o bhaavai tivai chalaavahay. ||15||
ਨਾਨਕ ਜੀ ਕਹਿੰਦੇ ਹਨ, ਹੇ ਮੇਰੇ ਸੱਚੇ ਮਾਲਿਕ (ਵਾਹਿਗੁਰੂ), ਜਿੱਦਾਂ ਤੁਹਾਨੂੰ ਚੰਗਾ ਲੱਗਦਾ ਹੈ ਤੁਸੀਂ ਉੱਦਾਂ ਹੀ ਹੋਰਾਂ ਨੂੰ ਚਲਾਉਂਦੇ ਹੋ: ਨਾਮ ਦੇ ਨਾਲ ਜੋੜਦੇ ਹੋ ਜਾਂ ਨਹੀ, ਇਹ ਤੁਹਾਡੀ ਖੁਸ਼ੀ ਹੈ।
Says Nanak, O my True Lord, you make us act according to Your Will: You may attach us to Your Name or not. ||15||

ਏਹੁ ਸੋਹਿਲਾ ਸਬਦੁ ਸੁਹਾਵਾ ॥
ayhu sohilaa sabad suhaavaa.
ਇਹ ਖੁਸ਼ੀਆਂ ਭਰਿਆ ਸ਼ਬਦ ਬਹੁਤ ਸੋਹਣਾ ਹੈ।
ਸੁਹਾਵਾ ਆਨੰਦ, ਆਤਮਿਕ ਸੁਖ ਦੇਣ ਵਾਲਾ, ਰੱਬ ਦੇ ਨਾਲ ਜੋੜਨ ਵਾਲਾ ਹੈ। ਸੋਹਿਲਾ: ਖੁਸ਼ੀਆਂ ਭਰਿਆ ਗੀਤ।
This Sohila i.e. the Shabad (Hymn), is beautiful: enchanting, it attaches to God. (Sohila - the song of Joy).

ਸਬਦੋ ਸੁਹਾਵਾ ਸਦਾ ਸੋਹਿਲਾ ਸਤਿਗੁਰੂ ਸੁਣਾਇਆ ॥
sabdo suhaavaa sadaa sohilaa satguroo sunaa-i-aa.
ਗੁਰੂ ਜੀ ਦਾ ਸੁਣਾਇਆ ਹੋਇਆ ਇਹ ਖੁਸ਼ੀਆਂ ਦੇਣ ਵਾਲਾ ਸ਼ਬਦ ਹਮੇਸ਼ਾ ਹੀ ਬੜਾ ਚੰਗਾ ਲੱਗਦਾ ਹੈ।
ਇਹ ਸ਼ਬਦ, ਗੁਰੂ ਜੀ ਦਾ ਉਚਾਰਿਆ ਹੋਇਆ, ਗੁਰੂ ਦੇ ਰਾਹ ਪਾਉਣ ਵਾਲਾ, ਸਤਿਗੁਰੂ ਜੀ ਦਾ ਉਪਦੇਸ਼ ਹੈ।
This is ever joy-giving beautiful Hymn, and we hear it from the True Guru. (This is the composition revealed by the Master: Prophet, God, and it puts us on the path to Him).

ਏਹੁ ਤਿਨ ਕੈ ਮੰਨਿ ਵਸਿਆ ਜਿਨ ਧੁਰਹੁ ਲਿਖਿਆ ਆਇਆ ॥
ayhu tin kai manne vasi-aa jin Dhurahu likhi-aa aa-i-aa.
ਇਹ ਸ਼ਬਦ ਉਹਨਾਂ ਦੇ ਮਨ ਵਿਚ ਵਸ ਜਾਂਦਾ ਹੈ ਕਿ ਜਿਨ੍ਹਾਂ ਦੇ ਭਾਗਾਂ ਵਿਚ ਵਾਹਿਗੁਰੂ ਨੇ ਲਿਖ ਦਿੱਤਾ ਹੈ।
This Hymn settles - enshrines, in the minds of those who are so blessed by the Lord.

ਇਕਿ ਫਿਰਹਿ ਘਨੇਰੇ ਕਰਹਿ ਗਲਾ ਗਲੀ ਕਿਨੈ ਨ ਪਾਇਆ ॥
ik fireh ghanayray karahi galaa gallee kinai na paa-i-aa.
ਬਥੇਰੇ ਉਹ ਹਨ ਕਿ ਜੋ ਵਾਹਿਗੁਰੂ ਜੀ ਬਾਰੇ ਐਵੇਂ ਮੂੰਹ ਜ਼ਬਾਨੀ ਗੱਲਾਂ ਕਰੀ ਜਾਂਦੇ ਹਨ – ਭਗਤੀ ਦੇ ਰਾਹ ਤੇ ਨਹੀ ਚੱਲਦੇ, ਨਿਰੀਆਂ ਗੱਲਾਂ ਦੇ ਨਾਲ ਕਿਸੇ ਨੂੰ ਵਾਹਿਗੁਰੂ ਨਹੀ ਮਿਲਦਾ।
Some keep on merely talking about God - practically do no worship of Him, and only by talking no one attains: understands, Him.

ਕਹੈ ਨਾਨਕੁ ਸਬਦੁ ਸੋਹਿਲਾ ਸਤਿਗੁਰੂ ਸੁਣਾਇਆ ॥੧੬॥
kahai naanak sabad sohilaa satguroo sunaa-i-aa. ||16||
ਗੁਰੂ ਨਾਨਕ ਜੀ ਕਹਿੰਦੇ ਹਨ ਕਿ ਸਤਿਗੁਰੂ ਜੀ ਨੇ ਇਹ ਖੁਸ਼ੀਆਂ ਭਰਿਆ ਸੋਹਣਾ ਸ਼ਬਦ: ਉਪਦੇਸ਼, ਸੁਣਾਇਆ ਹੈ।
Says Nanak, this Sohila: the Joy-giving Shabad, has been spoken by the True Master (that His worship is the way to meet Him, or it is the revealed Bani: the Hymn directly received by the Guru from God). ||16||

ਪਵਿਤੁ ਹੋਏ ਸੇ ਜਨਾ ਜਿਨੀ ਹਰਿ ਧਿਆਇਆ ॥
pavit ho-ay say janaa jinee har Dhi-aa-i-aa.
ਉਹ ਲੋਕ ਪਵਿੱਤਰ ਹੋ ਗਏ: ਮਨ ਦੇ ਸ਼ੁੱਧ ਹੋ ਗਏ, ਕਿ ਜਿਨ੍ਹਾਂ ਨੇ ਵਾਹਿਗੁਰੂ ਦਾ ਨਾਮ ਜਪਿਆ।
Those persons who recited the Name of God, became pure.

ਹਰਿ ਧਿਆਇਆ ਪਵਿਤੁ ਹੋਏ ਗੁਰਮੁਖਿ ਜਿਨੀ ਧਿਆਇਆ ॥
har Dhi-aa-i-aa pavit ho-ay gurmukh jinee Dhi-aa-i-aa.
ਪਰਮਾਤਮਾ ਦਾ ਨਾਮ ਜਪ ਕੇ ਪਵਿਤੱਰ ਹੋ ਗਏ, ਅਤੇ ਇਹਨਾ ਗੁਰਮੁਖਾਂ ਨੇ ਵਾਹਿਗੁਰੂ ਦਾ ਨਾਮ ਜਪਿਆ।
ਨਾਮ ਜਪ ਕੇ ਉਹ ਲੋਕੀਂ ਪਵਿੱਤਰ ਹੋ ਕੇ ਗੁਰਮੁਖ ਬਣ ਗਏ।
By reciting the Name of God they got purified, and these were the Gurmukhs (Devotees) who recited His Name. (By reciting His Name they became God-Oriented).

ਪਵਿਤੁ ਮਾਤਾ ਪਿਤਾ ਕੁਟੰਬ ਸਹਿਤ ਸਿਉ ਪਵਿਤੁ ਸੰਗਤਿ ਸਬਾਈਆ ॥
pavit maataa pitaa kutamb sahit si-o pavit sangat sabaa-ee-aa.
(ਅਜਿਹੇ ਗੁਰਮਖਾਂ ਦੇ) ਮਾਤਾ–ਪਿਤਾ ਸਣੇ ਪਰਵਾਰ, ਅਤੇ ਇਹਨਾ ਦੇ ਮਿਲਣ ਵਾਲੇ ਵੀ ਪਵਿੱਤਰ ਹੋ ਗਏ।
(They got purified, along with) their mothers, fathers, families, friends, and as well all their companions became purified.

ਕਹਦੇ ਪਵਿਤੁ ਸੁਣਦੇ ਪਵਿਤੁ ਸੇ ਪਵਿਤੁ ਜਿਨੀ ਮੰਨਿ ਵਸਾਇਆ ॥
kahday pavit sunday pavit say pavit jinee man vasaa-i-aa.
ਨਾਮ ਜਪਣ ਵਾਲੇ, ਨਾਮ ਨੂੰ ਸੁਣਨ ਵਾਲੇ, ਅਤੇ ਜਿਨ੍ਹਾਂ ਨੇ ਨਾਮ ਨੂੰ ਮਨ ਦੇ ਅੰਦਰ ਵਸਾ ਲਿਆ, ਅਜਿਹੇ ਸਾਰੇ ਹੀ ਪਵਿੱਤਰ ਹੋ ਗਏ।
Those who recited God’s Name, others who listened to it, and also still others

who got their minds attached to it, all of them got purified.

ਕਹੈ ਨਾਨਕੁ ਸੇ ਪਵਿਤੁ ਜਿਨੀ ਗੁਰਮੁਖਿ ਹਰਿ ਹਰਿ ਧਿਆਇਆ ॥੧੭॥
kahai naanak say pavit jinee gurmukh har har Dhi-aa-i-aa. ||17||
ਗੁਰੂ ਨਾਨਕ ਜੀ ਕਹਿੰਦੇ ਹਨ, ਉਹ ਪਵਿੱਤਰ ਹਨ ਕਿ ਜਿਨ੍ਹਾ ਗੁਰਮੁਖਾਂ ਨੇ: ਗੁਰੂ ਦੇ ਪਰੇਮੀਆਂ ਨੇ, ਗੁਰੂ ਦੇ ਹੁਕਮ ਵਿਚ ਆ ਕੇ, ਵਾਹਿਗੁਰੂ ਜੀ ਦੇ ਨਾਮ ਨੂੰ ਜਪਿਆ ਹੈ।
Says Nanak, all those God-Oriented people who recited His Name became purified. ||17||

ਕਰਮੀ ਸਹਜੁ ਨ ਊਪਜੈ ਵਿਣੁ ਸਹਜੈ ਸਹਸਾ ਨ ਜਾਇ ॥
karmee sahj na oopjai vin sahjai sahsaa na jaa-ay.
ਨਿਰੇ ਚੰਗੇ ਕੰਮ ਕਰਕੇ ਮਨ ਤਸੱਲੀ: ਸ਼ਾਂਤੀ ਜਾਂ ਟਿਕਾਉ, ਵਿਚ ਨਹੀ ਆਉਂਦਾ, ਅਤੇ ਬਿਨਾ ਮਨ ਦੇ ਟਿਕਾਉ ਦੇ ਸਹਸਾ: ਭਰਮ, ਦੂਰ ਨਹੀ ਹੁੰਦਾ (ਕਿ ਰੱਬ ਹੈ ਜਾਂ ਨਹੀ, ਜਾਂ ਕਿ ਸਿਰਫ਼ ਦੁਨਿਆ ਦੀਆਂ ਚੀਜ਼ਾਂ ਹੀ ਸੁਖ ਦਿੰਦੀਆਂ ਹਨ, ਵਗ਼ੈਰਾ)।

ਕਰਮ – ਹੋਰ ਹੋਰ ਕੰਮ, ਚੰਗਿਆਈਆਂ, ਕਰਮ-ਕਾਂਡ। ਕਰਮ-ਕਾਂਡ – ਹਿੰਦੂ ਸ਼ਾਸਤਰ ਦਾ ਉਹ ਹਿੱਸਾ ਕਿ ਜਿਸ ਵਿਚ ਪੂਜਾ ਕਰਦੇ ਹੋਏ ਅਲਗ ਅਲਗ ਕਰਮਾਂ ਦਾ ਕਰਨਾ ਲਿਖਿਆ ਹੋਇਆ ਹੈ, ਪੂਜਾ ਕਰਦਿਆਂ ਸਰੀਰ ਦੇ ਅੰਗ ਇਦਾਂ-ਉੱਦਾਂ ਹਿਲਾਉਣੇ, ਜਾਂ ਕੁਝ ਹੋਰ ਕਰਮ ਇੱਦਾਂ, ਇੱਦਾਂ, ਕਰਨੇ)। ਕਰਮ ਦਾ ਅਰਥ ਕਿਸਮਤ ਜਾਂ ਲੇਖ: ਰੱਬ ਦੀ ਦਰਗਾਹ ਦਾ ਲਿਖਿਆ, ਵੀ ਹੈ।
Simply by good deeds, or rituals the mental peace (Poise) is not attained, and without peace the doubts do not clear up (Whether God is there or not, or that only the worldly things etc. give happiness).
(Karam: deeds, rituals, and also destiny: luck. Rituals – Mostly in the Hindu worship, the body parts especially the hands are moved differently while reading out the Mantras or scriptures, and as well some other actions are also undertaken).

ਨਹ ਜਾਇ ਸਹਸਾ ਕਿਤੈ ਸੰਜਮਿ ਰਹੇ ਕਰਮ ਕਮਾਏ ॥
nah jaa-ay sahsaa kitai sanjam rahay karam kamaa-ay.
ਕਿਸੇ ਵੀ ਸੰਜਮ: ਅਸੂਲ, ਦੇ ਨਾਲ ਸ਼ੱਕ ਦੂਰ ਨਹੀ ਹੋਂਦਾ, ਲੋਕੀਂ ਚੰਗਿਆਈਆਂ ਕਰ ਕਰ ਕੇ ਹਾਰ ਗਏ ਹਨ – ਪੱਲੇ ਕੁਝ ਨਹੀ ਪਿਆ।
Doubts do not go away by deeds: actions or rituals (Karam) only, and the people have tried these without gains.

ਸਹਸੈ ਜੀਉ ਮਲੀਣੁ ਹੈ ਕਿਤੁ ਸੰਜਮਿ ਧੋਤਾ ਜਾਏ ॥
sahsai jee-o maleen hai kit sanjam Dhotaa jaa-ay.
ਭਰਮ, ਵਹਿਮ ਦੇ ਨਾਲ ਇਹ ਮਨ: ਆਤਮਾ, ਮੈਲਾ ਹੋ ਜਾਂਦਾ ਹੈ, ਪਵਿੱਤਰ ਨਹੀ ਰਹਿੰਦਾ, ਅਤੇ ਇਹ ਧੋਤਾ ਕਿੱਦਾਂ ਜਾਵੇ – ਸਾਫ਼, ਪਵਿੱਤਰ ਕਿੱਦਾਂ ਕੀਤਾ ਜਾਵੇ?
The mind (Soul) becomes filthy by doubts (Skepticism), and then how should it be cleaned?

ਮੰਨੁ ਧੋਵਹੁ ਸਬਦਿ ਲਾਗਹੁ ਹਰਿ ਸਿਉ ਰਹਹੁ ਚਿਤੁ ਲਾਇ ॥
mannu Dhovahu sabad laagahu har si-o rahhu chitu laa-ay.
ਆਪਣੇ ਮਨ ਨੂੰ ਸ਼ਬਦ ਦੇ ਨਾਲ ਲੱਗ ਕੇ – ਗੁਰਬਾਣੀ ਪੜ੍ਹ, ਨਾਮ ਜਪ, ਗੁਰੂ ਦਾ ਹੁਕਮ ਮੰਨ ਕੇ, ਧੋਵੋ, ਅਤੇ ਹਰ ਵਕਤ ਵਾਹਿਗੁਰੂ ਜੀ ਦੇ ਨਾਲ ਇਹਨੂੰ ਜੋੜ ਕੇ ਰੱਖੋ।
Wash your mind (Soul) by keeping attached to the Shabad - read Scriptures, recite His Name, obey His Will, and keep your mind: spirit, consciousness, focused on the Lord.

ਕਹੈ ਨਾਨਕੁ ਗੁਰ ਪਰਸਾਦੀ ਸਹਜੁ ਉਪਜੈ ਇਹੁ ਸਹਸਾ ਇਵ ਜਾਇ ॥੧੮॥
kahai naanak gur parsaadee sahj upjai ih sahsaa iv jaa-ay. ||18||
ਨਾਨਕ ਜੀ ਕਹਿੰਦੇ ਹਨ ਕਿ ਗੁਰੂ ਮਹਾਰਾਜ ਦੀ ਕਿਰਪਾ ਦੇ ਨਾਲ ਸਹਜ (ਟਿਕਾਉ, ਤਸੱਲੀ) ਪੈਦਾ ਹੋਂਦਾ ਹੈ, ਅਤੇ ਇਸ ਦੇ ਨਾਲ ਭਰਮ ਦੂਰ ਹੋ ਜਾਂਦੇ ਹਨ, ਪਰਮਾਤਮਾ ਉੱਤੇ ਭਰੋਸਾ ਆ ਜਾਂਦਾ ਹੈ।
Says Nanak, by Guru's grace, the mental calm (Poise) is attained, and by this the doubts get removed. ||18||

ਜੀਅਹੁ ਮੈਲੇ ਬਾਹਰਹੁ ਨਿਰਮਲ ॥
jee-ahu mailay baahrahu nirmal.
ਜੋ ਮਨ ਦੇ ਮੈਲੇ ਹਨ (ਪਾਪੀ, ਬੁਰੇ), ਭਰ ਬਾਹਰੋਂ ਪਵਿੱਤਰ ਦਿਸਦੇ ਹਨ,
Those, at heart bad: polluted within, but outwardly pure – their appear is good,

ਬਾਹਰਹੁ ਨਿਰਮਲ ਜੀਅਹੁ ਤ ਮੈਲੇ ਤਿਨੀ ਜਨਮੁ ਜੂਐ ਹਾਰਿਆ ॥
baahrahu nirmal jee-ahu ta mailay tinee janam joo-ai haari-aa.
ਬਾਹਰੋਂ ਪਵਿੱਤਰ ਭਰ ਮਨ ਦੇ ਮੈਲੇ ਹਨ, ਉਹਨਾਂ ਨੇ ਆਪਣਾ ਜਨਮ ਜੂਏ ਹਾਰਿਆ ਹੈ (ਫ਼ਜ਼ੂਲ, ਮਾੜੇ ਕੰਮਾਂ ਵਿਚ ਹਾਰ ਦਿੱਤਾ ਹੈ)।
Those outwardly pure, but polluted at heart, have lost their lives in a gamble (Uselessly).

ਏਹ ਤਿਸਨਾ ਵਡਾ ਰੋਗੁ ਲਗਾ ਮਰਣੁ ਮਨਹੁ ਵਿਸਾਰਿਆ ॥
ayh tisnaa vadaa rog lagaa maranu manhu visaari-aa.
ਇਹਨਾ ਨੂੰ ਤਰਿਸ਼ਨਾ ਇਕ ਵੱਡੀ ਬੀਮਾਰੀ ਲੱਗੀ ਹੋਈ ਹੈ, ਅਤੇ ਇਹ ਭੁੱਲ ਗਏ ਹਨ ਕਿ ਇਹਨਾ ਨੇ ਵੀ ਮਰਨਾ ਹੈ – ਇਹ ਸਭ ਕੁਝ ਇਥੇ ਹੀ ਛੱਡ ਜਾਣਾ ਹੈ।
ਤਿਸਨਾ – ਪਿਆਸ। ਮਾਇਆ, ਸੰਸਾਰ ਦੀਆਂ ਵਸਤਾਂ ਦੀ ਪਿਆਸ, ਲਾਲਚ, ਭੁੱਖ)
They have the affliction (Disease) of the great thirst (Greed) for the worldly things, and they do not remember death. (That on death, all these things will be left here).

ਵੇਦਾ ਮਹਿ ਨਾਮੁ ਉਤਮੁ ਸੋ ਸੁਣਹਿ ਨਾਹੀ ਫਿਰਹਿ ਜਿਉ ਬੇਤਾਲਿਆ ॥
vaydaa meh naam utam so suneh naahee phirhe ji-o baytaali-aa.
(ਇਹ ਲੋਕ), ਵੇਦਾਂ ਦੇ ਵਿਚ ਦਿੱਤਾ ਹੋਇਆ ਉੱਚਾ-ਸੁੱਚਾ ਵਾਹਿਗੁਰੂ ਦਾ ਨਾਮ ਸੁਣਦੇ ਨਹੀ (ਨਾਮ ਦੀ ਪਰਵਾਹ

ਨਹੀ ਕਰਦੇ), ਅਤੇ ਸੁਰ-ਤਾਲ ਤੋਂ ਉੱਖੜੇ: ਭੁਤਨਿਆਂ ਵਾਂਙ, ਭਟਕਦੇ ਫਿਰਦੇ ਹਨ।
In the Holy Vedas, the highest thing is the Lord's Name, but the people attached to the world, do not listen to it, and keep wandering dissatisfied like the lost persons: demons, ghosts. (Vedas - the Hindu religious ancient Holy-Books).

ਕਹੈ ਨਾਨਕੁ ਜਿਨ ਸਚੁ ਤਜਿਆ ਕੂੜੇ ਲਾਗੇ ਤਿਨੀ ਜਨਮੁ ਜੂਐ ਹਾਰਿਆ ॥੧੯॥
kahai naanak jin sach taji-aa koorhay laagay tinee janam joo-ai haari-aa. ||19||
ਨਾਨਕ ਜੀ ਕਹਿੰਦੇ ਹਨ ਕਿ ਜਿਨ੍ਹਾਂ ਨੇ ਸੱਚ (ਪਰਮਾਤਮਾ) ਨੂੰ ਛੱਡ ਦਿੱਤਾ ਹੈ ਅਤੇ ਝੂਠ (ਦੁਨੀਆ ਦੀਆਂ ਚੀਜ਼ਾਂ ਕਿ ਜੋ ਛੱਡ ਜਾਣੀਆਂ ਹਨ) ਨੂੰ ਫੜਿਆ ਹੋਇਆ ਹੈ, ਉਹਨਾ ਨੇ ਆਪਣਾ ਜਨਮ ਜੂਏ (ਐਵੇਂ ਹੀ, ਮਾੜੇ ਕੰਮਾਂ ਵਿਚ) ਹਾਰ ਦਿੱਤਾ ਹੈ।
Says Nanak, those who give up the Truth (God), and accept (Get attached to) the falsehood (Love of the worldly things), lose their lives in gamble (Uselessly, purposelessly). ||19||

ਜੀਅਹੁ ਨਿਰਮਲ ਬਾਹਰਹੁ ਨਿਰਮਲ ॥
jee-ahu nirmal baahrahu nirmal.
ਉਹ ਕਿ ਜੋ ਅੰਦਰੋਂ ਅਤੇ ਬਾਹਰੋਂ ਵੀ ਪਵਿੱਤਰ ਹਨ - ਨਾਮ ਜਪਦੇ, ਚੰਗਿਆਈਆਂ ਕਰਦੇ ਹਨ,
Those who are pure at heart, and as well of appearance - There is no hypocrisy, recite God's Name and do good deeds,

ਬਾਹਰਹੁ ਤ ਨਿਰਮਲ ਜੀਅਹੁ ਨਿਰਮਲ ਸਤਿਗੁਰ ਤੇ ਕਰਣੀ ਕਮਾਣੀ ॥
baahrahu ta nirmal jee-ahu nirmal satgur tay karnee kamaanee.
ਬਾਹਰੋਂ ਪਵਿੱਤਰ ਹਨ, ਅਤੇ ਮਨ ਤੋਂ ਵੀ ਪਵਿੱਤਰ ਹਨ, ਉਹ ਸਤਿਗੁਰ ਤੋਂ ਉਪਦੇਸ਼ ਲੈ ਕੇ ਚੰਗਿਆਈਆਂ ਕਰਦੇ ਹਨ,
ਬਾਹਰੋ ਤ ਨਿਰਮਲ - ਸਰੀਰੋਂ, ਦੇਖਣ ਨੂੰ, ਨਿਰਮਲ ਹਨ, ਪਾਖੰਡ ਨਹੀ ਹੈ। ਚੰਗੇ ਕੰਮ ਕਰਦੇ ਹਨ।
ਜੀਅਹੁ ਨਿਰਮਲ - ਮਨ ਤੋਂ ਨਿਰਮਲ ਹਨ, ਨਾਮ ਜਪਦੇ, ਬਾਣੀ ਪੜ੍ਹਦੇ ਹਨ।
Those who are outwardly pure, and also pure within (at heart), follow the Guru's Word and perform good deeds. (Outwardly Pure – Pure in appearance, no hypocrisy, do good deeds. Pure Within – Recite the Name of God and Gurbani),

ਕੂੜ ਕੀ ਸੋਇ ਪਹੁਚੈ ਨਾਹੀ ਮਨਸਾ ਸਚਿ ਸਮਾਣੀ ॥
koorh kee so-ay pahuchai naahee mansaa sach samaanee.
ਉਹਨਾ ਨੂੰ ਝੂਠ ਦੀ ਸੋ (ਗੱਲ, ਖਬਰ, ਹਵਾ) ਤੱਕ ਨਹੀ ਪਹੁੰਚਦੀ (ਬੁਰਾਈ ਤੋਂ ਬੱਚ ਕੇ ਰਹਿੰਦੇ ਹਨ, ਦੁਨੀਆ ਦੀਆਂ ਵਸਤਾਂ ਦੀ ਲਾਲਚ ਨਹੀ ਪੈਂਦੀ), ਅਤੇ ਉਹਨਾ ਦੀਆਂ ਇਛਾਵਾਂ ਸੱਚ (ਵਾਹਿਗੁਰੂ) ਵਿਚ ਹੀ ਸਮਾ ਕੇ ਮੁੱਕ ਜਾਂਦੀਆਂ ਹਨ।
ਕੀਤੀਆਂ ਚੰਗਿਆਈਆਂ, ਅਤੇ ਨਾਮ-ਜਾਪ ਦੇ ਕਾਰਣ ਇੱਛਾਵਾਂ ਮੁੱਕ ਜਾਂਦੀਆਂ ਹਨ। ਉਹਨਾ ਦੀ ਇਛਾ ਚੰਗੇ ਕੰਮਾਂ ਵਿਚ ਲੱਗ ਜਾਂਦੀ ਹੈ।
They do not even hear about (Get attached to) the falsehood (Worldly things), and their desires get absorbed into the Truth. (Doing good deeds and chanting the

Name of God appeases: destroys, their desires. They desire for good deeds).

ਜਨਮੁ ਰਤਨੁ ਜਿਨੀ ਖਟਿਆ ਭਲੇ ਸੇ ਵਣਜਾਰੇ ॥
janamu ratanu jinee khati-aa bhalay say vanjaaray.
ਜਿਨ੍ਹਾਂ ਨੇ ਇਸ ਹੀਰੇ ਵਰਗੇ ਜਨਮ ਦੀ ਕਮਾਈ ਕਰ ਲਈ (ਨਾਮ ਜਪ ਲਿਆ, ਚੰਗੇ ਕੰਮ ਕੀਤੇ) ਉਹਨਾ ਨੇ ਸੋਹਣਾ ਬਿਉਪਾਰ ਕਰ ਲਿਆ (ਇਹ ਚੰਗੇ ਸੌਦਾਗਰ ਹਨ, ਚੰਗੇ ਕੰਮ ਕਰਨ ਤੇ ਨਾਮ ਜਪਣ ਦਾ ਚੰਗਾ ਸੌਦਾ ਕਰਦੇ ਹਨ)।
Those who earn the jewel of this human life, are the good merchants. (Jewel - they chant the Name of God, do good deeds. They do good business of good deeds and of chanting the Name of God).

ਕਹੈ ਨਾਨਕੁ ਜਿਨ ਮੰਨੁ ਨਿਰਮਲੁ ਸਦਾ ਰਹਹਿ ਗੁਰ ਨਾਲੇ ॥੨੦॥
kahai naanak jin man nirmal sadaa raheh gur naalay. ||20||
ਗੁਰੂ ਨਾਨਕ ਦੇਵ ਜੀ ਕਹਿੰਦੇ ਹਨ, ਜਿਨ੍ਹਾਂ ਦਾ ਮਨ ਪਵਿੱਤਰ ਹੈ, ਉਹ ਹਰ ਵਕਤ ਗੁਰੂ ਦੇ ਹੁਕਮ ਵਿਚ ਰਹਿੰਦੇ (ਨਾਮ ਜਪਦੇ, ਚੰਗਿਆਈਆਂ ਕਰਦੇ) ਹਨ।
Says Guru Nanak Dev, those with pure minds, always follow (Abide by) what the Guru says (Chant His Name, do good deeds). ||20||

ਜੇ ਕੋ ਸਿਖੁ ਗੁਰੂ ਸੇਤੀ ਸਨਮੁਖੁ ਹੋਵੈ ॥
jay ko sikh guroo saytee sanmukh hovai.
ਜੇ ਕੋਈ ਸਿਖ ਗੁਰੂ ਦੇ ਸਾਹਮਣੇ ਹੋਵੇ, ਗੁਰੂ ਦੇ ਵੱਲ ਮੂੰਹ ਕਰ ਲਵੇ: ਗੁਰਮੁਖ ਬਣ ਜਾਵੇ, ਗੁਰੂ ਦੀ ਸੇਵਾ ਵਿਚ ਰਹਿਣ ਵਾਲਾ ਬਣੇ, ਉਹਦੇ ਹੁਕਮ ਵਿਚ ਆਵੇ, ਨਾਮ ਜਪੇ, ਚੰਗੇ ਕੰਮ ਕਰੇ,
If a Sikh turns to the Guru (Desires to be in the service of the Guru, becomes God-Oriented, accepts His Will, does good deeds, and recites His Name),

ਹੋਵੈ ਤ ਸਨਮੁਖੁ ਸਿਖੁ ਕੋਈ ਜੀਅਹੁ ਰਹੈ ਗੁਰ ਨਾਲੇ ॥
hovai ta sanmukh sikh ko-ee jee-ahu rahai gur naalay.
(ਭਰ) ਗੁਰੂ ਦੇ ਵੱਲ ਮੂੰਹ ਕਰਨ ਵਾਲਾ ਸਿਖ: ਸਿਖਿਆ ਲੈਣ ਵਾਲਾ, ਗੁਰਮੁਖ, ਕੋਈ ਹੀ ਬਣਦਾ ਹੈ, ਅਤੇ ਫ਼ੇਰ ਅਜਿਹਾ ਆਪਣੇ ਮਨ ਕਰਕੇ ਗੁਰੂ ਦੇ ਨਾਲ ਜੁੜਿਆ ਰਹਿੰਦਾ ਹੈ – ਹੁਕਮ ਮੰਨਦਾ ਤੇ ਨਾਮ ਜਪਦਾ ਹੈ।
(But such a Sikh is not common,) hardly there is a Sikh who turns to the Guru, and then keeps attached to him: follows his dictates, and recites the Name of God from his heart, sincerely.

ਗੁਰ ਕੇ ਚਰਨ ਹਿਰਦੈ ਧਿਆਏ ਅੰਤਰ ਆਤਮੈ ਸਮਾਲੇ ॥
gur kay charan hirdai Dhi-aa-ay antar aatmai samaalay.
(ਅਜਿਹਾ ਸਿਖ: ਸਿਖਿਆ ਲੈਣ ਵਾਲਾ), ਗੁਰੂ ਦੇ ਚਰਨਾਂ ਨੂੰ ਆਪਣੇ ਮਨ ਦੇ ਅੰਦਰ ਯਾਦ ਕਰਦਾ ਰਹਿੰਦਾ ਹੈ: ਨਾਮ ਧਿਆਉਂਦਾ, ਜਪਦਾ ਹੈ, ਅਤੇ ਨਾਮ ਦੀ ਯਾਦ ਨੂੰ ਆਪਣੀ ਆਤਮਾ ਦੇ ਵਿਚ ਸੰਭਾਲਦਾ ਹੈ (ਨਾਮ ਜਪਦਾ ਰਹਿੰਦਾ ਹੈ)।
(Such a Sikh: disciple, the learner), keeps the feet of the Guru in his heart (Chants

His Name), and takes care of these with his soul: remembers God.

ਆਪੁ ਛਡਿ ਸਦਾ ਰਹੈ ਪਰਣੈ ਗੁਰ ਬਿਨੁ ਅਵਰੁ ਨ ਜਾਣੈ ਕੋਏ ॥
aap chhad-e sadaa rahai parnai gur binu avaru na jaanai ko-ay.
ਇਹ (ਗੁਰਮੁਖ), ਆਪਾ ਛੱਡ ਕੇ ਸਦਾ ਗੁਰੂ (ਵਾਹਿਗੁਰੂ) ਦੇ ਨਾਲ ਵਿਆਹਿਆ, ਸੰਬੰਧਤ – ਆਸਰੇ, ਨਾਮ ਜਪਦਾ, ਰਹੇ, ਅਤੇ ਗੁਰੁ (ਵਾਹਿਗੁਰੂ) ਤੋਂ ਬਿਨਾ ਹੋਰ ਕਿਸੇ ਨੂੰ ਵੀ ਨਾ ਜਾਣੇ॥
ਗੁਰੂ ਅਤੇ ਪਰਮਾਤਮਾ ਦੇ ਬਿਨਾ ਕਿਸੇ ਹੋਰ ਤੇ ਨਿਰਭਰ ਨਾ ਰਹੇ, ਸ਼ਰਧਾ ਸਿਰਫ਼ ਗੁਰੂ ਉੱਤੇ ਰੱਖੇ।
Giving up his self: renouncing I, my, me i.e. ego, he – the God-Oriented one, keeps linked to the Guru, and does not know anyone else: has faith only on the Guru and God.

ਕਹੈ ਨਾਨਕੁ ਸੁਣਹੁ ਸੰਤਹੁ ਸੋ ਸਿਖੁ ਸਨਮੁਖੁ ਹੋਏ ॥੨੧॥
kahai naanak sunhu santahu so sikh sanmukh ho-ay. ||21||
ਨਾਨਕ ਜੀ ਕਹਿੰਦੇ ਹਨ, ਸੰਤ ਲੋਕੋ (ਗੁਰਮੁਖੋ) ਸੁਣੋ, ਸਿਖ: ਸਿਖਣ ਵਾਲਾ, ਅਜਿਹਾ ਉੱਪਰ ਦੱਸਿਆ ਹੋਵੇ ਤਾਂ ਗੁਰੂ ਦੇ ਸਾਹਮਣੇ ਹੋਇਆ ਜਾਣਿਆ ਜਾਂਦਾ ਹੈ।
ਅਜਿਹਾ: ਗੁਰਮੁਖ, ਨਾਮ ਜਪਣ ਵਾਲਾ, ਗੁਰੂ ਜੀ ਦੀ ਸੇਵਾ ਵਿਚ ਹੁੰਦਾ ਹੈ।
Says Nanak, O Saints listen, only such a Sikh: disciple or learner, as described above, is known as "turned to the Guru"- in the Guru's service, God-Oriented. ||21||

ਜੇ ਕੋ ਗੁਰ ਤੇ ਵੇਮੁਖੁ ਹੋਵੈ ਬਿਨੁ ਸਤਿਗੁਰ ਮੁਕਤਿ ਨ ਪਾਵੈ ॥
jay ko gur tay vaimukhu hovai binu satgur mukat-e na paavai.
ਜੇ ਕੋਈ ਗੁਰੂ (ਵਾਹਿਗੁਰੂ) ਤੋਂ ਮੂੰਹ ਮੋੜ ਲੈਂਦਾ ਹੈ, ਉਹ ਬਿਨਾ ਸਤਿਗੁਰੂ (ਪਰਮਾਤਮਾ) ਜੀ ਦੇ ਮੁਕਤੀ ਨਹੀ ਪਾ ਸਕਦਾ
ਜੋ ਗੁਰੂ ਤੋਂ ਮੂੰਹ ਮੋੜ ਲਵੇ ਉਹ ਦੁਨੀਆ ਦੇ ਬੰਧਨਾ, ਅਤੇ ਮਰਣ-ਜਮਣ ਦੇ ਚੱਕਰ ਤੋਂ ਛੁਟਕਾਰਾ ਨਹੀ ਪਾ ਸਕਦਾ।
Anyone who turns away from the Guru (God), cannot get liberation without the True Guru (the Lord).
Mukti – Emancipation, salvation. It is liberation from the worldly attachments, and from the cycle of birth and death.

ਪਾਵੈ ਮੁਕਤਿ ਨ ਹੋਰ ਥੈ ਕੋਈ ਪੁਛਹੁ ਬਿਬੇਕੀਆ ਜਾਏ ॥
paavai mukat na hor thai ko-ee puchhahu bibaykee-aa jaa-ay.
ਕਿਸੇ ਹੋਰ ਥਾਂ ਤੋਂ – ਕਿਸੇ ਹੋਰ ਦਰ ਤੋਂ, ਬਿਨਾ ਆਪਣੇ ਗੁਰੂ (ਵਾਹਿਗੁਰੂ) ਤੋਂ, ਮੁਕਤੀ ਮਿਲ ਨਹੀ ਸਕਦੀ, ਚਾਹੋ ਤਾਂ ਬਿਬੇਕੀਆਂ: ਬੁੱਧੀਮਾਨਾ, ਵੀਚਾਰਵਾਨਾ, ਤੋਂ ਪੁਛ ਲਵੋ।
ਜੋ ਸਿਖ ਹੈ, ਉਹ ਸਭ ਕੁਝ ਆਪਣੇ ਗੁਰੂ ਤੋਂ ਪਰਾਪਤ ਕਰੇਗਾ।
No one can find liberation from anywhere else - except from his Guru (God), one may ask the wise ones.

ਅਨੇਕ ਜੂਨੀ ਭਰਮਿ ਆਵੈ ਵਿਣੁ ਸਤਿਗੁਰ ਮੁਕਤਿ ਨ ਪਾਏ ॥

anayk joonee bharam aavai vin satgur mukat na paa-ay.

ਗੁਰੂ – ਰੱਬ ਉੱਤੇ ਵਿਸ਼ਵਾਸ: ਯਕੀਨ ਨਾ ਹੋਣ ਦੇ ਕਾਰਨ, ਮਨੁਖ ਬੇਅੰਤ ਜੂਨਾ ਵਿਚ ਮੁੜ ਮੁੜ ਜਨਮ ਲੈਂਦਾ ਤੇ ਭਟਕਦਾ ਹੈ, ਅਤੇ ਬਿਨਾ ਸੱਚੇ ਗੁਰੂ ਦੀ ਸ਼ਰਨ ਆਇਆਂ, (ਗੁਰੂ ਦੇ ਰਾਹ ਦੱਸਿਆਂ: ਨਾਮ ਜਪਿਆਂ) ਇਹਨੂੰ ਮੁਕਤੀ ਨਹੀ ਮਿਲਦੀ।

Due to his doubts: lack of faith on Guru (God), he gets born again and again in different forms i.e. animals, birds, fish etc., this is called transmigration, and without the True Master he does not get liberation. (Without the Guru's shelter - guidance to recite His Name, there is no liberation).

ਫਿਰਿ ਮੁਕਤਿ ਪਾਏ ਲਾਗਿ ਚਰਣੀ ਸਤਿਗੁਰੂ ਸਬਦੁ ਸੁਣਾਏ ॥

phire mukate paa-ay laage charnee satguroo sabadu sunaa-ay.

ਆਖਿਰ, ਮੁਕਤੀ ਗੁਰੂ (ਵਾਹਿਗੁਰੂ) ਜੀ ਦੀ ਸ਼ਰਨ ਆਇਆਂ ਹੀ ਮਿਲਦੀ ਹੈ ਕਿ ਜੱਦ ਇਹਨੂੰ ਗੁਰੂ ਜੀ ਦਾ ਉਪਦੇਸ਼ ਮਿਲਦਾ ਹੈ: ਨਾਮ ਜਪੋ, ਚੰਗਿਆਈਆਂ ਕਰੋ।

At last, he gets liberation by getting attached to the feet of the True Guru (God)– by surrendering to him (Him), and getting his (Guru's) Shabad – Word, to chant the Name of God.

ਕਹੈ ਨਾਨਕੁ ਵੀਚਾਰਿ ਦੇਖਹੁ ਵਿਣੁ ਸਤਿਗੁਰ ਮੁਕਤਿ ਨ ਪਾਏ ॥੨੨॥

kahai naanak veechaar daykhhu vin satgur mukat na paa-ay. ||22||

ਨਾਨਕ ਜੀ ਕਹਿੰਦੇ ਹਨ ਕਿ ਸੋਚ-ਵਿਚਾਰ ਕੇ ਦੇਖ ਲਵੋ, ਬਿਨਾ ਵਾਹਿਗੁਰੂ ਦੇ: ਇਹਦੀ ਕਿਰਪਾ ਦੇ, ਇਹਦੇ ਲੜ ਲੱਗੇ ਬਗ਼ੈਰ, ਮੁਕਤੀ ਨਹੀ ਮਿਲਦੀ।

Says Nanak, think over it, without the kindness of the True Guru (God) there is no liberation. ||22||

ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ ॥

aavhu sikh satguroo kay pi-aariho gaavhu sachee banee.

ਆਉ ਸਤਿਗੁਰੂ ਜੀ ਦੇ ਪਿਆਰੇ ਸਿੱਖੋ, ਤੁਸੀਂ ਸੱਚੀ ਬਾਣੀ ਗਾਵੋ।

ਸੱਚੀ ਬਾਣੀ – ਗੁਰੂ ਮਹਾਰਾਜ ਦੀ ਉਚਾਰੀ ਹੋਈ, ਜਾਂ ਇਹਨਾ ਦੀ ਪਰਵਾਣ ਕੀਤੀ ਬਾਣੀ। ਬਾਣੀ, ਗੁਰੂ ਜੀ ਨੂੰ ਵਾਹਿਗੁਰੂ ਤੋਂ ਮਿਲੀ ਹੈ। ਬਾਣੀ, ਗੁਰੂ ਗਰੰਥ ਸਾਹਿਬ ਵਿਚ ਦਿੱਤੇ, ਅਤੇ ਦਸਮ ਪਾਤਿਸ਼ਾਹ ਦੇ ਉਚਾਰੇ ਹੋਏ ਸ਼ਬਦ ਹਨ।

Come, O beloved Sikhs of the True Guru, sing the True Bani - Scriptures, Hymns.

(True Bani – The Scriptures are revealed to the Gurus by God. Hymns given in the Guru Granth Sahib, as well as the Bani of the Tenth Master, is revealed Bani).

ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆ ਸਿਰਿ ਬਾਣੀ ॥

banee ta gaavhu guroo kayree baanee-aa sir banee.

ਬਾਣੀ ਗਾਉ ਕਿ ਜੋ ਗੁਰੂ ਜੀ ਦੀ ਉਚਾਰੀ ਹੋਈ ਗੁਰੂ ਜੀ ਦੀ ਬਾਣੀ ਵਾਹਿਗੁਰੂ ਦੀ ਗੱਲ ਕਰਦੀ ਹੈ।

Sing the Bani: Scripture, of the Guru, which is a Supreme i.e. a Great Bani (Hymns). (Guru's Bani talks only of God).

ਜਿਨ ਕਉ ਨਦਰਿ ਕਰਮੁ ਹੋਵੈ ਹਿਰਦੈ ਤਿਨਾ ਸਮਾਣੀ ॥
jin ka-o nadar karam hovai hirdai tinaa samaanee.
ਜਿਨ੍ਹਾਂ ਉੱਤੇ ਵਾਹਿਗੁਰੂ ਜੀ ਦੀ ਮਿਹਰ ਦੀ ਨਜ਼ਰ, ਕਿਰਪਾ ਹੋ ਜਾਵੇ, ਇਹ ਬਾਣੀ ਉਹਨਾ ਦੇ ਮਨ ਦੇ ਅੰਦਰ ਵੱਸ ਜਾਂਦੀ ਹੈ।
This Bani (Scripture) settles in the minds of those who get the Grace of God.

ਪੀਵਹੁ ਅੰਮ੍ਰਿਤੁ ਸਦਾ ਰਹਹੁ ਹਰਿ ਰੰਗਿ ਜਪਿਹੁ ਸਾਰਿਗਪਾਣੀ ॥
peevhu amrit sadaa rahhu har rang japihu saarigpaanee.
ਅੰਮ੍ਰਿਤ ਪੀਵੋ (ਬਾਣੀ ਪੜ੍ਹੋ, ਨਾਮ ਜਪੋ), ਹਰ ਵਕਤ ਪਰਮਾਤਮਾ ਦੇ ਪਰੇਮ ਵਿਚ ਰਹੋ –

ਪਰਮਾਤਮਾ ਦੇ ਨਾਮ ਨੂੰ ਜਪੋ। ਬਾਣੀ ਪੜ੍ਹ ਤੇ ਨਾਮ ਜਪ ਕੇ ਹਰ ਵਕਤ ਵਾਹਿਗੁਰੂ ਦੇ ਪਰੇਮ ਵਿਚ ਰਹਿ, ਇਹਨੂ ਯਾਦ ਕਰਦੇ ਰਹੋ।

ਅੰਮ੍ਰਿਤ – ਅ: ਨਹੀ, ਮ੍ਰਿਤ: ਮੌਤ, ਭਾਵ ਇਹ ਪੀ ਕੇ ਮੌਤ ਨਹੀ ਆਉਂਦੀ, ਮੌਤ ਦਾ ਡਰ ਮੁੱਕ ਜਾਂਦਾ ਹੈ। ਸਿਖ ਧਰਮ ਵਿਚ, ਇਹ ਮਿਠਾ ਪਵਿਤੱਰ-ਜੱਲ ਖਾਸ ਤੌਰ ਤੇ ਚੋਣਵੀਆਂ (ਨਿਸਚਿੱਤ: ਗਿਣੀਆਂ-ਮਿਥੀਆਂ) ਬਾਣੀਆਂ ਪੜ੍ਹ ਕੇ ਤਿਆਰ ਕੀਤਾ ਜਾਂਦਾ ਹੈ, ਅਤੇ ਇਹ ਪਿਆ ਕੇ ਸਿੰਘ ਸਜਾਇਆ, ਖਾਲਸਾ ਬਣਾਇਆ ਜਾਂਦਾ ਹੈ।

ਸਾਰਿਗਪਾਣੀ – ਧਰਤੀ ਦਾ ਪਾਲਣਹਾਰਾ: ਪਰਮਾਤਮਾ। ਸਾਰਿਗਪਾਣ – ਧਰਤੀ ਨੂੰ ਪਾਲਣ ਵਾਲਾ ਵਿਸ਼ਨੂੰ ਕਿ ਜਿਸ ਦੇ ਹੱਥ ਵਿਚ ਕਮਾਨ ਹੈ, ਭਾਵ ਹੈ ਧਰਤੀ ਨੂੰ ਪਾਲਣ ਵਾਲਾ ਪਰਮਾਤਮਾ।
Drink Amrit (the Holy-Drink i.e. read the Scriptures, and recite His Name), forever remain in the love of the Lord, and chant the Name of the "Sustainer of the World" (God).
(Amrit – A: no, Mrit: death i.e. Immortality-giving Holy-Drink, Ambrosial Nectar. It is an especially prepared sweetened drink which is given at the time of inducting a fellow into the Sikh faith.
Saarigpaan – Vishnu, Sustainer of the earth i.e. God).

ਕਹੈ ਨਾਨਕੁ ਸਦਾ ਗਾਵਹੁ ਏਹ ਸਚੀ ਬਾਣੀ ॥੨੩॥
kahai naanak sadaa gaavhu ayh sachee banee. ||23||
ਨਾਨਕ ਜੀ ਕਹਿੰਦੇ ਹਨ ਕਿ ਇਹ ਸੱਚੀ ਬਾਣੀ, ਤੁਸੀਂ ਹਰ ਵਕਤ ਗਾਉਂਦੇ ਰਹੋ।
Says Nanak, sing this True Bani (Hymns) always. ||23||

ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ ॥
satguroo binaa hor kachee hai banee.
ਜੋ ਬਾਣੀ ਸਤਿਗੁਰੂ ਜੀ ਦੀ ਉਚਾਰੀ ਜਾਂ ਪਰਵਾਣ ਕੀਤੀ ਹੋਈ ਨਹੀ, ਉਹ ਕੱਚੀ ਹੈ।

ਕੱਚੀ ਬਾਣੀ – ਐਵੇਂ ਤੁੱਕ-ਬੰਦੀ, ਖਿਆਲੀ, ਮਾਇਆ ਦੇ ਬਾਰੇ ਹੈ, ਇਹਦੇ ਲਿੱਖਣ ਵਾਲਾ ਕਹਿੰਦਾ ਹੋਰ ਅਤੇ ਕਰਦਾ ਹੋਰ ਹੈ। ਉਹ ਸੱਚ: ਪਰਮਾਤਮਾ, ਅਤੇ ਭਜਨ ਬੰਦਗੀ ਤੋਂ, ਦੂਰ ਹੈ। ਇਸ ਬਾਣੀ ਦੇ ਵਿਚ ਗੁਰੂ ਮਹਾਰਾਜ

ਦੀ ਕਰਣੀ–ਸ਼ੱਕਤੀ, ਆਤਮਿਕਤਾ ਨਹੀ। ਇਹ ਧੁਰ ਕੀ: ਵਾਹਿਗੁਰੂ ਤੋਂ ਆਈ ਹੋਈ ਨਹੀ।

The Bani (Scriptures, Hymns) not composed or approved by the Gurus is merely an ordinary, untrue poetry (False songs related to the worldly attachments with no spirituality in them, nothing about God. There is hypocrisy, the writer's deeds and preaching are different. It has no effect of the high deeds and spiritual strength of the Gurus. It is not revealed: got from God).

ਬਾਣੀ ਤ ਕਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ ॥

banee ta kachee satguroo baajhahu hor kachee banee.

ਜੋ ਬਾਣੀ ਸੱਚੇ ਗੁਰੂ ਮਹਾਰਜ ਜੀ ਦੀ ਨਹੀ ਉਹ ਕੱਚੀ ਹੈ, (ਯਕੀਨ ਕਰੋ) ਕੱਚੀ ਹੀ ਹੈ।

ਅਜਿਹੀ ਬਾਣੀ ਦੁਨੀਆ ਦੇ ਬਾਰੇ ਹੈ, ਉਹਦੇ ਵਿਚ ਗੁਰੂ ਜੀ ਦੀ ਕਰਣੀ ਤੇ ਆਤਮਿਕਤਾ ਨਹੀ, ਰੱਬ ਬਾਰੇ ਕੁਝ ਨਹੀ, ਰੱਬ ਵੱਲੋਂ ਮਿਲੀ ਹੋਈ ਨਹੀ, ਇਹਦੇ ਲਿਖਣ ਵਾਲਾ ਕਰਦਾ ਹੋਰ ਅਤੇ ਕਹਿੰਦਾ ਕੁਝ ਹੋਰ ਹੈ।

The Bani (Hymns) not belonging to the True Guru is false, (Believe it) it is untrue. (Such Hymns are about the worldly things, with no spirituality and the effect of the high deeds of the Guru, nothing about God, not revealed i.e. not got from God. There is hypocrisy in this, the writer's deeds and preaching are different).

ਕਹਦੇ ਕਚੇ ਸੁਣਦੇ ਕਚੇ ਕਚੀਂ ਆਖਿ ਵਖਾਣੀ ॥

kahday kachay sunday kachay kachee[N] aakh vakhaanee.

ਗੁਰੂ ਦੇ ਬਾਝੋਂ ਬਾਣੀ ਉਚਾਰਣ ਵਾਲੇ ਅਤੇ ਇਹਨੂੰ ਸੁਣਨ ਵਾਲੇ ਵੀ ਕੱਚੇ, ਭਜਨ ਬੰਦਗੀ ਤੋਂ ਰਹਿਤ ਹਨ, ਕਿਉਂ ਕਿ ਇਹ ਕੱਚਿਆਂ, ਕਿ ਜੋ ਨਾਮ ਨਹੀ ਜਪਦੇ, ਆਤਮਿਕਤਾ ਤੋਂ ਰਹੇ ਹੋਇ ਹਨ, ਰੱਬ ਦੇ ਨਾਲ ਨਹੀ ਜੁੜੇ, ਨੇ ਉਚਾਰੀ ਹੋਈ ਹੈ।

Without the Guru all others who compose the so-called "Bani," (Scriptures) are false: not God-Oriented, and those who listen to such compositions are untrue as well (Attached to the worldly things).

ਹਰਿ ਹਰਿ ਨਿਤ ਕਰਹਿ ਰਸਨਾ ਕਹਿਆ ਕਛੂ ਨ ਜਾਣੀ ॥

har-e har-e nit karahi rasnaa kahi-aa kachhoo na jaanee.

(ਅਜਿਹੇ ਲੋਕ) ਜ਼ਬਾਨ ਦੇ ਨਾਲ ਨਿਤ "ਵਾਹਿਗੁਰੂ, ਵਾਹਿਗੁਰੂ" ਕਰਦੇ ਹਨ, ਭਰ ਜੋ ਕਹਿੰਦੇ ਹਨ ਉਹਦੀ ਉਹਨਾ ਨੂੰ ਕੋਈ ਸਮਝ ਨਹੀ ਕਿ ਉਹ ਕੀ ਕਹਿ ਰਹੇ ਹਨ: ਇਹਦਾ ਮਤਲਬ ਕੀ ਹੈ।

ਅਜਿਹੇ, ਮੂੰਹ ਤੋਂ ਹੋਰ ਅਤੇ ਮਨੋਂ ਹੋਰ ਹਨ, ਆਪਣਾ ਕਿਹਾ ਆਪ ਹੀ ਸੁਣਦੇ, ਮੰਨਦੇ, ਕਰਦੇ ਨਹੀ।

With their tongues, they continuously chant God's Name, but do not know what they say. (They are hypocrites, do not practice what they preach).

ਚਿਤੁ ਜਿਨ ਕਾ ਹਿਰਿ ਲਇਆ ਮਾਇਆ ਬੋਲਨਿ ਪਏ ਰਵਾਣੀ ॥

chit jin kaa hir la-i-aa maa-i-aa bolan pa-ay ravaanee.

ਜਿਨ੍ਹਾ ਦਾ ਮਨ ਮਾਇਆ ਨੇ ਠੱਗ ਲਿਆ ਹੋਇਆ ਹੈ: ਜੋ ਦੁਨੀਆ ਦੀਆਂ ਗੱਲਾਂ ਵਿਚ ਫਸੇ ਹੋਇ ਹਨ, ਉਹ ਰਵਾਂ–ਰਵੀਂ ਬੋਲੀ ਜਾਂਦੇ ਹਨ।

ਉਹ, ਤੇਜ਼ੋ-ਤੇਜ਼ੀ, ਉੱਤੋਂ ਉੱਤੋਂ, ਬਿਨ ਸਮਝੇ, ਜ਼ਬਾਨੀ ਜ਼ਬਾਨੀ ਉਪਦੇਸ਼ ਦਿੰਦੇ, ਵਾਹਿਗੁਰੂ ਅਤੇ ਨਾਮ ਦੀਆਂ ਗੱਲਾਂ ਕਰਦੇ ਸਮਝਦੇ ਹਨ ਕਿ ਬਾਣੀ ਉਚਾਰ ਰਹੇ ਹਨ।

Those won over by the worldly attachments, go on talking fast, (without understanding anything, reciting mechanically about God and His Name, thinking they are composing Bani).

ਕਹੈ ਨਾਨਕੁ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ ॥੨੪॥

kahai naanak satguroo baajhahu hor kachee banee. ||24||

ਨਾਨਕ ਜੀ ਕਹਿੰਦੇ ਹਨ ਕਿ ਬਿਨਾ ਗੁਰੂ ਜੀ ਦੇ ਬੋਲੀ, ਉਚਾਰੀ, ਕੋਈ ਹੋਰ ਬਾਣੀ ਸੁਣਾਵੇ, ਬਣਾਵੇ, ਉਹ ਬਾਣੀ ਕੱਚੀ ਹੈ।

Says Nanak, Bani (Hymns) composed by anyone other than the True Guru, is false. ||24||

ਗੁਰ ਕਾ ਸਬਦੁ ਰਤੰਨੁ ਹੈ ਹੀਰੇ ਜਿਤੁ ਜੜਾਉ ॥

gur kaa sabadu ratannu hai heeray jitu jarhaa-o.

ਗੁਰੂ ਜੀ ਦਾ ਸ਼ਬਦ (ਨਾਮ) ਇਕ ਰਤਨ: ਹੀਰੇ-ਮੋਤੀ, ਹੈ ਕਿ ਜੋ ਹੀਰੇ ਜੜਿਆ ਹੈ।

ਬੜਾ ਕੀਮਤੀ ਹੈ, ਜਿਸ ਦੀਆਂ ਬੜੀਆਂ ਸਿਫ਼ਤਾਂ ਹਨ, ਮਨ ਦੇ ਅੰਦਰ ਹੀਰੇ ਜੜ ਦਿੰਦਾ: ਨਾਮ-ਬਾਣੀ ਨੂੰ ਟਿਕਾ ਦਿੰਦਾ ਹੈ।

The Word of the Guru: the Name of God, is a jewel studded diamond. (It is precious and it makes the mind studded with diamonds – established, set in the recitation of His Name, Scriptures).

ਸਬਦੁ ਰਤਨੁ ਜਿਤੁ ਮੰਨੁ ਲਾਗਾ ਏਹੁ ਹੋਆ ਸਮਾਉ ॥

sabad ratan jit man laagaa ayhu ho-aa samaa-o.

ਸ਼ਬਦ ਰਤਨ: ਹੀਰੇ ਵਰਗਾ ਨਾਮ, ਸਿਫ਼ਤਾਂ ਭਰਿਆ ਨਾਮ, ਜਿਸ ਮਨ ਨੂੰ ਮੋਹ ਜਾਵੇ, ਫ਼ੇਰ ਅਜਿਹਾ ਮਨ ਇਸ ਨਾਮ ਦੇ ਵਿਚ ਹੀ ਸਮਾ ਜਾਂਦਾ ਹੈ।

The mind, which is attracted by this Jewel (Name of God), gets attached to the Word (Starts deeply reciting His Name).

ਸਬਦ ਸੇਤੀ ਮਨੁ ਮਿਲਿਆ ਸਚੈ ਲਾਇਆ ਭਾਉ ॥

sabad saytee man mili-aa sachai laa-i-aa bhaa-o.

(ਅਜਿਹੇ ਗੁਰਮੁਖ ਦਾ) ਮਨ, ਸ਼ਬਦ: ਬਾਣੀ, ਨਾਮ, ਦੇ ਨਾਲ ਜੁੜ ਜਾਂਦਾ ਹੈ, ਅਤੇ ਸੱਚੇ ਦਾ:ਪਰਮਾਤਮਾ ਦਾ, ਪਿਆਰ ਪੈ ਜਾਂਦਾ ਹੈ।

Anyone whose mind is attached to the Word (Bani and the Name of God), he or she develops love for the Lord.

ਆਪੇ ਹੀਰਾ ਰਤਨੁ ਆਪੇ ਜਿਸ ਨੋ ਦੇਇ ਬੁਝਾਇ ॥

aapay heeraa ratan aapay jis no day-ay bujhaa-ay.

ਉਹ ਆਪ ਹੀ (ਵਾਹਿਗੁਰੂ) ਹੀਰਾ ਤੇ ਆਪ ਹੀ ਰਤਨ: ਕੀਮਤੀ ਨੱਗ, ਹੈ - ਬੜਾ ਕੀਮਤੀ: ਬੇਅੰਤ ਗੁਣਾ ਵਾਲਾ

ਹੈ, ਅਤੇ ਇਹ ਗਿਆਨ ਤਾਂ ਹੁੰਦਾ ਹੈ ਜੇ ਕਰ ਪਰਮਾਤਮਾ ਆਪ ਅਜਿਹੀ ਸਮਝ, ਪਾ ਦੇਵੇ।
He Himself is a diamond, and a jewel of limitless qualities, and this understanding comes by His Own Blessings.

ਕਹੈ ਨਾਨਕੁ ਸਬਦੁ ਰਤਨੁ ਹੈ ਹੀਰਾ ਜਿਤੁ ਜੜਾਉ ॥੨੫॥
kahai naanaku sabadu ratanu hai heeraa jitu jarhaa-o. ||25||
ਨਾਨਕ ਜੀ ਕਹਿੰਦੇ ਹਨ ਕਿ ਗੁਰੂ ਦਾ ਸ਼ਬਦ (ਬਾਣੀ, ਨਾਮ) ਕੀਮਤੀ ਜਵਾਹਰ: ਹੀਰੇ, ਮੋਤੀ ਹੈ, ਬੜੇ ਗੁਣਾ ਵਾਲਾ ਹੈ, ਕਿ ਜਿਸ ਦੀ ਕਿਰਪਾ ਦੇ ਨਾਲ ਵਾਹਿਗੁਰੂ ਜੀ ਮਨ ਦੇ ਅੰਦਰ ਆ ਬੈਠਦੇ ਹਨ।

ਜਾਪ ਕਰ ਕੇ ਮਨ ਨਾਮ ਦੇ ਨਾਲ ਜੁੜ ਜਾਂਦਾ ਹੈ, ਅਤੇ ਇਸ ਦੇ ਕਾਰਨ ਪਰਮਾਤਮਾ: ਇਹਦੀ ਯਾਦ, ਪਿਆਰ, ਮਨ ਦੇ ਅੰਦਰ ਆ ਟਿਕਦੇ ਹਨ।
Says Nanak, the Shabad (Word, Name of God) is a jewel decorated with diamonds (Shabad is precious: with great spiritual qualities, and by its recitation the love for its chanting develops, the mind gets attached to God, it gets filled with the love of God). ||25||

ਸਿਵ ਸਕਤਿ ਆਪਿ ਉਪਾਇ ਕੈ ਕਰਤਾ ਆਪੇ ਹੁਕਮੁ ਵਰਤਾਏ ॥
siv sakat aap upaa-ay kai kartaa aapay hukam vartaa-ay.
ਕਰਤਾ (ਵਾਹਿਗੁਰੂ) ਆਪ ਹੀ ਸ਼ਿਵ, ਜੀਵਆਤਮਾ – ਜਾਨਦਾਰਾਂ ਦੀ ਆਤਮਾ, ਅਤੇ ਸ਼ਕਤੀ (ਮਾਇਆ, ਦੁਨੀਆ) ਪੈਦਾ ਕਰਕੇ ਆਪ ਹੀ ਇਹਨਾ ਨੂੰ ਆਪਣੇ ਹੁਕਮ ਦੇ ਵਿਚ ਚਲਾਉਂਦਾ ਹੈ।
God creates Shiva: God-factor - things with soul, living beings, and Shakti: Maya: the world, and He puts them under His Command.

ਹੁਕਮੁ ਵਰਤਾਏ ਆਪਿ ਵੇਖੈ ਗੁਰਮੁਖਿ ਕਿਸੈ ਬੁਝਾਏ ॥
hukam vartaa-ay aap vaykhai gurmukh kisai bujhaa-ay.
(ਵਾਹਿਗੁਰੂ) ਆਪਣਾ ਹੁਕਮ ਵਰਤਾ ਕੇ – ਹੁਕਮ ਦੇ ਵਿਚ ਚਲਾ ਕੇ, ਆਪ ਹੀ ਆਪਣੀ ਖੇਡ ਨੂੰ ਦੇਖਦਾ ਹੈ – ਇਹਨੂੰ ਮਾਣਦਾ ਹੈ, ਇਹਦੀ ਪਾਲਣਾ ਕਰਦਾ ਹੈ, ਭਰ ਇਹ ਗੱਲ ਕਿਸੇ ਵਿਰਲੇ ਗੁਰੂ–ਪਿਆਰੇ ਨੂੰ ਪਰਮਾਤਮਾ ਆਪ ਹੀ ਸਮਝਾਉਂਦਾ ਹੈ।
Putting everything under His Will, He enjoys His play - provides sustenance to His Creation, but to some rare ones He Himself gives this understanding.

ਤੋੜੇ ਬੰਧਨ ਹੋਵੈ ਮੁਕਤੁ ਸਬਦੁ ਮੰਨਿ ਵਸਾਏ ॥
torhay banDhan hovai mukatu sabad manne vasaa-ay.
ਸ਼ਬਦ (ਨਾਮ, ਬਾਣੀ) ਨੂੰ ਮਨ ਦੇ ਅੰਦਰ ਵਸਾ ਕੇ – ਬਾਣੀ ਪੜ੍ਹ, ਨਾਮ ਦਾ ਜਾਪ ਕਰ, ਦੁਨੀਆ ਦੇ ਬੰਧਨ ਟੁੱਟ ਜਾਂਦੇ ਹਨ ਤੇ ਮੁਕਤ ਹੋ ਜਾਈਦਾ ਹੈ।

ਮੁਕਤੀ – ਸੰਸਾਰ ਦੇ ਬੰਧਨ ਅਤੇ ਜਮਣ ਤੇ ਮਰਣ ਦਾ ਚੱਕਰ ਮੁੱਕ ਜਾਂਦੇ ਹਨ।
By keeping the mind attached to the Word – by reading Scriptures, reciting the Name of God, the worldly bonds get broken and liberation is achieved. (Liberation – freedom from the worldly bindings, and as well from the cycle of birth and death).

ਗੁਰਮੁਖਿ ਜਿਸ ਨੋ ਆਪਿ ਕਰੇ ਸੁ ਹੋਵੈ ਏਕਸ ਸਿਉ ਲਿਵ ਲਾਏ ॥
gurmukh jis no aap karay so hovai aykas si-o liv laa-ay.
(ਪਰਮਾਤਮਾ) ਜਿਸ ਨੂੰ ਗੁਰਮੁਖ (ਜਿਸ ਦਾ ਮੂੰਹ ਗੁਰੂ ਦੇ ਵੱਲ ਹੈ, ਗੁਰੂ ਦੇ ਹੁਕਮ ਵਿਚ ਆਇਆ ਹੋਇਆ) ਬਣਾਉਂਦਾ ਹੈ ਸੋ ਹੀ ਬਣਦਾ ਹੈ, ਅਤੇ ਫ਼ੇਰ ਉਹਦੀ ਲਿਵ (ਧਿਆਨ, ਸੁਰਤੀ) ਪਰਮਾਤਮਾ ਦੇ ਨਾਲ ਲੱਗ ਜਾਂਦੀ ਹੈ (ਪਿਆਰ ਬਣ ਜਾਂਦਾ ਹੈ)।
The Lord Himself makes someone a Gurmukh: the one attached to the Guru, God-Oriented, and then he or she gets deeply linked to God.

ਕਹੈ ਨਾਨਕੁ ਆਪਿ ਕਰਤਾ ਆਪੇ ਹੁਕਮੁ ਬੁਝਾਏ ॥੨੬॥
kahai naanak aap kartaa aapay hukam bujhaa-ay. ||26||
ਨਾਨਕ ਜੀ ਕਹਿੰਦੇ ਹਨ ਕਿ ਉਹ ਆਪ ਕਰਤਾ: ਸਭ ਕੁਝ ਕਰਣ ਵਾਲਾ, ਰਚਨਾ ਰਚਣ ਵਾਲਾ ਹੈ, ਅਤੇ ਆਪ ਹੀ ਆਪਣੇ ਹੁਕਮ (ਆਪਣੀ ਖੇਡ ਦੀ) ਸੂਝ-ਸਮਝ ਦਿੰਦਾ ਹੈ।
ਉਹਦੀ ਕਿਰਪਾ ਦੇ ਨਾਲ ਉਹਦੀ ਰਚਨਾ ਤੇ ਹੁਕਮ ਦੀ ਸਮਝ ਪੈਂਦੀ ਹੈ।
Says Nanak, He is the Creator, and He Himself gives the understanding of His Will. ||26||

ਸਿਮ੍ਰਿਤਿ ਸਾਸਤ੍ਰ ਪੁੰਨ ਪਾਪ ਬੀਚਾਰਦੇ ਤਤੈ ਸਾਰ ਨ ਜਾਣੀ ॥
simrit saastar punn paap beechaarday tatai saar na jaanee.
ਸਿਮ੍ਰਿਤੀਆਂ ਅਤੇ ਸ਼ਾਸਤਰ ਪੁੰਨਾ ਅਤੇ ਪਾਪਾਂ ਬਾਰੇ ਆਪਣੇ ਵੀਚਾਰ ਦਸਦੇ ਤੇ ਲੋਕ ਇਹਨਾ ਬਾਰੇ ਪੜ੍ਹਦ ਹਨ, ਭਰ ਸਿਰਫ਼ ਇਤਨਾ ਹੀ ਪੜ੍ਹ ਲੈਣ ਦੇ ਨਾਲ ਕਹੋ ਕਿ ਅਸਲੀਅਤ (ਨਾਮ-ਜਾਪ ਤੇ ਇਹਦਾ ਫਲ) ਸਮਝ ਗਏ ਹਾਂ, ਤਾਂ ਗੱਲ ਨਹੀ ਬਣਦੀ।
ਨਾਮ ਜਾਪ ਕਰਣ ਦਾ ਅਸਲ ਗਿਆਨ ਗੁਰੂ ਤੋਂ ਪਰਾਪਤ ਹੋਂਦਾ ਹੈ, ਉਹ ਝੱਟ ਸਮਝਾ ਦਿੰਦਾ ਹੈ ਕਿ ਇਹ ਕੰਮ ਇੱਦਾਂ ਕਰਨਾ ਹੈ।
ਸਿਮ੍ਰਿਤੀਆਂ, ਸ਼ਾਸਤਰ - ਹਿੰਦੂ ਧਰਮ ਦੀਆਂ ਪੁਰਾਤਨ, ਪਵਿੱਤਰ, ਧਾਰਮਕ ਪੁਸਤਕਾਂ।
The Simritees and the Shaastras tell about the good and bad, but only by reading it the reality of God, and of reciting His Name, cannot be known (Guru can give this practical knowledge. Simritees and Shaastras - Hindu ancient religious books)

ਤਤੈ ਸਾਰ ਨ ਜਾਣੀ ਗੁਰੂ ਬਾਝਹੁ ਤਤੈ ਸਾਰ ਨ ਜਾਣੀ ॥
tatai saar na jaanee guroo baajhahu tatai saar na jaanee.
ਗੁਰੂ ਤੋਂ ਬਿਨਾ ਅਸਲੀਅਤ: ਨਾਮ, ਬਾਣੀ, ਅਤੇ ਪਰਮਾਤਮਾ ਦੇ ਹੁਕਮ, ਦੀ ਸਮਝ ਨਹੀ ਪੈਂਦੀ, ਸਮਝ ਪੈ ਹੀ ਨਹੀ ਸਕਦੀ।
No one can know the Truth - Essence: God and the value of reciting His Name. Without the Guru (Master), no one can know it.

ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ ਸੁਤਿਆ ਰੈਣਿ ਵਿਹਾਣੀ ॥
tihee gunee sansaar bharam sutaa suti-aa rain vihaanee.
ਦੁਨੀਆ ਦੇ ਤਿੰਨਾਂ ਗੁਣਾ ਦੇ ਕਾਰਨ ਸੰਸਾਰ ਭਰਮ ਵਿਚ ਬੇਸੁਰਤ ਹੈ, ਅਤੇ ਸੁੱਤਿਆਂ ਹੀ ਰਾਤ (ਜ਼ਿੰਦਗੀ, ਗਿਆਨ ਤੋਂ ਬਿਨਾ) ਬਤੀਤ ਹੋ ਰਹੀ ਹੈ – ਨਾਮ ਨਹੀ ਜਪਦਾ।
ਭਰਮ – ਦਵੈਤ: ਦੋਚਿੱਤੀ, ਵਿਸ਼ਵਾਸ਼ ਨਹੀ, ਰੱਬ ਹੈ ਕਿ ਨਹੀ।
ਤਿਨ ਗੁਣ: 1. ਸਤੋ – ਸੰਤਪੁਣਾ, ਸਚਾਈ, ਪੁੰਨ, ਗੁਣ; 2. ਤਮੋ – ਤਮ੍ਹਾ, ਪਾਪ, ਝੂਠ, ਨਿੰਦਿਆ–ਚੁਗ਼ਲੀ, ਹੋਰ ਅਉਗੁਣ, ਦੁਸ਼ਟਪੁਣਾ; 3. ਰਜੋ – ਰਜਸ, ਰਾਜਿਆਂ ਵਰਗੇ ਗੁਣ, ਹੰਕਾਰ।
The world is ignorant due to doubts caused by three characteristics of the world: the worldly attachments - virtue, vile, ego.
(Three faceted world – 1. Sato: truthfulness, saint-hood, virtues. 2. Tamo: dark aspects, viles, falsehood, backbiting, meanness etc. 3. Rajo: kingly characters - ego, boasting, talking tall etc. The people are wasting lives by not rising above these 3 aspects of the world).

ਗੁਰ ਕਿਰਪਾ ਤੇ ਸੇ ਜਨ ਜਾਗੇ ਜਿਨਾ ਹਰਿ ਮਨਿ ਵਸਿਆ ਬੋਲਹਿ ਅੰਮ੍ਰਿਤ ਬਾਣੀ ॥
gur kirpaa tay say jan jaagay jinaa har man vasi-aa boleh amrit banee.
ਗੁਰੂ ਜੀ ਦੀ ਕਿਰਪਾ ਦੇ ਨਾਲ ਉਹ ਲੋਕ ਜਾਗ ਪੈਂਦੇ ਹਨ – ਪਰਮਾਤਮਾ ਅਤੇ ਨਾਮ ਦਾ ਗਿਆਨ ਹੋ ਜਾਂਦਾ ਹੈ, ਜਿਨ੍ਹਾਂ ਦੇ ਮਨ ਦੇ ਅੰਦਰ ਵਾਹਿਗੁਰੂ ਦੀ ਯਾਦ ਵੱਸ ਜਾਂਦੀ ਹੈ, ਅਤੇ ਉਹ ਅੰਮ੍ਰਿਤ ਵਰਗੀ ਬਾਣੀ ਪੜ੍ਹਦੇ ਹਨ।
ਅੰਮ੍ਰਿਤ ਬਾਣੀ – ਉੱਚੀ–ਸੁੱਚੀ, ਪਵਿੱਤਰ, ਜੀਵਨ ਦੇਣ ਵਾਲੀ ਬਾਣੀ।
By the grace of the Guru those people become aware of Him and of His Name, who have set God in their minds, and chant the Holy Scriptures.

ਕਹੈ ਨਾਨਕੁ ਸੋ ਤਤੁ ਪਾਏ ਜਿਸ ਨੋ ਅਨਦਿਨੁ ਹਰਿ ਲਿਵ ਲਾਗੈ ਜਾਗਤ ਰੈਣਿ ਵਿਹਾਣੀ ॥੨੭॥
kahai naanak so tatu paa-ay jis no an-dinu har-e liv laagai jaagat raine vihaanee. ||27||
ਨਾਨਕ ਜੀ ਕਹਿੰਦੇ ਹਨ ਕਿ ਉਸ ਨੂੰ ਅਸਲੀ ਗੱਲ ਦਾ ਪਤਾ ਲਗਦਾ ਹੈ ਕਿ ਜਿਸ ਨੂੰ ਦਿਨ–ਰਾਤ ਵਾਹਿਗੁਰੂ ਦਾ ਪਿਆਰ ਬਣਿਆ ਰਹਿੰਦਾ ਹੈ (ਲਗਨ ਦੇ ਨਾਲ ਨਾਮ ਜਪਦਾ ਹੈ) ਅਤੇ ਜਾਗ ਕੇ: ਨਾਮ ਜਪਦਾ, ਰਾਤ ਕੱਟਦਾ ਹੈ (ਚੇਤੰਨ: ਚੁਸਤ, ਹੋ ਨਾਮ ਜਪਦੇ ਜੀਵਨ ਬਤੀਤ ਕਰਦਾ ਹੈ)।
Says Nanak, only he understands the reality - realizes God, and the value of reciting His Name, who day and night remains absorbed in the Lord, and passes night (Life) awake (In His awareness). ||27||

ਮਾਤਾ ਕੇ ਉਦਰ ਮਹਿ ਪ੍ਰਤਿਪਾਲ ਕਰੇ ਸੋ ਕਿਉ ਮਨਹੁ ਵਿਸਾਰੀਐ ॥
maataa kay udar meh partipaal karay so ki-o manhu visaaree-ai.
(ਜੋ ਕਿ) ਮਾਤਾ ਦੇ ਉਦਰ (ਪੇਟ, ਗਰਭ) ਵਿਚ ਵੀ ਪ੍ਰਿਤਪਾਲ ਕਰਦਾ, ਬੱਚੇ ਨੂੰ ਪਾਲਦਾ ਹੈ, ਉਹਨੂੰ ਦਿਲ ਵਿਚੋਂ ਕਿਉਂ ਭੁਲਾਈਏ !
(When He) takes care - nourishes, protects, in the mother's tummy too, then why forget Him!

ਮਨਹੁ ਕਿਉ ਵਿਸਾਰੀਐ ਏਵਡੁ ਦਾਤਾ ਜਿ ਅਗਨਿ ਮਹਿ ਆਹਾਰੁ ਪਹੁਚਾਵਏ ॥
manhu ki-o visaaree-ai ayvadu daataa je agan-e mehe aahaaru pahuchaava-ay.
ਏਡੇ ਵੱਡੇ ਦਾਤੇ, ਕਿ ਜੋ ਸਭ ਕੁਝ ਦਿੰਦਾ ਹੈ, ਨੂੰ ਆਪਣੇ ਮਨ ਤੋਂ ਕਿਉਂ ਭੁਲਾਈਏ, ਕਿ ਜੋ ਅੱਗ ਦੇ ਵਿਚ ਵੀ ਖੁਰਾਕ ਪਹੁੰਚਾਉਂਦਾ ਹੈ।
ਅਗਨ – ਪੇਟ: ਗਰਭ, ਦੀ ਅੱਗ, ਕਿ ਜੋ ਬੱਚੇ ਨੂੰ ਪਕਾਉਂਦੀ–ਬਣਾਉਂਦੀ ਹੈ; ਇਹ ਅੱਗ ਕਸ਼ਟ ਦਿੰਦੀ ਵੀ ਸਮਝੀ ਜਾਂਦੀ ਹੈ!
Why forget from the mind such a Great Giver, who nourishes us even in the fire (of the womb that makes-bakes the child. This fire is also considered to bother the child).

ਓਸ ਨੋ ਕਿਹੁ ਪੋਹਿ ਨ ਸਕੀ ਜਿਸ ਨਉ ਆਪਣੀ ਲਿਵ ਲਾਵਏ ॥
os no kihu pohi na sakee jis na-o aapnee liv laav-ay.
ਉਹਨੂੰ ਕੁਝ ਵੀ (ਦੁਖ ਦਰਦ) ਛੂਹ ਨਹੀ ਸਕਦਾ ਕਿ ਜਿਸ ਨੂੰ ਪਰਮਾਤਮਾ ਆਪਣਾ ਪਿਆਰ ਪਾ ਦਿੰਦਾ ਹੈ।
ਨਾਮ ਜਪਣ ਵਾਲਾ ਦੁਖ ਸੁਖ ਤੋਂ ਉੱਤੇ ਉੱਠ ਜਾਂਦਾ ਹੈ।
Nothing - affliction, pain, can touch one, whom the Lord gives His love (Such a person rises above afflictions).

ਆਪਣੀ ਲਿਵ ਆਪੇ ਲਾਏ ਗੁਰਮੁਖਿ ਸਦਾ ਸਮਾਲੀਐ ॥
aapnee liv aapay laa-ay gurmukh sadaa samaalee-ai.
(ਵਾਹਿਗੁਰੂ) ਆਪਣੀ ਲਗਨ ਆਪੇ ਹੀ ਲਾਉਂਦਾ ਹੈ, ਗੁਰਮੁਖ ਬਣ ਕੇ: ਗੁਰੂ ਦੇ ਹੁਕਮ ਵਿਚ ਆ ਕੇ, ਸਦਾ ਹੀ ਵਾਹਿਗੁਰੂ ਜੀ ਦੀ ਸੰਭਾਲ ਕਰਨੀ ਚਾਹੀਦੀ ਹੈ – ਨਾਮ ਜਪਣਾ ਅਤੇ ਬਾਣੀ ਪੜ੍ਹਨੀ ਚਾਹੀਦਾ ਹੈ।
The Lord Himself blesses with His love, we should become God-Oriented and take care of Him (Chant His Name, recite Gurbani).

ਕਹੈ ਨਾਨਕੁ ਏਵਡੁ ਦਾਤਾ ਸੋ ਕਿਉ ਮਨਹੁ ਵਿਸਾਰੀਐ ॥੨੮॥
kahai naanak ayvad daataa so ki-o manhu visaaree-ai. ||28||
ਨਾਨਕ ਜੀ ਕਹਿੰਦੇ ਹਨ, ਏਡੇ ਵੱਡੇ ਦਾਤੇ (ਦਾਨੀ, ਸਭ ਕੁਝ ਦੇਣ ਵਾਲੇ) ਨੂੰ ਅਸੀਂ ਮਨ ਤੋਂ ਭੁਲਾਈਏ ਕਿਉਂ!
Guru Nanak says, why forget such a Great Giver from our minds! ||28||

ਜੈਸੀ ਅਗਨਿ ਉਦਰ ਮਹਿ ਤੈਸੀ ਬਾਹਰਿ ਮਾਇਆ ॥
jaisee agan udar meh taisee baahar maa-i-aa.
ਜਿਹੋ ਜਿਹੀ ਅੱਗ ਪੇਟ ਦੇ ਅੰਦਰ ਹੈ, ਉਹੋ ਜਿਹੀ ਹੀ ਅੱਗ (ਪਕੜ) ਜਨਮ ਦੇ ਬਾਅਦ ਬਾਹਰ ਦੁਨੀਆ ਦੀ ਹੈ।
ਬੱਚੇ ਲਈ ਗਰਭ ਅੰਦਰ ਖੁਰਾਕ ਦੀ ਲਾਲਚ ਹੈ, ਖੁਰਾਕ ਬਿਨਾ ਮਰ ਜਾਵੇਗਾ। ਲੋਕਾਂ ਨੂੰ ਬਾਹਰ ਦੁਨੀਆ ਦੀਆਂ ਚੀਜ਼ਾਂ ਦੀ ਲਾਲਚ ਹੈ ਤੇ ਇਹਨਾ ਦੇ ਬਾਝ ਰਹਿ ਨਹੀ ਸਕਦੇ।
Just like fire within the womb, there is fire outside.
(Fire within the womb – heat in the womb. Greed of the child for food in the womb, without which it will die).
Fire outside - Attachment with the worldly things after birth, or greed of the

people already in the world.

ਮਾਇਆ ਅਗਨਿ ਸਭ ਇਕੋ ਜਿਹੀ ਕਰਤੈ ਖੇਲੁ ਰਚਾਇਆ ॥
maa-i-aa agan sabh iko jayhee kartai khayl rachaa-i-aa.
ਮਾਇਆ – ਸੰਸਾਰ ਦੀਆਂ ਵਸਤਾਂ ਦੀ ਲਾਲਚ, ਅਤੇ ਅੱਗ – ਪੇਟ: ਗਰਭ, ਦੀ ਪਕੜ, ਇੱਕੋ ਜਿਹੀਆਂ ਹਨ, ਇਹ ਸੱਭ ਵਾਹਿਗੁਰੂ ਜੀ ਦੀ ਰਚੀ ਹੋਈ ਖੇਡ ਹੈ।
ਮਾਂ ਦੇ ਪੇਟ ਵਿਚ ਬੱਚਾ ਆਪਣੀ ਮਾਂ ਤੇ ਪੂਰੀ ਤਰ੍ਹਾਂ ਨਿਰਭਰ ਹੁੰਦਾ ਹੈ, ਇਸ ਦੇ ਬਿਨਾ ਜੀਵ ਨਹੀ ਸਕਦਾ। ਇੰਜ ਹੀ ਬਾਹਰ ਸੰਸਾਰ ਦੇ ਵਿਚ ਲੋਕੀਂ ਦੁਨੀਆਂ ਦੀਆਂ ਚੀਜ਼ਾਂ ਤੇ ਨਿਰਭਰ ਹਨ, ਭਰ ਪਰਮਾਤਮਾਂ ਤੇ ਭਰੋਸਾ ਨਹੀ ਬੰਨ੍ਹਦੇ।
The worldly attachments and the fire (of the womb) are one and the same, all this is the play of the Lord.
(When in the womb, a child is fully dependent on its mother, and without her it will die. Similarly, people outside become deeply attached to the worldly things, and do not depend (have faith) on God).

ਜਾ ਤਿਸੁ ਭਾਣਾ ਤਾ ਜੰਮਿਆ ਪਰਵਾਰਿ ਭਲਾ ਭਾਇਆ ॥
jaa tis bhaanaa taa jammi-aa parvaar bhalaa bhaa-i-aa.
ਜੱਦ ਪਰਮਾਤਮਾ ਦਾ ਹੁਕਮ ਹੋਇਆ ਤਾਂ ਬੰਦਾ ਜਨਮਿਆ, ਗਰਭ ਚੋਂ ਬਾਹਰ ਆਇਆ, ਪਰਵਾਰ ਨੂੰ ਇਹਦੀ ਖੁਸ਼ੀ ਹੋਈ।
He Wills and the child gets born (Comes out of womb), and this delights the family.

ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ ॥
liv chhurhkee lagee tarisnaa maa-i-aa amar vartaa-i-aa.
ਜਨਮ ਲੈਂਦੇ ਹੀ ਵਾਹਿਗੁਰੂ ਦੇ ਨਾਲ ਲੱਗਿਆ ਹੋਇਆ ਧਿਆਨ ਛੁੜਕ: ਟੁੱਟ, ਗਿਆ, ਦੁਨੀਆ ਦੀਆਂ ਵਸਤਾਂ ਦੀ ਪਿਆਸ ਲੱਗ ਗਈ, ਪਰਮਾਤਮਾ ਨੇ ਅਜਿਹਾ ਹੁਕਮ ਵਰਤਾ ਦਿੱਤਾ।
ਵਾਹਿਗੁਰੂ ਦੇ ਹੁਕਮ ਵਿਚ ਮਾਇਆ ਨੇ ਐਸਾ ਚੱਕਰ ਚਲਾ ਦਿੱਤਾ ਹੈ ਕਿ ਜਨਮਦੇ ਹੀ ਪਰਮਾਤਮਾ ਭੁਲ ਜਾਂਦਾ ਹੈ।
(On birth) the love for the Lord disappears, child becomes attached to the worldly desires, such is the Will of God. (The worldly attachments have such an attraction, that God is forgotten right after birth).

ਏਹ ਮਾਇਆ ਜਿਤੁ ਹਰਿ ਵਿਸਰੈ ਮੋਹੁ ਉਪਜੈ ਭਾਉ ਦੂਜਾ ਲਾਇਆ ॥
ayh maa-i-aa jitu har-e visrai mohu upjai bhaa-o doojaa laa-i-aa.
ਜਨਮ ਦੇ ਬਾਅਦ, ਇਹ ਮਾਇਆ: ਸੰਸਾਰ ਦੀਆਂ ਵਸਤਾਂ ਦੀ ਪਕੜ ਐਸੀ ਹੈ ਕਿ ਜੋ ਪਰਮਾਤਮਾ ਨੂੰ ਭੁੱਲਾ ਦਿੰਦੀ ਹੈ, ਫ਼ੇਰ ਇਹਨੂੰ ਪਰਵਾਰ ਤੇ ਸੰਸਾਰ ਦਾ ਮੋਹ ਲੱਗ ਜਾਂਦਾ ਹੈ, ਅਤੇ ਪਰਮਾਤਮਾ ਨੂੰ ਛੱਡ ਕੇ ਪਿਆਰ ਹੋਰ ਚੀਜ਼ਾਂ ਦੇ ਨਾਲ ਬਣ ਜਾਂਦਾ ਹੈ।
(After birth) due to attachment to the worldly things, the Lord is forgotten, attachment arises (for the family and the world), and love develops with other

things (but, not with God).

ਕਹੈ ਨਾਨਕੁ ਗੁਰ ਪਰਸਾਦੀ ਜਿਨਾ ਲਿਵ ਲਾਗੀ ਤਿਨੀ ਵਿਚੇ ਮਾਇਆ ਪਾਇਆ ॥੨੯॥
kahai naanak gur parsaadee jinaa liv laagee tinee vichay maa-i-aa paa-i-aa. ||29||
ਨਾਨਕ ਜੀ ਕਹਿੰਦੇ ਹਨ, ਗੁਰੂ ਮਹਾਰਾਜ ਦੀ ਕਿਰਪਾ ਦੇ ਨਾਲ ਜਿਨ੍ਹਾ ਨੂੰ (ਵਾਗ੍ਰਿਰੁ ਦੇ ਨਾਲ) ਪਿਆਰ ਪੈ ਜਾਂਦਾ ਹੈ, ਉਹਨਾ ਨੂੰ ਮਾਇਆ ਵਿਚ ਹੀ – ਦੁਨੀਆ ਦੀਆਂ ਚੀਜ਼ਾਂ ਹੰਡਾਉਂਦੇ, ਪਰਮਾਤਮਾ ਮਿਲ ਜਾਂਦਾ ਹੈ, ਉਹਦਾ ਗਿਆਨ ਹੋ ਜਾਂਦਾ ਹੈ।
Guru Nanak says, by the Guru's (God's) Grace, those who develop His love, realize (Understand) Him while enjoying the worldly things. ||29||

ਹਰਿ ਆਪਿ ਅਮੁਲਕੁ ਹੈ ਮੁਲਿ ਨ ਪਾਇਆ ਜਾਇ ॥
har aap amulak hai mul na paa-i-aa jaa-ay.
ਪਰਮਾਤਮਾ ਅਮੁੱਲਕ ਹੈ – ਜਿਸ ਦੀ ਕੋਈ ਕੀਮਤ ਨਹੀ ਪਾ ਸਕਦਾ, ਇਹਦੀ ਕੀਮਤ ਪਾਈ ਨਹੀ ਜਾ ਸਕੀਦੀ (ਮੁਲ ਮਿਲਦਾ ਨਹੀ)।
The Lord is priceless, His price cannot be estimated (None can get Him: understand Him, by paying a price).

ਮੁਲਿ ਨ ਪਾਇਆ ਜਾਇ ਕਿਸੈ ਵਿਟਹੁ ਰਹੇ ਲੋਕ ਵਿਲਲਾਇ ॥
mul na paa-i-aa jaa-ay kisai vitahu rahay lok villaa-ay.
ਕਿਸੇ ਤੋਂ ਵੀ ਇਹਦੀ ਕੀਮਤ ਨਹੀ ਪਾਈ ਜਾ ਸਕਦੀ ਲੋਕ ਕਲਪ: ਵਿਲਕ, ਖੱਪ ਖੱਪ, ਜਤਨ ਕਰ ਕੇ ਹਾਰ ਗਏ ਹਨ। (ਕੋਈ ਰੱਬ ਨੂੰ ਮੁਲ ਨਹੀ ਲੈ ਸਕਦਾ)।
His worth cannot be known or estimated the people got tired of trying it (None can have Him at a price).

ਐਸਾ ਸਤਿਗੁਰੁ ਜੇ ਮਿਲੈ ਤਿਸ ਨੋ ਸਿਰੁ ਸਉਪੀਐ ਵਿਚਹੁ ਆਪੁ ਜਾਇ ॥
aisaa satguru jay milai tis no siru sa-upee-ai vichahu aapu jaa-ay.
ਜੇ ਕਰ ਅਜਿਹਾ ਸਤਿਗੁਰੂ ਮਿਲ ਜਾਵੇ, ਉਹਨੂੰ ਆਪਣਾ ਸਿਰ ਭੇਟ ਕਰ ਦਈਏ, ਤਾਂ ਜੋ ਆਪਣੇ ਮਨ ਤੋਂ ਹੰਕਾਰ ਮਿਟ ਜਾਵੇ।
ਅਜਿਹਾ ਸਤਿਗੁਰੂ ਜਿਸ ਦੀ ਕਿਰਪਾ ਦੇ ਨਾਲ ਪਰਮਾਤਮਾ ਮਿਲ ਜਾਵੇ, ਉਹਦੇ ਤੋਂ ਕੁਰਬਾਨ ਹੋ ਜਾਈਏ, ਉਹਦੇ ਚਰਨੀ ਪੈ ਜਾਈਏ। ਸਤਿਗੁਰੂ ਤੋਂ ਸਮਝ ਆ ਜਾਂਦੀ ਹੈ ਕਿ ਕੀਮਤ ਦੇ ਕੇ, ਆਪਣੇ ਜਤਨਾ ਦੇ ਨਾਲ, ਪਰਮਾਤਮਾ ਮਿਲ ਨਹੀ ਸਕਦਾ। ਇਹ ਸਮਝ ਜਾਣ ਦੇ ਨਾਲ ਨਿਮਰਤਾ ਆ ਜਾਂਦੀ ਹੈ, ਵਾਹਿਗੁਰੂ ਦੀ ਕਿਰਪਾ ਉੱਤੇ ਭਰੋਸਾ ਬਣ ਜਾਂਦਾ ਹੈ।
If you meet such a True Guru who, with his grace, can make you realize God, offer your head to Him: surrender to him, this will clean your mind of ego. (Your ego will leave you on realizing that you cannot reach God by your own efforts, or by paying a price. This understanding will bring humility, and faith in the Kindness of God will develop).

ਜਿਸ ਦਾ ਜੀਉ ਤਿਸੁ ਮਿਲਿ ਰਹੈ ਹਰਿ ਵਸੈ ਮਨਿ ਆਇ ॥
jis daa jee-o tis mil rahai har vasai manne aa-ay.
(ਫ਼ੇਰ, ਹੰਕਾਰ ਮਿਟ ਕੇ) ਜਿਸ ਦੀ ਇਹ ਜੀਵਆਤਮਾ: ਜੀਵ ਹੈ, ਉਹਦੇ (ਪਰਮਾਤਮਾ ਦੇ) ਨਾਲ ਮਨੁਖ ਮਿਲਿਆ ਰਹੇ, ਨਾਮ ਜਪੇ, ਤੱਦ ਵਾਹਿਗੁਰੁ ਜੀ ਮਨ ਦੇ ਅੰਦਰ ਆ ਟਿਕਦੇ ਹਨ (ਮਨ ਦੇ ਅੰਦਰ ਵਾਹਿਗੁਰੁ ਦੀ ਡੂੰਘੀ ਯਾਦ ਬਣ ਜਾਂਦੀ ਹੈ)।
After ego goes away, if you keep your soul attached to God: keep reciting His Name, then He comes to stay in your mind, you keep in the deep remembrance of God.

ਹਰਿ ਆਪਿ ਅਮੁਲਕੁ ਹੈ ਭਾਗ ਤਿਨਾ ਕੇ ਨਾਨਕਾ ਜਿਨ ਹਰਿ ਪਲੈ ਪਾਇ ॥੩੦॥
har-e aape amulaku hai bhaag tinaa kay naankaa jin har-e pallai paa-ay. ||30||
ਨਾਨਕ ਜੀ ਕਹਿੰਦੇ ਹਨ ਕਿ ਪਰਮਾਤਮਾ ਕਿਸੇ ਵੀ ਕੀਮਤ ਤੋਂ ਪਰ੍ਹੇ ਹੈ, ਅਤੇ ਉਹਨਾ ਦੀ ਚੰਗੀ ਕਿਸਮਤ ਹੈ ਕਿ ਜਿਨ੍ਹਾਂ ਨੂੰ ਸਤਿਗੁਰੂ ਦੀ ਕਿਰਪਾ ਦੇ ਨਾਲ ਪਰਮਾਤਮਾ ਮਿਲ ਜਾਂਦਾ ਹੈ।
Nanak says, the Lord is priceless, and fortunate are those who reach God - realize the Lord through the Kindness of the Guru: True Master. ||30||

ਹਰਿ ਰਾਸਿ ਮੇਰੀ ਮਨੁ ਵਣਜਾਰਾ ॥
har raas mayree man vanjaaraa.
ਵਾਹਿਗੁਰੂ ਜੀ ਮੇਰੀ ਪੂੰਜੀ ਹਨ, ਅਤੇ ਮੇਰਾ ਮਨ ਇਹਨਾ ਦਾ ਹੀ ਬਿਉਪਾਰੀ ਹੈ: ਮੈਂ ਇਹਨਾ ਦਾ ਹੀ ਸੌਦਾ ਕਰਦਾ ਹਾਂ – ਮੇਰਾ ਇਹਨਾ ਦੇ ਨਾਲ ਹੀ ਵਿਉਹਾਰ ਹੈ, ਮੈਂ ਇਹਨਾ ਦਾ ਹੀ ਖੋਜੀ ਹਾਂ, ਨਾਮ ਜਪਣਾ ਹੀ ਮੇਰਾ ਕੰਮ ਹੈ।
The Lord is my capital (Investment) and my mind is the merchant (My trade is remembering God, chanting His Name is my business).

ਹਰਿ ਰਾਸਿ ਮੇਰੀ ਮਨੁ ਵਣਜਾਰਾ ਸਤਿਗੁਰ ਤੇ ਰਾਸਿ ਜਾਣੀ ॥
har raas mayree man vanjaaraa satgur tay raas jaanee.
ਪਰਮਾਤਮਾ (ਨਾਮ) ਮੇਰੀ ਪੂੰਜੀ ਹਨ, ਅਤੇ ਮੇਰਾ ਮਨ ਇਹਨਾ ਦਾ ਹੀ ਬਿਉਪਾਰੀ ਹੈ (ਨਾਮ ਜਾਪ ਦਾ), ਅਤੇ ਇਹਦੀ ਸਮਝ ਮੈਨੂੰ ਸਤਿਗੁਰੂ ਜੀ ਤੋਂ ਆਈ ਹੈ।
The Lord is my capital: reciting the Name of God is my Investment, and my mind is its merchant (My mind is fixed on God's Name, I recite His Name). I came to know about my capital (God, chanting His Name) from the True Guru.

ਹਰਿ ਹਰਿ ਨਿਤ ਜਪਿਹੁ ਜੀਅਹੁ ਲਾਹਾ ਖਟਿਹੁ ਦਿਹਾੜੀ ॥
har-e har-e nit japihu jee-ahu laahaa khatihu dihaarhee.
ਜੀਵ ਆਤਮਾਉ: ਗੁਰਮੁਖੋ, ਹਮੇਸ਼ਾ ਹੀ ਵਾਹਿਗੁਰੂ, ਵਾਹਿਗੁਰੂ, ਜਪਦੇ ਰਹੋ, ਅਤੇ ਹਰ ਦਿਨ ਇਹ ਲਾਭ ਉਠਾਉਂਦੇ ਰਹੋ – ਇਸ ਮਨੁਖਾ ਜਨਮ ਦਾ ਇਹ ਹੀ ਲਾਭ ਹੈ।
O people, always chant the Lord's Name, and every day make bargain of this human life.

ਏਹੁ ਧਨੁ ਤਿਨਾ ਮਿਲਿਆ ਜਿਨ ਹਰਿ ਆਪੇ ਭਾਣਾ ॥
ayhu Dhan tinaa mili-aa jin har aapay bhaanaa.
ਇਹ ਧਨ (ਨਾਮ ਧਨ) ਉਹਨਾ ਨੂੰ ਮਿਲਦਾ ਹੈ: ਨਾਮ ਉਹ ਜਪਦੇ ਹਨ, ਕਿ ਜਿਨ੍ਹਾਂ ਲਈ ਪਰਮਾਤਮਾ ਦਾ ਮਨ ਕਰਦਾ ਹੈ – ਜੋ ਪਰਮਾਤਮਾ ਨੂੰ ਪਰਵਾਨ, ਮਨਜ਼ੂਰ, ਹੁੰਦੇ ਹਨ।
This wealth (Recitation of God's Name) is obtained by those to whom the Lord Wills.

ਕਹੈ ਨਾਨਕੁ ਹਰਿ ਰਾਸਿ ਮੇਰੀ ਮਨੁ ਹੋਆ ਵਣਜਾਰਾ ॥੩੧॥
kahai naanaku har-e raase mayree mannu ho-aa vanjaaraa. ||31||
ਨਾਨਕ ਜੀ ਕਹਿੰਦੇ ਹਨ, ਮੇਰੀ ਰਾਸ, ਪੂੰਜੀ, ਪਰਮਾਤਮਾ ਤੇ ਉਹਦਾ ਨਾਮ ਹੈ, ਅਤੇ ਮਨ ਇਸ ਦਾ ਵਿਉਪਾਰੀ (ਨਾਮ ਜਪਣ ਵਾਲਾ) ਹੈ।
Nanak says, the Lord, His Name, is my investment, and my mind is its merchant: I chant His Name. ||31||

ਏ ਰਸਨਾ ਤੂ ਅਨ ਰਸਿ ਰਾਚਿ ਰਹੀ ਤੇਰੀ ਪਿਆਸ ਨ ਜਾਇ ॥
ay rasnaa too ann rasse raache rahee tayree pi-aas na jaa-ay.
ਐ ਜੀਭਾ (ਜ਼ਬਾਨ), ਤੂੰ ਹੋਰ ਸਵਾਦਾਂ ਵਿਚ ਪਈ ਹੋਈ ਹੈਂ (ਸੰਸਾਰ ਦੇ ਮੋਹ ਵਿਚ ਨਾਮ ਜਾਪ ਭੁਲਿਆ ਹੋਇਆ ਹੈ), ਅਤੇ ਤੇਰੀ ਪਿਆਸ ਨਹੀ ਮਿਟਦੀ – ਮਨ ਭਟਕਦਾ ਹੈ, ਸ਼ਾਂਤੀ ਨਹੀ ਮਿਲਦੀ।
O tongue, you are enjoying other tastes and your thirst does not go away (You are attached to the worldly things, you do not recite His Name, the desires of mind do not leave you).

ਪਿਆਸ ਨ ਜਾਇ ਹੋਰਤੁ ਕਿਤੈ ਜਿਚਰੁ ਹਰਿ ਰਸੁ ਪਲੈ ਨ ਪਾਇ ॥
pi-aas na jaa-ay horatu kitai jicharu har-e rassu palai na paa-ay.
ਇਹ (ਵਸਤਾਂ ਦੀ) ਭੁਖ–ਤਰੇਹ ਜਾ ਨਹੀ ਸਕਦੀ ਕਿਸੇ ਹੋਰ ਗੱਲੋਂ ਕਿ ਜੱਦ ਤੱਕ ਵਾਹਿਗੁਰੂ ਦਾ ਪਰੇਮ ਆਪਣੇ ਪੱਲੇ ਨਹੀ ਬਨ੍ਹਦਾ।

ਜੱਦ ਤੱਕ ਇਹ ਪਰੇਮ ਗੁਰੂ ਤੋਂ ਆਪਣੀ ਝੋਲੀ ਵਿਚ ਪਵਾਉਂਦਾ ਨਹੀ, ਨਾਮ ਨਹੀ ਜਪਦਾ, ਤੱਦ ਤੱਕ ਤੇਰੀ ਇਹ ਪਿਆਸ ਤੈਨੂੰ ਛਡੇਗੀ ਨਹੀ। ਗੁਰੂ ਦਾ ਦਰ ਛੱਡਕੇ ਕਿਸੇ ਹੋਰ ਥਾਂ ਤੋਂ, ਗੁਰੂ ਦੀ ਕਿਰਪਾ ਅਤੇ ਨਾਮ ਜਾਪ ਤੋਂ ਬਿਨਾ, ਰੱਬ ਨਹੀ ਮਿਲੇਗਾ।
This thirst cannot go away by any means until you develop the love for God. (Till you do not understand His love from the Guru, without his Kindness and recitation of the Name of God, you cannot reach the Lord).

ਹਰਿ ਰਸੁ ਪਾਇ ਪਲੈ ਪੀਐ ਹਰਿ ਰਸੁ ਬਹੁੜਿ ਨ ਤ੍ਰਿਸਨਾ ਲਾਗੈ ਆਇ ॥
har ras paa-ay palai pee-ai har ras bahurh na tarisnaa laagai aa-ay.
(ਬੰਦਾ) ਪਰਮਾਤਮਾ ਦਾ ਰਸ (ਪਰੇਮ) ਆਪਣੇ ਪੱਲੇ ਬਨ੍ਹ ਲਵੇ, ਮਨ ਵਿਚ ਪੈਦਾ ਕਰ ਲਵੇ, ਵਾਹਿਗੁਰੂ ਦਾ ਪਰੇਮ ਪੀਵੇ: ਨਾਮ ਜਪੇ, ਤਾਂ ਮੁੜ ਤਰੇਹ ਪਦਾਰਥਾਂ ਦੀ ਨਹੀ ਲੱਗਦੀ, ਸ਼ਾਂਤੀ ਮਿਲ ਜਾਂਦੀ ਹੈ।
If you obtain the Essence: develop love for the Lord, and drink this i.e. recite His

Name, you shall not be thirsty again - desires will not bother you, you will get the peace of mind.

ਏਹੁ ਹਰਿ ਰਸੁ ਕਰਮੀ ਪਾਈਐ ਸਤਿਗੁਰੁ ਮਿਲੈ ਜਿਸੁ ਆਇ ॥
ayhu har ras karmee paa-ee-ai satgur milai jis aa-ay.
ਇਹ ਵਾਹਿਗੁਰੂ ਦਾ ਰਸ – ਨਾਮ, ਚੰਗੇ ਭਾਗਾਂ ਦੇ ਨਾਲ ਮਿਲਦਾ ਹੈ ਕਿ ਜਿਸ ਨੂੰ ਸਤਿਗੁਰੂ ਜੀ ਮਿਲ ਪੈਣ, ਭਾਵ ਨਾਮ ਜਾਪ ਦੇ ਉਪਦੇਸ਼ ਦੀ ਕਿਰਪਾ ਹੋ ਜਾਵੇ।
The Essence: Name of the Lord, His love, is obtained by good luck, good deeds, when the True Guru: the True Master, meets (and tells you to recite the Name of God).

ਕਹੈ ਨਾਨਕੁ ਹੋਰਿ ਅਨ ਰਸ ਸਭਿ ਵੀਸਰੇ ਜਾ ਹਰਿ ਵਸੈ ਮਨਿ ਆਇ ॥੩੨॥
kahai naanaku hor-e ann rass sabhe veesray jaa har-e vasai manne aa-ay. ||32||
ਨਾਨਕ ਜੀ ਕਹਿੰਦੇ ਹਨ, ਹੋਰ ਹੋਰ – ਮਾੜੇ, ਦੁਨੀਆ ਦੇ, ਸਾਰੇ ਸਵਾਦ ਭੁੱਲ ਜਾਂਦੇ ਹਨ ਜਦ ਪਰਮਾਤਮਾ ਜੀ ਮਨ ਦੇ ਅੰਦਰ ਵੱਸ ਜਾਣ।
Says Nanak, all other tastes - longings, desires, disappear when God - His remembrance, chanting His Name, occupies the mind. ||32||

ਏ ਸਰੀਰਾ ਮੇਰਿਆ ਹਰਿ ਤੁਮ ਮਹਿ ਜੋਤਿ ਰਖੀ ਤਾ ਤੂ ਜਗ ਮਹਿ ਆਇਆ ॥
ay sareeraa mayri-aa har-e tum meh jote rakhee taa too jagg mehe aa-i-aa.
ਐ ਮੇਰੇ ਸਰੀਰ, ਵਾਹਿਗੁਰੂ ਜੀ ਨੇ ਤੇਰੇ ਵਿਚ ਆਪਣੀ ਜੋਤੀ (ਆਤਮਾ) ਪਾਈ, ਅਤੇ ਤਾਂ ਤੂੰ ਦੁਨੀਆ ਵਿਚ ਜਨਮ ਲਿਆ।
O my body, the Lord put awareness (Soul) into you, and then you came into the world.

ਹਰਿ ਜੋਤਿ ਰਖੀ ਤੁਧੁ ਵਿਚਿ ਤਾ ਤੂ ਜਗ ਮਹਿ ਆਇਆ ॥
har jot rakhee tuDh vich taa too jag meh aa-i-aa.
ਵਾਹਿਗੁਰੂ ਨੇ ਤੇਰੇ ਵਿਚ ਆਪਣੀ ਜੋਤ (ਆਤਮਾ) ਪਾਈ ਤਾਂ ਤੂੰ ਸੰਸਾਰ ਦੇ ਵਿਚ ਜਨਮ ਲਿਆ।
The Lord put soul into you, and then you came into the world.

ਹਰਿ ਆਪੇ ਮਾਤਾ ਆਪੇ ਪਿਤਾ ਜਿਨਿ ਜੀਉ ਉਪਾਇ ਜਗਤੁ ਦਿਖਾਇਆ ॥
har aapay maataa aapay pitaa jin jee-o upaa-ay jagat dikhaa-i-aa.
ਵਾਹਿਗੁਰੂ ਜੀ ਆਪ ਹੀ ਤੇਰੇ ਮਾਤਾ–ਪਿਤਾ ਹਨ ਕਿ ਜਿਨ੍ਹਾ ਨੇ ਤੇਰੇ ਵਿਚ ਆਪਣੀ ਜੋਤ (ਆਤਮਾ) ਪਾਈ (ਤੂੰ ਜਨਮਿਆ) ਅਤੇ ਤੈਨੂੰ ਉਹਨਾ ਨੇ ਸੰਸਾਰ ਦੀ ਆਪਣੀ ਖੇਡ ਦਿਖਾਈ।
ਤੂੰ ਨਿਰਾ ਆਪਣੇ ਮਾਤਾ–ਪਿਤਾ ਦੇ ਕਾਰਣ ਹੀ ਨਹੀ, ਪਰਮਾਤਮਾ ਦੀ ਕਿਰਪਾ ਕਰਕੇ ਜਨਮਿਆ ਹੈਂ, ਪਰਮਾਤਮਾ ਤੇਰੇ ਸੱਚਾ ਮਾਤਾ–ਪਿਤਾ ਹਨ।
The Lord Himself is your real mother and father, He put soul into you (You were born), and showed you His play of Creation. (You are not simply because of your

mother and father, but the Lord who put soul into you is your Real Parents).

ਗੁਰ ਪਰਸਾਦੀ ਬੁਝਿਆ ਤਾ ਚਲਤੁ ਹੋਆ ਚਲਤੁ ਨਦਰੀ ਆਇਆ ॥
gur parsaadee bujhi-aa taa chalat ho-aa chalat nadree aa-i-aa.
ਜੱਦ ਗੁਰੂ ਦੀ ਕਿਰਪਾ ਦੇ ਨਾਲ ਇਹ ਗਿਆਨ ਹੋਇਆ – ਕਿ ਸਭ ਕੁਝ ਪਰਮਾਤਮਾ ਹੈ, ਫ਼ੇਰ ਚਲਤ ਹੋਆ: ਇਹ ਖੇਡ ਬਣੀ, ਸੰਸਾਰ ਦੀ ਖੇਡ ਦੀ ਸਮਝ ਆਈ।

ਜੱਦ ਗਿਆਨ ਹੋਇਆ ਕਿ ਇਹਦੇ ਧਰਤੀ ਉੱਤੇ ਆਉਣ ਦਾ ਕਾਰਨਣ ਪਰਮਾਤਮਾ ਹੈ, ਫ਼ੇਰ ਸਮਝ ਆਈ ਕਿ ਇਹ ਬੰਦਾ ਆਪ ਅਤੇ ਹੋਰ ਸਾਰੀ ਰਚਨਾ ਵਾਹਿਗੁਰੂ ਦੀ ਬਣਾਈ ਹੋਈ ਹੈ, ਅਤੇ ਇਸ ਨੂੰ ਪਰਮਾਤਮਾ ਹੀ ਚਲਾ ਰਿਹਾ ਹੈ।

When, by the kindness of the Guru: the Master, he had realization that he was created by His Grace, then the true play started i.e. its understanding came that he himself and whole of the Creation is His own play.

ਕਹੈ ਨਾਨਕੁ ਸ੍ਰਿਸਟਿ ਕਾ ਮੂਲੁ ਰਚਿਆ ਜੋਤਿ ਰਾਖੀ ਤਾ ਤੂ ਜਗ ਮਹਿ ਆਇਆ ॥੩੩॥
kahai naanaku sarisat-e kaa moolu rachi-aa jote raakhee taa too jagg mehe aa-i-aa. ||33||
ਨਾਨਕ ਜੀ ਕਹਿੰਦੇ ਹਨ ਕਿ ਜੱਦ ਪਰਮਾਤਮਾ ਨੇ ਸੰਸਾਰ ਦੀ ਰਚਨਾ ਦਾ ਆਰੰਭ ਕੀਤਾ, ਜੀਵਾਂ ਦੇ ਵਿਚ ਆਪਣੀ ਜੋਤ (ਆਤਮਾ) ਪਾਈ, ਤਾਂ ਇਹ ਸਭ ਕੁਝ ਸੰਸਾਰ ਦੇ ਵਿਚ ਆਇਆ।

Says Nanak, when God started His Creation, he put soul into everything then the beings came into the world. ||33||

ਮਨਿ ਚਾਉ ਭਇਆ ਪ੍ਰਭ ਆਗਮੁ ਸੁਣਿਆ ॥
man chaa-o bha-i-aa parabh aagam suni-aa.
ਮਨ ਦੇ ਵਿਚ ਚਾਉ ਬਣ ਗਿਆ ਹੈ ਇਹ ਸੁਣ ਕੇ ਕਿ ਵਾਹਿਗੁਰੂ ਜੀ ਆ ਰਹੇ ਹਨ।

ਖੁਸ਼ੀ ਹੈ ਇਹ ਮਹਸੂਸ ਕਰਕੇ ਕਿ ਪਰਮਾਤਮਾ ਮਨ ਦੇ ਅੰਦਰ ਵੱਸ, ਮਨ ਵਾਹਿਗੁਰੂ ਤੇ ਟਿਕ ਰਹਾ ਹੈ, ਪਰਮਾਤਮਾ ਕਿਰਪਾ ਕਰ ਰਿਹਾ ਹੈ, ਪਰਮਾਤਮਾ ਬਾਰੇ ਸਮਝ ਆ ਰਹੀ ਹੈ)।

The mind is elated (Joyful) to hear that God is coming. (The mind is in joy to realize that Name: the remembrance of God, is settling down in the mind, He is caring, His understanding is coming).

ਹਰਿ ਮੰਗਲੁ ਗਾਉ ਸਖੀ ਗ੍ਰਿਹੁ ਮੰਦਰੁ ਬਣਿਆ ॥
har mangalu gaa-o sakhee grihu mandaru bani-aa.
ਮੇਰੇ ਸੰਗੀ–ਸਾਥੀਓ: ਗੁਰਮੁਖੋ, ਖੁਸ਼ੀ ਦੇ, ਪਰਮਾਤਮਾ ਦੀ ਤਾਰੀਫ਼ ਦੇ ਗੀਤ ਗਾਉ, ਮੇਰਾ ਘਰ (ਮਨ) ਮੰਦਰ – ਰੱਬ ਦੇ ਠਹਿਰਣ ਦੀ ਥਾਂ, ਬਣ ਗਿਆ ਹੈ।

My friends, sing the songs of joy: the Lord’s praise, because my mind has become a place for Him to stay.

ਹਰਿ ਗਾਉ ਮੰਗਲੁ ਨਿਤ ਸਖੀਏ ਸੋਗੁ ਦੂਖੁ ਨ ਵਿਆਪਏ ॥
har gaa-o mangalu nit sakhee-ay sogu dookhu na vi-aapa-ay.
ਸੰਗੀਉ, ਹਰ ਵਕਤ ਵਾਹਿਗੁਰੂ ਜੀ ਦੇ ਗੁਣ ਗਾਉ, ਇਹਦੇ ਨਾਲ ਦੁਖ-ਗ਼ਮੀ ਨਹੀ ਹੋਵੇਗਾ।
My friends (Companions), always sing His praise, by this you will not get any sorrow and suffering.

ਗੁਰ ਚਰਨ ਲਾਗੇ ਦਿਨ ਸਭਾਗੇ ਆਪਣਾ ਪਿਰੁ ਜਾਪਏ ॥
gur charan laagay din sabhaagay aapnaa pir jaap-ay.
ਉਹ ਦਿਨ ਕਰਮਾ ਵਾਲਾ ਹੈ ਕਿ ਜੱਦ ਗੁਰੂ ਜੀ ਦੇ ਚਰਨੀ ਲੱਗ ਜਾਈਏ, ਸ਼ਰਨ ਆਈਏ, ਅਤੇ ਇਹਨਾ ਤੋਂ ਆਪਣੇ ਪਤੀ (ਪਰਮਾਤਮਾ) ਦਾ ਗਿਆਨ ਹੋ ਜਾਏ।
Blessed is the day, when I get attached to the Guru's feet (Come to the protection of, surrender to Him), and realize (Understand) my Real Spouse: God.

ਅਨਹਤ ਬਾਣੀ ਗੁਰ ਸਬਦਿ ਜਾਣੀ ਹਰਿ ਨਾਮੁ ਹਰਿ ਰਸੁ ਭੋਗੋ ॥
anhat banee gur sabad jaanee har naam har ras bhogo.
ਅਨਹਤ ਬਾਣੀ ਦਾ ਗਿਆਨ ਗੁਰੂ ਦੇ ਸ਼ਬਦ (ਨਾਮ ਜਾਪ, ਬਾਣੀ ਪੜ੍ਹਣ) ਦੇ ਨਾਲ ਹੋਇਆ ਹੈ, ਅਤੇ ਹੁਣ ਪਰਮਾਤਮਾ ਦੇ ਨਾਮ ਜਪਣ ਦਾ ਹਰ ਰਸ, ਰੱਬੀ ਅਨੰਦ, ਮਾਣ ਰਿਹਾ ਹਾਂ।
ਅਨਹਤ-ਬਾਣੀ - ਅਨਹਦ-ਬਾਣੀ। ਇਹਨੂੰ ਅਨਹਤ-ਸ਼ਬਦ ਵੀ ਕਹਿੰਦੇ ਹਨ। ਅਨਹਤ: ਬਿਨਾ ਕਾਰਣ ਆਵਾਜ਼, ਲਗਾਤਾਰ ਬਾਣੀ - ਸ਼ਬਦ, ਲਗਾਤਾਰ ਬਾਣੀ ਦਾ ਅਟੁਟ ਵੇਗ। ਪਰਮਾਤਮਾ ਦੇ ਨਾਮ ਦੀ ਰੱਬੀ ਆਵਾਜ਼।
I have come to understand the Anhat-Bani (Celestial Sound) by the recitation of the Shabad: the Name of God, Scriptures. And now, by reciting His Name, I enjoy the Essence - remembrance of the Lord.
(Anhat-Bani, Anhad-Bani – Also called Anhat-Shabad. Anhat - sound without cause, continuous sound, Bani or Shabad. Continuous Holy Sound of the Name of God - Celestial Sound).

ਕਹੈ ਨਾਨਕੁ ਪ੍ਰਭੁ ਆਪਿ ਮਿਲਿਆ ਕਰਣ ਕਾਰਣ ਜੋਗੋ ॥੩੪॥
kahai naanak parabh aap mili-aa karan kaaran jogo. ||34||
ਨਾਨਕ ਜੀ ਕਹਿੰਦੇ ਹਨ ਕਿ ਇਸ ਤਰ੍ਹਾਂ (ਨਾਮ ਜਪ ਕੇ) ਵਾਹਿਗੁਰੂ ਜੀ ਆਪ ਮਿਲ ਪਏ ਹਨ ਕਿ ਜੋ ਸਭ ਕੁਝ ਕਰ ਸਕਣ ਵਾਲੇ ਹਨ।
ਸਭ ਕੁਝ ਕਰ ਸਕਣ ਵਾਲੇ ਵਾਹਿਗੁਰੂ ਦੇ ਬਾਰੇ ਜਾਣਕਾਰੀ ਹੋ ਗਈ ਹੈ, ਪਰਮਾਤਮਾ ਨੂੰ ਪਰਵਾਨ - ਮਨਜ਼ੂਰ ਹੋ ਗਏ ਹਨ।
Says Nanak, this way: by reciting His Name, God who can do every thing, met him. (God became accessible to Him, he realized i.e. understood Him). ||34||

ਏ ਸਰੀਰਾ ਮੇਰਿਆ ਇਸੁ ਜਗ ਮਹਿ ਆਇ ਕੈ ਕਿਆ ਤੁਧੁ ਕਰਮ ਕਮਾਇਆ ॥
ay sareeraa mayri-aa is jagg meh aa-ay kai ki-aa tuDh karam kamaa-i-aa.
ਐ ਮੇਰੇ ਸਰੀਰ, ਇਸ ਦੁਨੀਆ ਵਿਚ ਆ ਕੇ ਤੂੰ ਕੀਹੋ ਜਿਹੇ ਕੰਮ ਕੀਤੇ ਹਨ!
O my body, after coming into this world, what sort of deeds you have done!

ਕਿ ਕਰਮ ਕਮਾਇਆ ਤੁਧੁ ਸਰੀਰਾ ਜਾ ਤੂ ਜਗ ਮਹਿ ਆਇਆ ॥
ke karam kamaa-i-aa tuDh sareeraa jaa too jagg meh aa-i-aa.
ਕੀ ਕੰਮ ਕੀਤੇ ਹਨ ਮੇਰੇ ਸਰੀਰਾ, ਇਸ ਸੰਸਾਰ ਦੇ ਵਿਚ ਆ ਕੇ!
What deeds you have done, O my body, after coming into this world!

ਜਿਨਿ ਹਰਿ ਤੇਰਾ ਰਚਨੁ ਰਚਿਆ ਸੋ ਹਰਿ ਮਨਿ ਨ ਵਸਾਇਆ ॥
jin har tayraa rachan rachi-aa so har manne na vasaa-i-aa.
ਜਿਸ ਪਰਮਾਤਮਾ ਨੇ ਤੈਨੂੰ ਬਣਾਇਆ ਹੈ, ਉਸ ਨੂੰ ਤੂੰ ਆਪਣੇ ਮਨ ਦੇ ਅੰਦਰ ਵਸਾਇਆ ਹੀ ਨਹੀ (ਉਹਦਾ ਨਾਮ ਨਹੀ ਜਪਿਆ)।
The Lord who created you, you have not placed Him into your mind (You do not remember Him).

ਗੁਰ ਪਰਸਾਦੀ ਹਰਿ ਮੰਨਿ ਵਸਿਆ ਪੂਰਬਿ ਲਿਖਿਆ ਪਾਇਆ ॥
gur parsaadee har manne vasi-aa poorab likhi-aa paa-i-aa.
ਪਿਛਲੇ ਜਨਮਾਂ ਦੇ ਕੀਤੇ ਕੰਮਾਂ ਦੇ ਫਲ ਕਾਰਨ ਗੁਰੂ ਮਹਾਰਾਜ ਦੀ ਕਿਰਪਾ ਦੇ ਨਾਲ, ਵਾਹਿਗੂਰੂ ਮਨ ਦੇ ਅੰਦਰ ਵਸ ਜਾਂਦਾ ਹੈ।
If good deeds have been done in the previous lives, by the Guru's Grace, the Lord settles down in the mind.

ਕਹੈ ਨਾਨਕੁ ਏਹੁ ਸਰੀਰੁ ਪਰਵਾਣੁ ਹੋਆ ਜਿਨਿ ਸਤਿਗੁਰ ਸਿਉ ਚਿਤੁ ਲਾਇਆ ॥੩੫॥
kahai naanak ayhu sareer parvaan ho-aa jin satgur si-o chit laa-i-aa. ||35||
ਗੁਰੂ ਨਾਨਕ ਜੀ ਕਹਿੰਦੇ ਹਨ ਕਿ ਸਰੀਰ (ਇਹ ਜਨਮ) ਉਹਦਾ ਵਾਹਿਗੁਰੂ ਨੂੰ ਮਨਜ਼ੂਰ ਹੈ (ਸਫ਼ਲ ਹੈ) ਕਿ ਜੇ ਕਰ ਕਿਸੇ ਨੇ ਉਹਦੇ (ਪਰਮਾਤਮਾ) ਦੇ ਨਾਲ ਪਿਆਰ ਪਾਇਆ ਹੈ।
Says Nanak, the body (this birth) of that person is acceptable to God (Successful), when he or she develops the love for Him. ||35||

ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ ਹਰਿ ਬਿਨੁ ਅਵਰੁ ਨ ਦੇਖਹੁ ਕੋਈ ॥
ay naytarahu mayriho har-e tum mehe jote Dharee har-e binu avaru na daykhhu ko-ee.
ਐ ਮੇਰੀਉ ਅੱਖੀਉ ਵਾਹਿਗੁਰੂ ਜੀ ਨੇ ਤੁਹਾਡੇ ਵਿਚ ਨਜ਼ਰ ਪਾਈ ਹੈ (ਦੇਖਣ ਜੋਗਾ ਬਣਾਇਆ ਹੈ), ਸਵਾਏ ਪਰਮਾਤਮਾ ਦੇ ਤੁਸੀ ਹੋਰ ਕੁਝ ਵੀ ਨਾ ਦੇਖੋ।

ਹਰ ਪਾਸੇ, ਹਰ ਚੀਜ਼ ਵਿਚ ਉਹ ਹੀ ਦਿੱਸੇ। ਮਨੁਖ ਹਰ ਵਕਤ ਪਰਮਾਤਮਾ ਨੂੰ ਯਾਦ ਰੱਖੇ। ਮਨ ਦੇ ਅੰਦਰ ਵਾਹਿਗੁਰੂ ਦਾ ਧਿਆਨ ਸਮਾਇਆ ਰਹੇ।
O my eyes, the Lord has given you the power to see, you should not see anything

other than Him (In everything you should see God).

ਹਰਿ ਬਿਨੁ ਅਵਰੁ ਨ ਦੇਖਹੁ ਕੋਈ ਨਦਰੀ ਹਰਿ ਨਿਹਾਲਿਆ ॥
har-e bin avar na daykhhu ko-ee nadree har-e nihaali-aa.
ਪਰਮਾਤਮਾ ਤੋਂ ਬਿਨਾ ਹੋਰ ਕੁਝ ਨਾ ਦੇਖੋ, ਆਪਣੀਆਂ ਅਖੀਆਂ ਦੇ ਨਾਲ ਪਰਮਾਤਮਾ ਹੀ ਦਿੱਸੇ (ਹਰ ਪਾਸੇ, ਹਰ ਚੀਜ਼ ਵਿਚ ਉਹ ਹੀ ਦਿੱਸੇ)।
Do not look at anything other than the Lord, see the Lord only.
Everywhere and in everything see only the Lord.

ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ ॥
ayhu vis sansaar tum daykh-day ayhu har kaa roop hai har roop nadree aa-i-aa.
ਇਹ ਵਿਸ਼ਵ (ਸਾਰਾ) ਸੰਸਾਰ ਜੋ ਤੁਸੀਂ ਦੇਖਦੇ ਹੋ ਇਹ ਹਰੀ (ਪ੍ਰਭੂ) ਦਾ ਹੀ ਰੂਪ ਹੈ, ਹਰੀ ਦਾ ਰੂਪ ਹੀ ਦਿਸਦਾ ਹੈ ਇਹ।

ਵਿਸੁ – ਵਿਸ਼ਵ: ਸਾਰਾ। ਵਿਸ ਜਾਂ ਵਿਸ਼ ਦਾ ਅਰਥ ਜ਼ਹਿਰ ਵੀ ਹੈ। ਇਹ ਸੰਸਾਰ ਜਿਸ ਨੂੰ ਜ਼ਹਿਰ ਸਮਝਦੇ ਹੋ, ਇਹ ਹਰੀ ਦਾ ਰੂਪ ਹੈ, ਇਸ ਚੋਂ ਹਰੀ ਹੀ ਦਿਸਦਾ ਹੈ। ਲੋਕ ਦੁਨੀਆ ਨੂੰ ਦੁਖਾਂ ਦਾ ਕਾਰਣ (ਜ਼ਿਹਰ) ਸਮਝ ਕੇ ਘਰ–ਪਰਵਾਰ ਛੱਡ, ਭਜਨ ਕਰਣ ਲਈ ਜੰਗਲਾਂ ਪਹਾੜਾਂ ਨੂੰ ਤੁਰ ਜਾਂਦੇ ਸਨ। ਗੁਰੂ ਜੀ ਸਮਝਾਉਂਦੇ ਹਨ ਕਿ ਐਸੀ ਗੱਲ ਨਹੀ, ਇਹ ਸੰਸਾਰ ਵਾਹਿਗੁਰੂ ਦਾ ਰੂਪ ਹੈ, ਉਹਦਾ ਬਣਾਇਆ ਹੈ, ਅਤੇ ਇਹਦੀ ਹਰ ਚੀਜ਼ ਚੋਂ ਪਰਮਾਤਮਾ ਨੂੰ ਦੇਖੋ, ਘਰਬਾਰ ਛੱਡ ਕੇ ਬਾਹਰ ਭਜਣ ਦੀ ਲੋੜ ਨਹੀ, ਘਰ ਰਹਿ ਕੇ ਬੰਦਗੀ ਕਰੋ।

This whole world which you see is the image of God, the image of the Lord is seen.

Vissu – Vishv – whole of, all. Viss or Vish, means poison, as well. The people took worldly things as the source of afflictions (Poison), and so discarded homes and left for the forests and mountains to worship God. The Guru advises that the world is His Creation, and so you should see through it God only and nothing else. You need not run out to escape, but stay home and worship.

ਗੁਰ ਪਰਸਾਦੀ ਬੁਝਿਆ ਜਾ ਵੇਖਾ ਹਰਿ ਇਕੁ ਹੈ ਹਰਿ ਬਿਨੁ ਅਵਰੁ ਨ ਕੋਈ ॥
gur parsaadee bujhi-aa jaa vaykhaa har ik hai har bin avar na ko-ee.
ਮੈਨੂੰ ਇਹ ਸਮਝ (ਕਿ ਜੋ ਦਿਸਦਾ ਹੈ ਪਰਮਾਤਮਾ ਦਾ ਰੂਪ ਹੈ) ਗੁਰੂ ਜੀ ਦੀ ਕਿਰਪਾ ਦੇ ਨਾਲ ਆਈ ਹੈ, ਹੁਣ ਜੋ ਦਿਸਦਾ ਹੈ ਸਭ ਕੁਝ ਇਕ ਵਾਹਿਗੁਰੂ ਹੀ ਜਾਪਦਾ ਹੈ, ਅਤੇ ਹਰੀ: ਪਰਮਾਤਮਾ, ਦੇ ਬਿਨਾ ਹੋਰ ਕੁਝ ਵੀ ਨਹੀ।
I have understood it by the Kindness of the Guru (that whatever is seen is the image of God), now whatever is seen appears God only, and there is nothing else except the Lord.

ਕਹੈ ਨਾਨਕੁ ਏਹਿ ਨੇਤ੍ਰ ਅੰਧ ਸੇ ਸਤਿਗੁਰਿ ਮਿਲਿਐ ਦਿਬ ਦ੍ਰਿਸਟਿ ਹੋਈ ॥੩੬॥
kahai naanak ayhi naytar anDh say satgur mili-ai dib darisat ho-ee. ||36||
ਨਾਨਕ ਜੀ ਕਹਿੰਦੇ ਹਨ ਕਿ ਇਹ ਸਰੀਰਕ ਅਖੀਆਂ ਅਨ੍ਹੀਆਂ ਹਨ, ਦਿਬ–ਦ੍ਰਿਸ਼ਟ: ਗਿਆਨ ਦੀ ਨਜ਼ਰ, ਸਤਗੁਰੂ ਜੀ ਤੋਂ ਮਿਲਦੀ ਹੈ।

ਨੇਤ੍ਰ – ਸਰੀਰ ਦੀਆਂ ਅਖੀਆਂ ਅਸਲੀ ਗੱਲ ਨੂੰ ਨਹੀ ਬੁੱਝ ਸਕਦੀਆਂ ਕਿ ਜੋ ਦਿਸਦਾ ਹੈ ਇਹ ਸਭ

ਵਾਹਿਗੁਰੂ ਦਾ ਹੀ ਰੂਪ ਹੈ।

ਦਿਬ ਦ੍ਰਿਸਟਿ – ਅਸਲੀ ਗੱਲ ਨੂੰ ਦੇਖਣ ਵਾਲੀ ਨਜ਼ਰ, ਗਿਆਨ ਦੀ ਨਜ਼ਰ।

Says Nanak, these bodily eyes are blind, but only on meeting the True Guru one gets the vision of knowledge. ||36|| (Bodily eyes - cannot see the reality that whatever we see is the image of God. Vision of knowledge - that sees everything as the Lord).

ਏ ਸ੍ਰਵਣਹੁ ਮੇਰਿਹੋ ਸਾਚੈ ਸੁਨਣੈ ਨੋ ਪਠਾਏ ॥

ay sarva<u>n</u>hu mayriho saachai sun<u>n</u>ai no pa<u>th</u>aa-ay.

ਐ ਮੇਰੇ ਕੰਨੋ, ਤੁਸੀਂ ਸੱਚੇ (ਪਰਮਾਤਮਾਂ) ਨੂੰ ਸੁਣਨ ਵਾਸਤੇ ਪਠਾਏ (ਲਾਏ) ਗਏ ਹੋ (ਸੁਣਨਾ ਹੈ ਸੱਚ, ਉਹਦੀਆਂ ਸਿਫ਼ਤਾਂ, ਹੁਕਮ, ਨਾਮ, ਬਾਣੀ)।

O my ears, you have been created to hear the Truth (About Him, His praise, His dictates, His Name, Scriptures).

ਸਾਚੈ ਸੁਨਣੈ ਨੋ ਪਠਾਏ ਸਰੀਰਿ ਲਾਏ ਸੁਣਹੁ ਸਤਿ ਬਾਣੀ ॥

saachai sun<u>n</u>ai no pa<u>th</u>aa-ay sareer laa-ay su<u>n</u>hu sa<u>t</u> ba<u>n</u>ee.

ਸੱਚੇ (ਵਾਹਿਗੁਰੂ ਦੇ ਬਾਰੇ, ਅਤੇ ਇਹਦੇ ਨਾਮ) ਨੂੰ ਸੁਣਨ ਲਈ ਲਾਏ ਗਏ ਹੋ, ਤੁਸੀਂ ਸਿਰਫ਼ ਸੱਚੀ ਬਾਣੀ: ਬਾਣੀ ਕਿ ਜੋ ਵਾਹਿਗੁਰੂ ਬਾਰੇ ਦਸਦੀ ਹੈ, ਹੀ ਸੁਣੋ।

You were created to hear the Truth (God and about Him), and listen to the True Bani: the Scriptures that tell about God.

ਜਿਤੁ ਸੁਣੀ ਮਨੁ ਤਨੁ ਹਰਿਆ ਹੋਆ ਰਸਨਾ ਰਸਿ ਸਮਾਣੀ ॥

ji<u>t</u> su<u>n</u>ee man <u>t</u>an hari-aa ho-aa rasnaa ras samaa<u>n</u>ee.

ਇਸ (ਬਾਣੀ) ਨੂੰ ਸੁਣ ਕੇ ਮਨ ਅਤੇ ਸਰੀਰ ਨਿਰੋਇ ਹੋ ਜਾਂਦੇ ਹਨ, ਅਤੇ ਜ਼ਬਾਨ ਵਿਚ ਰੱਸ (ਨਾਮ ਰਸ, ਨਾਮ ਦੇ ਜਾਪ ਦੀ ਲਗਨ) ਆ ਜਾਂਦਾ ਹੈ।

Hearing it the mind and body revive (Get rejuvenated, get joy), and the tongue is absorbed in the Holy Essence (Recitation of the Name of God).

ਸਚੁ ਅਲਖ ਵਿਡਾਣੀ ਤਾ ਕੀ ਗਤਿ ਕਹੀ ਨ ਜਾਏ ॥

sach alak<u>h</u> vidaa<u>n</u>ee <u>t</u>aa kee ga<u>t</u>e kahee na jaa-ay.

ਸੱਚ (ਪਰਮਾਤਮਾ) ਨਾ ਦੱਸੀਆਂ ਜਾਣ ਸਕਣ ਵਾਲੀਆਂ ਵਡਿਆਈਆਂ ਵਾਲਾ ਹੈ, ਉਹਦੀ ਅਵਸਥਾ: ਹਾਲਤ, ਦੱਸੀ ਨਹੀ ਜਾ ਸਕਦੀ।

ਅਲਖ – ਅਲੱਖ, ਨਾ ਦਿਸਣ ਵਾਲੀਆਂ, ਨਾ ਦੱਸੀਆਂ ਜਾ ਸਕਣ ਵਾਲੀਆਂ।

The True Lord is of invisible: indescribable, not understandable, great qualities, His state - reality, greatness, cannot be described.

ਕਹੈ ਨਾਨਕੁ ਅੰਮ੍ਰਿਤ ਨਾਮੁ ਸੁਣਹੁ ਪਵਿਤ੍ਰ ਹੋਵਹੁ ਸਾਚੈ ਸੁਨਣੈ ਨੋ ਪਠਾਏ ॥੩੭॥

kahai naanak amrit naam sunhu pavitar hovhu saachai sunnai no pathaa-ay. ||37||

ਨਾਨਕ ਜੀ ਕਹਿੰਦੇ ਹਨ ਕਿ ਅੰਮ੍ਰਿਤ ਵਰਗਾ ਨਾਮ ਸੁਣੋ, ਅਤੇ ਪਵਿੱਤਰ ਹੋ ਜਾਉ ਤੁਸੀਂ ਸੱਚ (ਨਾਮ) ਸੁਣਨ ਵਾਸਤੇ ਹੀ ਲਗਾਏ ਗਏ ਹੋ।

ਅੰਮ੍ਰਿਤ ਨਾਮੁ – ਪਵਿੱਤਰ, ਮਰਣ ਤੋਂ ਬਚਾਉਣ ਵਾਲਾ ਰੱਬ ਦਾ ਨਾਮ, ਗੁਰਮੰਤਰ: "ਵਾਹਿਗੁਰੂ," ਗੁਰਬਾਣੀ।

ਪਵਿਤ੍ਰ ਹੋਵਹੁ – ਪਵਿੱਤਰ ਹੋ ਜਾਉ, ਗੁਰਮੁਖ: ਗੁਰੂ ਦਾ ਹੁਕਮ ਮੰਨਣ ਵਾਲੇ ਬਣ ਜਾਉ।

Says Nanak, listen to the Holy Name of God and become purified: holy, you were created to hear the Truth (Name of the Lord). ||37||

Amrit Naam - The Holy Name. The Name of God by reciting which there is no more death – gives immortality.

ਹਰਿ ਜੀਉ ਗੁਫਾ ਅੰਦਰਿ ਰਖਿ ਕੈ ਵਾਜਾ ਪਵਣੁ ਵਜਾਇਆ ॥

har-e jee-o gufaa andar-e rakhe kai vaajaa pavanu vajaa-i-aa.

ਵਾਹਿਗੁਰੂ ਨੇ ਜੀਉ (ਜੀਵ ਦੀ ਆਤਮਾ) ਗੁਫ਼ਾ: ਸਰੀਰ, ਅੰਦਰ ਰੱਖ ਕੇ ਪਵਣ ਦਾ ਵਾਜਾ ਵਜਾਇਆ, ਸਾਹ – ਜਾਨ ਪਾ ਦਿੱਤੀ।

ਵਾਜਾ ਪਵਣੁ ਵਜਾਇਆ – ਇਹ ਸਰੀਰ ਕਿ ਜੋ ਸੁਆਸਾਂ ਕਰ ਕੇ ਜੀਂਵਦਾ ਹੈ, ਇਸ ਦੇ ਵਿਚ ਸੁਆਸ ਪਾਏ, ਇਸ ਵਿਚ ਆਪਣੀ ਸੱਤਾ, ਚੇਤਨਤਾ: ਜਾਨ, ਪਾ ਦਿੱਤੀ।

The Lord placed the soul into the cave (Body), and blew the breath of life into this musical instrument: body - Consciousness, soul, was put into the body, it became activated.

(Vaajaa pavann vajaa-ae-aa – The breath keeps this body alive, God blew the breath (Life) into this body and activated it).

ਵਜਾਇਆ ਵਾਜਾ ਪਉਣ ਨਉ ਦੁਆਰੇ ਪਰਗਟੁ ਕੀਏ ਦਸਵਾ ਗੁਪਤੁ ਰਖਾਇਆ ॥

vajaa-i-aa vaajaa pa-un na-o du-aaray pargatu kee-ay dasvaa gupatu rakhaa-i-aa.

ਇਹ ਹਵਾ ਦੇ ਨਾਲ ਵੱਜਣ ਵਾਲਾ ਵਾਜਾ ਵਜਾ ਦਿੱਤਾ (ਸਰੀਰ ਦੇ ਵਿਚ ਸੁਆਸ, ਜਾਨ ਪਾ ਦਿੱਤੀ), ਇਹਦੇ ਨੌਂ ਦਰਵਾਜ਼ੇ ਤਾਂ ਦਿਸਦੇ ਰੱਖੇ, ਭਰ ਦੱਸਵਾਂ: ਦਸੱਮ–ਦੁਆਰ – ਦੱਸਵਾਂ ਦਰਵਾਜ਼ਾ, ਲੁਕਵਾਂ ਹੈ, ਨਜ਼ਰ ਨਹੀ ਆਉਂਦਾ।

ਨਉ ਦੁਆਰੇ – ਦੋ ਅੱਖੀਆਂ, ਦੋ ਕੰਨ, ਨੱਕ ਦੇ ਦੋ ਰਾਹ (ਨਾਸਾਂ), ਮੂੰਹ, ਦੋ ਗੁਪਤ ਅੰਗ, ਇਹ ਸਾਰੇ ਦਿਸਦੇ ਹਨ।

ਦੱਸਮ–ਦੁਆਰ – ਦੱਸਵਾਂ ਦਰਵਾਜ਼ਾ: ਆਤਮਾ–ਪਰਮਾਤਮਾ, ਦੇ ਰਹਿਣ ਦੀ ਥਾਂ। ਇਹ ਸਿਰ ਦੀ ਚੋਟੀ (ਸਿਰ ਦਾ ਤਾਲੂ) ਵਾਲੀ ਥਾਂ ਤੇ ਹੈ ਕਿ ਜਿੱਥੇ ਜੂੜਾ ਜਾਂ ਬੋਦੀ ਬਣਾਉਂਦੇ ਹਨ। ਇਹ ਕੋਈ ਸਰੀਰ ਦਾ ਅੰਗ ਨਹੀ, ਅਨਭਵ: ਆਤਮਿਕ–ਨਜ਼ਰ ਦੀ ਗੱਲ ਹੈ। ਇਹ ਥਾਂ ਦਿਸਦਾ ਨਹੀ।

He blew the breath of life into this musical instrument (activated the body), revealed its nine doors, and kept the tenth-door hidden.

na-o du-aaray: Nine-Doors - Two eyes, two ears, two nostrils, one mouth and two private parts. These are visible.

dassvaa: Tenth - The Tenth-Door, is the place of soul i.e. of God, and is at the top of the head. This is not a body-organ.

ਗੁਰਦੁਆਰੈ ਲਾਇ ਭਾਵਨੀ ਇਕਨਾ ਦਸਵਾ ਦੁਆਰੁ ਦਿਖਾਇਆ ॥

gurdu-aarai laa-ay bhaavnee iknaa dasvaa du-aar dikhaa-i-aa.

ਗੁਰੂ-ਦੁਆਰੇ (ਗੁਰੂ-ਘਰ, ਗੁਰੂ) ਦੇ ਨਾਲ ਪਰੇਮ ਬਣਾ ਲਵੇ (ਵਿਸ਼ਵਾਸ ਬਣਾ ਲਵੇ, ਨਾਮ ਜਪੇ, ਬਾਣੀ ਪੜ੍ਹੇ), ਤਾਂ ਉਹਨੂੰ ਦੱਸਵਾਂ-ਦੁਆਰ, ਕਿ ਜੋ ਗੁਪਤ ਹੈ, ਵੀ ਦਿਸ ਪੈਂਦਾ ਹੈ - ਬਰਹਮ ਗਿਆਨ, ਭਾਵ ਆਤਮਾ-ਪਰਮਾਤਮਾ ਦਾ ਗਿਆਨ ਹੋ ਜਾਂਦਾ ਹੈ।

By developing faith in the Guru, the tenth-door even (which is secret, hidden) gets revealed (One gets the knowledge of the soul and God).

ਤਹ ਅਨੇਕ ਰੂਪ ਨਾਉ ਨਵ ਨਿਧਿ ਤਿਸ ਦਾ ਅੰਤੁ ਨ ਜਾਈ ਪਾਇਆ ॥

tah anayk roop naa-o nav niDh tis daa antu na jaa-ee paa-i-aa.

ਉਹਦੇ ਅਨੇਕਾ ਕਿਸਮਾਂ ਦੇ ਨਵ-ਨਿਧ ਨਾਮ ਹਨ (ਨੌਂ ਨਿਧੀਆਂ ਦੇਣ ਵਾਲੇ ਨਾਮ), ਪਰਮਾਤਮਾ ਦਾ ਅੰਤ ਨਹੀ ਪਾਇਆ ਜਾ ਸਕਦਾ।

ਨੌ ਨਿਧੀਆਂ - ਨੌਂ ਕਿਸਮ ਦੇ ਖਜ਼ਾਨੇ: 1. ਪਦਮ - ਪੁਤ ਪੋਤਰੇ, ਸੋਨਾ, ਚਾਂਦੀ, ਹੋਰ ਕੀਮਤੀ ਧਾਤਾਂ। 2. ਮਹਾਨ ਪਦਮ - ਹੀਰੇ, ਮੋਤੀ, ਰਤਨ। 3. ਖਰਬ - ਸਭ ਕਿਸਮ ਦੀਆਂ ਕੀਮਤੀ ਚੀਜ਼ਾਂ। 4. ਕੁੰਦ - ਸੋਨੇ ਦਾ ਬਿਉਪਾਰ। 5. ਨੀਮ - ਹੀਰੇ-ਜਵਾਹਰ, ਰਤਨਾ ਦਾ ਬਿਉਪਾਰ। 6. ਸੰਖ - ਸਵਾਦੀ ਖਾਣ ਦੀਆਂ ਵਸਤਾਂ। 7. ਕਛੱਪ - ਅਨ-ਦਾਣੇ, ਬਸਤਰ। 8. ਮੁਕੰਦ - ਸੰਗੀਤ ਤੇ ਸੰਗੀਤਕਾਰ। 9. ਮੱਕਰ - ਸ਼ਸਤਰ-ਵਿੱਦਿਆ ਤੇ ਹਕੂਮਤ।

ਨੌ ਨਿਧੀਆਂ ਤੋਂ ਭਾਵ ਹੈ ਸੰਸਾਰ ਦੇ ਸਾਰੇ ਖਜ਼ਾਨੇ, ਪਦਾਰਥ: ਜ਼ਮੀਨ-ਜਾਇਦਾਦ, ਧਰਤੀ-ਸਮੁੰਦਰ ਦੀਆਂ ਵਸਤਾਂ, ਪੁਤ-ਪੋਤਰੇ, ਨੌਕਰ, ਸਿਹਤ, ਸਿਆਣਪ, ਜਾਨਵਰ, ਸਵਾਰੀ, ਨਾਮ, ਇਜ਼ੱਤ-ਮਾਣ। ਕਿਸੇ ਵੀ ਚੀਜ਼ ਦਾ ਘਾਟਾ ਨਹੀ ਰਹਿੰਦਾ।

There is no limit to the different treasure-giving (Boon-giving) Names of God, and His limits cannot be found.

(Naao nav-Nidhe – Naao: Name; Nav: nine; Nidhe: treasures. God's Name that give nine types of treasures. These are: land, property, riches, produce of the land and sea, children, grand children, servants, health, wisdom, animals and rides, Name of God (Worship), name-fame, etc. It means everything in the world.

ਕਹੈ ਨਾਨਕੁ ਹਰਿ ਪਿਆਰੈ ਜੀਉ ਗੁਫਾ ਅੰਦਰਿ ਰਖਿ ਕੈ ਵਾਜਾ ਪਵਣੁ ਵਜਾਇਆ ॥੩੮॥

kahai naanak har pi-aarai jee-o gufaa andar rakh kai vaajaa pavanu vajaa-i-aa. ||38||

ਨਾਨਕ ਜੀ ਕਹਿੰਦੇ ਹਨ, ਪਿਆਰੇ ਪਰਮਾਤਮਾ ਨੇ ਸਰੀਰ ਦੇ ਅੰਦਰ ਆਤਮਾ ਰੱਖ ਕੇ, ਸੁਆਸਾਂ ਦੁਆਰਾ (ਨਾਮ ਦੀ ਕਿਰਪਾ ਦੇ ਨਾਲ) ਇਹਦੇ ਵਿਚ ਜਾਨ ਪਾ ਦਿੱਤੀ।

Says Nanak, the Lord placed soul into the body, and gave life to it with his

Kindness. ||38||
(The body that depends on breath, He put breath (life) into it by virtue of His Kindness).

ਏਹੁ ਸਾਚਾ ਸੋਹਿਲਾ ਸਾਚੈ ਘਰਿ ਗਾਵਹੁ ॥
ayhu saachaa sohilaa saachai ghar gaavhu.
ਇਹ ਸੋਹਿਲਾ: ਖੁਸ਼ੀ ਦੇ ਸੱਚੇ ਗੀਤ (ਵਾਹਿਗੁਰੂ ਦੀ ਤਾਰੀਫ਼) ਸੱਚੇ ਦੇ ਘਰ ਆ ਕੇ ਗਾਉ।
ਸੋਹਿਲਾ – ਖੁਸ਼ੀ ਦੇ ਗੀਤ, ਪਰਮਾਤਮਾ ਦੀ ਉਸਤਤ ਦੇ ਸ਼ਬਦ। ਨਾਮ ਦਾ ਜਾਪ, ਗੁਰਬਾਣੀ ਦਾ ਪੜ੍ਹਣਾ।
ਸਾਚੈ ਘਰਿ – ਪਰਮਾਤਮਾ ਨੂੰ ਮਨ ਦੇ ਵਿਚ ਟਿਕਾ ਕੇ। ਸੰਗਤ ਦੇ ਨਾਲ ਮਿਲ ਕੇ।
Sing the true praise of God (The Name of God, Gurbani: Hymns i.e. Scriptures) in the True-Home (In the God-Oriented congregation, in the mind - by concentrating on Him).

ਗਾਵਹੁ ਤ ਸੋਹਿਲਾ ਘਰਿ ਸਾਚੈ ਜਿਥੈ ਸਦਾ ਸਚੁ ਧਿਆਵਹੇ ॥
gaavhu ta sohilaa ghar saachai jithai sadaa sach Dhi-aavhay.
ਵਾਹਿਗੁਰੂ ਦੀ ਸਿਫ਼ਤ ਸਦਾ ਸੱਚੇ ਘਰ ਵਿਚ ਬੈਠ ਕੇ (ਪਰਮਾਤਮਾ ਨੂੰ ਮਨ ਅੰਦਰ ਟਿਕਾ ਕੇ, ਸਾਧ-ਸੰਗਤ ਵਿਚ ਬੈਠ ਕੇ)) ਗਾਉ, ਕਿ ਜੋ ਸਦਾ ਹੀ ਪਰਮਾਤਮਾ ਨੂੰ ਯਾਦ ਕਰਨ ਦਾ ਥਾਂ ਹੈ।
Sing the songs of the praise of God in the True Home, where the Lord is remembered always by the devotees. (Songs of praise – recite His Name and Hymns. True Home – the mind i.e. by concentrating on Him, in the God-Oriented congregation,).

ਸਚੋ ਧਿਆਵਹਿ ਜਾ ਤੁਧੁ ਭਾਵਹਿ ਗੁਰਮੁਖਿ ਜਿਨਾ ਬੁਝਾਵਹੇ ॥
sacho Dhi-aavahi jaa tuDh bhaaveh gurmukhe jinaa bujhaavhay.
(ਪਰਮਾਤਮਾ ਜੀ,) ਜੇ ਤੁਸੀਂ ਚਾਹੋ ਤਾਂ ਹੀ ਕੋਈ ਤੁਹਾਨੂੰ ਯਾਦ ਕਰ ਸਕਦਾ ਹੈ, ਇਹ ਤੁਹਾਡੇ ਪਿਆਰੇ ਹੀ ਹੁੰਦੇ ਹਨ ਕਿ ਜਿਨ੍ਹਾਂ ਨੂੰ ਤੁਸੀਂ ਆਪ ਅਜਿਹੀ (ਨਾਮ ਜਪਣ ਦੀ) ਅਕਲ-ਬੁੱਧ ਬਖਸ਼ਦੇ ਹੋ।
Only those whom You desire can remember You, and wisdom to do so is also given to such God-Oriented people by You.

ਇਹੁ ਸਚੁ ਸਭਨਾ ਕਾ ਖਸਮੁ ਹੈ ਜਿਸੁ ਬਖਸੇ ਸੋ ਜਨੁ ਪਾਵਹੇ ॥
ih sach sabhnaa kaa khasam hai jis bakhsay so jan paavhay.
ਇਹ ਸੱਚ ਸਭ ਤੋਂ ਉੱਚਾ ਹੈ (ਖਸਮ, ਮਾਲਿਕ ਹੈ) ਅਤੇ ਜਿਸ ਉੱਤੇ ਤੂੰ ਮਿਹਰ ਕਰਦਾ ਹੈਂ ਉਹਨੂੰ ਹੀ ਇਹ (ਤੈਨੂੰ ਜਾਣਨ ਤੇ ਨਾਮ ਜਪਣ ਦਾ) ਗੁਣ ਮਿਲਦਾ ਹੈ।
ਇਹ ਸੱਚ – ਰੱਬ ਆਪ, ਰੱਬ ਦਾ ਨਾਮ, ਇਹ ਸਚਾਈ ਕਿ ਤੇਰੀ ਕਿਰਪਾ ਦੇ ਨਾਲ ਹੀ ਕੋਈ ਨਾਮ ਜਪ ਸਕਦਾ ਹੈ।
ਵਾਹਿਗੁਰੂ, ਸਮਝਣ-ਪਹੁੰਚਣ ਤੋਂ ਪਰਹੇ ਹੈ, ਜਿਸ ਉੱਤੇ ਉਹ ਆਪ ਕਿਰਪਾ ਕਰੇ ਉਹ ਹੀ ਇਹ ਸਚਾਈ ਸਮਝ ਸਕਦਾ ਹੈ ਕਿ ਨਿਰੀਆਂ ਗੱਲਾਂ ਦੇ ਨਾਲ ਕੁਝ ਨਹੀ ਬਣਦਾ, ਅਤੇ ਚੰਗੇ ਕਰਮ ਕੀਤਿਆਂ, ਨਾਮ ਜਪਿਆਂ ਹੀ ਉਹਦੀ ਕਿਰਪਾ ਦੇ ਨਾਲ ਰੱਬ ਦੀ ਸਮਝ ਆਉਂਦੀ ਹੈ।
This Truth is the Master: greatest of all, and one attains this by His blessings.

This Truth - Secret about God and His Name.

Attains this – the knowledge about God and His Name.

God is beyond our reach and understanding. Only the one blessed by God can understand this. With talks only we can attain nothing. It needs all the virtues and recitation of His Name to realize - understand, Him.

ਕਹੈ ਨਾਨਕੁ ਸਚੁ ਸੋਹਿਲਾ ਸਚੈ ਘਰਿ ਗਾਵਹੇ ॥੩੯॥

kahai naanak sach sohilaa sachai ghar gaavhay. ||39||

ਨਾਨਕ ਜੀ ਕਹਿੰਦੇ ਹਨ ਕਿ ਵਾਹਿਗੁਰੂ ਦੀ ਸਿਫ਼ਤ ਦਾ ਗਾਉਣ (ਸ਼ਬਦ–ਬਾਣੀ, ਨਾਮ–ਜਾਪ) ਸੱਚੇ ਘਰ ਕਰੀਦਾ ਹੈ (ਮਨ ਨੂੰ ਰੱਬ ਦੇ ਨਾਲ ਜੋੜ, ਸੰਗਤ ਦੇ ਨਾਲ ਮਿਲ ਕੇ)।

Says Nanak, the true songs of His praise (Hymns, Bani: Scriptures) are sung in the True Home (By setting mind: concentrating, on Him, in the congregation). ||39||

ਅਨਦੁ ਸੁਣਹੁ ਵਡਭਾਗੀਹੋ ਸਗਲ ਮਨੋਰਥ ਪੂਰੇ ॥

anad sunhu vadbhaageeho sagal manorath pooray.

ਚੰਗੇ ਕਰਮਾ ਵਾਲਿਉ, ਬਾਣੀ ਕਿ ਜਿਸਦਾ ਨਾਮ "ਅਨੰਦ"– ਅਨੰਦ ਦੇਣ ਵਾਲੀ ਹੈ ਸੁਣੋ, ਇਹਦੇ ਨਾਲ ਚੰਗੀਆਂ ਇਛਾਵਾਂ ਪੂਰੀਆਂ ਹੁੰਦੀਆਂ ਹਨ।

O the lucky-ones, listen to the Scripture called "Anand" - the Hymn of Bliss, Joy, it will fulfill all your good desires.

ਪਾਰਬ੍ਰਹਮੁ ਪ੍ਰਭੁ ਪਾਇਆ ਉਤਰੇ ਸਗਲ ਵਿਸੂਰੇ ॥

paarbarahm parabh paa-i-aa utray sagal visooray.

ਪ੍ਰਭੂ ਪਰਮਾਤਮਾ ਨੂੰ ਮਿਲ ਕੇ – ਵਾਹਿਗੁਰੂ ਜੀ ਦੀ ਯਾਦ ਵਿਚ ਲੀਨ ਹੋ ਕੇ, ਸਾਰੇ ਵਿਸੂਰੇ: ਚਿੰਤਾ, ਫ਼ਿਕਰ, ਝੋਰੇ, ਦੂਰ ਹੋ ਜਾਂਦੇ ਹਨ।

By getting deeply attached to God, all worries and sorrows go away.

ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ ॥

dookh rog santaap utray sunee sachee banee.

ਦੁਖ, ਰੋਗ, ਚਿੰਤਾ ਦੂਰ ਹੋ ਜਾਂਦੇ ਹਨ ਸੱਚੀ ਬਾਣੀ – ਪਰਮਾਤਮਾ ਦੀ ਉਸਤੱਤ, ਗੁਰਬਾਣੀ, ਨੂੰ ਸੁਣ ਕੇ।

ਭਾਵੇਂ ਕਿ ਤੀਸਰੇ ਪਾਤਿਸ਼ਾਹ ਗੁਰੂ ਅਮਰਦਾਸ ਜੀ ਦੇ ਵਕਤ ਹਾਲੀ ਗੁਰੂ ਗਰੰਥ ਨਹੀ ਸੀ ਲਿਖਿਆ ਗਿਆ, ਹੁਣ ਦੇ ਸਮੇ ਇਹ ਕਹਿਣਾ ਦਰੁਸਤ ਹੈ ਕਿ ਗੁਰਬਾਣੀ ਉਹ ਹੈ ਕਿ ਜੋ ਗੁਰੂ ਗਰੰਥ ਸਾਹਿਬ ਦੇ ਵਿਚ ਹੈ, ਅਤੇ ਉਹ ਵੀ ਕਿ ਜੋ ਗੁਰੂ ਗੋਬਿੰਦ ਸਿੰਘ ਜੀ ਨੇ ਉਚਾਰੀ।

Pain, illness and suffering leave the man by listening to the True Bani: Hymns of the praise of God.

(Although at the time of Guru Amar Das, the 3rd Guru, Guru Granth Sahib was not compiled, it is right to say for the present that Gurbani is all that is given in this Holy Book, and also the one composed by the 10th Master Guru Gobind Singh).

ਸੰਤ ਸਾਜਨ ਭਏ ਸਰਸੇ ਪੂਰੇ ਗੁਰ ਤੇ ਜਾਣੀ ॥
sant saajan bha-ay sarsay pooray gur tay jaanee.
ਸੰਤ ਅਤੇ ਗੁਰਮੁਖ ਸਰਸੇ: ਅਨੰਦ (ਖੁਸ਼) ਹੋ ਗਏ ਹਨ, ਕਿ ਇਹ ਬਾਣੀ ਪੂਰਨ ਗੁਰੂ ਮਹਾਰਾਜ ਤੋਂ ਜਾਣੀ ਗਈ ਹੈ – ਬਾਣੀ ਧੁਰ ਕੀ: ਵਾਹਿਗੁਰੂ ਦੀ ਬਖਸ਼ੀ ਹੋਈ ਹੈ।

ਜਾਣਕੇ ਕਿ ਇਹ ਬਾਣੀ ਸੱਚੀ ਤੇ ਖੁਸ਼ੀ ਬਖਸ਼ਦੀ ਹੈ, ਸਭਨਾ ਨੂੰ ਬਹੁਤ ਪਰਸੰਤਾ ਹੋਈ ਹੈ।

The Saints and friends are happy to know that this Bani (Scripture) is the blessing of the Perfect Guru (Is the revealed Bani, blessed by God).
(The devotees are very happy to realize that this is the True Scripture and reciting it gives peace of mind, happiness - salvation – liberation, everything spiritual and worldly).

ਸੁਣਤੇ ਪੁਨੀਤ ਕਹਤੇ ਪਵਿਤੁ ਸਤਿਗੁਰੁ ਰਹਿਆ ਭਰਪੂਰੇ ॥
suntay puneet kahtay pavit satgur rahi-aa bharpooray.
ਇਸ ਬਾਣੀ ਨੂੰ ਸੁਣਨ ਵਾਲੇ ਅਤੇ ਪੜ੍ਹਣ ਵਾਲੇ, ਦੋਨੋ ਪਵਿੱਤਰ ਹੋ ਜਾਂਦੇ ਹਨ ਕਿਉਂ ਜੋ ਇਹ ਪਰਮਾਤਮਾ, ਇਹਦੀ ਸਿਫ਼ਤ, ਦੇ ਨਾਲ ਭਰੀ ਹੋਈ ਹੈ (ਵਾਹਿਗੁਰੂ ਦੀ ਘੱਲੀ ਹੋਈ ਹੈ)।
Pure are those who listen, and also those become pure who recite this Scripture, because it is filled with the praise of God (It is God sent: revealed to the Guru).

ਬਿਨਵੰਤਿ ਨਾਨਕੁ ਗੁਰ ਚਰਣ ਲਾਗੇ ਵਾਜੇ ਅਨਹਦ ਤੂਰੇ ॥੪੦॥੧॥
binvant naanak gur charan laagay vaajay anhad tooray. ||40||1||
ਗੁਰੂ ਨਾਨਕ ਦੇਵ ਜੀ ਬੇਨਤੀ ਕਰਦੇ, ਕਹਿੰਦੇ, ਹਨ ਕਿ ਗੁਰੂ ਮਹਾਰਾਜ (ਪਰਮਾਤਮਾ) ਦੇ ਚਰਨੀ ਲੱਗਿਆਂ, ਸ਼ਰਨ ਆਇਆਂ, ਵੱਜਣ ਲੱਗ ਪੈਂਦੇ ਹਨ ਅਨਹਦ ਤੂਰੇ (ਖੁਸ਼ੀ, ਰੱਬੀ ਆਵਾਜ਼ਾਂ ਦੇ ਵਾਜੇ)।

ਗੁਰ ਚਰਨ ਲਾਗੇ – ਪਰਮਾਤਮਾ ਦੇ ਧਿਆਨ ਵਿਚ ਲੀਨ ਹੋਇਆਂ, ਨਾਮ ਜਪਿਆਂ, ਬਾਣੀ ਪੜ੍ਹਿਆਂ। ਗੁਰੂ ਜੀ ਦੀ ਸ਼ਰਨ ਆਇਆਂ ਇਹ ਨਾਮ, ਅਤੇ ਇਹਨੂੰ ਜਪਣਾ ਦਸਦੇ ਹਨ।

ਅਨਹਦ – ਲਗਾਤਾਰ ਆਵਾਜ਼, ਬਿਨਾ ਕਾਰਣ ਆਵਾਜ਼, ਰੱਬੀ–ਧੁਨ। ਭਜਨ ਕਰਨ ਵਾਲੇ ਕਈ ਕਿਸਮ ਦੀਆਂ ਆਵਾਜ਼ਾਂ ਸੁਣਦੇ ਹਨ ਕਿ ਜਿਨ੍ਹਾਂ ਚੋਂ ਇਹ "ਪੰਚ–ਸ਼ਬਦ" ਮੋਹਰੇ ਹਨ – 1. ਤਾਰਾਂ ਵਾਲੇ ਸਾਜ਼: ਵੀਨਾ, ਸਰੰਗੀ; 2. ਚਮੜਾ ਮੜ੍ਹੇ ਸਾਜ਼: ਢੋਲ; 3. ਸਾਹ ਦੇ ਨਾਲ ਵਜਾਉਣ ਵਾਲੇ ਸਾਜ਼: ਤੂਤੀ; 4. ਧਾਤ ਦੇ ਬਣੇ ਸਾਜ਼: ਛੈਣੇ, ਘੜਿਆਲ; 5. ਖ਼ਲਾ (ਵਿਹਲੀ ਥਾਂ ਈਟਹਇਰ) ਤੋਂ ਆਵਾਜ਼: ਘੜਾ ਥਪਕਿਆਂ, ਸਮੁੰਦਰ ਦੀ ਜਾਂ ਸੰਖ ਵਜਾਉਣ ਤੋਂ ਉਪਜੀ ਆਵਾਜ਼।

ਤੂਰੇ – ਤੂਰ: ਨਰਸਿੰਘੇ, ਸਾਹ ਦੇ ਨਾਲ ਵਜਾਉਣ ਵਾਲੇ ਵੱਡੇ ਤੂਤੇ (ਧੂਤੇ) ਜਿਹੇ। ਅਨਹਦ ਤੂਰੇ – ਖੁਸ਼ੀ ਦੇ ਵਾਜੇ।

Guru Nanak says, by taking the shelter of the Guru (Surrendering to Him and reciting His Name), Anhad. i.e. Godly - Celestial, musical sounds of joy get set in. The practitioner of the Name of God starts listens to the sounds of some musical instruments. ||40||1||

Gur Charan laagae – By taking shelter of the Guru (Waheguru).

Anhad – A sound without any cause i.e. without striking any thing, Celestial Sound. It is a limitless: continuous, spiritual sound. While reciting the Name of

God, some sounds may be heard, and these are of five main types 1. String instruments played with a bow – like a violin, or Sarangee. 2. Leather bound instruments – drum. 3. Instruments played by blowing in – flute, trumpet. 4. Instruments made of metal – gong, bell. 5. Sound from space – by striking the empty pot, sound from sea.

Toorae – Toor: a big metal, usually brass trumpet named Narsinghaa, or Ransinghaa. The both are same. It is played by blowing into it. Its sound is resounding and thick. Narsinghaa announces the arrival or departure of someone, and Ransinghaa is played in a battle, confrontation, or to announce victory.

ਅਨੰਦੁ ਸਾਹਿਬ (ਛੋਟਾ)

ANAND SAHIB (Short)

This portion of the scripture is also called Chhota: short, Anand-Sahib. This is the composition of the first five and the last; 40th step of the regular – complete, Anand Sahib.

ਗੁਰਬਾਣੀ ਦੇ ਇਸ ਸਰੂਪ ਨੂ ਛੋਟਾ ਅਨੰਦ-ਸਾਹਿਬ ਵੀ ਕਿਹਾ ਜਾਂਦਾ ਹੈ। ਇਹ ਪੂਰੇ ਅਨੰਦ ਸਾਹਿਬ ਦੀਆਂ ਪਹਿਲੀਆਂ ਪੰਜ ਅਤੇ ਅੰਤਲੀ ਚਾਲੀਵੀਂ ਪਉੜੀ ਦਾ ਸੰਗਰਿਹ ਹੈ।

ਰਾਮਕਲੀ ਮਹਲਾ ੩ ਅਨੰਦੁ

raamkalee mehlaa 3 anand

ਰਾਮਕਲੀ ਮਹਲਾ ਤੀਜਾ, ਅਨੰਦ।

Raamkalee, Third Mehla, Anand ~ The Song Of Bliss:

ੴ ਸਤਿਗੁਰ ਪ੍ਰਸਾਦਿ ॥

ik-o^{N}kaar satgur parsaad.

ਸਭ ਵਸਤਾਂ ਅੰਦਰ ਵਸੱਦੇ ਵਾਹਿਗੁਰੂ ਜੀ, ਜਿਸਦਾ ਗਿਆਨ ਸੱਚੇ ਗੁਰੁ ਜੀ ਦੀ ਕਿਰਪਾ ਦੇ ਨਾਲ ਹੁੰਦਾ ਹੈ। 1 ਦਾ ਭਾਵ ਹੈ ਪਰਮਾਤਮਾ ਕਿ ਜਿਸ ਵਰਗਾ ਦੂਸਰਣ ਹੋਰ ਕੋਈ ਨਹੀ। ੳ ਦਾ ਅਰਥ ਹੈ ਧੁਨੀ (ਆਵਾਜ਼) ਕਿ ਜੋ ਵਾਹਿਗੁਰੂ ਦੀ ਹੋਂਦ ਦਸਦੀ ਹੈ। ਕਾਰ ਜਾਂ ਆਕਾਰ ਹੈ, ਸਾਰੇ ਹੀ – ਹਰ ਥਾਂ ਤੇ, ਹਰ ਚੀਜ਼ ਵਿਚ।

All pervading God, realized by the Grace of the True Guru. “1” one, means there is none other like God. O-ann is the Celestial Sound indicating the being of God. Kaar or Akaar is All-Over, everywhere, in everything.

ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ ॥

anand bha-i-aa mayree maa-ay satguroo mai paa-i-aa.

ਅਨੰਦ ਹੋ ਗਿਆ ਹੈ ਮੇਰੀ ਮਾਏ, ਮੈਨੂੰ ਸਤਿਗੁਰੂ ਜੀ ਮਿਲ ਗਏ ਹਨ।

My mother, I am in joy, I have met my True Guru.

ਸਤਿਗੁਰੁ ਤ ਪਾਇਆ ਸਹਜ ਸੇਤੀ ਮਨਿ ਵਜੀਆ ਵਾਧਾਈਆ ॥

satgur ta paa-i-aa sahj saytee man vajee-aa vaaDhaa-ee-aa.

ਸਤਿਗੁਰੂ ਜੀ ਤਾਂ ਸਹਿਜ ਦੇ ਨਾਲ: ਅਡੋਲ ਹੀ, ਮਿਲ ਗਏ ਹਨ, ਮਨ ਦੇ ਅੰਦਰ ਵਧਾਈਆਂ ਗੂੰਜ ਰਹੀਆਂ ਹਨ।

I have found the True Guru without effort with His grace, and my mind is enjoying the greetings of the bliss.

ਰਾਗ ਰਤਨ ਪਰਵਾਰ ਪਰੀਆ ਸਬਦ ਗਾਵਣ ਆਈਆ ॥

raag ratan parvaar paree-aa sabad gaavan aa-ee-aa.

ਰਤਨ ਰੂਪੀ ਰਾਗ ਆਪਣੇ ਰਾਗ-ਪਰਵਾਰਾਂ, ਅਤੇ ਰਾਗਨੀਆਂ ਸਮੇਤ ਸ਼ਬਦ ਗਾਉਣ ਆਏ ਹਨ।

The jewels of musical measures, with other melodies of their classifications, and their sub-measures, have come to sing the Shabad: Word of the Guru: Prophet.

ਸਬਦੋ ਤ ਗਾਵਹੁ ਹਰੀ ਕੇਰਾ ਮਨਿ ਜਿਨੀ ਵਸਾਇਆ ॥
sabdo ta gaavhu haree kayraa man jinee vasaa-i-aa.
ਗਾਇਨ ਤਾਂ ਸਿਰਫ਼ ਵਾਹਿਗੁਰੂ ਜੀ ਦੇ ਨਾਮ ਦਾ ਕਰੋ ਕਿ ਜਿਸ ਨੇ ਮੇਰੇ ਮਨ ਵਿਚ ਇਹਨਾ ਨੂੰ (ਪਰਮਾਤਮਾ ਨੂੰ) ਵਸਾ ਦਿੱਤਾ ਹੈ।
Sing only the Shabad: the Name of God, that has set Him in my mind.

ਕਹੈ ਨਾਨਕੁ ਅਨੰਦੁ ਹੋਆ ਸਤਿਗੁਰੂ ਮੈ ਪਾਇਆ ॥੧॥
kahai naanak anand ho-aa satguroo mai paa-i-aa. ||1||
ਕਹਿੰਦਾ ਹੈ ਨਾਨਕ, ਖੁਸ਼ੀ ਹੋਈ ਹੈ, ਮੈਨੂੰ ਸਤਿਗੁਰੂ ਮਿਲ ਗਏ ਹਨ।
Says Nanak, I am in joy, I have found my True Guru. ||1||

ਏ ਮਨ ਮੇਰਿਆ ਤੂ ਸਦਾ ਰਹੁ ਹਰਿ ਨਾਲੇ ॥
ay man mayri-aa too sadaa rahu har naalay.
ਐ ਮੇਰੇ ਮਨ ਤੂੰ ਸਦਾ ਹਰੀ ਜੀ: ਵਾਹਿਗੁਰੂ ਜੀ, ਦੇ ਨਾਲ ਰਹੋ: ਨਾਮ ਜੱਪ.
O my mind, always stay with God: recite His Name.

ਹਰਿ ਨਾਲਿ ਰਹੁ ਤੂ ਮੰਨ ਮੇਰੇ ਦੂਖ ਸਭਿ ਵਿਸਾਰਣਾ ॥
har naal rahu too man mayray dookh sabh visaarnaa.
ਮੇਰੇ ਮਨ, ਤੂੰ ਹਰੀ ਜੀ ਦੇ ਨਾਲ ਰਹੋ, ਇਹ ਹੀ ਦੁਖ ਦੂਰ ਕਰਨ ਵਾਲਾ ਹੈ।
My mind, stay with the Lord, He removes all the worries.

ਅੰਗੀਕਾਰੁ ਓਹੁ ਕਰੇ ਤੇਰਾ ਕਾਰਜ ਸਭਿ ਸਵਾਰਣਾ ॥
angeekaar oh karay tayraa kaaraj sabh savaarnaa.
ਅੰਗੀਕਾਰ: ਸਾਥ ਦਿੰਦਾ ਹੈ ਉਹ ਤੇਰਾ, ਤੇਰੇ ਸਾਰੇ ਕੰਮ ਸਵਾਰਦਾ ਹੈ।
He becomes your companion, support, and sets right all your affairs.

ਸਭਨਾ ਗਲਾ ਸਮਰਥੁ ਸੁਆਮੀ ਸੋ ਕਿਉ ਮਨਹੁ ਵਿਸਾਰੇ ॥
sabhnaa galaa samrath su-aamee so ki-o manhu visaaray.
ਵਾਹਿਗੁਰੂ ਸਭ ਪੱਖਾਂ ਤੋਂ ਸੰਪੂਰਨ ਹੈ, ਉਹਨੂੰ ਮਨ ਤੋਂ ਭੁਲਾਇਆ ਕਿਉਂ ਜਾਏ!
The Lord is all-powerful and the Doer, why forget Him!

ਕਹੈ ਨਾਨਕੁ ਮੰਨ ਮੇਰੇ ਸਦਾ ਰਹੁ ਹਰਿ ਨਾਲੇ ॥੨॥
kahai naanak man mayray sadaa rahu har naalay. ||2||
ਕਹਿੰਦਾ ਹੈ ਨਾਨਕ, ਮੇਰੇ ਮਨ, ਸਦਾ ਹਰੀ ਜੀ ਦੇ ਨਾਲ ਰਹੋ: ਨਾਮ ਜੱਪ।
Says Nanak, “my mind, stay always with the Lord: recite His Name.” ||2||

ਸਾਚੇ ਸਾਹਿਬਾ ਕਿਆ ਨਾਹੀ ਘਰਿ ਤੇਰੈ ॥
saachay saahibaa ki-aa naahee ghar tayrai.
ਸੱਚੇ ਸਾਹਿਬ: ਪਰਮਾਤਮਾ, ਤੇਰੇ ਘਰ ਕੀ ਨਹੀ!

True Master, what is not in Your Power!

ਘਰਿ ਤ ਤੇਰੈ ਸਭੁ ਕਿਛੁ ਹੈ ਜਿਸੁ ਦੇਹਿ ਸੁ ਪਾਵਏ ॥
ghar ta tayrai sabh kichh hai jis deh so paav-ay.
ਤੇਰੇ ਘਰ ਸਭ ਕੁਝ ਹੈ, ਜਿਸ ਨੂੰ ਤੁਸੀਂ ਦੇਵੋ, ਉਹ ਪਾ ਲੈਂਦਾ ਹੈ।
Everything is in Your Hands, he receives to whom You give.

ਸਦਾ ਸਿਫਤਿ ਸਲਾਹ ਤੇਰੀ ਨਾਮੁ ਮਨਿ ਵਸਾਵਏ ॥
sadaa sifat salaah tayree naam man vasaava-ay.
(ਤੁਹਾਡੀ ਕਿਰਪਾ ਪਰਾਪਤ ਕਰਨ ਵਾਲੇ) ਸਦਾ ਹੀ ਤੁਹਾਡੀ ਸਿਫ਼ਤ-ਸਲਾਹ: ਬੰਦਗੀ, ਕਰਦੇ, ਅਤੇ ਤੁਹਾਡਾ ਨਾਮ ਮਨ ਦੇ ਅੰਦਰ ਵਸਾਈ ਰੱਖਦੇ ਹਨ।
(Those deserving Your Kindness) constantly praises You, and keep Your Name in their minds.

ਨਾਮੁ ਜਿਨ ਕੈ ਮਨਿ ਵਸਿਆ ਵਾਜੇ ਸਬਦ ਘਨੇਰੇ ॥
naam jin kai man vasi-aa vaajay sabad ghanayray.
ਜਿਸ ਮਨ ਦੇ ਅੰਦਰ ਨਾਮ ਵੱਸ ਗਿਆ ਹੈ, ਉਹਦੇ ਅੰਦਰ ਬੇਅੰਤ ਵਾਜੇ ਵੱਜ ਪੈਂਦੇ ਹਨ: ਖੁਸ਼ੀ ਆ ਜਾਂਦੀ ਹੈ।
The mind in which settles Your Name, there manifests great joy.

ਕਹੈ ਨਾਨਕੁ ਸਚੇ ਸਾਹਿਬ ਕਿਆ ਨਾਹੀ ਘਰਿ ਤੇਰੈ ॥੩॥
kahai naanak sachay saahib ki-aa naahee ghar tayrai. ||3||
ਨਾਨਕ ਕਹਿੰਦਾ ਹੈ, ਸੱਚੇ ਸਾਹਿਬ, ਤੁਹਾਡੇ ਘਰ ਕੀ ਨਹੀ ਹੈ!
Nanak says, my True Master, what is not in Your Power! ||3||

ਸਾਚਾ ਨਾਮੁ ਮੇਰਾ ਆਧਾਰੋ ॥
saachaa naam mayraa aaDhaaro.
ਮੇਰਾ ਆਧਾਰ: ਆਸਰਾ, ਵਾਹਿਗੁਰੂ ਦਾ ਸੱਚਾ ਨਾਮ ਹੈ।
My support is Your True Name.

ਸਾਚੁ ਨਾਮੁ ਅਧਾਰੁ ਮੇਰਾ ਜਿਨਿ ਭੁਖਾ ਸਭਿ ਗਵਾਈਆ ॥
saach naam aDhaar mayraa jin bhukhaa sabh gavaa-ee-aa.
ਤੁਹਾਡਾ ਸੱਚਾ ਨਾਮ ਮੇਰਾ ਆਸਰਾ ਹੈ ਕਿ ਜਿਸ ਨੇ ਮੇਰੀਆਂ ਮੰਗਾਂ ਦੀਆਂ ਭੁਖਾਂ ਮਿਟਾ ਦਿੱਤੀਆਂ ਹਨ।
Your True Name is my support, it has removed the hunger of my demands.

ਕਰਿ ਸਾਂਤਿ ਸੁਖ ਮਨਿ ਆਇ ਵਸਿਆ ਜਿਨਿ ਇਛਾ ਸਭਿ ਪੁਜਾਈਆ ॥
kar saa^N^t sukh man aa-ay vasi-aa jin ichhaa sabh pujaa-ee-aa.
ਇਸ ਨਾਮ ਨੇ ਮਨ ਦੇ ਅੰਦਰ ਵੱਸ ਕੇ ਸੁਖ ਅਤੇ ਸ਼ਾਂਤੀ ਲੈ ਆਂਦੇ ਹਨ, ਮੇਰੀਆਂ ਸਭ ਇਛੱਾਵਾਂ ਪੂਰੀਆਂ ਕਰ ਦਿੱਤੀਆਂ ਹਨ।
The Name has brought peace and pleasures into my mind, and has fulfilled all my

desires.

ਸਦਾ ਕੁਰਬਾਣੁ ਕੀਤਾ ਗੁਰੂ ਵਿਟਹੁ ਜਿਸ ਦੀਆ ਏਹਿ ਵਡਿਆਈਆ ॥
sadaa kurbaan keetaa guroo vitahu jis dee-aa ayhi vadi-aa-ee-aa.
ਅਜਿਹੇ ਗੁਰੂ ਜੀ ਤੋਂ ਸਦਾ ਕੁਰਬਾਨ ਹਾਂ, ਕਿ ਜਿਨ੍ਹਾਂ ਦੀਆਂ ਅਜਿਹੀਆਂ ਵਡਿਆਈਆਂ ਹਨ: (ਦਰਸ਼ਨਾਂ ਦੀਆਂ) ਆਸਾਂ ਪੂਰੀਆਂ ਕਰਦੇ, (ਨਾਮ–ਜਾਪ ਦੀਆਂ) ਭੁਖਾਂ ਮਿਟਾਉਂਦੇ ਹਨ।
I am forevere a sacrifice (Appreciation) to the Guru who has such Greatness: fulfills desires (of meeting Him), and removes the hunger (of the Name of God).

ਕਹੈ ਨਾਨਕੁ ਸੁਣਹੁ ਸੰਤਹੁ ਸਬਦਿ ਧਰਹੁ ਪਿਆਰੋ ॥
kahai naanak sunhu santahu sabad Dharahu pi-aaro.
ਨਾਨਕ ਕਹਿੰਦਾ ਹੈ, ਸੰਤੋ ਸੁਣੋ, ਸ਼ਬਦ ਦੇ ਨਾਲ ਪਿਆਰ ਰੱਖੋ।
Nanak says, listen O saints, have love for the Shabad: the Name of God.

ਸਾਚਾ ਨਾਮੁ ਮੇਰਾ ਆਧਾਰੋ ॥੪॥
saachaa naam mayraa aaDhaaro. ||4||
ਸੱਚਾ ਨਾਮ ਮੇਰਾ ਆਸਰਾ ਹੈ।
The True Name is my support. ||4||

ਵਾਜੇ ਪੰਚ ਸਬਦ ਤਿਤੁ ਘਰਿ ਸਭਾਗੈ ॥
vaajay panch sabad tit ghar sabhaagai.
ਪੰਚ–ਸ਼ਬਦ: ਰੱਬੀ–ਰਾਗ (ਨਾਮ, ਬਾਣੀ) ਉਸ ਭਾਗਾਂ ਵਾਲੇ ਘਰ: ਮਨ, ਵਿਚ ਵੱਜਦੇ ਹਨ,
The Panch-Shabad: the Godly-Music (recitation of His Name, and Scriptures) plays in that blessed house: the mind,

ਘਰਿ ਸਭਾਗੈ ਸਬਦ ਵਾਜੇ ਕਲਾ ਜਿਤੁ ਘਰਿ ਧਾਰੀਆ ॥
ghar sabhaagai sabad vaajay kalaa jit ghar Dhaaree-aa.
ਪੰਚ–ਸ਼ਬਦ ਵੱਜਦੇ ਹਨ ਉਸ ਭਾਗਾਂ ਵਾਲੇ ਘਰ ਵਿਚ, ਜਿਸ ਵਿਚ ਤੁਸੀਂ ਆਪਣੀ ਕਲਾ: ਖੇਡ (ਕਿਰਪਾ), ਵਰਤਾ ਦਿੱਤੀ ਹੈ।
In that blessed house the Panch-Shabad: Godly-Music is there, in which You have manifested Your Play: Kindness.

ਪੰਚ ਦੂਤ ਤੁਧੁ ਵਸਿ ਕੀਤੇ ਕਾਲੁ ਕੰਟਕੁ ਮਾਰਿਆ ॥
panch doot tuDh vas keetay kaal kantak maari-aa.
ਤੁਸੀ ਮਨੁਖ ਦੇ ਪੰਜ–ਜਿੰਨ: ਕਾਮ, ਕਰੋਧ, ਲੋਭ, ਮੋਹ, ਹੰਕਾਰ, ਕਾਬੂ ਕਰ ਦਿੰਦੇ, ਅਤੇ ਮੌਤ ਦਾ ਕੰਟਕ: ਕੰਡਾ (ਦੁਖ) ਮਾਰ ਦਿੰਦੇ ਹੋ।
You subdue the man’s five demons: desire, anger, greed, attachment, ego, and destroy the pain of the death.

ਧੁਰਿ ਕਰਮਿ ਪਾਇਆ ਤੁਧੁ ਜਿਨ ਕਉ ਸਿ ਨਾਮਿ ਹਰਿ ਕੈ ਲਾਗੇ ॥

Dhur karam paa-i-aa tuDh jin ka-o se naam har kai laagay.

ਤੁਸੀਂ ਜਿਨ੍ਹਾਂ ਦੇ ਕਰਮਾ ਵਿਚ ਦਰਗਾਹੋਂ ਲਿਖ ਦਿਤੱਾ, ਉਹ ਵਾਹਿਗੁਰੂ ਦੇ ਨਾਮ ਦੇ ਨਾਲ ਜੁੜ ਗਏ।

Those who are blessed with such a destiny by You, get attached to the recitation of Your Name.

ਕਹੈ ਨਾਨਕੁ ਤਹ ਸੁਖੁ ਹੋਆ ਤਿਤੁ ਘਰਿ ਅਨਹਦ ਵਾਜੇ ॥੫॥

kahai naanak tah sukh ho-aa tit ghar anhad vaajay. ||5||

ਨਾਨਕ ਕਹਿੰਦਾ ਹੈ, ਇਸ ਥਾਂ: ਮਨ ਵਿਚ, ਸੁਖ ਹੋ ਜਾਂਦਾ ਹੈ (ਕਿ ਜਿੱਥੇ ਤੁਹਾਡੀ ਕਿਰਪਾ ਹੋ ਜਾਵੇ), ਅਤੇ ਅਜਿਹੇ ਘਰ ਵਿਚ (ਮਨ ਅੰਦਰ), ਅਨਹਦ–ਵਾਜੇ: ਰੱਬੀ–ਰਾਗ (ਵੀਨਾ, ਤੂਤੀ, ਢੋਲ, ਕੈਂਸੀਆਂ, ਘੜਾ, ਇਤਿਆਦਿ ਵਰਗੀਆਂ ਬਿਨਾ ਕਾਰਣ ਆਵਾਜ਼ਾਂ। ਭਾਵ ਹੈ ਨਾਮ, ਬਾਣੀ) ਵੱਜ ਪੈਂਦਾ ਹੈ।

Nanak, says the peace comes to the place: mind (which is blessed by Him), and in such a house (Mind) the Anhad: Godly music (Name of God, Scriptures) manifests ||5||

ਅਨਦੁ ਸੁਣਹੁ ਵਡਭਾਗੀਹੋ ਸਗਲ ਮਨੋਰਥ ਪੂਰੇ ॥

anad sunhu vadbhaageeho sagal manorath pooray.

ਵਡੇ ਭਾਗਾਂ ਵਾਲਿਉ, "ਅਨੰਦ" ਨਾਮ ਦੀ ਬਾਣੀ (ਅਨੰਦ ਦੇਣ ਵਾਲੀ) ਸੁਣੋਂ, ਇਹ ਸਾਰੀਆਂ ਇਛੱਾਵਾਂ ਪੂਰੀਆਂ ਕਰਦੀ ਹੈ।

The fortunate ones, listen to the scripture named "Anand" (the giver of Joy), this fulfills all desires.

ਪਾਰਬ੍ਰਹਮੁ ਪ੍ਰਭੁ ਪਾਇਆ ਉਤਰੇ ਸਗਲ ਵਿਸੂਰੇ ॥

paarbarahm parabh paa-i-aa utray sagal visooray.

(ਇਸ ਦੇ ਨਾਲ) ਪਹੁੰਚ ਤੋਂ ਪਰ੍ਹੇ ਵਾਹਿਗੁਰੂ ਪਰਾਪਤ ਹੋ ਗਿਆ, ਅਤੇ ਸਾਰੇ ਝੋਰੇ ਮੁੱਕ ਗਏ ਹਨ।

(With this) the Unreachable Lord has been obtained, and all the mental grumbling has ended – peace has manifested.

ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ ॥

dookh rog santaap utray sunee sachee banee.

ਦੁਖ, ਰੋਗ, ਮਨ ਦੇ ਕਲੇਸ਼, ਖਤਮ ਹੋ ਗਏ ਹਨ ਸੱਚੀ ਬਾਣੀ ਨੂੰ ਸੁਣ ਕੇ।

Pain, illness, mental-suffering have been cured by listening to the True Scripture.

ਸੰਤ ਸਾਜਨ ਭਏ ਸਰਸੇ ਪੂਰੇ ਗੁਰ ਤੇ ਜਾਣੀ ॥

sant saajan bha-ay sarsay pooray gur tay jaanee.

ਸੰਤ–ਸੱਜਣ ਸਰਸੇ: ਖੁਸ਼, ਹਨ ਪੂਰਨ ਗੁਰੂ ਜੀ ਤੋਂ ਵਾਹਿਗੁਰੂ ਬਾਰੇ ਗਿਆਨ ਪਰਾਪਤ ਕਰਕੇ।

The saints and associates are happy by getting from the perfect Guru the knowledge about God.

ਸੁਣਤੇ ਪੁਨੀਤ ਕਹਤੇ ਪਵਿਤੁ ਸਤਿਗੁਰੁ ਰਹਿਆ ਭਰਪੂਰੇ ॥
suntay puneet kahtay pavit satgur rahi-aa bharpooray.
ਬਾਣੀ ਸੁਣਨ ਅਤੇ ਪੜ੍ਹਨ ਵਾਲੇ ਪਵਿੱਤਰ ਹਨ, ਇਹ ਬਾਣੀ ਰਾਹੀਂ ਸਤਿਗੁਰੂ-ਵਾਹਿਗੁਰੂ ਦੇ ਨਾਲ ਭਰਪੂਰ ਰਹਿੰਦੇ ਹਨ।
The pure ones are those who listen, or recite the Gurbani: Scriptures, and through the Scriptures they stay filled with the awareness of the Satguru: True Guru - Waheguru (God).

ਬਿਨਵੰਤਿ ਨਾਨਕੁ ਗੁਰ ਚਰਣ ਲਾਗੇ ਵਾਜੇ ਅਨਹਦ ਤੂਰੇ ॥੪੦॥੧॥
binvant naanak gur charan laagay vaajay anhad tooray. ||40||1||
ਨਾਨਕ ਬੇਨਤੀ ਕਰਦਾ ਹੈ, ਗੁਰੂ ਜੀ-ਵਾਹਿਗੁਰੂ ਜੀ ਦੇ ਚਰਨੀ ਲੱਗਿਆਂ (ਨਾਮ ਜਾਪ ਕੀਤਿਆਂ) ਅਨਹਦ: ਰੱਬੀ-ਰਾਗ, ਵੱਜ ਪੈਂਦੇ ਹਨ।
Nanak says humbly, by staying attached to the Guru-Wahegur's (God's) Feet (by reciting the Name of the Lord), the Godly-Music (Celestial-Music) gets set in. ||40||1||

ਚੌਪਈ ॥

ਕਵੀ ਦੀ ਉਚਾਰੀ, ਬੇਨਤੀ, ਚੌਪਈ, ਦਸੰਮ ਗੁਰੂ ਜੀ।

CHAUPAEE

ਕਬਿਯੋਬਾਚ ਬੇਨਤੀ ਪਾਃ ੧੦ ॥ ਚੌਪਈ ॥
Kabeo-vaach baent.ee Chaupai
ਇਹ ਚੌਪਈ ਹੈ, ਕਵੀ ਦੀ ਬੇਨਤੀ, ਦੱਸਵੇਂ ਪਾਤਿਸ਼ਾਹ ਦੀ ਉਚਾਰੀ।
Style of poetry, humble request, by the 10th Guru.

ਹਮਰੀ ਕਰੋ ਹਾਥ ਦੈ ਰੱਛਾ ॥
Hamree karo haath d.e rachhaa
ਤੁਸੀਂ ਆਪਣਾ ਹੱਥ: ਸਹਾਰਾ, ਦੇ ਕੇ ਮੇਰੀ ਰਖਸ਼ਾ ਕਰੋ।
Please, be my support and protect me .

ਪੂਰਨ ਹੋਇ ਚਿਤ ਕੀ ਇੱਛਾ ॥
Pooran ho-e chit.t. kee ichhaa
ਇਹਦੇ ਨਾਲ ਮੇਰੇ ਮਨ ਦੀ ਆਸ ਪੂਰੀ ਹੋ ਜਾਵੇਗੀ,
This will fulfill my desire,

ਤਵ ਚਰਨਨ ਮਨ ਰਹੈ ਹਮਾਰਾ ॥
T.av charnan mann rahae hamaraa
ਕਿ ਮੇਰਾ ਮਨ ਤੁਹਾਡੇ ਚਰਨਾ ਦੇ ਨਾਲ ਜੁੜਿਆ ਰਹੇ।
That my mind may stay attached to Your feet.

ਅਪਨਾ ਜਾਨ ਕਰੋ ਪ੍ਰਤਿਪਾਰਾ ॥੧॥
Apnaa jaan karo pritpaaraa
ਮੈਨੂੰ ਆਪਣਾ ਜਾਣ ਕੇ ਮੇਰੀ ਪਾਲਣਾ ਕਰੋ।
Take me as your own and protect me.

ਹਮਰੇ ਦੁਸਟ ਸਭੈ ਤੁਮ ਘਾਵਹੁ ॥
Hamrae d.ust sabhay t.um ghavhu
ਮੇਰੇ ਸਾਰੇ ਵੈਰੀ ਤੁਸੀ ਮੁਕਾ ਦਿਉ। (ਕਾਮ, ਕਰੋਧ, ਲੋਭ, ਮੋਹ, ਹੰਕਾਰ ਵੱਡੇ ਦੁਸ਼ਮਣ ਹਨ)।
Finish all my enemies. (Desire including sex, anger, greed. attachment and ego are real enemies).

ਆਪੁ ਹਾਥ ਦੈ ਮੋਹਿ ਬਚਾਵਹੁ ॥
Aap haath d.ae mohe bachaavhu
ਤੁਸੀਂ ਹੱਥ ਦਿਉ: ਰਖਸ਼ਾ ਕਰੋ, ਅਤੇ ਮੈਨੂੰ ਬਚਾਉ।
Please, protect with Your hands and save me.

ਸੁਖੀ ਬਸੈ ਮੋਰੋ ਪਰਿਵਾਰਾ ॥
Sukhee basaae moro prvaaraa.
ਮੇਰਾ ਪਰਵਾਰ ਸੁਖੀ ਵੱਸੇ (ਗੁਰਮੁਖ, ਅਸਲੀ ਪਰਵਾਰ ਹਨ),
May my family be ever in peace (God-Oriented people is the real family),

ਸੇਵਕ ਸਿੱਖ ਸਭੈ ਕਰਤਾਰਾ ॥੨॥
Sevak Sikh sabhae Kart.aaraa
ਜੋ ਇਹ ਸਾਰੇ ਹਨ ਵਾਹਿਗੁਰੂ ਦੇ ਸੇਵਕ ਤੇ ਸਿਖ।
All these, servants and devotees of the Lord.

ਮੋ ਰੱਛਾ ਨਿਜ ਕਰ ਦੈ ਕਰਿਯੈ ॥
Mo rachhaa nij karr daae kariyaae
ਹਮੇਸ਼ਾ, ਆਪਣਾ ਹੱਥ ਦੇਕੇ: ਆਸਰਾ ਬਣਕੇ, ਮੇਰੀ ਰਖਸ਼ਾ ਕਰੋ।
Be my spport, and always protect me.

ਸਭ ਬੈਰਨ ਕੋ ਆਜ ਸੰਘਰਿਯੈ ॥
Sabh baaeran ko aaj sanghari-yaae
ਸਾਰੇ ਵੈਰੀਆਂ ਨੂੰ ਅੱਜ ਮਾਰ ਮੁਕਾਉ। (ਕਾਮ, ਕਰੋਧ, ਲੋਭ, ਮੋਹ, ਹੰਕਾਰ, ਅਸਲੀ ਦੁਸ਼ਮਣ ਹਨ)।
Destroy all the enemies, today. (Real enemies are sex, anger, greed, attachment, and ego).

ਪੂਰਨ ਹੋਇ ਹਮਾਰੀ ਆਸਾ ॥
Pooran ho-e hamaaree aasaa
ਮੇਰੀ ਆਸ ਪੂਰੀ ਹੋਵੇ,
My wish may get fulfilled,

ਤੋਰ ਭਜਨ ਕੀ ਰਹੈ ਪਿਆਸਾ ॥੩॥
T.or bhajan kee rahay peaasaa
ਕਿ ਜੋ ਤੁਹਾਡੇ ਭਜਨ ਦੀ ਪਿਆਸ ਰਹਿੰਦੀ ਹੈ – ਇਹ ਪੂਰੀ ਹੋਵੇ।
That my thirst for Your worship may get satiated (Quenched).

ਤੁਮਹਿ ਛਾਡਿ ਕੋਈ ਅਵਰ ਨ ਧਿਯਾਊਂ ॥
Tumhe chhaade koee avar naa dheaaoon'
ਮੈਂ, ਤੁਹਾਨੂੰ ਛੱਡ ਕੇ ਕਿਸੇ ਹੋਰ ਦਾ ਧਿਆਨ ਨਾ ਧਾਰਾਂ।

I may not leave You and worship anyone else,

ਜੋ ਬਰ ਚਹੋਂ ਸੁ ਤੁਮ ਤੇ ਪਾਊਂ ॥
Jo barr chahoun' so T.um t.ae paaoon'
ਜੋ ਵਰ ਚਾਹਵਾਂ ਸੋ ਤੁਹਾਥੋਂ ਪਾਵਾਂ।
That, I may get from You the boons I seek.

ਸੇਵਕ ਸਿੱਖ ਹਮਾਰੇ ਤਾਰੀਅਹਿ ॥
Saevak Sikh hamaarae t.aaree-ahe
ਤਾਰ ਲਵੋ ਸਿੱਖਾਂ-ਸੇਵਕਾਂ ਨੂੰ ਕਿ ਜੋ ਤੁਹਾਡੇ ਹਨ।
Cross over the world-ocean these devotees and Sikhs (disciples) that belong (Love) to You.

ਚੁਨਿ ਚੁਨਿ ਸਤ੍ਰ ਹਮਾਰੇ ਮਾਰੀਅਹਿ ॥੪॥
Chun chun sat.ar hamarae maaree-ahe
ਮਾਰ ਦਿਉ ਚੁਣ ਚੁਣ ਕੇ ਜੋ ਦੁਸ਼ਮਣ ਹਨ ਮੇਰੇ। (ਕਾਮ, ਕਰੋਧ, ਲੋਭ, ਮੋਹ, ਹੰਕਾਰ, ਅਸਲ ਵੈਰੀ ਹਨ)।
Pick up my foes and destroy them. (Sex, anger, greed, attachment, ego are the real enemies).

ਆਪ ਹਾਥ ਦੈ ਮੁਝੈ ਉਬਰਿਯੈ ॥
Aap haath dae mujhae oubar-e-yaay
ਤੁਸੀਂ ਹੱਥ ਦੇ ਕੇ: ਬਚਾ ਕੇ, ਮੇਰੀ ਰੱਖਿਆ ਕਰੋ।
Please, extend Your hand (help) and save me.

ਮਰਨ ਕਾਲ ਕਾ ਤ੍ਰਾਸ ਨਿਵਰਿਯੈ ॥
Maran kaal kaa t.r:aas nivar-e-yaae
ਮਰਨ ਸਮੇ ਦਾ ਡਰ ਮਿਟਾ ਦਿਉ।
Eradicate the fear of the time of death.

ਹੂਜੋ ਸਦਾ ਹਮਾਰੇ ਪੱਛਾ ॥
Hoojo sad.aa hamaarae pachhaa
ਤੁਸੀਂ ਸਦਾ ਮੇਰੇ ਪਛਾ: ਸਹਾਈ, ਬਣੋ ਜੀ।
May You ever be on my side – my support.

ਸ੍ਰੀ ਅਸਿਧੁਜ ਜੂ ਕਰਿਯਹੁ ਰੱਛਾ ॥੫॥
Sree Asdhujj Joo kare-youhu rachhaa ||5||
ਸ੍ਰੀ ਅਸਧੁਜ ਜੀ: ਵਾਹਿਗੁਰੂ ਜੀ (ਅਸਧੁਜ-ਕਿਰਪਾਨ ਦੇ ਚਿਨ੍ਹ ਵਾਲਾ ਝੰਡਾ), ਤੁਸੀਂ ਮੇਰੀ ਮਦਦ ਕਰਨੀ।
My Lord, protect me!

ਰਾਖਿ ਲੇਹੁ ਮੁਹਿ ਰਾਖਨਹਾਰੇ ॥
Raakh lehu mohe Raakhan-haare
ਰਖ ਲੈਣ ਵਾਲੇ ਵਾਹਿਗੁਰੂ ਜੀ ਮੈਨੂੰ ਬਚਾ ਲੈਣਾ,
My savior Lord, protect me,

ਸਾਹਿਬ ਸੰਤ ਸਹਾਇ ਪਿਯਾਰੇ ॥
Sahib sant sahaa-e peyaaray
ਸੰਤਾਂ ਦੀ ਸਹਾਇਤਾ ਕਰਨ ਵਾਲੇ ਪਿਆਰੇ ਸਵਾਮੀ ਜੀਉ,
Helper of the Saints, my dear God,

ਦੀਨ ਬੰਧੁ ਦੁਸਟਨ ਕੇ ਹੰਤਾ ॥
D.een bandh: d.ushtan kae hantaa
ਨਿਮਾਣਿਆਂ ਦੇ ਮਿੱਤਰ, ਦੁਸ਼ਟਾਂ ਦੇ ਮੁਕਾਉਣ ਵਾਲੇ ਜੀਉ,
Friend of the humble, destroyer of the wicked,

ਤੁਮਹੋ ਪੁਰੀ ਚਤੁਰ ਦਸ ਕੰਤਾ ॥੬॥
Tumho puri chat.ur dass kant.aa
ਤੁਸੀਂ ਚੌਦਾਂ ਪੁਰੀਆਂ: ਸਾਰੀ ਦੁਨੀਆਂ, ਦੇ ਮਾਲਿਕ ਹੋ।
You are the Master of the whole world.

ਕਾਲ ਪਾਇ ਬ੍ਰਹਮਾ ਬਪੁ ਧਰਾ ॥
Kaal paa-ae Br:ahmaa bapp dh:raa
ਵਕਤ ਦੇ ਕਰਣਹਾਰ: ਵਾਹਿਗੁਰੂ ਦੇ ਹੁਕਮ ਨਾਲ, ਬਰਹਮਾ (ਰਚਨਾ ਕਰਨ ਦਾ ਦੇਵਤਾ) ਨੇ ਬਪ: ਸਰੀਰ, ਧਾਰਿਆ
By the Will of God, Brahma (the creator god) came into being.

ਕਾਲ ਪਾਇ ਸਿਵਜੂ ਅਵਤਰਾ ॥
Kaal paa-ae Shivjoo avt.araa
ਪਰਮਾਤਮਾ ਦਾ ਹੁਕਮ ਪਾਕੇ ਸ਼ਿਵ ਜੀ (ਨਾਸ਼ ਕਰਨ ਦਾ ਦੇਵਤਾ) ਨੇ ਅਵਤਾਰ ਧਾਰਿਆ।
By the Will of God, Shiva (the destroyer god) was born.

ਕਾਲ ਪਾਇ ਕਰ ਬਿਸਨੁ ਪ੍ਰਕਾਸਾ ॥
Kaal paa-ae Bisnu par;kaasaa
ਹੁਕਮ ਦੇ ਨਾਲ ਵਿਸ਼ਨੂੰ ਜੀ (ਪਾਲਣ ਦਾ ਦੇਵਤਾ) ਪਰਗਟ ਹੋਏ।
By the Will of God, Vishnu (the sustainer god) appeared.

ਸਕਲ ਕਾਲ ਕਾ ਕੀਆ ਤਮਾਸਾ ॥੭॥
Sakal kaal kaa keeaa t.maasaa
ਇਹ ਸਾਰੀ ਖੇਡ ਹੈ ਵਾਹਿਗੁਰੂ ਦੇ ਹੁਕਮ ਦੀ।

This all is the play of the Will of God.

ਜਵਨ ਕਾਲ ਜੋਗੀ ਸਿਵ ਕੀਓ ॥
Javan kaal jogee Siv keeo
ਜਿਸ ਰੱਬ ਦੇ ਹੁਕਮ ਨੇ ਜੋਗੀਰਾਜ ਸ਼ਿਵ ਜੀ ਪੈਦਾ ਕੀਤੇ,
The Will of God that created Shiva the great Yogi,

ਬੇਦਰਾਜ ਬ੍ਰਹਮਾ ਜੂ ਥੀਓ ॥
Baedraj Br;ahmaa joo keeo
ਜਿਸ ਪਰਮਾਤਮਾ ਨੇ ਵੇਦਰਾਜ ਬਰਹਮਾ ਜੀ ਬਣਾਏ,
God Who created Brahma the physician.

ਜਵਨ ਕਾਲ ਸਭ ਲੋਕ ਸਵਾਰਾ ॥
Javan kaal sabh lok savaaraa
ਰੱਬ ਦੇ ਹੁਕਮ ਨੇ ਸਾਰਾ ਲੋਕ: ਸੰਸਾਰ, ਸੰਵਾਰਿਆ,
The Will of God that created the universe,

ਨਮਸਕਾਰ ਹੈ ਤਾਹਿ ਹਮਾਰਾ ॥੮॥
Namaskaar haae t.aahe hamaaraa
ਉਸ ਪਰਮਾਤਮਾ ਨੂੰ ਮੇਰਾ ਨਮਸਕਾਰ ਹੈ !
I bow to that Lord!

ਜਵਨ ਕਾਲ ਸਭ ਜਗਤ ਬਨਾਯੋ ॥
Javan kaal sabh jagat banaayo
ਜਿਸ ਪਰਮਾਤਮਾ ਨੇ ਸਾਰਾ ਜਗਤ ਬਣਾਇਆ ਹੈ,
The Lord who created whole of the world,

ਦੇਵ ਦੈਤ ਜੱਛਨ ਉਪਜਾਯੋ ॥
Dev daaet jachhan oupjaaeo
ਜਿਸ ਨੇ ਦੇਵਤੇ, ਦੈਂਤ: ਰਾਕਸ਼ਸ਼, ਅਤੇ ਜੱਛ ਬਣਾਏ,
ਜਛਨ – ਜੱਛ: ਯਕਸ਼; ਅੱਧ–ਦੇਵਤੇ, ਦੇਵਤਿਆਂ ਵਰਗੇ, ਬਣਾਏ।
He Who created gods, demons and demi-gods,

ਆਦਿ ਅੰਤਿ ਏਕੈ ਅਵਤਾਰਾ ॥
Aad. ant. aekaae avt.aaraa
ਕਿ ਜੋ ਸ਼ੁਰੂ ਤੋਂ ਅੰਤ ਤੱਕ ਇਕ ਆਪ ਹੀ ਅਵਤਾਰ (ਪੂਰਨ ਪੁਰਸ਼) ਹੈ,
One Who is the Prime-Being, from the beginning to the end,

ਸੋਈ ਗੁਰੂ ਸਮਝਿਯਹੁ ਹਮਾਰਾ ॥੯॥
Soee Guroo samjhey-ho hamaaraa
ਸਮਝ ਲਵੋ ਕਿ ਉਹ ਹੀ ਮੇਰਾ ਗੁਰੂ ਹੈ।
Undestand that He is my Guru.

ਨਮਸਕਾਰ ਤਿਸ ਹੀ ਕੋ ਹਮਾਰੀ ॥
Namaskaar tis hee ko hamaaree
ਉਹਨੂੰ ਹੀ ਮੇਰੀ ਨਮਸ਼ਕਾਰ ਹੈ,
I bow to Him,

ਸਕਲ ਪ੍ਰਜਾ ਜਿਨ ਆਪ ਸਵਾਰੀ ॥
Sakal parjaa jin aap savaaree
ਕਿ ਜੋ ਆਪਣੀ ਸਾਰੀ ਪਰਜਾ: ਲੋਕਾਈ, ਨੂੰ ਆਪ ਸੰਵਾਰ ਕੇ ਰਖਦਾ ਹੈ,
To Him Who takes care of His all the beings (His Creation),

ਸਿਵਕਨ ਕੋ ਸਿਵਗੁਨ ਸੁਖ ਦੀਓ ॥
Sivkan ko sivgun sukh deeo
ਉਹ ਆਪਣੇ ਸੇਵਕਾਂ ਨੂੰ ਸ਼ਿਵ ਜੀ: ਦੇਵਤਿਆਂ, ਦੇ ਗੁਣ ਅਤੇ ਸੁਖ ਦਿੰਦੇ ਹਨ।
He bestows on His devotees the god-like qualities and comforts.

ਸੱਤ੍ਰੁਨ ਕੋ ਪਲ ਮੋ ਬਧ ਕੀਓ ॥੧੦॥
Sat.ran ko pall mo badh keeo
ਅਤੇ ਦੁਸ਼ਮਣਾ ਨੂੰ ਪਲ ਭਰ ਵਿਚ ਖਤਮ ਕਰ ਦਿੰਦੇ ਹਨ।
And, He destroys the enemies (Shortcomings) in a moment.

ਘਟ ਘਟ ਕੇ ਅੰਤਰ ਕੀ ਜਾਨਤ ॥
Ghatt ghatt kae ant.ar kee janat.
ਵਾਹਿਗੁਰੂ ਜੀ ਹਰ ਇਕ ਦੇ ਮਨ ਦੀ ਜਾਣਦੇ ਹਨ।
God knows the mind of everyone.

ਭਲੇ ਬੁਰੇ ਕੀ ਪੀਰ ਪਛਾਨਤ ॥
Bhalae burae kee peer pachhanat.
ਉਹ, ਚੰਗੇ ਮੰਦੇ ਹਰ ਇਕ ਦੇ ਦੁਖ ਨੂੰ ਪਛਾਣਦੇ ਹਨ।
He understands the pain equally of good or bad people.

ਚੀਟੀ ਤੇ ਕੁੰਚਰ ਅਸਥੂਲਾ ॥
Cheetee t.ae kunchar asthoolaa
ਕੀੜੀ ਤੋਂ ਭਾਰੇ ਹਾਥੀ ਤੱਕ,
From an ant to a heavy elephant,

ਸਭ ਪਰ ਕ੍ਰਿਪਾ ਦ੍ਰਿਸਟਿ ਕਰ ਫੂਲਾ ॥੧੧॥
Sabh parr kr;ipaa driste karr phoolaa.
ਉਹ ਸਾਰਿਆਂ ਉੱਤੇ ਕਿਰਪਾ ਭਰੀ ਨਜ਼ਰ ਕਰਕੇ ਖੁਸ਼ ਹੁੰਦਾ ਹੈ।
He is pleased to look at everyone with His Kindness.

ਸੰਤਨ ਦੁਖ ਪਾਏ ਤੇ ਦੁਖੀ ॥
Sant.an: d.ukh paa-ae t.ae d.ukhee
ਜੇਕਰ ਸੰਤ ਦੁਖੀ ਹੋਣ ਤਾਂ ਉਹ ਮਹਸੂਸ ਕਰਦਾ ਹੈ।
If the saints are in pain, He feels it.

ਸੁਖ ਪਾਏ ਸਾਧਨ ਕੇ ਸੁਖੀ ॥
Sukh paa-ae sadh:an kae sukhee
ਜੇ ਸਾਧ ਸੁਖੀ ਹਨ ਤਾਂ ਓਹ ਸੁਖੀ ਹੈ।
When the saints are in comfort (Happy), He is comfortable (Happy).

ਏਕ ਏਕ ਕੀ ਪੀਰ ਪਛਾਨੈਂ ॥
Aek aek kee peer pachhaanae
ਉਹ, ਹਰ ਇਕ ਦੇ ਦੁਖ ਨੂੰ ਪਛਾਣਦਾ ਹੈ।
He understans the discomfort of everyone.

ਘਟ ਘਟ ਕੇ ਪਟ ਪਟ ਕੀ ਜਾਨੈਂ ॥੧੨॥
Ghatt ghatt kay patt patt kee janat.
ਹਰ ਘਟ: ਮਨ – ਸਰੀਰ (ਹਰ ਇਕ) ਦੇ, ਹਰ ਪਟ: ਤੈਹ (ਪੜਦਾ, ਡੂੰਘਾਈ) ਦੀ ਹਾਲਤ ਵਾਹਿਗੁਰੂ ਜਾਣਦਾ ਹੈ।
God knows the state of every depth of each heart.

ਜਬ ਉਦਕਰਖ ਕਰਾ ਕਰਤਾਰਾ ॥
Jabb ud.karakh kraa Kartaara
ਜੱਦ ਪਰਮਾਤਮਾ ਉਦਕਰਖ: ਰਚਨਾ ਦਾ ਪਸਾਰਾ, ਕਰਦਾ ਹੈ,
When the Lord expands His Creation,

ਪ੍ਰਜਾ ਧਰਤ ਤਬ ਦੇਹ ਅਪਾਰਾ ॥
Par;jaa dh:arat. t.abb d.aeh apaaraa
ਤੱਦ, ਤੁਹਾਡੀ ਪਰਜਾ: ਲੋਕਾਈ (ਜੀਵ), ਕਈ ਕਿਸਮ ਦੀ ਪਰਗਟ ਹੋ ਜਾਂਦੀ ਹੈ।
Then, many types of living beings get created.

ਜਬ ਆਕਰਖ ਕਰਤ ਹੋ ਕਬਹੂੰ ॥
Jabb aakarkh karat. ho kab-hoon:
ਜੱਦ ਕਿਤੇ ਆਕਰਖ ਕਰਦੇ: ਸਭ ਕੁਝ ਮਿਟਾ ਦਿੰਦੇ ਹੋ,

When You dissolve (Destroy) everything,

ਤੁਮ ਮੈ ਮਿਲਤ ਦੇਹ ਧਰ ਸਭਹੂੰ ॥੧੩॥
T.um maae milat. d.eh dh:ar sabhoon:
ਤੱਦ, ਸਾਰੇ ਦੇਹ–ਧਾਰੀ: ਜੀਵ, ਤੁਹਾਡੇ ਵਿਚ ਸਮਾ ਜਾਂਦੇ ਹਨ।
Then, all the living beings get absorbed back into You.

ਜੇਤੇ ਬਦਨ ਸ੍ਰਿਸਟਿ ਸਭ ਧਾਰੈ ॥
Jaet.ae bad.an sr;iste sabh dh:aaraae
ਸੰਸਾਰ ਵਿਚ ਜਿੰਨੇ ਜੀਵ ਆਉਂਦੇ ਹਨ,
All the living beings that get created,

ਆਪੁ ਆਪਨੀ ਬੂਝ ਉਚਾਰੈ ॥
Aap aapanee boojh ouchaaraae
ਹਰ ਇਕ ਆਪਣੀ ਸਮਝ ਅਨੁਸਾਰ ਤੁਹਾਡੇ ਗੁਣ ਗਾਉਂਦਾ ਹੈ।
Each one praises You according to its understanding.

ਤੁਮ ਸਭਹੀ ਤੇ ਰਹਤ ਨਿਰਾਲਮ ॥
T.um sabh-hee t.ae raht. niraalam
ਭਰ, ਤੁਸੀਂ ਸਭ ਕੁਝ ਤੋਂ ਨਿਰਾਲਮ: ਨਿਰਲੇਪ (ਅਲੱਗ), ਰਹਿੰਦੇ ਹੋ।
But, You stay detached from everything.

ਜਾਨਤ ਬੇਦ ਭੇਦ ਅਰ ਆਲਮ ॥੧੪॥
Janat. baed bhaed arr aalam
ਇਹ ਗੱਲ ਵੇਦ, ਭੇਦ: ਗੂੜ੍ਹ–ਗਿਆਨੀ, ਅਤੇ ਆਲਮ: ਵਿਦਵਾਨ, ਜਾਣਦੇ ਹਨ। (ਆਲਮ – ਅਰਥ ਸੰਸਾਰ ਵੀ ਹੈ)।
This is known to the Vedas, persons with deep knowledge, and to the scholars. (Ved – Vedas: ancient religious scriptures of Hindus),

ਨਿਰੰਕਾਰ ਨ੍ਰਿਬਿਕਾਰ ਨਿਰਲੰਭ ॥
Nirankaar Nir;bikaar Nirlan:bh
ਤੁਸੀਂ ਸ਼ਰੀਰ ਤੋਂ ਰਹਿਤ, ਬੁਰਾਈ ਤੋਂ ਰਹਿਤ, ਨਿਰਲੰਭ: ਆਸਰੇ ਤੋਂ ਰਹਿਤ (ਬੇਮੁਹਤਾਜ), ਹੋ।
You are without a form, Pure-Being, and Self-Sufficient (Non-Dependant).

ਆਦਿ ਅਨੀਲ ਅਨਾਦਿ ਅਸੰਭ ॥
Aad.e aneel anaad.e asan:bh
ਤੁਸੀਂ ਸ਼ੁਰੂ ਤੋਂ ਹੋ, ਰੰਗ ਰਹਿਤ (ਰੰਗ – ਮੋਹ ਰਹਿਤ, ਪਵਿੱਤਰ) ਹੋ, ਤੁਹਾਡੇ ਮੁਢ ਦੀ ਖਬਰ ਨਹੀ, ਜਨਮ ਰਹਿਤ ਹੋ।
You are Primal-Being, free from color (Unattached, Pure-Being), without a

beginning, and without being born (Self-Created).

ਤਾ ਕਾ ਮੂੜ੍ਹ ਉਚਾਰਤ ਭੇਦਾ ॥
T.aa kaa moor:h; oucharat. bhed.aa
ਅਤੇ ਮੂਰਖ ਉਹਦੇ ਭੇਦ ਦਸਦੇ ਹਨ,
And the fools talk of His mystries,

ਜਾ ਕੌ ਭੇਵ ਨ ਪਾਵਤ ਬੇਦਾ ॥੧੫॥
Jaa kaou bhaev na pavat. baed.aa
ਕਿ ਜਿਸਦਾ ਭੇਦ ਵੇਦ ਨਹੀ ਪਾ ਸਕੇ।
Whose secret even the Vedas could not find.

ਤਾ ਕੌ ਕਰਿ ਪਾਹਨ ਅਨੁਮਾਨਤ ॥
T.aa kaou kar-e paahan anumaanat
ਪੱਥਰ ਮੂਰਤੀ ਬਣਾਕੇ ਉਹਨੂੰ ਵਾਹਿਗੁਰੂ ਖਿਆਲ ਕਰਦੇ ਹਨ।
They make a stone idol and take it as God.

ਮਹਾ ਮੂੜ੍ਹ ਕਛੁ ਭੇਦ ਨ ਜਾਨਤ ॥
Mahaa moor:h; Kachhu bhaed. naa janat.
ਮਹਾ ਮੂਰਖ ਅਕਾਲਪੁਰਖ ਅਤੇ ਮੂਰਤੀ ਵਿਚਕਾਰ ਭੇਦ ਨਹੀ ਜਾਣਦੇ।
These unwise people do not know the difference between an idol and God.

ਮਹਾਦੇਵ ਕੌ ਕਹਤ ਸਦਾ ਸਿਵ ॥
Mahad.aev kaou kahat. Sad.aa Siv
ਸ਼ਿਵ ਜੀ (ਦੇਵਤੇ) ਨੂੰ ਸਦਾ-ਸ਼ਿਵ: ਸਦਾ ਕਾਇਮ - ਪਰਮਾਤਮਾ, ਕਹਿੰਦਾ ਹੈ।
They call god Shiva the Immortal: God.

ਨਿਰੰਕਾਰ ਕਾ ਚੀਨਤ ਨਹਿ ਭਿਵ ॥੧੬॥
Nirankaar kaa cheenat. na-he bhiv
ਸ਼ਕਲ-ਸੂਰਤ ਰਹਿਤ: ਪਰਮਾਤਮਾ, ਦਾ ਭੇਦ ਨਹੀ ਜਾਣਦਾ।
He does not know the Truth about the Formless God.

ਆਪੁ ਆਪਨੀ ਬੁਧਿ ਹੈ ਜੇਤੀ ॥
Aapu aapnee budh haae jaet.ee
ਜਿੰਨੀ ਜਿੰਨੀ ਕਿਸੇ ਦੀ ਆਪੋ ਆਪਣੀ ਬੁਧੀ: ਅਕਲ, ਹੈ,
According to the individual wisdom,

ਬਰਨਤ ਭਿੰਨ ਭਿੰਨ ਤੁਹਿ ਤੇਤੀ ॥
Barnat. bhin:n bhin:n T.uhe t.aet.e
ਇਹ ਰੱਬ ਨੂੰ ਅਲਗ ਅਲਗ ਤਰ੍ਹਾਂ ਦਸਦੇ ਹਨ।
They describe God differently.

ਤੁਮਰਾ ਲਖਾ ਨ ਜਾਇ ਪਸਾਰਾ ॥
T.umraa lakhaa naa jaeae pasaaraa
ਤੁਹਾਡਾ ਪਸਾਰਾ ਲਖਾ: ਜਾਣਿਆ, ਨਹੀ ਜਾ ਸਕਦਾ,
It is not possible to know the extent of Your Creation,

ਕਿਹ ਬਿਧਿ ਸਜਾ ਪ੍ਰਥਮ ਸੰਸਾਰਾ ॥੧੭॥
Keh bidh:e sajaa pr;atham sansaaraa
ਕਿ ਪਹਿਲਾਂ ਸੰਸਾਰ ਕਿੱਦਾਂ ਰਚਿਆ ਗਿਆ।
That how the universe was created to start with.

ਏਕੈ ਰੂਪ ਅਨੂਪ ਸਰੂਪਾ ॥
Aekaae roop anoop saroopaa
ਤੁਹਾਡਾ ਇਕ ਰੂਪ ਹੈ ਭਰ ਬੇਮਿਸਾਲ ਤੁਹਾਡੇ ਹੋਰ ਸਰੂਪ ਹਨ।
You have one Form, but You adopt other unique forms as well.

ਰੰਕ ਭਯੋ ਰਾਵ ਕਹੀ ਭੂਪਾ ॥
Ran:k bhayo raav kahee bhoopaa
ਕਿਤੇ ਕੰਗਾਲ, ਕਦੀ ਅਮੀਰ, ਅਤੇ ਕਿਤੇ ਰਾਜੇ ਬਣ ਜਾਂਦੇ ਹੋ।
Sometimes You become a pauper, sometimes rich, and sometimes a King.

ਅੰਡਜ ਜੇਰਜ ਸੇਤਜ ਕੀਨੀ ॥
An:daj jaeraj saetaj keenee
ਉਹਨੇ, ਆਂਡੇ, ਜੇਰ (ਗਰਭ), ਸੇਤਜ: ਪਸੀਨਾ (ਗੰਦਗੀ), ਤੋਂ ਜਨਮ ਲੈਣਾ ਬਣਾਇਆ।
He set up the methods of birth through eggs, placenta (womb), and sweat (dirt),

ਉਤਭੁਜ ਖਾਨਿ ਬਹੁਰ ਰਚਿ ਦੀਨੀ ॥੧੮॥
Out.bhuj khaane bahur rach-e d.eenee
ਅਤੇ ਉਤਭੁਜ: ਧਰਤੀ ਤੋਂ (ਬੂਟੇ ਉਗਣ ਦੇ ਢੰਗ ਤੇ), ਇਹਨਾ ਖਾਨਿ: ਖਾਣੀਆਂ (ਪੈਦਾਇਸ਼ ਦੇ ਚਾਰ ਢੰਗਾਂ), ਦੇ ਨਾਲ ਵਾਹਿਗੁਰੂ ਨੇ ਰਚਨਾ ਕਰ ਦਿੱਤੀ। (ਖਾਨਿ – ਅਰਥ ਖੁਦਾਨਾ ਵੀ ਲੈਂਦੇ ਹਨ)।
And from the earth (way the plants produce), through these four methods the Lord brought about the Creation.

ਕਹੂੰ ਫੂਲ ਰਾਜਾ ਹ੍ਵੈ ਬੈਠਾ ॥
Kahoon: phool raja hv;aae baaeth:aa
ਕਿਤੇ ਕੰਵਲ ਫੁੱਲ ਉੱਤੇ ਰਾਜਾ: ਬਰਹਮਾ (ਰਚਨਾ ਕਰਣ ਵਾਲਾ), ਬਣ ਬੈਠਾ ਹੈ।
At times He becomes a King sitting on the lotus: Brahma (The god of creation),

ਕਹੂੰ ਸਿਮਟਿ ਭਿਯੋ ਸੰਕਰ ਇਕੈਠਾ ॥
Kahoon: simat-e bheyo San:kar ikaaeth:aa
ਕਦੀ ਰਚਨਾ ਨੂੰ ਸਮੇਟ (ਨਾਸ਼ ਕਰ) ਕੇ ਸੰਕਰ: ਸ਼ਿਵ ਜੀ (ਸ਼ੰਕਰ – ਨਾਸ਼ ਕਰਨ ਦਾ ਦੇਵਤਾ) ਬਣ ਕੇ ਕੀਤੀ ਰਚਨਾ ਨੂੰ ਇਕਠਾ ਕਰ ਲੈਂਦਾ ਹੈ।
At times He becomes Shiva (god of death), collects (destroys) His Creation and gathers it.

ਸਗਰੀ ਸ੍ਰਿਸਟਿ ਦਿਖਾਇ ਅਚੰਭਵ ॥
Sagaree sriste d.ikhaa-e achan:bhav
ਸਾਰੀ ਸਰਿਸ਼ਟੀ ਨੂੰ ਇਕ ਅਚੰਭਾ: ਅਜੀਬ ਖੇਡ, ਬਣਾ ਦਿਖਾਉਂਦਾ ਹੈ,
He shows whole of the universe as His wonderful play,

ਆਦਿ ਜੁਗਾਦਿ ਸਰੂਪ ਸੁਯੰਭਵ ॥੧੯॥
Aad.e jugaad.e saroop su-yan:bhav
ਉਹ ਕਿ ਜੋ ਸੰਸਾਰ ਅਤੇ ਜੁਗਾਂ ਦੇ ਆਰੰਭ ਦੇ ਪਹਿਲਾਂ ਤੋਂ ਸੁਯੰਭਵ: ਆਪਣੇ ਆਪ ਤੋਂ ਆਪ (ਬਿਨਾ ਜਨਮ ਦੇ) ਹੈ।
He Who has been since the time immemorial, since before the time-periods (Ages), and Who is Self-Created.

ਅਬ ਰੱਛਾ ਮੇਰੀ ਤੁਮ ਕਰੋ ॥
Abb rachhaa maeree T.um karo
ਹੁਣ ਤੁਸੀਂ ਮੇਰੀ ਰਖਸ਼ਾ ਕਰੋ।
Please, protect me now.

ਸਿੱਖ ਉਬਾਰਿ ਅਸਿੱਖ ਸੰਘਰੋ ॥
Sikh oubaare Asikh sanghro
ਜੋ ਤੁਹਾਡੀ ਸਿਖਿਆ ਤੇ ਚੱਲਦੇ ਹਨ, ਇਹਨਾ ਨੂੰ ਬਚਾ ਲਵੋ। ਜਹਿੜੇ ਤੁਹਾਡੀ ਸਿਖਿਆ ਤੇ ਨਹੀ ਤੁਰਦੇ ਇਹਨਾ ਨੂੰ ਮੁੱਕਾ ਦਿਉ।
Those who follow You save, and those who do not, destroy them.

ਦੁਸ਼ਟ ਜਿਤੇ ਉਠਵਤ ਉਤਪਾਤਾ ॥
D.usht jitae outh:vat. out.paat.aa
ਜਿੰਨੇ ਦੁਸ਼ਟ ਬੰਦੇ ਉਤਪਾਤਾ: ਉਤਪਤੀ ਹੁੰਦੀ ਹੈ (ਉਠ ਖੜੋਂਦੇ ਹਨ)।
All the evil persons who come into being,

ਸਕਲ ਮਲੇਛ ਕਰੋ ਰਣ ਘਾਤਾ ॥੨੦॥
Sakal mlaechh karo ran. ghaat.aa
ਇਹਨਾ ਸਾਰੇ ਮਲੇਛਾਂ: ਬੁਰੇ ਬੰਦਿਆਂ ਨੂ, ਯੁਧ ਕਰਕੇ ਮਾਰ ਮੁਕਾਉ।
Fight with (take care) and destroy all such bad people.

ਜੇ ਅਸਿਧੁਜ ਤਵ ਸਰਨੀ ਪਰੇ ॥
Jo Asidh:uj T.av sarnee parae
ਅਸਿਧੁਜ ਵਾਹਿਗੁਰੁ ਜੀ, ਜੋ ਤੁਹਾਡੀ ਸ਼ਰਨ ਆ ਜਾਣ, ਝੰਡੇ ਉੱਤੇ ਤਲਵਾਰ ਦੇ ਨਿਸ਼ਾਨ ਵਾਲਾ, ਰਖਵਾਲਾ: ਵਾਹਿਗੁਰੁ।
O God, those who seek Your refuge,

ਤਿਨ ਕੇ ਦੁਸ਼ਟ ਦੁਖਿਤ ਹ੍ਵੈ ਮਰੇ ॥
T.in kae d.usht d.ukhit hv;aae marae
ਉਹਨਾ ਦੇ ਵੈਰੀ ਦੁਖੀ ਹੋ ਕੇ ਮਰਦੇ ਹਨ।
Their enemies die miserably.

ਪੁਰਖ ਜਵਨ ਪਗ ਪਰੇ ਤਿਹਾਰੇ ॥
Purakh javan pagg parae T.ihaarae
ਜਿਹੜੇ ਲੋਕ ਤੁਹਾਡੇ ਪੈਰੀਂ ਪੈ ਜਾਂਦੇ ਹਨ,
Those who surrender at Your feet,

ਤਿਨ ਕੇ ਤੁਮ ਸੰਕਟ ਸਭ ਟਾਰੇ ॥੨੧॥
T.in kae Tumm sankat sabh taarae
ਤੁਸੀਂ ਉਹਨਾ ਦੀਆਂ ਸਾਰੀਆਂ ਮੁਸ਼ਕਲਾਂ ਹਟਾ ਦਿੰਦੇ ਹੋ।
You remove all their afflictions - sufferings.

ਜੋ ਕਲਿ ਕੋ ਇਕ ਬਾਰ ਧਿਐ ਹੈ ॥
Jo Kall-e ko ikk baar dhiaae haae
ਜੋ ਕਲਿ (ਕਲਾ ਧਾਰੀ): ਅਕਾਲ ਪੁਰਖ ਨੂੰ, ਇਕ ਵਾਰ ਧਿਆਉਂਦੇ ਹਨ,
Those who ponder on God even once,

ਤਾ ਕੇ ਕਾਲ ਨਿਕਟਿ ਨਹਿ ਐਹੈ ॥
T.aa ko kaal nikite nahe aaehaae
ਮੌਤ ਉਹਨਾ ਦੇ ਨੇੜੇ ਨਹੀ ਆਉਂਦੀ।
Death does not go near them. (They stop fearing death).

ਰੱਛਾ ਹੋਇ ਤਾਹਿ ਸਭ ਕਾਲਾ ॥
Rachhaa ho-e t.aahe sabh kalaa
ਉਹਦੀ ਸਦਾ ਹੀ ਰਖਸ਼ਾ ਹੁੰਦੀ ਹੈ।

They always get Your protection.

ਦੁਸਟ ਅਰਿਸਟ ਟਰੇਂ ਤਤਕਾਲਾ ॥੨੨॥
D.ust arist taraen' t.at.kaalaa
ਉਹਨਾ ਦੇ ਦੁਸ਼ਮਣ ਅਤੇ ਅਰਿਸਟ: ਦੁੱਖ, ਝੱਟਪੱਟ ਮਿਟ ਜਾਂਦੇ ਹਨ।
Their enemies and sufferings go away atonce.

ਕ੍ਰਿਪਾ ਦ੍ਰਿਸਟਿ ਤਨ ਜਾਹਿ ਨਿਹਰਿਹੋ ॥
Kr;ipaa d.r;iste t.an jahe nehar-e-ho
ਜਿਨ੍ਹਾਂ ਨੂੰ ਮਿਹਰ ਦੀ ਨਜ਼ਰ ਤਨ: ਦੇ ਨਾਲ, ਦੇਖਦੇ ਹੋ,
Those to whom You see (consider) with mercy,

ਤਾ ਕੇ ਤਾਪ ਤਨਕ ਮੋ ਹਰਿਹੋ ॥
T.aa kae t.aap t.anak mo har-e-ho
ਉਹਨਾ ਦੇ ਸਾਰੇ ਦੁਖ ਪਲ ਭਰ ਵਿਚ ਕੱਟ ਦਿੰਦੇ ਹੋ।
In a moment You remove all their sufferings.

ਰਿੱਧਿ ਸਿੱਧਿ ਘਰ ਮੋ ਸਭ ਹੋਈ ॥
Ridh: sidh: ghar mo sabh hoee
ਉਹਨਾ ਦੇ ਘਰ (ਸਰੀਰ: ਮਨ) ਵਿਚ ਕਰਾਮਾਤਾਂ (ਬਖਸ਼ਿਸ਼ਾਂ) ਵਰਤ ਜਾਂਦੀਆਂ ਹਨ।
Miracles descend at their homes: in their minds (Get the Blessings of God).

ਦੁਸ਼ਟ ਛਾਹ ਛ੍ਵੈ ਸਕੈ ਨ ਕੋਈ ॥੨੩॥
D.usht chhah chhav;aae sakaae na koei
ਅਤੇ ਕੋਈ ਦੁਸ਼ਟ ਉਹਨਾ ਦੇ ਛਾਹ: ਪਰਛਾਵੇਂ, ਨੂੰ ਛ੍ਵੈ: ਛੂਹ, ਨਹੀ ਸਕਦਾ।
And the evil persons cannot go near their shadows even.

ਏਕ ਬਾਰ ਜਿਨ ਤੁਮੈ ਸੰਭਾਰਾ ॥
Aek baar jinn T.umaae san:bhaaraa
ਜਿਸ ਨੇ ਇਕ ਵਾਰ ਵੀ ਤੁਹਾਨੂੰ ਸੰਭਾਲਿਆ (ਨਾਮ ਜਪਿਆ)।
Whosoever recites Your Name even once,

ਕਾਲ ਫਾਸ ਤੇ ਤਾਹਿ ਉਬਾਰਾ ॥
Kaal phaas t.ae t.aahe oubaaraa
ਤੁਸੀਂ ਉਹਨੂੰ ਮੌਤ ਦੀ ਫਾਹੀ ਤੋਂ ਬਚਾ ਲਿਆ।
You save him from the noose of death.

ਜਿਨ ਨਰ ਨਾਮ ਤਿਹਾਰੋ ਕਹਾ ॥
Jinn nar Naam T.ihaaro kahaa
ਜਿਸ ਮਨੁਖ ਨੇ ਤੁਹਾਡਾ ਨਾਮ ਜਪਿਆ,
Anyone who recited Your Name,

ਦਾਰਿਦ ਦੁਸਟ ਦੋਖ ਤੇ ਰਹਾ ॥੨੪॥
D.aarid. d.ust d.okh t.ae rhaa
ਉਹ ਦਲਿੱਦਰ (ਭੁੱਖ-ਨੰਗ), ਦੁਸ਼ਟਾਂ ਅਤੇ ਦੁਖ ਦੇਣ ਵਾਲਿਆਂ ਤੋਂ ਬਚ ਗਿਆ।
He got saved from the poverty and wants, evil ones, and from those who bothered him.

ਖੜਗ ਕੇਤ ਮੈ ਸਰਣਿ ਤਿਹਾਰੀ ॥
Khar:ag kaet maae sarn.e T.ihaaree
ਤਲਵਾਰ ਦੇ ਨਿਸ਼ਾਨ ਵਾਲੇ ਝੰਡਾ-ਧਾਰੀ (ਰਖਵਾਲੇ: ਵਾਹਿਗੁਰੂ) ਜੀ, ਮੈਂ ਤੁਹਾਡੀ ਸ਼ਰਨ ਆ ਪਿਆ ਹਾਂ।
Bearer of flag with the symbol of Sword (Protector: God), I have sought Your shelter.

ਆਪ ਹਾਥ ਦੈ ਲੇਹੁ ਉਬਾਰੀ ॥
Aap haath d,aae laehu oubaaree
ਤੁਸੀ ਹੱਥ ਦੇ ਕੇ (ਸਹਾਈ ਹੋ ਕੇ) ਮੈਨੂੰ ਬਚਾ ਲਵੋ।
Please, help and save me.

ਸਰਬ ਠੌਰ ਮੋ ਹੋਹੁ ਸਹਾਈ ॥
Sarab th:aour mo hohu shaaee
ਤੁਸੀਂ ਮੇਰੀ ਹਰ ਥਾਂ ਸਹਾਇਤਾ ਕਰੋ।
Kindly help me everywhere.

ਦੁਸਟ ਦੋਖ ਤੇ ਲੇਹੁ ਬਚਾਈ ॥੨੫॥
D.ust d.okh t.ae laehu bachaaee
ਦੁਸ਼ਟਾਂ, ਅਤੇ ਦੁਖ ਦੇਣ ਵਾਲਿਆਂ ਤੋਂ ਬਚਾ ਲਵੋ।
Save me from the evil persons, and from those who bother me.

ਚੌਪਈ

ਹਰ ਬੰਦ ਦੀਆਂ ਚਾਰ ਲਾਈਨਾ ਹਨ

CHAUPAI

Four lines in each quatrain

ਵਾਹਿਗੁਰੂ ਜੀ ਕੀ ਫਤਹਿ॥

Vaahaeguroo ji kee Fat-he

ਸਫ਼ਲਤਾ ਵਾਹਿਗੁਰੂ ਜੀ ਕੀ !

Glory to God!

ਸ੍ਰੀ ਮੁਖਵਾਕ ਪਾਤਿਸ਼ਾਹੀ ੧੦ ॥

Sree Mukhvaak Paateshahee D.assveen'

ਉਚਾਰੀ ਦਸਵੇਂ ਪਾਤਿਸ਼ਾਹ ਜੀ ਨੇਂ

Composed by the Tenth Master

ਤ੍ਵ ਪ੍ਰਸਾਦਿ॥

Tav Parsaad.

ਤੁਹਾਡੀ ਕਿਰਪਾ !

Your Blessings!

ਚੌਪਈ

CHAUPAI

ਪ੍ਰਵਣੋ ਆਦਿ ਏਕੰਕਾਰਾ॥

Pran.vo aade Aekan:kaaraa

ਮੱਥਾ ਟੇਕਦਾ ਹਾਂ ਸਭ ਥਾਂ, ਹਰ ਚੀਜ਼ ਵਿਚ ਮੌਜੂਦ ਵਾਹਿਗੁਰੂ ਨੂੰ ਕਿ ਜੋ ਸਭ ਕੁਝ ਦੇ ਪਹਿਲਾਂ ਤੋਂ ਹੈ।

I bow to the One Who has been since the beginning of everything, is everywhere and in everything.

ਜਲ ਥਲ ਮਹੀਅਲ ਕੀਓ ਪਸਾਰਾ॥

Jall thall mahia-le keeo psaaraa

ਪਾਣੀ, ਧਰਤੀ, ਮਹੀਅਲ – ਪੁਲਾੜ: ਅਕਾਸ਼–ਪਤਾਲ, ਵਿਚ ਇਹ ਫੈਲਿਆ ਹੋਇਆ ਹੈ।

He is on the land, nether world (Bottom of the earth), and in the sky (Space) – He is everywhere.

ਆਦਿ ਪੁਰਖੁ ਅਬਗਤਿ ਅਬਿਨਾਸੀ॥

Aade Purkhu Abgat.t.e Abenaasee

ਇਹ ਆਦਿ ਪੁਰਖੁ – ਮੁਢ: ਸ਼ੁਰੂ ਤੋਂ ਹਸਤੀ, ਅਬਗਤਿ ਹੈ: ਦਿਸਦਾ ਨਹੀ, ਅਤੇ ਨਾਸ ਰਹਿਤ ਹੈ (ਸਦਾ

ਸਲਾਮਤ)।

This Primordial Being is invisible and immortal. (Primordial - Since the beginning)

ਲੋਕ ਚਤਰ ਦਸਿ ਜੋਤਿ ਪ੍ਰਕਾਸੀ।੧॥

Lok chat.ar-d.asse Jot.-e par;kaasee (1).

ਚੌਦਾਂ ਮੰਡਲਾਂ ਵਿਚ ਵਾਹਿਗੁਰੂ ਦਾ ਪਰਕਾਸ਼ ਫੈਲਿਆ ਹੋਇਆ ਹੈ।

ਲੋਕ – ਮੰਡਲ; ਭਵਨ, ਕਿ ਜੋ ਹੋਰ ਧਰਮਾ ਵਿਚ ਸੱਤ ਧਰਤੀ ਦੇ ਉੱਤੇ ਅਤੇ ਸੱਤ ਧਰਤੀ ਦੇ ਹੇਠ, ਕੁਲ ਚੌਦਾਂ ਮੰਨੇ ਜਾਂਦੇ ਹਨ। ਚਤੁਰਦਸ – ਚੌਦਾਂ।

His Light shines throughout the universe – He manifests everywhere and in everything.

ਹਸਤਿ ਕੀਟ ਕੇ ਬੀਚ ਸਮਾਨਾ॥

Hast. keet kae beech smaanaa

ਉਹ ਹਾਥੀ ਅਤੇ ਕੀੜੇ ਦੇ ਵਿਚ ਇਕ ਬਰਾਬਰ ਮੌਜੂਦ ਹੈ।

He is equally present in an elephant and a worm – in everything. He is in everything without differentiating (Discriminating) big or small.

ਰਾਵ ਰੰਕ ਜਿਹ ਇਕਸਰ ਜਾਨਾ॥

Rav ra-n:k jeh iksar jaanaa

ਉਹਦੇ ਲਈ ਅਮੀਰ ਤੇ ਗ਼ਰੀਬ ਇਕ ਬਰਾਬਰ ਹਨ।

For Him, rich and poor are the same.

ਅਦ੍ਵੈ ਅਲਖ ਪੁਰਖ ਅਬਿਗਾਮੀ॥

Adv;aae Alakh Purkh Abegaamee

ਉਹਦੇ ਵਰਗਾ ਕੋਈ ਹੋਰ ਦੂਸਰਾ ਨਹੀ, ਉਹ ਦਿਸਦਾ ਨਹੀ, ਅਤੇ ਨਾਸ-ਰਹਿਤ (ਸਦਾ ਸਲਾਮਤ) ਹੈ।

ਅਦ੍ਵੈ – ਉਹਦੇ ਵਰਗਾ ਕੋਈ ਹੋਰ ਦੂਸਰਾ ਨਹੀ।; ਅਲਖ – ਉਹ ਦਿਸਦਾ ਨਹੀ।, ਅਬਿਨਾਸੀ – ਉਹ ਨਾਸ ਨਹੀ ਹੁੰਦਾ, ਸਦਾ-ਸਲਾਮਤ ਹੈ।

There is none other like Him, He is Invisible, and is Immortal.

ਸਭ ਘਟ ਘਟ ਕੇ ਅੰਤਰਜਾਮੀ॥੨॥

Sabh ghatt ghatt kae Ant.ar-jaamee (2).

ਹਰ ਇਕ ਦੇ ਦਿਲ ਦੀ ਗੱਲ ਉਹ (ਪਰਮਾਤਮਾ) ਸਮਝਦਾ ਹੈ।

ਘਟ – ਭਾਂਡਾ, ਭਾਵ ਬੰਦਾ, ਮਨ।; ਅੰਤਰਜਾਮੀ – ਅੰਦਰ ਪਹੁੰਚ ਜਾਣ ਵਾਲਾ, ਸਭਨਾ ਦੇ ਮਨਾ ਦੀ ਜਾਣਨ ਵਾਲਾ।

He understands the minds of everyone.

ਅਲਖ ਰੂਪ ਅੱਛੈ ਅਨਭੇਖਾ॥
Alakh Roop achhaae anbhaekhaa
ਉਦਾ ਰੂਪ ਦਿਸਦਾ ਨਹੀ – ਪੂਰੀ ਤਰਹਾਂ ਦਸਿਆ ਨਹੀ ਜਾ ਸਕਦਾ, ਉਹ ਨਾਸ ਨਹੀ ਕੀਤਾ ਜਾ ਸਕਦਾ – ਸਦਾ ਸਲਾਮਤ ਹੈ, ਉਹਦਾ ਕੋਈ ਲਿਬਾਸ (ਪੁਸ਼ਾਕ: ਸਰੂਪ) ਨਹੀ।
ਅਲਖ – ਦਿਸਦਾ ਨਹੀ।; ਅਛੈ – ਮਾਰਿਆ ਨਹੀ ਜਾ ਸਕਦਾ।, ਅਨਭੇਖਾ – ਭੇਖ: ਪਹਿਰਾਵੇ ਤੋਂ ਰਹਿਤ (ਕੋਈ ਲਿਬਾਸ, ਸਰੀਰ, ਸ਼ਕਲ ਨਹੀ)।
He is Invisible, Immortal, and Formless.

ਰਾਗ ਰੰਗ ਜਿਹ ਰੂਪ ਨ ਰੇਖਾ॥
Raag rangg jeh roop naa raekhaa
ਉਹਨੂੰ ਕਿਸੇ ਦਾ ਮੋਹ ਨਹੀ, ਸਰੂਪ (ਚਿਹਰਾ–ਮਿਹਰਾ) ਨਹੀ, ਉਹਦਾ ਕੋਈ ਹੁਲੀਆ (ਚਿਹਰਾ) ਨਹੀ।
ਰਾਗ – ਮੋਹ, ਪਿਆਰ।; ਰੰਗ – ਰੰਗ ਚੜ੍ਹਿਆ ਹੋਇਆ, ਪਿਆਰ।; ਰੇਖਾ – ਲਕੀਰਾਂ: ਚਿਨ੍ਹ–ਚਿਹਨ, ਸਰੂਪ।
He is without attachment to anything, and is without a body or form.

ਬਰਨ ਚਿਹਨ ਸਭਹੂੰ ਤੇ ਨਿਆਰਾ॥
Baran chehn sabh-hoon: t.ae niaaraa
ਉਹਦਾ ਵਰਣ, ਚਿਹਨ – ਮੂੰਹ–ਨਕਸ਼, ਸਭਨਾ ਤੋਂ ਅਲੱਗ ਹੈ।
ਬਰਨ – ਵਰਣ: ਚਾਰ ਜਾਤੀਆਂ – ਖਤਰੀ, ਬਰਹਮਣ, ਸੂਦ, ਵੈਸ਼।; ਨਿਆਰਾ – ਅਲੱਗ।
He is detached from caste or creed.

ਆਦਿ ਪੁਰੁਖ ਅਦ੍ਵੈ ਅਬਿਕਾਰਾ॥
Add Purukh ad.vaae abikaaraa (3).
ਉਹ ਹਸਤੀ ਮੁਢ–ਕਦੀਮਾਂ: ਸ਼ੁਰੂ ਤੋਂ ਹੈ। ਉਹਦੇ ਵਰਗਾ ਕੋਈ ਹੋਰ ਦੂਸਰਾ ਨਹੀ, ਉਹ ਸਦਾ ਇਕ–ਸਾਰ (ਇੱਕੋ ਜਿਹਾ) ਰਹਿੰਦਾ ਹੈ।
ਆਦਿ – ਸ਼ੁਰੂ ਤੋਂ; ਅਦ੍ਵੈ – ਉਹਦੇ ਵਰਗਾ ਦੂਸਰਾ ਨਹੀ; ਅਬਿਕਾਰਾ – ਉਹਦੇ ਵਿਚ ਕੋਈ ਤਬਦੀਲੀ ਨਹੀ ਆਉਂਦੀ, ਵਿਕਾਰ: ਬੁਰਾਈ ਜਾਂ ਘਾਟ ਤੋਂ ਰਹਿਤ ਹੈ।
Primordial Being (God) has been there since beginning, there is none other like Him, He is constant – unchanged: free from any shortcoming. (Primordial – from the beginning).

ਬਰਨ ਚਿਹਨ ਜਿਹ ਜਾਤਿ ਨ ਪਾਤਾ॥
Barn chehn jeh jaat.e naa pat.aa
ਉਹਦਾ ਵਰਣ (ਜ਼ਾਤ), ਸਰੂਪ, ਜ਼ਾਤ–ਗੋਤ ਕੋਈ ਨਹੀ, ਨਾ ਹੀ ਉਹਦਾ ਪਿਤਾ ਹੈ।
ਚਿਹਨ – ਚਿਨ੍ਹ, ਨਿਸ਼ਾਨ, ਸਰੂਪ।; ਪਾਤਾ – ਬਾਪ, ਪਿਤਾ।
He has no caste, form, creed or a father.

ਸੱਤ੍ਰ ਮਿੱਤ੍ਰ ਜਿਹ ਤਾਤ ਨ ਮਾਤਾ॥
Sat.t.r; mit.t.r; jeh t.aat naa maat.aa
ਓਹੁਦੇ ਦੁਸ਼ਮਣ, ਦੋਸਤ, ਮਾਂ ਜਾਂ ਬਾਪ ਕੋਈ ਨਹੀ।
He has no enemies or friends, and no mother or father.

ਸਭ ਤੇ ਦੂਰਿ ਸਭਨ ਤੇ ਨੇਰਾ॥
Sabh t.ae d.oor sabhan t.ae naeraa
ਉਹ ਸਭ ਤੋਂ ਦੂਰ (ਪਹੁੰਚ ਤੋਂ ਬਾਹਰ), ਭਰ ਸਭ ਦੇ ਨੇੜੇ (ਨਾਲ) ਹੈ।
He is far away, but still close to everything.

ਜਲਿ ਥਲਿ ਮਹੀਅਲਿ ਜਾਹਿ ਬਸੇਰਾ॥੪॥
Jalle thalle mahia-le jahe basaeraa. (4).
ਪਾਣੀ, ਧਰਤੀ, ਅਕਾਸ਼-ਧਰਤੀ ਵਿਚਕਾਰ, ਉਹਦਾ ਟਿਕਾਣਾ ਹੈ (ਹਰ ਥਾਂ ਹੈ)।
He is there in the water, earth, and space (Space - between earth and sky, everywhere).

ਅਨਹਦ ਰੂਪੁ ਅਨਾਹਦ ਬਾਨੀ॥
Anhad. roopu anaahad. baanee
ਬੇਅੰਤ ਹੈ ਉਹਦੀ ਹੋਂਦ - ਹਰ ਥਾਂ ਇਕੱਸਾਰ ਹੈ, ਉਹਦੀ ਬਾਨੀ (ਬਾਣੀ: ਹੁਕਮ) ਵੀ ਸਾਰੇ ਹੀ ਇਕਸਾਰ - ਇੱਕੋ ਜੇਹਾ: ਬਰਾਬਰ, ਹੈ।
Your Form is limitless and constant (Same) everywhere, and Your Will equally prevails at all places.

ਚਰਨ ਸਰਨਿ ਜਿਹ ਬਸਤ ਭਵਾਨੀ॥
Charan sarane jeh bast. Bhavaanee
ਉਹਦੇ ਚਰਨਾ ਦੀ ਸ਼ਰਨ: ਓਟ, ਵਿਚ ਭਵਾਨੀ (ਦੁਰਗਾ ਦੇਵੀ) ਰਹਿੰਦੀ ਹੈ - ਭਾਵ, ਹੁਕਮ ਸਾਰੇ ਪਰਮਾਤਮਾ ਦਾ ਹੀ ਚੱਲਦਾ ਹੈ।
Bhavaanee (Goddess Durgaa) stays in the refuge of Waheguru (God) – Will of God prevails all over the world.

ਬ੍ਰਹਮਾ ਬਿਸਨੁ ਅੰਤ ਨਹੀਂ ਪਾਇਓ॥
Br;ahmaa Bisn ant.t. nahee paa-eo
ਬ੍ਰਹੁਮਾ, ਤੇ ਵਿਸਨੂੰ, ਤੇਰਾ ਅੰਤ ਨਹੀ ਪਾ ਸਕੇ।
ਬ੍ਰਹਮਾ - ਰਚਨਾ ਕਰਨ ਦਾ ਦੇਵਤਾ; ਬਿਸਨ - ਵਿਸ਼ਨੂੰ: ਪਾਲਣ ਦਾ ਦੇਵਤਾ।
The gods of creation and support to it, could not find His limits. (Brahma – god of creation. Bisan: Vishnu – god of provisions).

ਨੇਤਿ ਨੇਤਿ ਮੁਖ ਚਾਰ ਬਤਾਇਓ॥੫॥

Naet.e naet.e mukh chaar bat.aa-eo (5).

"ਇਹ ਨਹੀ, ਇਹ ਨਹੀ" ਚਾਰ ਮੂੰਹਾਂ ਵਾਲੇ (ਬਰਹਮਾ) ਨੇਂ ਕਹਿ ਦਿੱਤਾ – ਬਰਹਮਾ ਅੰਤ ਨਹੀ ਪਾ ਸਕਿਆ ਤੇ ਇਹਨੇ ਕਹਿ ਦਿੱਤਾ ਕਿ ਪਰਮਾਤਮਾ ਵਰਗਾ ਕੋਈ ਦੂਸਰਾ ਨਹੀ ਹੈ।

ਨੇਤਿ ਨੇਤਿ – ਨਾ ਇਤਿ, ਨਾ ਇਤਿ: ਇਹੋ ਜਿਹਾ ਨਹੀ, ਇਹੋ ਜਿਹਾ ਨਹੀ। ਮੁਖ ਚਾਰ –ਚਾਰ ਮੰਹ ਵਾਲਾ, ਭਾਵ ਬਰਹਮਾ ਨੇ ਚਾਰ ਵੇਦ ਉਚਾਰੇ – ਇਹ ਚਾਰੇ ਵੇਦ ਮੂੰਹ-ਜ਼ਬਾਨੀ ਉਚਾਰ ਵੀ ਸਕਦਾ ਹੋਵੇਗਾ।

Even the four-faced - Brahma - god of creation, declared that there is none other like Him. (Four faced – Brahma created four Vedas. As well, he might have been able to recite these from his memory).

ਕੋਟਿ ਇੰਦ੍ਰ ਉਪਇੰਦ੍ਰ ਬਨਾਏ॥

Kote Indr; Oup-Indr; banaa-ae

ਵਾਹਿਗੁਰੂ ਨੇ ਕਰੋੜਾਂ ਹੀ ਇੰਦਰ ਅਤੇ ਉਪਇੰਦ੍ਰ (ਵਾਮਨ-ਅਵਤਾਰ,) ਬਣਾਏ।

ਉਪਇੰਦ੍ਰ – ਵਿਸ਼ਨੂੰ ਦਾ ਪੰਜਵਾਂ ਅਵਤਾਰ ਵਾਮਨ, ਇੰਦਰ ਦਾ ਛੋਟਾ ਭਰਾ। ਇਹ ਅਦਿਤਿ ਦੇ ਉਦਰ ਤੋਂ (ਪੇਟ ਚੋਂ) ਕਸ਼ਯਪ ਦਾ ਪੁੱਤਰ ਸੀ।

The Lord created millions of god Indar and OupIndar (Younger brother of Indar).

ਬ੍ਰਹਮਾ ਰੁਦ੍ਰ ਉਪਾਇ ਖਪਾਇ॥

Br;ahmaa Rudr; oupaa-ae khapaa-ae

(ਪਰਮਾਤਮਾ ਨੇ) ਬਰਹਮਾ ਤੇ ਰੁੱਦ੍ਰ (ਸ਼ਿਵ) ਪੈਦਾ ਕੀਤੇ ਅਤੇ ਖਤਮ ਕਰ ਦਿੱਤੇ।

He created and then destroyed Brahma and Rudar (Shiva).

ਲੋਕ ਚਤ੍ਰ ਦਸ ਖੇਲ ਰਚਾਇਓ॥

Lok chat.urdass khaelu rachaa-eo

ਲੋਕਾਂ (ਮੰਡਲਾਂ) ਚੌਦਾਂ ਵਿਚ ਵਾਹਿਗੁਰੂ ਨੇ ਰਚਨਾ ਕੀਤੀ।

ਬਾਕੀ ਧਰਮ, ਸੱਤ ਮੰਡਲ ਧਰਤੀ ਤੋਂ ਉੱਪਰ, ਅਤੇ ਸੱਤ ਇਸ ਤੋਂ ਹੇਠਾਂ, ਕੁਲ ਚੌਦਾਂ ਮੰਡਲ ਮੰਨਦੇ ਹਨ।

He set up seven levels: Mandals (Mandla), above the earth, and seven below it (Set up His Play – Creation).

ਬਹੁਰਿ ਆਪ ਹੀ ਬੀਚ ਮਿਲਾਇਓ॥੬॥

Bahure aap hee beech milaa-aeo (6).

ਫ਼ੇਰ, ਪਰਮਾਤਮਾ ਨੇ ਇਸ ਆਪਣੀ ਰਚੀ ਖੇਡ ਨੂੰ ਆਪਣੇ ਵਿਚ ਮਿਲਾ ਲਿਆ (ਖਤਮ ਕਰ ਦਿੱਤਾ).

After creating whole of His Play, the Lord took everything back into His Own Self (Annihilated: destroyed, everything).

ਦਾਨਵ ਦੇਵ ਫਨਿੰਦ ਅਪਾਰਾ॥

D.anav d.aev phanin:d.e apaaraa

(ਪਰਮਾਤਮਾ ਨੇ ਰਚੇ) ਰਾਖਸ਼ਸ਼ ਤੇ ਦੇਵਤੇ, ਫਨੀਅਰ ਸੱਪਾਂ ਦੇ ਰਾਜੇ (ਸ਼ੇਸ਼ਨਾਗ), ਅਨਗਿਣਤ।

(ਫਨਿੰਦ: ਫਨ + ਇੰਦਰ = ਸੱਪਾਂ ਦਾ ਰਾਜਾ – ਸ਼ੇਸ਼ਨਾਗ)।

God created numberless demons, gods, and the king snake: Shesh-Naag.

ਗੰਧ੍ਰਬ ਜੱਛ ਰਚੇ ਸੁਭਚਾਰਾ॥
Gan:d:hr;ab jachh rachae subhchaaraa
ਉਹਨੇ, ਗੰਧ੍ਰਬ, ਅਤੇ ਜਛ ਰਚੇ ਕਿ ਜੋ ਉੱਚੇ ਆਚਰਨ ਦੇ (ਪਵਿੱਤਰ) ਹੁੰਦੇ ਹਨ।
ਗੰਧ੍ਰਬ – ਦੇਵਤਿਆਂ ਦੇ ਰਾਗੀ; ਜਛ – ਹੌਲੀ ਕਿਸਮ ਦੇ ਦੇਵਤੇ ਕਿ ਜੋ ਧਨ ਦੇ ਦੇਵਤੇ ਕੁਬੇਰ ਦੇ ਸੇਵਕ ਹਨ; ਸੁਭਚਾਰਾ – ਚੰਗੇ ਆਚਾਰ ਦੇ, ਪਵਿੱਤਰ।
He created the musicians of gods and their servants.

ਭੂਤ ਭਵਿੱਖ ਭਵਾਨ ਕਹਾਨੀ॥
Bhoot. bhavikh bhavaan kahanee
ਬੀਤ ਗਏ ਸਮੇ, ਆਉਣ ਵਾਲੇ ਸਮੇ, ਤੇ ਲੰਘ ਰਹੇ ਸਮੇ ਦੀ ਕਹਾਣੀ – ਕਥਾ: ਜੋ ਹੋਇਆ ਬੀਤਿਆ (ਪਰਮਾਤਮਾ, ਉਹ ਸਭ ਜਾਣਦਾ ਹੈ)।
What ever happened in the past, is going to happen in the future, and is happening now (He knows everything).

ਘਟ ਘਟ ਕੇ ਪਟ ਪਟ ਕੀ ਜਾਨੀ॥੭॥
Ghatt ghatt kae patt patt kee janee (7).
ਓਹ, ਹਰ ਇਕ ਦੇ ਮਨ ਦੀ, ਅਤੇ ਜੋ ਪਟ (ਪੜਦੇ) ਅੰਦਰ ਹੈ: ਨਹੀ ਦਿਸਦਾ, ਉਹ ਵੀ ਜਾਣਦਾ ਹੈ।
He knows whatever is there in every heart (Mind), and all that is not visible (Hidden).

ਤਾਤ ਮਾਤ ਜਿਹ ਜਾਤਿ ਨ ਪਾਤਾ॥
T.aat maat. jeh jaat.e naa paat.aa
ਜਿਸ (ਪਰਮਾਤਮਾ) ਦਾ ਪਿਤਾ, ਮਾਤਾ, ਜ਼ਾਤ ਤੇ ਨਾ ਕੁੱਲ ਹੈ।
God has no father, mother, caste or clan.

ਏਕ ਰੰਗ ਕਾਹੂੰ ਨਹੀਂ ਰਾਤਾ॥
Aek rang kaahoo nahee raat.aa
ਉਹ ਕਿਸੇ ਨਾਲ ਵੀ ਰੰਗ (ਪਿਆਰ) ਵਿਚ ਰੱਤਾ (ਰੰਗਿਆ) ਹੋਇਆ ਨਹੀ।
He is free from love with anyone – He is above love and attachment.

ਸਰਬ ਜੋਤਿ ਕੇ ਬੀਚ ਸਮਾਨਾ॥
sarab jot.e kae beech smaanaa
ਉਹ ਸਭ ਜੋਤਾਂ (ਜੀਵਾਂ) ਵਿਚ ਸਮਾਇਆ ਹੋਇਆ ਹੈ (ਬਰਾਬਰ ਹੈ)।
He is equally present in every living being.

ਸਭਹੂੰ ਸਰਬ ਠੌਰਿ ਪਹਿਚਾਨਾ॥੮॥
Sabh-hoon: sarab t:haur pahechaanaa
ਸਾਰਿਆਂ ਨੇ ਉਹਨੂੰ ਹਰ ਬੰਨੇ ਪਛਾਣ ਲਿਆ ਹੈ – ਉਹ ਹਰ ਥਾਂ ਅਤੇ ਸਭਨਾ ਵਿਚ ਹੈ।
Everyone has recognized Him in every direction – He is present everywhere and in everyone.

ਕਾਲ ਰਹਿਤ ਅਨਕਾਲ ਸਰੂਪਾ॥
Kaal rahit. an-kaal saroopaa
ਪਰਮਾਤਮਾ ਸਮੇ (ਮੌਤ) ਦਾ ਬੱਝਾ ਹੋਇਆ ਨਹੀ, ਉਹਦੀ ਹਸਤੀ ਸਮੇ (ਮੌਤ) ਤੋਂ ਉੱਪਰ ਹੈ।
God is not bound by the time - He is above time or death.

ਅਲਖ ਪੁਰੁਖ ਅਵਿਗਤਿ ਅਵਧੂਤਾ॥
Alakh Purkhu abigat.t. avdhoot.aa
ਉਹ, ਨਾ ਦਿਸਣ ਵਾਲੀ ਹਸਤੀ, ਨਾਸ਼ ਰਹਿਤ ਅਤੇ ਮੋਹ ਰਹਿਤ ਹੈ।
ਅਲਖ – ਨਾ ਦਿਸਣ ਵਾਲਾ; ਪੁਰਖੁ – ਹਸਤੀ, ਵਜੂਦ; ਅਬਿਗਤ – ਅਮਰ: ਨਾਸ਼ ਰਹਿਤ; ਅਵਧੂਤ – ਤਿਆਗੀ: ਮੋਹ ਰਿਹਤ, ਨਿਰਲੇਪ।
He is Invisible Being, Immortal, and Unattached.

ਜਾਤਿ ਪਾਤਿ ਜਿਹ ਚਿਹਨ ਨ ਬਰਨਾ॥
Jaat.e paat.e jeh chehn naa barnaa
ਉਹਦੀ ਜ਼ਾਤ, ਕੁੱਲ, ਕੋਈ ਨਹੀ, ਨਾ ਉਹਦੇ ਨਕਸ਼ (ਸੂਰਤ) ਹੈ, ਅਤੇ ਨਾ ਹੀ ਉਹਦਾ ਕੋਈ ਵਰਣ ਹੈ।
ਵਰਣ – ਜ਼ਾਤਾਂ। 1. ਬਰਾਹਮਣ: ਪਹਿਲਾ ਧਰਮ – ਪੂਜਾ ਕਰਨ ਕਰਾਉਣ, ਪੜ੍ਹਨ ਪੜਾਉਣ ਵਾਲੇ। 2. ਖੱਤਰੀ: ਦੂਸਰਾ ਧਰਮ – ਯੋਧੇ, ਰੱਖਿਆ ਕਰਨ ਵਾਲੇ। 3. ਵੈਸ਼: ਤੀਸਰਾ ਧਰਮ – ਖੇਤੀ, ਵਿਉਪਾਰ ਕਰਨ ਵਾਲੇ 4. ਸੂਦ: ਚੌਥਾ ਧਰਮ – ਸੇਵਕ, ਸ਼ੂਦਰ। ਇਹ ਮਨੂੰ ਜੀ ਦੀ ਜ਼ਾਤਾਂ ਦੀ ਵੰਡ ਹੈ।
He is above Varan: caste, or clan (Family), has no Form, and is free from any classification. (Varan: classification depending on castes, devised by Manu - 1. Brahmin – First Category: Worship, education. 2. Khatri – Second Category: Warriors, defense. 3. Sood – Third Category – Agriculture, trade. 4. Vaish - Fourth Category: Service, janitors i.e. sweepers.

ਅਬਿਗਤ ਦੇਵ ਅਛੈ ਅਨ ਭਰਮਾ॥੯॥
Abegat.t. D.ev achhaae ann bharmaa
ਅਬਿਗਤ ਹੈ (ਸਰੀਰ ਰਹਿਤ, ਦਿਸਦਾ ਨਹੀ) ਦੇਵ: ਪਰਮਾਤਮਾ, ਉਹ ਅਮਰ ਹੈ: ਸਦਾਸਲਾਮਤ, ਅਤੇ ਭਰਮ ਤੋਂ ਰਹਿਤ ਹੈ – ਉਹਨੂੰ ਕੋਈ ਭਟਕਣਾ ਨਹੀ।
God has no body: is Invisible, He is Immortal, and is free from doubts.

ਸਭ ਕੋ ਕਾਲ ਸਭਨ ਕੋ ਕਰਤਾ॥
Sabh ko kaalu sabhan ko kart.aa
ਪਰਮਾਤਮਾ ਸਭ ਨੂੰ ਮਾਰਨ ਅਤੇ ਸਾਰਿਆਂ ਨੂੰ ਪੈਦਾ ਕਰਨ ਵਾਲਾ ਹੈ।

The Lord is the Destroyer, as well as the Creator of everyone.

ਰੋਗ ਸੋਗ ਦੋਖਨ ਕੋ ਹਰਤਾ॥
Rog sog d.okhan ko hart.aa
ਉਹ ਬੀਮਾਰੀ, ਚਿੰਤਾ ਅਤੇ ਦੋਖ (ਪਾਪ) ਮਿਟਾਉਣ ਵਾਲਾ ਹੈ।
He eliminates disease (Healer), calms down worry, and removes sins.

ਏਕ ਚਿੱਤ ਜਿਹ ਇਕ ਛਿਨ ਧਿਆਇਓ॥
Aek chit.t. jae ikk chhin dheaa-eo
ਇਕ ਮਨ ਹੋ ਕੇ ਜੇ ਉਹਨੂੰ ਇਕ ਪਲ ਭਰ ਵੀ ਯਾਦ ਕਰ ਲਵੇ,
If you remember Him single minded even for a moment,

ਕਾਲ ਫਾਸਿ ਕੇ ਬੀਚ ਨ ਆਇਓ॥੧੦॥
Kaal phaas kae beech naa aa-eo
ਤਾਂ ਮੌਤ ਦੀ ਫਾਂਸੀ ਵਿਚ ਨਹੀ ਪਈਦਾ।
Then, death does not bother you.

ਅਰਦਾਸ

ARD.AAS

ਬੇਨਤੀ

Invocation

ਵਾਹਿਗੁਰੂ ਜੀ ਕੀ ਫਤਹਿ ॥
Vaaheguroo jee kee Fat.eh
ਫ਼ਤਹਿ ਵਾਹਿਗੁਰੂ ਜੀ ਕੀ।
Glory to God.

ਸ੍ਰੀ ਭਗੌਤੀ ਜੀ ਸਹਾਇ ॥
Sree Bhagaut.ee jee Sahaa-e
ਵਾਹਿਗੁਰੂ ਜੀ ਸਹਾਈ ਹੋਣ।
May God help.

ਵਾਰ ਸ੍ਰੀ ਭਗੌਤੀ ਜੀ ਕੀ ਪਾਤਸ਼ਾਹੀ ੧੦॥
Vaar Sree Bhagaut.ee jee kee Paat.shaahee D.assveen
ਗੁਰੂ ਗੋਬਿੰਦ ਸਿੰਘ ਜੀ ਦੀ ਉਚਾਰੀ ਹੋਈ ਵਾਰ।
Vaar dedicated to God, by the Tenth Master Guru Gobind Singh.

ਪ੍ਰਿਥਮ ਭਗੌਤੀ ਸਿਮਰਿ ਕੈ ਗੁਰ ਨਾਨਕ ਲਈਂ ਧਿਆਇ ॥
Pr;itham Bhagat.ee simar kaae Guroo Nanak laeen’ D:hiaa-ae
ਪਹਿਲਾਂ ਵਾਹਿਗੁਰੂ ਜੀ ਨੂੰ ਯਾਦ ਕਰ ਕੇ ਗੁਰੂ ਨਾਨਕ ਜੀ ਦਾ ਧਿਆਨ ਧਾਰੋ।
To begin with remember God, and meditate on Guru Nanak.

ਫਿਰ ਅੰਗਦ ਗੁਰ ਤੇ ਅਮਰਦਾਸ ਰਾਮਦਾਸੈ ਹੋਈਂ ਸਹਾਇ ॥
Phir Angad. Gur t.ae Amar-Daas Ram-Daas-aae hoeen’ sahaa-ae
ਫ਼ੇਰ, ਗੁਰੂ ਅੰਗਦ, ਗੁਰੂ ਅਮਰਦਾਸ, ਗੁਰੂ ਰਾਮਦਾਸ ਜੀ ਨੂੰ ਸਹਾਇਤਾ ਲਈ ਬੇਨਤੀ ਕਰੋ।
Then pray for the favor of Gurus Angad, Guru Amar Das, and Guru Ram Das.

ਅਰਜਨ ਹਰਿਗੋਬਿੰਦ ਨੋ ਸਿਮਰੌ ਸ੍ਰੀ ਹਰਿਰਾਇ ॥
Arjan Hargobind no simro Sree Har Raae
ਗੁਰੂ ਅਰਜਨ, ਗੁਰੂ ਹਰਿਗੋਬਿੰਦ, ਅਤੇ ਗੁਰੂ ਹਰਿ ਰਾਇ ਨੂੰ ਯਾਦ ਕਰੋ।
Remember Guru Arjun, Guru Har-Gobind, and Guru Har-Rai.

ਸ੍ਰੀ ਹਰਿਕਿਸ਼ਨ ਧਿਆਈਐ ਜਿਸ ਡਿਠੇ ਸਭਿ ਦੁਖਿ ਜਾਇ ॥
Sree Har-Kishan d:hiaa-ee-aae jis dit:haae sabhe dukhe jaa-aae
ਗੁਰੂ ਹਰਿਕਿਸ਼ਨ ਜੀ ਦਾ ਧਿਆਨ ਧਾਰੋ ਕਿ ਜਿਨ੍ਹਾਂ ਦੇ ਦਰਸ਼ਨ ਕਰ ਕੇ ਸਭ ਦੁਖ ਦੂਰ ਹੋ ਜਾਂਦੇ ਹਨ।

Meditate on Guru Har-Kishan, by beholding whom all afflictions go away.

ਤੇਗ ਬਹਾਦਰ ਸਿਮਰਿਐ ਘਰ ਨਉ ਨਿਧਿ ਆਵੈ ਧਾਇ ॥
Teg-Bahaad.ur simri-aae ghar naau nid:he aavaae d:haa-e
ਗੁਰੂ ਤੇਗ਼ ਬਹਾਦਰ ਜੀ ਨੂੰ ਯਾਦ ਕਰਨ ਦੇ ਨਾਲ ਨੌਂ ਖਜ਼ਾਨੇ ਮਿਲ ਜਾਂਦੇ ਹਨ।
Meditate on Guru Tegh-Bahadur, and be blessed with the nine treasures.

ਸਭ ਥਾਈਂ ਹੋਇ ਸਹਾਇ ॥
Sabh thaa-een' ho-e sahaa-e
ਵਾਹਿਗੁਰੂ ਜੀ, ਹਰ ਥਾਂ ਤੇ ਸਹਇਤਾ ਕਰੋ ਜੀ!
May the Lord be helpful everywhere!

ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਮਹਾਰਾਜ ਪੰਥ ਦੇ ਵਾਲੀ ਸਭ ਥਾਈਂ ਹੋਇ ਸਹਾਇ ॥
D.assvaen' Paat-Shah Sree Guru Gobind. Sigh Sahib jee Mahaaraaj Panth d.ae Vaalee sabh thaa-een' ho-e sahaa-e
ਗੁਰੂ ਗੋਬਿੰਦ ਸਿੰਘ ਸਾਹਿਬ ਜੀ ਮਹਾਰਾਜ, ਪੰਥ ਦੇ ਵਾਲੀ, ਹਰ ਥਾਂ ਸਹਾਈ ਹੋਣ।
The Tenth King Guru Gobind Singh Sahib, Master of the Panth, be helpful everywhere.

ਦਸਾਂ ਪਾਤਸ਼ਾਹੀਆਂ ਜੀ ਦੀ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦੀਦਾਰ ਦਾ ਧਿਆਨ ਧਰ ਕੇ ਬੋਲੋ ਜੀ ਵਾਹਿਗੁਰੂ ॥
D.assaan' Paat.shaahee-aan' d.ee jot. Sree Guroo Granth Sahib jee d.ae paat:h d.eed.aar d.aa d:heaan d:har kae bolo jee Vaaheguroo.
ਦਸਾਂ ਪਾਤਿਸ਼ਾਹੀਆਂ ਦੀ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦੀਦਾਰ ਦਾ ਧਿਆਨ ਧਰ ਕੇ ਵਾਹਿਗੁਰੂ ਬੋਲੋ ਜੀ।
Think of the recitation and beholding Guru Granth Sahib - the Spirit of the Ten Gurus, and say Vaaheguroo.

ਪੰਜਾਂ ਪਿਆਰਿਆਂ, ਚੌਹਾਂ ਸਾਹਿਬਜ਼ਾਦਿਆਂ, ਚਾਲ੍ਹੀਆਂ ਮੁਕਤਿਆਂ, ਹਠੀਆਂ, ਜਪੀਆਂ, ਤਪੀਆਂ, ਜਿਨ੍ਹਾਂ ਨਾਮ ਜਪਿਆ, ਵੰਡ ਛਕਿਆ, ਦੇਗ ਚਲਾਈ, ਤੇਗ ਵਾਹੀ, ਦੇਖ ਕੇ ਅਣਡਿੱਠ ਕੀਤਾ, ਤਿਨ੍ਹਾਂ ਪਿਆਰਿਆਂ, ਸਚਿਆਰਿਆਂ ਦੀ ਕਮਾਈ ਦਾ ਧਿਆਨ ਧਰ ਕੇ, ਖਾਲਸਾ ਜੀ, ਬੋਲੋ ਜੀ ਵਾਹਿਗੁਰੂ ॥
Panjaan' piaareaan', chauhaan' Sahibzaad.eaan', chaalee mukt.eaan', hat:hee-aan', jappee-aan', tappee-aan', jinhaan' Naam jap-eaa, vand chhakeaa, d.aeg chalaa-ee, t.egh vaahee, d.aekh kae an.dit:h keet.aa, tinhaan piaareaan', sache-aare-aan. d.ee kamaaee d.aa d:he-aan d:har kae Khaalsaa jee bolo jee Vaaheguroo.

Five Piaarae, Four Sahibzaadae, Forty Mukkt.ae, determined ones, those who recited the Name of God, those who meditated on God, all those who remembered

God, shared food, ran free kitchen, wielded sword, overlooked what they saw, think of the noble deeds of all those beloved and truthful ones, and Khalsa ji say Vaaheguroo.

ਜਿਨ੍ਹਾਂ ਸਿੰਘਾਂ ਸਿੰਘਣੀਆਂ ਨੇ ਧਰਮ ਹੇਤ ਸੀਸ ਦਿੱਤੇ, ਬੰਦ ਬੰਦ ਕਟਾਏ, ਖੋਪਰੀਆਂ ਲੁਹਾਈਆਂ, ਚਰਖੜੀਆਂ ਤੇ ਚੜ੍ਹੇ, ਆਰਿਆਂ ਨਾਲ ਚਿਰਾਏ ਗਏ, ਗੁਰਦੁਆਰਿਆਂ ਦੀ ਸੇਵਾ ਲਈ ਕੁਰਬਾਨੀਆਂ ਕੀਤੀਆਂ, ਧਰਮ ਨਹੀ ਹਾਰਿਆ, ਸਿੱਖੀ ਕੇਸਾਂ ਸੁਆਸਾਂ ਨਾਲ ਨਿਭਾਈ, ਤਿਨ੍ਹਾਂ ਦੀ ਕਮਾਈ ਦਾ ਧਿਆਨ ਧਰ ਕੇ, ਖ਼ਾਲਸਾ ਜੀ ਬੋਲੋ ਜੀ ਵਾਹਿਗੁਰੂ ॥

Jinhaan' singhaan' singhaniaan' nae d:haram haet. sees d.it.t.ae, ban:d. ban:d. kataa-ae, khopariaan' luhaa-ee-aan', charkhar.ee-aan' t.ae charhae, aare-aan' naal chiraa-ae ga-ae, Gurd.vaare-aan' d.ee saevaa la-ee kurbaaniaan' keet.iaan', d:haram naheen' haareaa, Sikhee kaesaan' svaasaan' naal nibhaa-ee, tinhaan' d.ee kamaa-ee d.aa d:heaan d:har kae Khaalsaa jee bolo jee Vaaheguroo.

Those Sikh men and women who were martyred for their faith, were cut from limb to limb, were scalped, were put to torture-wheels, were cut with saw, sacrificed themselves for the service of Gurdvaaraas, did not abandon their faith, stood firm to Sikhi protecting their hair till they were alive, think of their noble deeds and say Vaaheguroo.

ਪੰਜਾਂ ਤਖ਼ਤਾਂ, ਸਰਬੱਤ ਗੁਰਦੁਆਰਿਆਂ ਦਾ ਧਿਆਨ ਧਰ ਕੇ ਬੋਲੋ ਜੀ ਵਾਹਿਗੁਰੂ ॥

Pan:jaan' T.akht.aan', sarbat.t. Gurdvaareaan' d.aa d:heaan d:har kae bolo jee Vaaheguroo

Think of the Five Takhts, all Gurdvaaraas, and say Vaaheguroo.

ਪ੍ਰਿਥਮੇ ਸਰਬੱਤ ਖਾਲਸਾ ਜੀ ਕੀ ਅਰਦਾਸ ਹੈ ਜੀ, ਸਰਬੱਤ ਖਾਲਸਾ ਜੀ ਕੋ ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ ਚਿਤ ਆਵੇ, ਚਿਤ ਆਵਨ ਕਾ ਸਦਕਾ ਸਰਬ ਸੁਖ ਹੋਵੇ ॥ ਜਹਾਂ ਜਹਾਂ ਖਾਲਸਾ ਜੀ ਸਾਹਿਬ, ਤਹਾਂ ਤਹਾਂ ਰੱਛਿਆ ਰਿਆਇਤ, ਦੇਗ ਤੇਗ ਫਤਹ, ਬਿਰਦ ਕੀ ਪੈਜ, ਪੰਥ ਕੀ ਜੀਤ, ਸ੍ਰੀ ਸਾਹਿਬ ਜੀ ਸਹਾਇ, ਖਾਲਸੇ ਜੀ ਕੇ ਬੋਲ ਬੋਲ ਬਾਲੇ, ਬੋਲੋ ਜੀ ਵਾਹਿਗੁਰੂ ॥

Pra;thmae sarbat.t. Khaalsaa jee kee Ard.aas haae jee, sarbat.t. Khaalsaa jee ko Vaheguroo, Vaheguroo, Vaheguroo, chit.t. aavae, chit.t. aavan kaa sad.kaa sarab sukh hovae / Jahaan' Jahaan' Khaalsaa jee Sahib, t.ahaan' t.ahaan' rachheaa riaa-it., d.aeg t.aeg Fat.eh, bird. kee paaej, Panth kee jeet., Sir;ee sahib jee sahaa-ae, Khalsae jee kae bol baalae, bolo jee Vaaheguroo.

First of all, it is the supplication of the Khalsa, the Khalsa may contemplate on the Naam: Vaaheguroo, Vaaheguroo, Vaaheguroo, and by virtue of this there be all

happiness. Wherevere the Khasls ji Sahib be, Your Protection and Mercy be all over there. The Langar, and sword, prevail, honor preserved, victory to the Panth, the Holy Sword may protect, and victory to the Khalsa. Say Vaaheguroo.

ਸਿੱਖਾਂ ਨੂੰ ਸਿੱਖੀ ਦਾਨ, ਕੇਸ ਦਾਨ, ਰਹਿਤ ਦਾਨ, ਬਿਬੇਕ ਦਾਨ, ਵਿਸਾਹ ਦਾਨ, ਭਰੋਸਾ ਦਾਨ, ਦਾਨਾਂ ਸਿਰ ਦਾਨ ਨਾਮ ਦਾਨ, ਸ੍ਰੀ ਅੰਮ੍ਰਿਤਸਰ ਜੀ ਦੇ ਇਸ਼ਨਾਨ, ਚੌਂਕੀਆਂ, ਝੰਡੇ, ਬੁੰਗੇ ਜੁਗੋ ਜੁਗ ਅਟੱਲ, ਧਰਮ ਕਾ ਜੈਕਾਰ, ਬੋਲੋ ਜੀ ਵਾਹਿਗੁਰੂ ॥

Sikhaan' noon' Sikhee d.aan, Kaes d.aan, Reht. d.aan, bibaek d.aan, visaah d.aan. bharosaa d.aan, d.aanaan' s-ir d.aan Naam d.aan, sr;ee Amr;itsar jee d.ae ishnaan, Chukiaan', Jhandae, Bun:gae jugo j-ugg atall, d:haram kaa jaaekaar. Bolo jee Vaaheguroo.

Bless the Sikhs with the Sikh-Faith, gift of the preservation of their hair, boon of following the dictates of the Gurus, wisdom, faith in God, belief in God, top of all the Gift of the Naam, and the boon of bathing at Amritsar. Immortal be the Chaukees, Jhandaas, Bungaas. Dharam be glorified. Say Vaaheguroo.

ਸਿੱਖਾਂ ਦਾ ਮਨ ਨੀਵਾਂ ਮੱਤ ਉੱਚੀ, ਮੱਤ ਦਾ ਰਾਖਾ ਅਕਾਲ ਪੁਰਖ ਵਾਹਿਗੁਰੂ ॥ ਹੇ ਅਕਾਲ ਪੁਰਖ ਦੀਨ ਦਿਆਲ, ਕਰਨ ਕਾਰਨ, ਪਤਿਤ ਪਾਵਨ, ਕ੍ਰਿਪਾ ਨਿਧਾਨ ਜੀ, ਆਪਣੇ ਪੰਥ ਦੇ ਸਦਾ ਸਹਾਈ ਦਾਤਾਰ ਜੀਓ ॥ ਸ੍ਰੀ ਨਨਕਾਣਾ ਸਾਹਿਬ ਤੇ ਹੋਰ ਗੁਰਦੁਆਰਿਆਂ, ਗੁਰਧਾਮਾਂ ਦੇ ਜਿਨ੍ਹਾਂ ਤੋਂ ਪੰਥ ਨੂੰ ਵਿਛੋੜਿਆ ਗਿਆ ਹੈ, ਖੁਲ੍ਹੇ ਦਰਸ਼ਨ ਦੀਦਾਰ ਤੇ ਸੇਵਾ ਸੰਭਾਲ ਦਾ ਦਾਨ, ਖ਼ਾਲਸਾ ਜੀ ਨੂੰ ਬਖ਼ਸ਼ੋ ॥

Sikhaan' d.aa mann neevaan', mat.t. ouchee, mat.t. d.aa raakhaa Akaal-Purkh Vaaheguroo / Hae Akaal-Purkh, D.een-D.eaal, Karan-Kaaran, Pat.it.-Pavan, Kr;ipaa-Nid:haan jee, aapan.ae Panth d.ae sad.aa sahaa-ee D.at.aar jeeo, Sree Nankaan.aa Sahib t.ae hor Gurd.vaareaan', Gurd:haamaan' d.ae jinhaan' t.on' Panth noon' vichhor.eaa geaa haee, khullhae d.arshan d.eed.aar t.ae sevaa san:bhaal d.aa d.aan Khaalsa jee noon' bakhsho.

Sikhs be endowed with humility, high wisdom, and the Immortal Being Waheguru may protect their wisdom. O Eternal Being Waheguru, Protector of the helpless, Kind, Doer, Helper of the Humble, Treasure of Benevolence, Protector of the Panth, Great Giver, Gurdvaaaraa Nankana Sahib, other Gurdwaras, and Guru's places from which the Panth has been separated, please bestow on the Khalsa the gift of visiting and serving those shrines with freeom.

ਹੇ ਨਿਮਾਣਿਆ ਦੇ ਮਾਣ ਨਿਤਾਣਿਆ ਦੇ ਤਾਣ, ਨਿਓਟਿਆਂ ਦੀ ਓਟ, ਸੱਚੇ ਪਿਤਾ, ਵਾਹਿਗੁਰੂ, ਆਪ ਦੇ ਹਜ਼ੂਰ ਨਿਤਨੇਮ ਦੀ ਅਰਦਾਸ ਹੈ ਜੀ *(ਇਥੇ ਕਹੋ ਕਿ ਸਵੇਰ ਜਾਂ ਸ਼ਾਮ ਦੇ ਨਿਤ-ਨੇਮ ਦੀ, ਜਾਂ ਜਿਸ ਮੌਕੇ ਦੀ ਵੀ ਅਰਦਾਸ ਹੈ)*॥ ਅਖਰ ਦਾ ਵਾਧਾ ਘਾਟਾ ਭੁਲ ਚੁੱਕ ਮਾਫ਼ ਕਰਨੀ ਜੀ ॥ ਸਰਬੱਤ ਦੇ ਕਾਰਜ ਰਾਸ ਕਰਨੇ ॥ ਸੇਈ ਪਿਆਰੇ ਮੇਲੋ, ਜਿਨ੍ਹਾਂ ਮਿਲਿਆਂ ਤੇਰਾ ਨਾਮ ਚਿੱਤ ਆਵੇ ॥ ਨਾਨਕ ਨਾਮ ਚੜ੍ਹਦੀ ਕਲਾ ॥ ਤੇਰੇ ਭਾਣੇ ਸਰਬੱਤ ਦਾ ਭਲਾ

॥

Hae Nimaan.eaan' d.ae Maan., Nit.aan.eaan. d.ae T.aan', Nioteaan' d.ee O-ut, Sachae Pit.aa Vaaheguroo, Aap d.e hazoor Nit.-Naem d.ee Ard.aas haae jee, (Here say the moning or the evening Nit-Naem, or mention the occasion for Ardas). Akharr d,aa vaad:haa ghaataa, bhull chukk maaf karnaa jee, sarbat.t. d.ae karaj raas karnae, sae-ee piaarae maelo jinhaan' miliaan' T.aeraa Naam chit.t. aavae / Nanak Naam char.h;d.ee kalaa, T.arae bhaan.ae sarbat.t. d.aa bhalaa.

Honor of the Humble, Strength of the Weak, Refuge of the shelterless, True Father Vaaheguroo, I offer to You the humble supplication for Nit-Naem *(Add here if it is the morning or the evening Nit-Naem,.* Please, forgive any errors and shortcomings in the recitation of Gurbanee. * Fulfill the desires of everyone. Give the boon of associating with those who remind of Your Name. Nanak, by virtue of His Holy Name, everyone may have high morale. By God's Will all may prosper.

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫ਼ਤਹ ॥
Vaaheguroo jee kaa Khalsa
Vaaheguroo jee kee Fat.eh
The Khalsa belongs to God.
Glory to God.

ਜੋ ਬੋਲੇ ਸੋ ਨਿਹਾਲ ਸਤਿਸ੍ਰੀਅਕਾਲ।
Jo bolae so nihaal Satsree-Akaal
All those saying it will be blessed, say Satsree Akaal - the Lord is Immortal.

-- o x O x o --

NOTE

- At * add for whatever occasion this Ardas be.
- If the Parshaad – sanctified food: the Holy Ppudding, is offered, add, "Parshad may please be accepted and its distribution permitted." etc.
- Kirpaan – small sword, is passed through Parshaad taking the names of Panj-Piaaraas: Daya Singh, Dharam Singh, Himmat Singh, Mohkamm Singh, Sahib Singh.
- Kirpaan is passed through Parshaad after taking Hukam-Namaa – "Order for the Day," from Guru Granth Sahib.
- Chaar Sahibzaadae – four princes: the four sons of Guru Gobind Singh; Ajit Singh, Jujhaar Singh, Zoraavar Singh, Fateh Singh.

EXPLANATION – some words in Araas.

10 – Tenth Master: Guru Gobind Singh. 10 is spoken as D.assveen.

Amritsar - Pool of Immortality. This town is in the Punjab, India.

Ardaas – Supplication, prayer, invocation.

Bhagaut.ee – Sword: it means God.

Bungae - Shrine like memorial, residential places.

Chaukees - Circumambulance of the Gurdwaras while singing Hymns - praising God.

Dharam – Righteousness, discipline.

Dharam – righteousness.

Gurdwara – Sikh Temple.

Jhandae - Nishan Sahib – Sikh-Flag, Sikh-Standard.

Khalsa – the pure one.

Khalsa ji Sahib – The honored Khalsa, the honored Sikh-World.

Langar – Free kitchen.

Mukkt.ae – The liberated one. They are forty in number.

Naam - God's Name.

Nine Treasures – Everything in the world is divided into nine types of treasures.

Paat.eshaahee – Master, King, Prophet.

Panth – The Sikh World.

Piaarae – Beloved of the Guru, They are five: Himmat.t. Singh, D.ayaa Singh, D.haram Singh, Sahib Singh, Mohkamm Singh.

Sahibzaad.ae – Princes: sons of Guru Gobind Singh. They are four: Ajit. Singh, Jujhaar Singh, Zoraavar Singh, Fateh Singh.

Siree Sahib – Sword: it means God.

Takht – Thrones: Highest Sikh Institutions. These are five.

Vaaheguroo – God.

Vaar – Ode. An episode written in poetry. It is mostly sung by bards.